50635

ਸ੍ਰੀਮਾਨ ਪੰਥ ਹਿਤੈਸ਼ੀ
ਗੁਰਪੁਰ ਨਿਵਾਸੀ

# ਭਾਈ ਦਿੱਤਸਿੰਘ ਜੀ ਗਯਾਨੀ

ਰਚਿਤ

# ਸ਼ਹੀਦੀਆਂ

ਅਥਵਾ ਗੁਰੂ ਅਰਜਨ ਚਰਿਤ, ਤਾਰਾਸਿੰਘ ਵਾਂਈਆਂ,
ਤਾਰੂ ਸਿੰਘ, ਸਬੇਗ ਸਿੰਘ, ਮਤਾਬ ਸਿੰਘ, ਬੋਤਾ ਸਿੰਘ,
ਸਿੰਘਨੀਆਂ ਦੇ ਸਿਦਕ, ਤੇ ਸਿੱਖ ਬੱਚੇ ਦੀ ਸ਼ਹੀਦੀ ॥

ਜਿਸਨੂੰ
ਕਵੀ ਜੀ ਦੇ ਸਪੁਤ੍ਰ

## ਡਾਕਟਰ ਬਲਦੇਵ ਸਿੰਘ ਨੇ

ਛਪਵਾਇਆ ॥

(ਡਾ.) ਸੁਰਿੰਦਰ ਸਿੰਘ

ਦੂਜੀ ਵਾਰ ੧੦੦੦ ] ਮੋਲ ।।।)
ਡਾ: ਬਲਦੇਵਸਿੰਘ ਦੀ ਆਗਯਾ ਬਿਨਾ ਕੋਈ ਨ ਛਾਪੇ

175

# ਗੁਰ ਅਰਜਨ ਚਰਿਤ

ਪ੍ਰੋਫੈਸਰ (ਡਾ.) ਸੁਰਿੰਦਰ ਸਿੰਘ ਕੋਹਲੀ
ਦੇ ਪਰਿਵਾਰ ਵਲੋਂ ਭੇਟ

ੴ ਸਤਿਗੁਰਪ੍ਰਸਾਦਿ ॥

# ਗੁਰੂ ਅਰਜਨ ਚਰਿਤ

ਦੋਹਿਰਾ

ਗੁਰ ਅਰਜਨ ਪੰਚਮ ਗੁਰੂ ਧਰਮ ਧੁਜਾ ਕੀ ਗਾਥ।
ਕਹੋਂ ਬੁੱਧਿ ਅਨੁਸਾਰ ਮੈਂ ਸੁਨੋ ਪ੍ਰੇਮ ਕੇ ਸਾਥ ॥ ੧ ॥

ਚੌਪਈ

ਰਾਮ ਦਾਸ ਗੁਰ ਨਿਜ ਪੁਰ ਵਾਸੇ। ਪਾਛੇ ਗੁਰ ਅਰਜਨ ਸੁਖ ਰਾਸੇ ॥
ਬੈਠ ਤਖ਼ਤ ਪਰ ਜਗ ਗੁਰਰਾਈ। ਪੰਚਮ ਪਾਤਸ਼ਾਹ ਛਬ ਛਾਈ ॥
ਬੈਠਤ ਤਖ਼ਤ ਕਰਤ ਮਨ ਬਾਛਾ। ਚਲਾ ਪੰਥ ਇਹ ਮਾਰਗ ਆਛਾ ॥
ਜੋ ਗੁਰਨਾਨਕ ਦੇਵ ਚਲਾਇਓ। ਗੁਰ ਅੰਗਦ ਕੇ ਅਤਿਮਨਭਾਇਓ॥
ਅਮਰਦਾਸ ਗੁਰ ਦੇ ਉਪਦੇਸ਼ਾ। ਹਰੇ ਕੋਟ ਜਨ ਨਿਖਲ ਕਲੇਸ਼ਾ ॥
ਫਿਰ ਗੁਰ ਰਾਮਦਾਸ ਵੱਡ ਭਾਗੀ। ਇਸੀ ਪੰਥ ਕੇ ਬੇ ਅਨੁਰਾਗੀ॥
ਅਬ ਵਹੁ ਕਾਰ ਮੋਰ ਸਿਰ ਦੇਕੇ। ਗਏ ਭਉਨ ਨਿਜ ਕੋ ਯਸ ਲੇਕੇ॥
ਤਾਂਤੇ ਅਬ ਮੈਂ ਕਰਹੁ ਉਪਾਈ। ਜੋ ਸੰਗਤ ਕੋ ਹੋ ਸੁਖਦਾਈ॥
ਹਿੰਦ ਤੁਰਕ ਆਪਸ ਮਹਿੰ ਦੋਊ। ਉਰਝ ਰਹੇ ਵਾਦਿਨ ਮਹਿੰ ਸੋਊ ॥
ਹਰਿਕੋਮਰਮ ਨ ਤਿਨਹੁ ਪਛਾਨਾ। ਨਿਜਨਿਜ ਮਤ ਭੀਤਰ ਉਰਝਾਨਾ॥
ਵੇਦ ਕੁਰਾਨ ਫਾਸ ਗਲ ਪਾਈ। ਪੱਛ ਬਾਦ ਕੀ ਬਨਤ ਬਨਾਈ ॥
ਪਚ ਪਚ ਮਰਤ ਕਰਤ ਬਹੁ ਝੇੜੇ। ਆਪਸ ਮਹਿੰ ਰਚ ਕੋਟ ਬਖੇੜੇ ॥
ਨਾਹੀਂ ਮਰਮ ਈਸ਼ੂਰ ਕੋ ਜਾਨੇ। ਮਨ ਭਾਵਤ ਤਿਸ ਕੋ ਵੁਹ ਮਾਨੇ ॥

ਹਿੰਦੂ ਕਹਿਤ ਸਿਲਾ ਹੈ ਜੋਈ । ਈਸ਼੍ਵਰ ਰੂਪ ਪਛਾਂਨੋਂ ਸੋਈ ॥
ਫਿਰ ਤਿਨ ਕੱਛ ਮੱਛ ਅਵਤਾਰਾ । ਬ੍ਰਾਹ ਰੂਪ ਈਸ਼੍ਵਰ ਕਰ ਡਾਰਾ ॥
ਜਿਸਤੇ ਪਰਮਤੱਤ ਨਹੀਂ ਪਾਇਆ । ਕੂੜੇ ਮਾਰਗ ਜਨਮ ਗਵਾਇਆ ॥
ਦੂਸਰ ਮੁਸਲਮਾਨ ਨਿਜ ਦੀਨਾ । ਈਸ਼੍ਵਰ ਕੀ ਤਰਫੋਂ ਹੱਠ ਕੀਨਾ ॥
ਸੁੰਨਤ ਸ਼ਰਾ ਕੁਰਾਨ ਬਨਾਈ । ਮੀਤ ਖੁਦਾਇ ਨਬੀ ਬਤਲਾਈ ॥
ਇਸ ਬਿਧਕੇ ਇਨ ਮਾਹਿੰ ਬਖੇੜੇ । ਅਬ ਚਹੀਏ ਜਗ ਮਹਿੰ ਨਬੇੜੇ ॥
ਜਿਸਤੇ ਸੂਧੇ ਮਾਰਗ ਪਾਊਂ ॥ ਇੱਕ ਅਕਾਲ ਕੋ ਜਾਪ ਜਪਾਊਂ ॥
ਦੀਨ ਮਜ਼੍ਹਬ ਕਾ ਟੰਟਾ ਚੂਕੇ । ਹੋਇ ਸਭੀ ਸੇਵਕ ਪ੍ਰਭ ਕੂ ਕੇ ॥
ਇਹ ਮਨ ਸੋਚ ਗੁਰੂ ਅਵਤਾਰੀ । ਕਰਾ ਕਾਮ ਜਬ ਜਗ ਹਿਤਕਾਰੀ ॥
ਗੁਰ ਨਾਨਕ ਜੀ ਕੀ ਜੋ ਬਾਨੀ । ਜਗ੍ਹਾ ਜਗ੍ਹਾ ਸੇ ਜਾ ਕਰ ਆਨੀ ॥
ਅੰਗਦ ਅਮਰਦੇਵ ਕੀ ਗਾਥਾ । ਲਿਆਏ ਢੂੰਢ ਪ੍ਰੇਮ ਕੇ ਸਾਥਾ ॥
ਰਾਮਦਾਸ ਕੇ ਸ਼ਬਦ ਸੁਹਾਵੇ । ਕਰੇ ਮੇਲ ਇੱਕ ਜਾ ਜਿਵ ਭਾਵੇ ॥
ਪੁਨ ਭਗਤਨ ਕੀ ਸੁੰਦਰ ਬਾਨੀ । ਦੂਰ ਦੂਰ ਤੇ ਚੁਨਕਰ ਆਨੀ ॥
ਅਰ ਅਪਨੇ ਉਪਦੇਸ਼ ਮਹਾਨਾ । ਰਚੇ ਗੁਰੂ ਭਵ ਤਾਰਨ ਨਾਨਾ ॥
ਸਭ ਰਾਗਨ ਮਹਿਆਪਧਰਾਏ । ਯਥਾ ਜੋਗ ਮਨ ਕੋ ਜਿਵ ਭਾਏ ॥੨॥

ਦੋਹਿਰਾ

ਬੀੜ ਬਾਂਧ ਕਰ ਤਾਹਿੰ ਕਾ ਰਾਖਾ ਨਾਮ ਗਰੰਥ ॥
ਕਹਾ ਚਲੇ ਇਸਪਰ ਅਬੇ ਗੁਰ ਨਾਨਕ ਕਾ ਪੰਥ ॥੩॥

ਚੌਪਈ

ਜਬ ਗੁਰੂ ਗਰੰਥ ਬੀੜ ਬਨਵਾਈ । ਸਭ ਸੰਗਤ ਕੋ ਕਹਾ ਸੁਨਾਈ ॥
ਜਗ੍ਹਾ ਜਗ੍ਹਾ ਪਰ ਕਰ ਉਪਦੇਸ਼ਾ । ਹਰੋ ਸਕਲ ਕੇ ਜਾਇ ਕਲੇਸ਼ਾ ॥
ਭੇਖ ਪੰਥ ਅਰ ਦੰਭ ਉਡਾਓ । ਇੱਕ ਈਸ਼੍ਵਰ ਕੋ ਨਾਮ ਜਪਾਓ ॥

ਜਿਸਪਰ ਨਿਤ ਦਰਬਾਰ ਲਗਾਵੈਂ। ਕਥਾ ਗਰੰਥ ਜੁ ਕੀ ਕਰਵਾਵੈਂ॥
ਕਰਤ ਚਵਰ ਤਿਸ ਊਪਰ ਐਸੇ। ਪਾਤਸ਼ਾਹ ਪਰ ਹੋਵਤ ਜੈਸੇ॥ ੪॥

ਦੋਹਿਰਾ

ਥੋੜੇ ਹੀ ਦਿਨ ਕੇ ਵਿਖੇ ਹੋਇ ਗਿਆ ਪਰਚਾਰ।
ਘਰ ਘਰ ਮੇਂ ਪੜ੍ਹਨੇ ਲਗੇ ਸਭੀ ਪੁਰਖ ਅਰ ਨਾਰ॥ ੫॥

ਚੌਪਈ

ਜਬ ਲੋਗਨਨੇ ਇਹਸੁਨਪਾਈ। ਗੁਰ ਅਰਜਨ ਇਹ ਰੀਤ ਚਲਾਈ॥
ਪੁਸ਼ਤਕ ਏਕ ਨਵਾਂ ਰਚ ਦੀਨਾ। ਧਰਮ ਆਪਨਾ ਤਿਸਕੋ ਕੀਨਾ॥
ਜਿਤਨੇਸਿੱਖ ਤਾਹਿੰ ਕੇ ਸਾਰੇ। ਤਿਸ ਹੀ ਪਰ ਜਾਵਤ ਬਲਿਹਾਰੇ॥
ਇਸੀ ਪ੍ਰਕਾਰ ਸੋਚ ਮਨ ਮਾਹੀਂ। ਕਰਤ ਰੈਨ ਦਿਨ ਲੋਗ ਤਹਾਂਹੀ॥
ਪੁਨ ਹਿੰਦੂ ਪੜ੍ਹ ਕਰ ਦੁਖ ਪਾਤੇ। ਆਪਸ ਮੇਂ ਮਿਲ ਮਤਾ ਪਕਾਤੇ॥
ਕਹਿਤ ਰਚੀ ਇਨ ਅਪਨੀ ਬਾਣੀ। ਭਾਸ਼ਾ ਮੇਂ ਇਸ ਭਾਂਤ ਬਖਾਨੀ॥
ਜਿਸ ਮਹਿੰ ਵੇਦਨ ਕਾ ਮਤ ਜੋਊ। ਖੰਡਨ ਕਰਾ ਜਗਤ ਮਹਿੰ ਸੋਊ॥
ਪੁਨਿਹ ਭੇਖ ਧਾਰੀ ਜੋ ਲੋਗਾ। ਪੜ੍ਹ ਸੁਨ ਤਿਨ ਮਨ ਉਪਜਿਓ ਸੋਗਾ॥
ਕਹਿਤ ਅਹੋ ਇਨ ਕਿਆ ਕਰ ਦੀਆ। ਭੇਖ ਹਮਾਰੋ ਖੰਡਨ ਕੀਆ॥
ਮੁਸਲਮਾਨ ਮਨ ਮਹਿੰ ਖੁਨਸਾਏ। ਜਬ ਸੁਨ ਸ਼ਬਦ ਗ੍ਰੰਥਕੇਪਾਏ॥
ਜਿਨਮਹਿੰ ਤਿਨਕੇ ਮਤ ਕੋ ਖੰਡਾ। ਦੇਕਰ ਯੁਕਤ ਉਕਤਪ੍ਰਚੰਡਾ॥ ੬॥

ਦੋਹਿਰਾ

ਇਸੀ ਤਰ੍ਹਾਂ ਚਰਚਾ ਭਈ ਸਭ ਮਜ਼ਹਬਾਂ ਕੇ ਮਾਹਿੰ॥
ਗੁਰ ਅਰਜਨ ਕੇ ਗ੍ਰੰਥ ਮਹਿੰ ਉਪਮਾਂ ਹਮਰੀ ਨਾਹਿੰ॥ ੭॥

ਚੌਪਈ

ਇਤਵਲ ਜਬਯਹਿਪਰਾਝਮੇਲਾ। ਸਭ ਮਜ਼ਹਬਾਂ ਕਾ ਬਨਕਰਮੇਲਾ॥

ਗੁਰੂਰੀਬ ਪਰ ਕਰਤ ਵਿਚਾਰਾ। ਕਿਤ ਬਿਧ ਯਾਕੋ ਬਨਹਿ ਨਿਵਾਰਾ॥
ਉਤ ਇੱਕ ਔਰ ਕਾਜ ਦੁਖ ਦੈਨਾ। ਜਾਹਿੰ ਸੁਨੇ ਜਲ ਪੂਰਤ ਨੈਨਾ॥
ਭਇਓ ਸੁਨੋ ਵਹੁ ਕਿਆ ਹੈ ਭਾਈ। ਗੁਰ ਅਰਜਨ ਜੀ ਕੋ ਦੁਖਦਾਈ॥
ਚੰਦੂ ਸ਼ਾਹ ਨਾਮ ਇੱਕ ਆਹਾ। ਜ਼ਾਤ ਖੱਤ੍ਰੀ ਢਿਗ ਪਾਤਸ਼ਾਹਾ॥
ਹੁਤੋ ਦੀਵਾਨ ਵਡੋ ਅਭਮਾਨੀ। ਤਿਸ ਘਰ ਬੇਟੀ ਹੁਤੀ ਮਹਾਨੀ॥
ਚਹਤ ਤਾਹਿੰ ਕੀ ਸੋ ਕੁਰਮਾਈ। ਵਰ ਘਰ ਜੋਗ ਨ ਪਾਵਤ ਕਾਈ॥
ਜਿਸ ਪਰ ਤਿਨ ਲਾਗੀ ਇੱਕ ਤੋਰਾ। ਕਰੋ ਕਾਮ ਜਾਕਰ ਯਹਿ ਮੋਰਾ॥
ਲੈ ਆਗਜਾ ਲਾਗੀਤਬਆਯਾ। ਗੁਰ ਅਰਜਨ ਕਾ ਦਰਸ਼ਨ ਪਾਯਾ॥
ਦੇਖ ਪ੍ਰਤਾਪ ਗੁਰੂ ਕਾ ਭਾਰੀ। ਲਾਗੀ ਮਨ ਮਹਿੰ ਐਸ ਵਿਚਾਰੀ॥
ਇਸ ਸਮ ਘਰ ਵਰ ਅਵਰ ਨ ਕੋਊ। ਢੂੰਡੋ ਦੂਸਰ ਹੋਵਹਿ ਜੋਊ॥
ਤਾਂਤੇ ਇਨ ਕੇ ਸੁਤ ਕੋ ਸੋਈ। ਕੁਰਮਾਈ ਕਹੀਯਤ ਹੈ ਹੋਈ॥
ਤਬ ਤਿਨ ਅਰਜ਼ ਗੁਰੂ ਢਿਗ ਕੀਨੀ। ਮੈਂ ਕੁਰਮਾਈ ਪ੍ਰਭ ਕੋ ਦੀਨੀ॥
ਹਰਿਗੋਬਿੰਦ ਤੋਹਿ ਸੁਤ ਪਿਆਰਾ। ਕੁਰਮਾਈ ਹਿਤੁ ਭਇਓ ਹਮਾਰਾ॥
ਕਹੀ ਗੁਰੂ ਤੁਮਕੋ ਜਿਵ ਭਾਵੇ। ਕਰੋ ਮੀਤ ਕੋ ਤੁਮਹਿ ਹਟਾਵੇ॥
ਜਿਸ ਪਰਤਿਲਕਕਰਾ ਨਿਜਹਾਥਾ। ਹਰਿਗੋਬਿੰਦ ਭਾਲ ਹਿਤ ਸਾਥਾ॥
ਦੇਕਰ ਸ਼ਗਨ ਮਗਨ ਮਨ ਮਾਹੀਂ। ਚਲਯੋ ਤਹਾਂ ਚੰਦੂ ਥੋ ਜਾਹੀਂ॥੮॥

ਦੋਹਿਰਾ

ਜਾਕਰ ਚੰਦੂ ਸ਼ਾਹ ਕੋ ਭਾਖੀ ਸਗਲ ਬਨਾਇ॥
ਤੇਰੀ ਕੰਨਯਾ ਜੋਗ ਵਰ ਢੂੰਡ ਲਯੋ ਹੈ ਜਾਇ॥੯॥

ਚੌਪਈ

ਜਦ ਚੰਦੂ ਸਗਰੀ ਸੁਨ ਪਾਈ। ਉਠੀ ਆਗ ਮਨ ਮਹਿੰ ਅਧਕਾਈ॥
ਕਹੀ ਅਹੋ ਪਾਪੀ ਮਤ ਹੀਨੇ। ਕਰਾ ਕਾਮ ਕਿਸ ਹੇਤ ਕਮੀਨੇ?

ਜੋ ਅਰਜਨ ਇੱਕ ਸਾਧ ਸਰੂਪਾ। ਦੀਨ ਮਜ਼ਹਬ ਸਭ ਡਾਰੇ ਕੂਪਾ॥
ਨਵਾਂ ਪੰਥ ਜਿਨ ਚਾਇ ਚਲਾਯੋ। ਅਰ ਤਿਸਹੀ ਕਾ ਗ੍ਰੰਥ ਬਨਾਇਯੋ॥
ਤਿਸ ਕੋ ਮੁਹਿ ਬੇਟੀ ਕੁਰਮਾਈ। ਈਟ ਚੁਬਾਰੇ ਮੋਰੀ ਲਾਈ॥
ਜਬ ਚੰਦੂ ਇਸਬਿਧਗਰਬਾਇਯੋ। ਅਰਜਨ ਦੇਵ ਤਬੀਸੁਨਪਾਇਯੋ॥
ਜਿਸ ਪਰ ਪੱਤਰ ਲਿਖਯੋ ਦਿਆਲਾ। ਹੇ ਚੰਦੂ ਮਤ ਹੋਹੁ ਬਿਹਾਲਾ॥
ਹਮ ਮੋਰੀ ਹੈਂ ਨੀਵੀਂ ਜਾਗਾ। ਤੁਮਹ ਮਨੇਰੇ ਸਭ ਸਿਰ ਤਾਜਾ॥
ਤਾਂਤੇ ਅਪਨੀ ਬੇਟੀ ਪਜਾਰੇ। ਰਾਖੋ ਜੋਗ ਨ ਅਹੇ ਹਮਾਰੇ॥
ਪੜ੍ਹ ਚੰਦੂ ਮਨ ਮਹਿੰ ਦੁਖ ਪਾਇਯੋ।ਕ੍ਰੋਧਅਗਨਲੋਹੇ ਸਮ ਤਾਇਯੋ॥
ਚਹਤ ਗੁਰੂ ਕੋ ਸੋ ਦੁਖ ਦੈਨਾ। ਬਦਲਾ ਇਸੀ ਬਾਤ ਕਾ ਲੈਨਾ॥੧੦॥

ਦੋਹਿਰਾ

ਤਬ ਤਿਨ ਮਨ ਦੇ ਵਿੱਚ ਚਾ ਐਸੇ ਕਰੀ ਵਿਚਾਰ।
ਮਜ਼ਹਬੀ ਝਗੜਾ ਪਾਇਕੇ ਇਸਨੂੰ ਕਰਾਂ ਖ਼ੁਆਰ॥ ੧੧॥

ਚੌਪਈ

ਤਬ ਤਿਨ ਹਿੰਦੂ ਤੁਰਕ ਬੁਲਾਏ। ਕਾਜ਼ੀ ਪੰਡਤ ਸਾਧ ਸਦਾਏ॥
ਕਹੀ ਸਗਲ ਕੋ ਸੁਨੋ ਪਿਆਰੇ।ਅਰਜਨ ਨਿੰਦਤ ਮਜ਼ਹਬ ਤੁਮਾਰੇ॥
ਤਾਂਤੇ ਬਾਦਸ਼ਾਹ ਪਹਿ ਜਾਵੋ। ਉਸਕਾ ਸਾਰਾ ਹਾਲ ਸੁਨਾਵੋ॥
ਕਹੋ ਗ੍ਰੰਥ ਵੁਹ ਬੇਗ ਹਟਾਏ। ਪਿਛਲੇ ਪੁਸਤਕ ਧਰਮ ਦਿੜ੍ਹਾਏ॥
ਤਿਸਕੀ ਸੀਖ ਸੁਨਤ ਸਭ ਲੋਗਾ। ਗਏਸ਼ਾਹਿ ਢਿਗ ਧਰ ਮਨਸੋਗਾ॥
ਜਾਕਰ ਕਹੀ ਪਾਤਸ਼ਾਹ ਮੇਰੇ। ਹਮ ਆਏ ਇਸਤੇ ਢਿਗ ਤੇਰੇ॥
ਗੁਰ ਨਾਨਕ ਕੀ ਗਾਦੀ ਜੋਈ। ਅਰਜਨ ਬੈਠਾ ਹੈ ਅਬ ਸੋਈ॥
ਜਿਸਅਪਨਾਇੱਕਗ੍ਰੰਥਬਨਾਇਆ। ਜਿਸਮਹਿੰਹਮਕੋ ਦੋਖਲਗਾਇਆ
ਹਿੰਦੂ ਮੁਸਲਮਾਨ ਮਤ ਜੇੜੇ। ਖੰਡਨ ਕਰੇ ਤਾਹਿੰ ਮਹਿੰ ਤੇਤੇ॥ ੧੨॥

ਦੋਹਿਰਾ

ਪਾਤਸ਼ਾਹ ਨਿਜ ਕੋ ਕਹੇ ਰਹੇ ਸਦਾ ਮਗ਼ਰੂਰ।
ਤਾਂਤੇ ਤਿਸ ਕੋ ਆਪ ਹੀ ਰੋਕੋ ਚਾਇ ਜ਼ਰੂਰ ॥ ੧੩ ॥

ਚੌਪਈ

ਜੇ ਇਹ ਇਸੀ ਤੌਰ ਪਰ ਜਾਵੇ। ਦਿਨ ਦਿਨ ਅਪਨਾ ਪੰਥ ਵਧਾਵੇ ॥
ਲਾਖੋਂ ਸੇਵਕ ਇਨ ਕੇ ਹੋਵੇਂ। ਬਾਦਸ਼ਾਹ ਕੋ ਦੇਸ ਸੁ ਖੋਵੇਂ ॥
ਜਿਸ ਪਰ ਸੁਨਕਰ ਸ਼ਾਹ ਉਚਾਰੀ। ਅਹੋ ਅਕਲ ਮਾਰੀ ਹੈ ਥਾਰੀ ॥
ਵੁਹ ਫਕੀਰ ਨਿਰਦੰਭ ਸਦਾਵੈ। ਕਿਹੇ ਬਚਨ ਜੋ ਤਾਂਕੋ ਭਾਵੈ ॥
ਫਿਰਕਿਉਂ ਤੁਮਤਿਸਪਰ ਰਿਸ ਕੀਨੇ। ਲਾਗੇ ਕਰਨੇ ਬਚਨ ਕਮੀਨੇ ॥
ਜੈਸੇ ਮੈਂ ਦੁਨਵੀ ਪਾਤਸ਼ਾਹਾ। ਤੈਸੇ ਵੁਹ ਦੀਨੀ ਜਗ ਆਹਾ ॥
ਜਾਵਹੁ ਘਰ ਮੁੜ ਫੇਰ ਨ ਆਵੋ। ਝੂਠੀ ਚੁਗਲੀ ਨਾਹਿੰ ਕਰਾਵੋ ॥੧੪॥

ਦੋਹਿਰਾ

ਲੈ ਜਵਾਬ ਇਹ ਸ਼ਾਹ ਤੇ ਅਰ ਖਾਕਰਕੇ ਝਾੜ।
ਬੈਠੇ ਮਨ ਮੁਰਝਾਇਕੇ ਮਨ ਮਹਿੰ ਵਸਜੇ ਸਾੜ ॥ ੧੫॥

ਚੌਪਈ

ਤਬ ਚੰਦੂ ਮਨ ਮਤਾ ਪਕਾਵੈ। ਕਹੇ ਕਹੋ ਕਾਬੂ ਕਿਵ ਆਵੈ ॥
ਨਿਸ ਦਿਨ ਘਾਤ ਮਾਹਿੰ ਦਿਨ ਕਾਟੇ। ਦਾਂਤਨ ਸਾਥ ਓਟ ਨਿਤ ਕਾਟੇ ॥
ਪੁਨ ਪੰਡਤ ਅਰ ਸੰਗ ਮੁਲਾਣੇ। ਕਰਨਾ ਚਾਹਤ ਜ਼ੋਰ ਧਿਗਾਣੇ ॥
ਇਤਨੇ ਮਹਿੰ ਭਾਣਾ ਇੱਕ ਹੋਰ। ਭਇਓ ਅਧਕ ਜਗ ਮਾਹਿੰ ਕਠੋਰ॥
ਜਹਾਂਗੀਰ ਕੋ ਬੇਟਾ ਜੋਈ। ਖੁਸਰੋ ਨਾਮ ਕਹਾਵਤ ਸੋਈ ॥
ਭਈ ਬਾਪ ਸੇ ਜਿਸਹ ਲਰਾਈ। ਆਪਸ ਮਹਿੰ ਨਹਿ ਰਹੀ ਸਫ਼ਾਈ
ਸੰਨ ਸੋਲਾਂ ਸੈ ਛੇ ਕੇ ਮਾਹੀਂ। ਮਾਰਚ ਮਾਸ ਰਾਤ ਮਹਿੰ ਤਾਹੀਂ ॥

ਚਲਾ ਆਗਰੇ ਤੇ ਵੁਹ ਦੌਰੇ। ਕੂਕੇ ਦਾਸ ਸ਼ਾਹ ਕੇ ਪੌਰੇ।।
ਸੁਨਤ ਸ਼ਾਹ ਤਿਨਕੀ ਯਹ ਗਾਥਾ। ਭਰੇ ਕ੍ਰੋਧ ਮੈਂ ਤਨ ਮਨ ਸਾਥਾ।।
ਖਬਰ ਮਿਲੀ ਦੋ ਘੰਟੇ ਪਾਛੇ। ਸ਼ੇਖ ਫਰੀਦ ਬੁਲਾਇਓ ਆਛੇ।।
ਕਹੀ ਤਾਹਿੰ ਕੋ ਲੈ ਕਰ ਸੈਨਾ। ਪਕਰੋ ਤਾਹਿੰ ਰੰਚ ਕਰ ਭੈ ਨਾ।।
ਜਾਕਰ ਲਰੈ ਲਰੋ ਨਿਰਸੰਕਾ। ਪਕਰ ਲਿਆਵੋ ਮੋ ਢਿਗ ਬੰਕਾ।।
ਲੈ ਆਗਿਆ ਤਬ ਤਾਂਕੇ ਪੀਛੇ। ਚਲਾ ਸ਼ੇਖ ਲੈ ਕਰ ਦਲ ਤੀਛੇ।।
ਅਗਦਿਨਚੜ੍ਹੇ ਪਾਤਸ਼ਾਹ ਧਾਇਆ। ਸੋਭੀ ਮਗਰ ਪੁਤਕੇ ਆਇਆ।।
ਜਦਖੁਸਰੋਪਾਣੀਪਤਆਇਆ। ਦਿਲਾਵਰਖਾਂਸੁਨਕਰਇਤਧਾਇਆ।।
ਜੋ ਆਗੇ ਹੀ ਦੇਤ ਢੰਡੋਰਾ। ਖੁਸਰੋ ਸਾਥ ਨ ਮਿਲੀਓ ਭੋਰਾ।।
ਬਾਦਸ਼ਾਹ ਕੋ ਹੈ ਇਹ ਵੈਰੀ। ਜਿਸਕੇ ਮਿਲੇ ਨਹੀਂ ਕੁਛ ਖੈਰੀ।।
ਜਦ ਖੁਸਰੋ ਕਰ ਪੰਧ ਘਨੇਰਾ। ਗੋਇੰਦਵਾਲ ਕਰਾਇਆ ਡੇਰਾ।।
ਤਬ ਤਿਸ ਜਾਗਾ ਥੇ ਗੁਰਦੇਵਾ। ਦੁਰਜਨ ਜਨ ਇਹ ਪਾਇਯੋ ਭੇਵਾ।।
ਫਿਰ ਖੁਸਰੋ ਤਹ ਕੂਚ ਕਰਾਇਓ। ਬੀਚ ਲਾਹੌਰ ਸ਼ਹਿਰਕੇ ਆਇਓ।।
ਦਲਾਵਰਖਾਨਕਿਲੇ ਮਹਿਆਰੀ। ਆਇਯੋਸ਼ੇਖਕਰਅਧਕਚਲਾਕੀ।।
ਮਚਾ ਯੁੱਧ ਤਬ ਦੋਨੋਂ ਓਰਾ। ਤੁਪਕ ਤੋਪ ਕਾ ਚਲਤਾ ਗੋਰਾ।।
ਜਿਸ ਪਰ ਖੁਸਰੋ ਤਾਬ ਨ ਲਾਏ। ਭਾਗ ਪਰਾ ਨਿਜਜਾਨ ਬਚਾਏ।।
ਪੀਛੇ ਫੌਜ ਤਿਸੀ ਕੇ ਧਾਈ। ਪਕਰ ਲਇਓ ਪੱਤਨ ਤਰ ਜਾਈ।।
ਨਾਮ ਸੋਧਰਾ ਸੀ ਜਿਸ ਕੇਰਾ। ਮੋੜ ਲਇਓ ਤਹਿਤੇ ਬਿਨ ਦੇਰਾ।।
ਜਹਾਂਗੀਰ ਭੀ ਲਵਪੁਰ ਆਇਆ। ਕਾਮਰਾਨਕੇ ਬਾਗਸਿਧਾਇਆ।।
ਤਹਾਂ ਪਕੜ ਕਰ ਖੁਸਰੋ ਲਾਏ। ਜਿਸ ਪਰ ਤਾਂਕੋ ਕੈਦ ਕਰਾਏ।।
ਕਰਾ ਹੁਕਮ ਤਬ ਸ਼ਾਹ ਅਵੇਹਾ। ਦੁਸ਼ਮਨ ਕੋ ਕਰਤੇ ਹੈਂ ਜੇਹਾ।। ੧੬।।

ਦੋਹਿਰਾ

ਅਹਲਕਾਰ ਜੋ ਉਸਦੇ ਮਾਰੇ ਚਾ ਤੜਫਾਇ।
ਕੱਚੇ ਚਮੜੇ ਮਹਿੰ ਭਰੇ ਗਲੀਆਂ ਵਿੱਚ ਖਿਚਾਇ॥ ੧੭॥

ਚੌਪਈ

ਫੇਰ ਹੁਕਮ ਐਸਾ ਤਿਨ ਦੀਆ। ਉਸੀ ਸਮਜ ਦਾਸਨਨੇ ਕੀਆ॥
ਮਦਦਗਾਰ ਖੁਸਰੋ ਕੇ ਜੋਈ। ਹੁਤੇ ਸਾਤ ਸੌ ਮਾਨਸ ਸੋਈ॥
ਤਿਨ ਤਨ ਕੇ ਲੈ ਚਾਮ ਉਤਾਰੇ। ਭੂਹ ਕੇ ਸਾਥ ਭਰਾਏ ਸਾਰੇ॥
ਏਕ ਓਰ ਤਿਨਕੇ ਤਨ ਗਾਡੇ। ਦੂਸਰ ਓਰ ਭੂਹ ਕੇ ਠਾਡੇ॥
ਅਰ ਦੋਨੋਂ ਮਹਿੰ ਰਸਤਾ ਕੀਆ। ਹੁਕਮ ਫੌਜ ਕੋ ਐਸਾ ਦੀਆ॥
ਜ਼ਾ ਕਰ ਦੇਖੋ ਸਭ ਹੀ ਪਜਾਰੇ। ਨਿਮਕ ਹਰਾਮ ਡੰਡ ਜੋ ਭਾਰੇ॥
ਇਹ ਰਾਵੀ ਕੀ ਜਹਾਂ ਬਰੇਤੀ। ਤਿਨ ਪੁਰਸਨ ਸਿਉ ਕੀਨੀ ਏਤੀ॥
ਪਾਤਸ਼ਾਹ ਸੋ ਜੋ ਟਕਰਾਵੈ। ਐਸਾ ਫਲ ਸੋਈ ਜਨ ਪਾਵੈ॥ ੧੮॥

ਦੋਹਿਰਾ

ਐਸੇ ਭਿਆਨਕ ਸਮਜ ਮਹਿੰ ਕਾਜ਼ੀ ਪੰਡਤ ਲੋਗ॥
ਚੰਦੂ ਕੇ ਸੰਗ ਮਿਲ ਗਏ ਚਾਹਾ ਕਰਨ ਅਜੋਗ॥ ੧੯॥

ਚੌਪਈ

ਪਾਇ ਸਮਜਤਿਨ ਯਹ ਦੁਖਦਾਈ। ਚਾਹੀ ਗੁਰ ਸੋ ਕਰਨ ਬੁਰਾਈ॥
ਜਾਇ ਪਾਤਸ਼ਾਹ ਪਹਿ ਯਹ ਭਾਖੀ। ਸੁਨੋ ਸ਼ਾਹ ਜੀ ਹਮਰੀ ਸਾਖੀ॥
ਗੁਰ ਅਰਜਨ ਖੁਸਰੋ ਕੇ ਹੇਤਾ। ਉੱਦਮ ਕਰਾ ਰਹਤ ਥੋਂ ਜੇਤਾ॥
ਤਿਸ ਕੀ ਫਤੇ ਹੇਤ ਸੁਨ ਰਾਈ। ਮਾਂਗਤ ਦੁਆਇ ਖੁਦਾਤੇ ਜਾਈ॥
ਅਰ ਤਿਨ ਤਿਸਕੇ ਮਸਤਕਰਾਜਾ। ਤਿਲਕ ਦੀਓਨਿਜਹਾਥ ਨਤਾਜਾ॥
ਅਰ ਤਿਸਕੋ ਧਨ ਦੀਨ ਘਨੇਰਾ। ਤਾਂਤੇ ਵਧਨੋ ਬਹੁਤ ਬਖੇਰਾ॥

ਤਾਂਤੇਤਿਸਕੋ ਪਕੜ ਮੰਗਾਵੈ। ਇਮਕਰਨੀਕਾਸੁਆਦਦਿਖਾਵੈ ॥੨੦॥

ਦੋਹਿਰਾ

ਸੁਨਦੇ ਹੀ ਇਸ ਗੱਲ ਨੂੰ ਮਨਹਿ ਬੜਾ ਕਰ ਕ੍ਰੋਧ।
ਸਾਚ ਝੂਠ ਜਾਨਿਓ ਨਹੀਂ ਕੀਨਾ ਚਾਇ ਵਰੋਧ ॥ ੨੧ ॥

ਚੌਪਈ

ਕਰਾ ਹੁਕਮ ਤਿਸੁਨੇਤਤਕਾਲਾ। ਲਿਆਵਹੁਅਬਅਰਜਨਕੋ ਭਾਲਾ ॥
ਲੈ ਆਗਿਆ ਤਬ ਲੋਗਸਿਧਾਏ। ਪਕੜਗੁਰੂਅਰਜਨਕੋ ਲਿਆਏ।
ਖੜੇ ਕਰੇ ਪਾਤਸ਼ਾਹਿ ਕੇ ਆਗੇ। ਕਹਯੋ ਸ਼ਾਹਿ ਸਰ ਕ੍ਰੋਧ ਅਭਾਗੇ॥
ਹੇ ਅਰਜਨ ਤੈਂ ਯਹ ਕਜਾ ਕੀਆ। ਤਿਲਕ ਚਾਇ ਖੁਸਰੋ ਕੋ ਦੀਆ ॥
ਜਿਸ ਪਰ ਕਹੀ ਗੁਰੂ ਸੁਨ ਸ਼ਾਹਾ। ਹਮ ਹੈਂ ਸੰਤਨ ਜਗ ਕੀਚਾਹਾ ॥
ਭਾਂਤੇ ਰਾਗ ਦ੍ਵੈਖ ਹੈ ਜੋਈ। ਜਿਸ ਕੀ ਹਮ ਕੋ ਖਬਰ ਨ ਕੋਈ ॥
ਹਮਕੋ ਤੁਮ ਸਭ ਏਕ ਸਮਾਨਾ। ਪਿਤਾ ਪੂਤ ਮਹਿ ਭੇਦ ਨ ਜਾਨਾ ॥
ਨਾਮੈਂ ਤਿਲਕ ਤਾਹਿਕੋਕੀਆ। ਪੁਨਧਨਨਹਿਕੁਛ ਤਾਕੋਦੀਆ ॥੨੨॥

ਦੋਹਿਰਾ

ਇਸ ਤੇ ਆਗੇ ਸ਼ਾਹ ਨੇ ਕਹੀ ਗੁਰੂ ਕੋ ਏਹ।
ਖੁਸਰੋ ਕੋ ਧਨ ਤੈਂ ਦੀਆ ਮਨ ਮਹਿ ਧਰ ਕਰ ਨੇਹ ॥ ੨੩॥

ਚੌਪਈ

ਜਿਸ ਪਰ ਕਹੀ ਗੁਰੂ ਯਹ ਗਾਥਾ। ਭਰੀ ਕਪਟ ਕੇ ਹੈ ਸਭ ਸਾਥਾ॥
ਜੋ ਕਾਹੂੰ ਨੇ ਏਹ ਉਚਾਰੀ। ਏਸ ਭਾਂਤ ਕੀ ਬਾਤ ਹਮਾਰੀ ॥
ਹਮ ਸਾਧੂ ਹਰਿ ਕੇ ਗੁਣ ਗਾਵੈਂ। ਇਤਨੋ ਦਰਬ ਕਹਾਂ ਤੇ ਲਿਆਵੈਂ॥
ਇਸ ਪਰ ਜਹਾਂਗੀਰ ਹਠ ਦੀਆ। ਰਿਦੇ ਨੈਨ ਕੋ ਅੰਧਾ ਕੀਆ ॥
ਹਜ਼ਾਰ ਪੰਚਾਸ ਗੁਰੂ ਪਰ ਲਾਇਓ। ਅਬੀ ਦੇਹੁਤਬ ਜਾਨ ਬਚਾਇਓ॥

ਜਿਸਪਰ ਕਹੀ ਗੁਰੂ ਸੁਨ ਰਾਈ। ਹਮ ਨਹਿੰ ਧਨੀ ਨ ਬਨਜ ਕਰਾਈ॥
ਤਾਂਤੇ ਹਮ ਕਿਵ ਦੇਵਹ ਦੰਡਾ। ਕਹੀ ਤੇਜ ਅਤਿ ਕਰ ਪ੍ਰਚੰਡਾ ॥
ਜਿਸ ਪਰ ਚੰਦੂ ਸਮਾਂ ਵਿਚਾਰਾ । ਪਾਤਸ਼ਾਹ ਕੋ ਐਸ ਪੁਕਾਰਾ ॥
ਦੇਹੁ ਵੱਕ ਯਹ ਮੋਕੋ ਰਾਈ। ਮੈਂ ਧਨ ਲੇਵਹੁ ਸਗਲ ਕਢਾਈ ॥
ਪਾਤਸ਼ਾਹ ਯਹ ਮਰਮ ਨ ਪਾਇਓ। ਚੰਦੂ ਹਾਥ ਗੁਰੂ ਪਕਰਾਇਓ ॥
ਜਿਸ ਪਰ ਚੰਦੂ ਮੰਦੂ ਪਾਪੀ। ਲਗੋ ਕਰਨ ਦੁਰਕਾਮ ਸਰਾਪੀ ॥
ਲੜਕੀ ਸਾਕ ਤਜਾ ਇਨ ਜੈਸਾ। ਬਦਲਾ ਲੇਹੁ ਆਜ ਮੈਂ ਤੈਸਾ ॥
ਸੱਦ ਮੁਲਾਣੇ ਪੰਡਤ ਕਾਜ਼ੀ। ਬੋਲਜੇ ਗੁਰ ਕੋ ਤਬ ਅਸ ਪਾਜ਼ੀ ॥
ਸੁਨ ਅਰਜਨ ਜੇ ਜੀਵਤ ਲੋੜੇਂ। ਅਪਨੇ ਹਠ ਕੋ ਅਬ ਹੀ ਛੋੜੇਂ ॥
ਲੈ ਕੰਨਯਾ ਕੀ ਅਬ ਕੁੜਮਾਈ। ਜੋ ਤੈਂ ਹਠ ਤੇ ਪਰੇ ਹਟਾਈ ॥
ਅਰ ਯਹ ਗ੍ਰੰਥ ਡੋਬ ਜਲ ਮਾਹੀਂ। ਕੈ ਡਾਰੋ ਅਗਨੀ ਮਹਿੰ ਤਾਂਹੀਂ ॥
ਜੇਕਰ ਇਹ ਨਹਿੰ ਕਰ ਹੈ ਕਾਜਾ। ਤੌ ਕਰੀਓ ਹਮਰੋ ਯਹ ਸਾਜਾ ॥
ਕਰੋ ਕੁਰਾਨ ਵੇਦ ਵਡਿਆਈ। ਹਿੰਦੂ ਤੁਰਕ ਸੋਭ ਤਿਸ ਜਾਈ ॥
ਪਾਵਹੁ ਅਬ ਹੀ ਛੋਡਹੁ ਤੋਹੀ। ਇਸ ਪਰ ਹੈ ਪਰਮੇਸ਼੍ਵਰ ਦੋਹੀ ॥੨੪॥

ਦੋਹਿਰਾ

ਸੁਨਤ ਗੁਰੂ ਜੀ ਕਹੀ ਯਹ ਸੁਨ ਚੰਦੂ ਮਨ ਲਾਇ।
ਇੱਕ ਅਖਰ ਇਸ ਗ੍ਰੰਥ ਕਾ ਮੈ ਨ ਸਕੋਂ ਪਲਟਾਇ ॥੨੫॥

ਚੌਪਈ

ਪੁਨ ਅਭਿਮਾਨੀ ਜਨ ਕੀ ਬੇਟੀ। ਮੈਂ ਨ ਚਹੋਂ ਨਿਜ ਸੁਤ ਕੋ ਭੇਟੀ॥
ਕਰੋ ਜੋਇ ਮਨ ਆਵਹਿ ਤੋਹੀ। ਹੋਇ ਵਹੀ ਭਾਵਤ ਪ੍ਰਭ ਜੋਹੀ॥
ਤਾਂਤੇ ਮੈਂ ਨਿਜ ਬਚਨ ਨ ਤਿਆਗੋਂ। ਧਰਮ ਹਾਰ ਨਾ ਜਗਤੇ ਭਾਗੋਂ ॥
ਜਿਸਪਰਚੰਦੂਅਤਿਦੁਖਪਾਇਓ। ਚਹਿਤਗੁਰੂਕੋਅਧਿਕ ਦੁਖਾਇਓ ॥

ਕਰਾ ਹੁਕਮ ਤਬ ਦਾਸਨ ਐਸਾ। ਦੁਸ਼ਟ ਪੁਰਖ ਕਰੰਤੇ ਹੈਂ ਜੈਸਾ॥
ਤੱਤੀ ਤਵੀ ਕਰਾਵੇ ਲਜਾਈ। ਪੁਨ ਰੇਤਾ ਤਿਸ ਪਾਸ ਤਪਾਈ॥
ਤਿਸਪਰ ਗੁਰਕੋ ਚਾਇ ਬਠਾਇਆ। ਊਪਰ ਕੜਛਾਰੇਤਾ ਪਾਇਆ॥
ਰੋਮ ਰੋਮ ਮਹਿੰ ਅਗਨ ਜਲਾਈ। ਅਹੋ ਨੀਰ ਜਹਿੰ ਕਰੀ ਨਿਚਾਈ॥
ਜਬਗੁਰਤਨਪਰਰੇਤਾਪਾਇਓ। ਤਬਤਨਦੁੱਖਸੇਅਤਿਘਬਰਾਇਓ॥
ਗਿਰੇ ਖਾਇ ਗਸ਼ ਧਰ ਪਰ ਐਸੇ। ਜਲਤੇ ਨਿਕਸ ਮੀਨ ਥਲ ਜੈਸੇ॥
ਤਬ ਚੰਦੂਢਿੱਗਜਾਕਰ ਗੋਲਾ। ਗਰਜ ਬੈਨ ਗੁਰ ਜੀ ਸੋਂ ਬੋਲਾ॥੨੬॥

ਦੋਹਿਰਾ

ਅਜੇ ਤਜਾਗ ਹਠ ਆਪਨਾ ਆਖਾ ਮਾਨ ਹਮਾਰ।
ਅਬੀ ਕਹੋ ਇਸ ਗ੍ਰੰਥ ਕੀ ਦੇਵਾਂ ਬੀੜ ਉਖਾੜ॥ ੨੭॥

ਚੌਪਈ

ਅਰ ਕੰਨਜਾ ਕਾ ਸਾਕ ਕਬੂਲਾ। ਜਿਸਤੇ ਦੁਖ ਨਹਿ ਪਾਵੈਂ ਮੂਲਾ॥
ਯਹ ਕਾਜ਼ੀ ਮੁੱਲਾਂ ਜੋ ਸਾਰੇ। ਪੁਨ ਪੰਡਤ ਮਿਲ ਭੇਖ ਵਿਚਾਰੇ॥
ਪਾਤਸ਼ਾਹ ਕੋ ਬਿਨਤੀ ਕਰਕੇ। ਲੇਹਿੰ ਛਡਾਇ ਚਰਨ ਸਿਰ ਧਰਕੇ॥
ਜੇ ਹੱਠ ਕੋ ਨਹਿੰ ਛੋਡੇਂ ਰਾਈ। ਤੋ ਮਾਰਹਿੰਗੇ ਤੁਹਿ ਤਰਸਾਈ॥
ਸੁਨਤ ਗੁਰੂ ਹੱਸ ਐਸ ਪੁਕਾਰੀ। ਸੱਤ ਬਚਨ ਹਮਰੇ ਨਹਿੰ ਟਾਰੀ॥
ਗੁਰਕੇ ਬਚਨਨਕਰਹੋਂਭੰਗਾ। ਤਿਆਗਕਰੋਤਨਹੋਇਨਸੰਗਾ॥ ੨੮॥

ਦੋਹਿਰਾ

ਸੁਨਤ ਬਚਨ ਗੁਰ ਕੇ ਤਬੇ ਬੋਲਜੋ ਚੰਦੂ ਨੀਰ।
ਡਾਲੋ ਅਬਹੀ ਏਸ ਕੋ ਤਪਤੇ ਰੇਤੇ ਬੀਚ॥ ੨੯॥

ਚੌਪਈ

ਪਕਰ ਜਲਾਦ ਫੇਰ ਗੁਰ ਲੀਨੇ। ਭਾਂਤੇ ਤਵੇ ਜਾਇ ਧਰ ਦੀਨੇ॥

ਫਿਰ ਕੜਛੇ ਰੇਤੇ ਕੇ ਪਾਏ। ਹਾਹਿ ਹਾਇ ਕਿਆ ਏਹੁ ਕੁਮਾਏ ॥
ਸੜਤ ਮਾਸ ਤਨ ਕਾ ਤਬ ਐਸਾ। ਹੋਤ ਕਬਾਬ ਸੀਖ ਪਰ ਜੈਸਾ ॥
ਪਰ ਸਤਿਗੁਰ ਹਰਿ ਭਾਣਾ ਮਾਨੇ। ਅਪਨੇ ਬਚਨ ਨ ਰੰਚਕ ਹਾਨੇ॥
ਗਿਰੇ ਬਹੁਰ ਧਰ ਪਰ ਸੁੱਧ ਖੋਈ। ਦੇਖ ਦੇਖ ਪਰਜਾ ਸਭ ਰੋਈ ॥
ਫਿਰ ਚੰਦੂ ਕਾਜ਼ੀ ਅਰ ਪੰਡੇ। ਆਏ ਮਨ ਮਹਿੰ ਧਰੇ ਘਮੰਡੇ ॥
ਲਗੇ ਕਹਨ ਤਜ ਕਰ ਹਠ ਸਾਰਾ। ਗੁਰੂ ਗ੍ਰੰਥ ਦੇ ਬੀੜ ਉਖਾਰਾ ॥
ਜਿਸ ਪਰ ਬਹੁਰ ਕਹੀ ਗੁਰ ਐਸੀ। ਕਹਤ ਬਾਤ ਮੁਝ ਕੋ ਕਨੌਂ ਐਸੀ ॥
ਮੈਂ ਯਹ ਭਾਣਾ ਸਿਰ ਪਰ ਮਾਨਾ। ਕਰੌਂ ਪਸਾਨ ਰਹੌਂ ਨਹਿੰ ਪਰਾਨਾ ॥
ਗੁਰ ਨਾਨਕ ਕੇ ਬਚਨ ਅਟੱਲਾ। ਕਹੇ ਤਿਨ੍ਹਾਂ ਜਿਵ ਭਾਖੇ ਅੱਲ੍ਹਾ ॥
ਸੋ ਮੈਂ ਭੰਗ ਕਰੌਂ ਨਹਿੰ ਰਾਈ। ਦੇਹੁ ਜਾਨ ਤਿਨ ਹੇਤ ਘੁਮਾਈ ॥
ਸੁਨਦੇ ਸਾਰ ਫੇਰ ਰਿਸ ਕਰਕੇ। ਲਗੇ ਦੇਨ ਦੁਖ ਅਗਨ ਧਰਕੇ ॥
ਅਰ ਰੇਤਾ ਫਿਰ ਤਨ ਪਰ ਪਾਉਨ। ਦੇਂਦੇ ਦੁੱਖ ਬਹੁਤ ਤਰਸਾਉਨ ॥੩੦॥

ਦੋਹਿਰਾ

ਅਨਕ ਭਾਂਤ ਦੁੱਖ ਦੇ ਰਹੇ ਕਰਕੇ ਜ਼ੁਲਮ ਅਪਾਰ।
ਪਰ ਸਤਿ ਗੁਰ ਸਿਰ ਪਰ ਸਹੇ ਲਖ ਭਾਣਾ ਕਰਤਾਰ ॥੩੧॥

ਚੌਪਈ

ਕਈ ਦਿਵਸ ਜਬ ਇਹ ਦੁਖ ਦੀਨਾ। ਅਪਨਾ ਜ਼ੋਰ ਲਾਇ ਸਭ ਲੀਨਾ ॥
ਤਬ ਮਨ ਮਹਿੰ ਯਿਹ ਕਰਤ ਵਿਚਾਰਾ। ਅਬ ਇਨ ਕੋ ਚਾਹੀਏ ਇਵ ਮਾਰਾ ॥
ਕਾਚੇ ਚਮੜੇ ਮਾਹਿੰ ਮੜ੍ਹਾਵੇ। ਅਰ ਗਲੀਅਨ ਕੇ ਮਾਹਿੰ ਖਚਾਵੇ ॥
ਜੇ ਮਾਨੇ ਤੋ ਛੋਡਹੁ ਤਾਂਹੀਂ। ਮਰੇ ਕਮੌਤ ਕਰੇ ਜੇ ਨਾਹੀਂ ॥ ੩੨ ॥

ਦੋਹਿਰਾ

ਦੇਖ ਏਸ ਤਰਸਾਵ ਕੋ ਸਭ ਨਗਰੀ ਕੇ ਲੋਗ।

ਆਖਨ ਚੰਦੂ ਮੰਦ ਨੇ ਕੀਨਾ ਕਾਮ ਅਜੋਗ ॥ ੨੩ ॥

ਚੌਪਈ

ਸਭਹਨ ਆਇ ਗੁਰੂ ਕੇ ਤੀਰਾ । ਕਰੀ ਬੇਨਤੀ ਹੋਇ ਅਧੀਰਾ ॥
ਹੇ ਗੁਰ ਜੂ ਜੋ ਆਗਿਆ ਦੇਵੈ । ਤਾਂ ਛੁਡਾਇ ਪ੍ਰਭ ਜੂ ਕੋ ਲੇਵੈ ॥
ਲਾਖ ਰੁਪੱਯੇ ਅਬ ਹੀ ਲੈਕੇ । ਦੇਕਰ ਸ਼ਾਹ ਜਾਹਿ ਘਰ ਲੈਕੇ ॥
ਪੁਨ ਤਬ ਸ੍ਰੀਚੰਦ ਜੂ ਬਾਬਾ । ਸੁਨਕਰ ਆਇਓ ਅਧਕ ਖਰਾਬਾ ॥
ਲੈਕਰ ਮੀਆਂਮੀਰ ਕੋ ਸੰਗੇ । ਆਏ ਨੈਨ ਲੋਹੂ ਸੇ ਰੰਗੇ ॥
ਮਿਲ ਕਰ ਗੁਰ ਕੋ ਕਹੀ ਸ਼ਹੀਦਾ । ਹੈਂ ਧਰਮਾਤਮ ਯਥਾ ਕਹੀਦਾ ॥
ਤੈਂਜਗਧਰਮ ਰਾਖ ਦਿਖਰਾਯੋ । ਅਬ ਚਾਹਤ ਹਮਤੁਮੈਂ ਛੁਡਾਯੋ ॥੨੪॥

ਦੋਹਿਰਾ

ਤਬ ਗੁਰ ਅਰਜਨ ਦੇਵ ਨੇ ਭਾਖੀ ਸੁਨੋ ਦਿਆਲ ।
ਯਹ ਭਾਣਾ ਕਰਤਾਰ ਕਾ ਕਰੌ ਨ ਮੂਲ ਖਿਆਲ ॥ ੨੫ ॥

ਚੌਪਈ

ਹੋਨ ਦੇਹੁ ਜੈਸੀ ਯਹ ਹੋਵੈ । ਇਸ ਸਰਾਪ ਕਾ ਯਹਿ ਫਲ ਜੋਵੈ ॥
ਰਹੇ ਜਗਤ ਮਹਿੰ ਗੁਰੂ ਗ੍ਰੰਥਾ । ਅਰ ਜਾਗੇ ਗੋ ਪਰਬਲ ਪੰਥਾ ॥
ਇਨ ਦੁਸ਼ਟਨ ਕੋ ਮੂਲ ਗੁਵਾਵੈ । ਜੜ੍ਹਾਂ ਮੂਲ ਤੇ ਨਾਸ ਕਰਾਵੈ ॥
ਇਤਨਾ ਕਹਿਕਰ ਵਿਦਾ ਕਰਾਏ । ਅਰ ਅਪਨੋ ਹਠ ਪਾਲ ਦਿਖਾਏ ॥
ਅੰਤਕਾਲ ਜਬਮਨਹਿਵਿਚਾਰਾ । ਨਿਕਟ ਭਇਓ ਅਬ ਸਮਾਂਹਮਾਰਾ ॥
ਕਰਨਚਹੀਨਿਜਪੁਰਕੋਤਿਆਰੀ । ਸਫਾ ਮਲੇਛ ਉਠਾਕੇ ਸਾਰੀ ॥੨੬॥

ਦੋਹਿਰਾ

ਕਹੀ ਗੁਰੂ ਨੇ ਮੋਹ ਕੋ ਮਾਰੋ ਜਿਉਂ ਮਨ ਭਾਇ ।
ਪਰ ਰਾਵੀ ਮਹਿ ਜਾਇਕੇ ਦੇ ਇਸ਼ਨਾਨ ਕਰਾਇ ॥ ੨੭ ॥

ਚੌਪਈ

ਸੁਨਕਰ ਮਾਨਗਏ ਵਹੁ ਪਾਪੀ। ਹਤੀ ਬੁੱਧ ਜਿਨ ਅਧਿਕ ਸੰਤਾਪੀ॥
ਤੇਗ ਹਾਥ ਨੰਗੀ ਜਿਨ ਮਾਹੀਂ। ਦਏ ਸਪਾਹੀ ਤਹਿ ਹਮਰਾਹੀ॥
ਜੋ ਲੈ ਨਦੀ ਕਨਾਰੇ ਆਏ। ਪਾਸ ਗੁਰੂ ਕੇ ਤਹਿੰ ਠਹਿਰਾਏ॥
ਬਸਨ ਉਤਾਰ ਦੇਵ ਗੁਰ ਭਾਰੀ। ਅੰਤ ਲੋਕ ਕੀ ਕਰੀ ਤਿਆਰੀ॥
ਬੈਠ ਗਏ ਜਲ ਧਾਰ ਮਝਾਰੀ। ਜਪਜੀ ਕੀ ਧੁਨ ਮੁਖੋਂ ਉਚਾਰੀ॥
ਕਰਤ ਪਾਠ ਗੋਤਾਇੱਕਲਾਇਯੋ। ਫਿਰਮੁੜਕਰਕੇਨਹਿੰਦਰਸਾਯੋ॥
ਗਏ ਪਾਲ ਬਚ ਜਗ ਕੇ ਮਾਹੀਂ। ਦਾਗ ਧਰਮ ਕੋ ਲਾਯੋ ਨਾਹੀਂ॥
ਧੰਨ ਜਨਮ ਤਿਨਕਾਜਗਅੰਤਰ। ਧਰਮ ਪਾਲਜਿਨਕਰਾਨਿਰੰਤਰ॥
ਅਹੋ ਪੰਥ ਤੈਂ ਮਨੋਂ ਵਿਸਾਰੇ। ਗੁਰ ਅਰਜਨ ਕੇ ਜੋ ਉਪਕਾਰੇ॥
ਗ੍ਰੰਥ ਹੇਤ ਜਿਨ ਸੀਸ ਰਢਾਇਆ। ਪੁਨਤਨਊਪਰਖੇਦਸੁਪਾਇਅ॥
ਅਰ ਤੇਰਾ ਮਾਰਗ ਕਰ ਨਿਆਰਾ। ਹਿੰਦੂ ਤੁਰਕ ਤੇ ਜੁਦਾਸੁਧਾਰਾ॥
ਸੋ ਤੂੰ ਤਿਸਕੇ ਬਦਲੇ ਭਾਈ। ਕਿਆ ਕੁਛਕਰਕੇ ਜਗਤ ਦਿਖਾਈ॥
ਤਿਸੀ ਗ੍ਰੰਥ ਕੇ ਬਚਨ ਕਮਾਏ। ਯਾਂਤੇ ਅੰਨਮਤੋ ਗਲ ਪਾਏ॥
ਕਿਆਤੂੰ ਪੰਥਨਿਆਰਾਹੋਇਆ। ਯਾ ਤੈਂ ਆਪਔਰ ਮਹਿ ਖੋਇਆ॥
ਦੇਖ ਜ਼ਰਾ ਮਨ ਮਾਹਿੰ ਵਿਚਾਰੋ। ਉਸ ਗੁਰਕੇ ਮਨ ਕਸ਼ਟ ਚਿਤਾਰੋ॥
ਜਿਸਤੇ ਜਗਮਹਿੰਸੋਭਾਪਾਵੇਂ। ਗੁਰ ਅਰਜਨਕੋ ਨਾਹਿੰਭੁਲਾਵੇਂ॥੩੮॥

ਦੋਹਿਰਾ

ਗੁਰ ਅਰਜਨ ਕੀ ਕਥਾ ਜੋ ਕਹੇ ਸੁਨੇ ਮਨ ਲਾਇ।
ਵਿੱਚ ਹਰੀ ਸੰਸਾਰ ਮਹਿ ਸੋ ਸਗਰੋ ਸੁਖ ਪਾਹਿ॥ ੩੯॥

# ਭਾਈ ਤਾਰੂਸਿੰਘ ਦੀ ਸ਼ਹੀਦੀ

੧ ੴ ਸਤਿਗੁਰ ਪ੍ਰਸਾਦਿ ॥

# ਭਾਈ ਤਾਰੂ ਸਿੰਘ ਦੀ ਸ਼ਹੀਦੀ

## ਦਵੈਯਾ

ਦੇਸ ਪੰਜਾਬ ਵਿੱਚ ਜਦ ਫੈਲਿਆ ਜ਼ੋਰ ਖਾਲਸੇ ਕੇਰਾ।
ਜਿਉਂ ਜਿਉਂ ਤੁਰਕੋ ਜ਼ੁਲਮ ਸਤਾਏ ਤਿਉਂ ਤਿਉਂ ਧਰਮ ਵਧੇਰਾ॥
ਚਾਰ ਮਰਨ ਤਾਂ ਦਿਨ ਚੜ੍ਹਦੇ ਨੂੰ ਹੋਇ ਚਾਰ ਸੌ ਜਾਵੈ।
ਦਿਨ ਦਿਨ ਟਿੱਡੀ ਦਲ ਸਮ ਵਧਦੇ ਕਿੱਥੋਂ ਕੋਇ ਮੁਕਾਵੈ ॥ ੧ ॥
ਤੁਰਕ ਮਾਰਦੇ ਮੁੱਕ ਗਏ ਪਰ ਸਿੰਘ ਨ ਮੁੱਕੇ ਮਰਦੇ।
ਲੜਨ ਭਿੜਨ ਜਦ ਸਨਮੁਖ ਹੋਕੇ ਅੱਗੋਂ ਪਿੱਠ ਨ ਕਰਦੇ ॥
ਮਾਰਨ ਧਾੜੇ ਲੁੱਟਨ ਤੰਬੂ ਜਿੱਥੇ ਤੁਰਕਾਂ ਪਾਉਨ।
ਲੋਹੂ ਨਾਲ ਹੱਥ ਸਨ ਰੰਗੇ ਮਾਨੋ ਫਾਗ ਖਿਲਾਉਨ ॥ ੨ ॥
ਜਿਕੁਰ ਤੁਰਕ ਉਨ੍ਹਾਂ ਨੂੰ ਮਾਰਨ ਫੜਕੇ ਜੰਗਲ ਮਾਹੀਂ ॥
ਓਸੇ ਤਰ੍ਹਾਂ ਮਾਰਦੇ ਸੂਰੇ ਡਾਕੇ ਵਗਦੀ ਰਾਹੀਂ ॥
ਊਠ ਬੈਲ ਅਰ ਘੋੜਾ ਹਾਥੀ ਜੋ ਤੁਰਕਾਂ ਦਾ ਲੱਭੇ।
ਪਕੜ ਲੈਨ ਫਿਰ ਵੰਡਨ ਬਹਕੇ ਸਿੰਘ ਗੁਰੂ ਦੇ ਸੱਭੇ ॥ ੩ ॥
ਜੋ ਜਾਕੇ ਸੀ ਚੁਗਲੀ ਕਰਦਾ ਉਸਦਾ ਪਤਾ ਨਿਕਾਲਨ।
ਸਮਜ ਮਿਲੇ ਤਾਂ ਓਸ ਦੁੱਸ਼ਟ ਦਾ ਅਛੋਂ ਬੇੜਾ ਗਾਲਨ ॥

ਜਿਸਤੇ ਡਰਦੇ ਸਨ-ਮੁਖ ਕੋਈ ਆਕੇ ਮੂਲ ਨ ਖੜਦਾ।
ਜਾਨ ਰਿਹਾ ਸੀ ਮਨ ਦੇ ਅੰਦਰ ਆਊ ਪਾਣੀ ਹੜਦਾ॥ ੪॥
ਜਿਸ ਪਰ ਹੁਕਮ ਸ਼ਾਹ ਦਾ ਹੋਇਆ ਸਿੰਘ ਨ ਨਗਰੀਂ ਵੱਸਨ।
ਜੋ ਮਿਲ ਜਾਇ ਪਕੜ ਕਰ ਮਾਰੋ ਪਾਵੇ ਮੂਲ ਨ ਨੱਸਨ॥
ਇਸ ਅਪਦਾ ਦੇ ਵਿੱਚ ਖਾਲਸਾ ਜੰਗਲ ਨਸਦਾ ਫਿਰਦਾ।
ਭੁਖ ਪਯਾਸ ਸਹਾਰ ਸੀਸ ਪਰ ਛੱਡੇ ਨਾਹੀਂ ਗਿਰਦਾ॥ ੫॥
ਪਰ ਸਭਨਾਂ ਦੀ ਖਬਰ ਰਖਦਾ ਤਾਰੂ ਸਿੰਘ ਵਿਚਾਰਾ।
ਪੂਲੇ ਨਗਰ ਵਿੱਚ ਜੋ ਵਸਕੇ ਕਰਦਾ ਪਯਾ ਗੁਜ਼ਾਰਾ॥
ਕਰੇ ਮਜ਼ੂਰੀ ਮਿਹਨਤ ਚੰਗੀ ਜੋ ਕੁਛ ਖਟਿ ਲਿਆਵੈ।
ਸੋਈ ਨਸਦਾਂ ਫਿਰਦਿਆਂ ਸਿੰਘਾਂ ਜਾਕੇ ਤੁਰਤ ਖੁਲਾਵੈ॥ ੬॥
ਅਰ ਜੋ ਸਿੰਘ ਬਿਪਤ ਦਾ ਮਾਰਿਆ ਉਸਦੇ ਘਰ ਪਰ ਆਏ।
ਤੁਰਤ ਓਸਨੂੰ ਆਦਰ ਦੇਕੇ ਭੋਜਨ ਚਾਇ ਛਕਾਏ॥
ਮਾਈ ਉਹਦੀ ਬੁੱਢੀ ਸੀ ਅਰ ਇੱਕ ਭੈਣ ਧਰਮਾਤਮ।
ਪੀਸਨ ਪੀਸ ਖੁਲਾਵਨ ਦੋਏ ਸੁਖੀ ਕਰਨ ਨਿਜ ਆਤਮ॥ ੭॥
ਜਿਸਤੇ ਸਿੰਘ ਹੋਇ ਜੋ ਦੁਖੀਆ ਭੁੱਖ ਪਿਆਸ ਸਤਾਇਆ।
ਸੋ ਤਾਰੂ ਸਿੰਘ ਦੇ ਘਰ ਆਕੇ ਲੈਂਦਾ ਸੁਖ ਮਨ ਭਾਇਆ॥
ਸਦਾ ਓਸ ਨੂੰ ਕੰਮ ਨ ਦੂਜਾ ਏਹੋ ਕਰਦਾ ਪਯਾਰਾ।
ਸਿੰਘਾਂ ਦੀ ਸੇਵਾ ਦੇ ਉੱਪਰ ਤਨ ਮਨ ਉਸਨੇ ਵਾਰਾ॥ ੮॥
ਸਿੰਘਾਂ ਦੇ ਦੁੱਖ ਦੇਖ ਨ ਸਹਿੰਦਾ ਅਪਨਾ ਆਪ ਭੁਲਾਏ।
ਜਾਨ ਮਾਲ ਸਭ ਭਾਈਆਂ ਉੱਪਰ ਰਾਜ਼ੀ ਹੋਇ ਘੁਮਾਏ॥
ਜਿਸ ਪਰ ਲੋਗ ਦੇਖ ਕਰ ਹੋਏ ਤਿਸਦੇ ਦੁਸ਼ਮਨ ਸਾਰੇ।
ਅੱਖੀਂ ਦੇਖ ਸਹਾਰਨ ਨਾਹੀਂ ਪਾਪੀ ਜੋ ਹੱਤਿਆਰੇ॥ ੯॥

ਪਰ ਉਹ ਨ ਸੀ ਕਿਸੇ ਦੀ ਸੁਨਦਾ ਕਰਦਾ ਸੀ ਮਨ ਭਾਈ।
ਦੇਖ ਸਿੱਖ ਦਾ ਰੂਪ ਰਿਦੇ ਵਿੱਚ ਚੜ੍ਹਦੀ ਖੁਸ਼ੀ ਸਵਾਈ॥
ਅਪਨੀ ਇੱਜ਼ਤ ਸੋਭਾ ਸਾਰੀ ਅਰ ਸੁਖ ਮਨ ਦਾ ਸਾਰਾ।
ਸਿੰਘਾਂ ਨੂੰ ਹੀ ਜਾਨ ਰਿਹਾ ਸੀ ਤਾਰੂ ਸਿੰਘ ਵਿਚਾਰਾ॥ ੧੦॥
ਸਿਰ ਪੈਰੋਂ ਸਾ ਕਰਦਾ ਸੇਵਾ ਸਿੰਘਾਂ ਦੀ ਦਿਨ ਰਾਤੇ।
ਜਿਸਤੇ ਸੁਨ ਕਰ ਨਾਮ ਓਸ ਦਾ ਕਈ ਭੁਜੰਗੀ ਆਤੇ॥
ਦੇਖ ਜਿਨ੍ਹਾਂ ਨੂੰ ਹੋ ਮਨ ਰਾਜ਼ੀ ਅਪਨੇ ਪਾਸ ਉਤਾਰੇ।
ਧਨਭਾਗ ਜੋ ਦਰਸ਼ਨ ਦਿੱਤਾ ਮੈਂ ਜਾਂਵਾਂ ਬਲਹਾਰੇ॥ ੧੧॥
ਭਾਵੇਂ ਕਿੱਥੋਂ ਜਾ ਕੇ ਲਿਆਵੇ ਭੋਜਨ ਉਸ ਦੇ ਤਾਈਂ।
ਪਰ ਭੁੱਖਾ ਜੋ ਸਿੰਘ ਗੁਰੂ ਦਾ ਘਰ ਥੋਂ ਜਾਏ ਕਥਾਈਂ।
ਛੋਲੇ ਚਨੇ ਚੱਬ ਕੇ ਕਰਦਾ ਅਪਨਾ ਬੈਠ ਗੁਜ਼ਾਰਾ।
ਪਰ ਜੋ ਚੰਗਾ ਚੋਖਾ ਮਿਲਦਾ ਸਿੱਖਾਂ ਦਏ ਵਿਚਾਰਾ॥ ੧੨॥
ਦੇਖ ਪ੍ਰੇਮ ਸਿੰਘ ਭੀ ਉਸ ਦਾ ਆਉਨ ਦਿਨ ਤੇ ਰਾਤੀਂ।
ਕਰਨ ਗੁਰਮਤੇ ਬਹਕੇ ਸਾਰੇ ਲੜਨ ਭਿੜਨ ਕੀ ਬਾਤੀਂ॥
ਜਦ ਕਰ ਸਨ ਓਹ ਹੱਲੇ ਧਾਕੇ ਮਾਰਨ ਗੱਬਰ ਜਾਕੇ।
ਉਸ ਦੇ ਵਿੱਚੋਂ ਹਿੱਸਾ ਦੇਂਦੇ ਤਾਰੂ ਹਰਿ ਨੂੰ ਆਕੇ॥ ੧੩॥
ਰੱਖ ਲੈਨ ਦਸਵੰਧ ਓਸ ਦਾ ਮਨ ਵਿੱਚ ਇਹ ਸਨ ਕਹਿੰਦੇ।
ਓਸ ਬਿਹੰਗਮ ਦੇ ਹਨ ਆਕੇ ਸਿੰਘ ਰੰਗੀਲੇ ਰਹਿੰਦੇ॥
ਜਦ ਆਵੇ ਤਦ ਤੁਰਤ ਓਸ ਨੂੰ ਵੰਡ ਦਏ ਉਹ ਸੂਰਾ।
ਪੱਲੇ ਪਾਸ ਨ ਰੱਖਦਾ ਕੌਡਾਂ ਧਰਮ ਕਰਮ ਦਾ ਪੂਰਾ॥ ੧੪॥
ਜਿਉਂ ਜਿਉਂ ਜ਼ੁਲਮ ਤੁਰਕ ਸਨ ਕਰਦੇ ਪਕੜ ਸਿੱਖ ਨੂੰ ਮਾਰਨ।
ਤਿਉਂ ਤਿਉਂ ਸਿੰਘ ਹੋਇ ਕਰ ਆਕੀ ਲੁੱਟ ਮਾਰ ਕਰ ਡਾਰਨ॥

ਦਸ ਦਸ ਬੀਸ ਬੀਸ ਦੇ ਟੋਲੇ ਸਨ ਜੰਗਲ ਵਿੱਚ ਫਿਰਦੇ।
ਸ਼ਹਿਰ ਲਾਹੌਰ ਦੇਖ ਕਰ ਤੁਰਕੀ ਰਹਿੰਦੇ ਇਸ ਦੇ ਗਿਰਦੇ ॥ ੧੫ ॥
ਮਹਤਾਬ ਸਿੰਘ ਜੋ ਮੀਰਾਂ ਕੋਟੀ ਸਾ ਵਡ ਸੂਰ ਦਲੇਰਾ।
ਲੈਕੇ ਸਿੰਘ ਨਾਲ ਵਡ ਜੰਗੀ ਕਰਦਾ ਜੰਗ ਘਨੇਰਾ ॥
ਜਿੱਕਰ ਤੁਰਕ ਅਰਾਮ ਨ ਕਰਨੇ ਦੇਂਦੇ ਸਿੰਘਾਂ ਤਾਈਂ ।
ਉਕਰ ਹੀ ਸਨ ਸਿੰਘ ਗੁਰੂ ਦੇ ਲੜਦੇ ਚਾਈਂ ਚਾਈਂ ॥ ੧੬ ॥
ਮਾਰਨ ਡਾਕੇ ਦਿਨ ਅਰ ਰਾਤੀਂ ਜਿੱਥੇ ਦੁਸ਼ਮਨ ਦੇਖਨ।
ਲੁੱਟ ਲੈਨ ਦਿਨ ਦੀਵੀਂ ਬੈਠਿਆਂ ਕਰਨੇ ਦੇਨ ਨ ਥੇਖਨ ॥
ਏਹੋ ਜੇਹਾ ਦੁੰਦ ਮੱਚਿਆ ਪੇਸ਼ ਨ ਕੋਈ ਜਾਂਦੀ।
ਚਾਰੇ ਪਾਸਯੋਂ ਸਿੰਘਾਂ ਤਾਈਂ ਝਾੜ ਝਾੜ ਸੀ ਖਾਂਦੀ ॥ ੧੭ ॥
ਪਰ ਇਹ ਸਦਾ ਬੀਰ ਰਸ ਮੱਤੇ ਡਰਦੇ ਨ ਸੀ ਬਹਾਦਰ।
ਆਖਨ ਇੱਕ ਇੱਕ ਗੁਰ ਸੇਵਕ ਹੈ ਸੌ ਜੇਹਾ ਨਾਦਰ ॥
ਕੌਣ ਅੜੇਗਾ ਸਨਮੁਖ ਆਕੇ ਕਹੋ ਅਸਾਡੇ ਭਾਈ।
ਅੱਜ ਕੱਲ ਨੂੰ ਦੇਣੀ ਹੈ ਇਹ ਜ਼ੁਲਮੀ ਸਫਾ ਉਠਾਈ ॥ ੧੮ ॥
ਇਸੇ ਤਰ੍ਹਾਂ ਦਾ ਗ਼ਦਰ ਦੇਸ ਵਿੱਚ ਜਦ ਪੈ ਗਿਆ ਘਨੇਰਾ।
ਤਦ ਨਾਜ਼ਮ ਲਾਹੌਰੀ ਮਨ ਮਹਿ ਵਧਿਆ ਦੁਖ ਵਧੇਰਾ ॥
ਆਖੇ ਏਹ ਬੀਮਾਰੀ ਭਾਈ ਹੈ ਦੁਖ ਦਾਈ ਕਿੱਸੇ।
ਨਹੀਂ ਇਲਾਜ ਏਸ ਦਾ ਕੋਈ ਦੁਖ ਸੁਨਾਵਾਂ ਕਿੱਸੇ ॥ ੧੯ ॥
ਅੱਜ ਕੱਲ ਨੂੰ ਲੁੱਟਨ ਆਕੇ ਸ਼ਹਿਰ ਅਸਾਡਾ ਭਾਰਾ।
ਜਿਸ ਪਰ ਸਾਨੂੰ ਓੜਕ ਏਥੋਂ ਕਰਨਾ ਪਊ ਕਨਾਰਾ ॥
ਪਾਤਸ਼ਾਹ ਦੀ ਵਾਹ ਨ ਚੱਲੂ ਰੱਤੀ ਇਨ ਕੇ ਅੱਗੇ।
ਭਾਵੇਂ ਹਮ ਹੈਂ ਹਾਥੀ ਭਾਰੇ ਪਰ ਇਹ ਕੇਹਰ ਬੱਗੇ ॥ ੨੦ ॥

ਇਧਰ ਸੂਬਾ ਏਹ ਮਨਸੂਬਾ ਗੁੰਦ ਰਿਹਾ ਮਨ ਮਾਹੀਂ ।
ਉਧਰ ਦੇਖੋ ਖੇਲ ਇੱਕ ਕਜ਼ਾ ਹੁੰਦਾ ਮਿਟਦਾ ਨਾਹੀਂ ॥
ਹਰਮੁਖ ਦਾਸ ਨਾਮ ਇੱਕ ਪਾਪੀ ਪਰ ਸਾ ਮਨਮੁਖ ਭਾਰਾ ।
ਮਨ ਵਿੱਚ ਖਿਝਦਾ ਸਿੰਘਾਂ ਤਾਈਂ ਜਾਨੀ ਦੁਸ਼ਮਨ ਭਾਰਾ ॥ ੨੧ ॥
ਦੇਖ ਲਨਾ ਜਦ ਉਸਨੇ ਮੌਕਾ ਹੁਣ ਹੈ ਦਾਉ ਘੰਨੇਰਾ ।
ਆਇਆ ਸੂਬੇ ਪਾਸ ਤੁਰਤ ਹੀ ਮੂਲ ਨ ਕੀਤੀ ਦੇਰਾ ॥
ਆਕੇ ਕਹੀ ਖਾਨ ਜੀ ਸੁਨੀਏ ਇਹ ਦੁਖਦਾਈ ਚਾਲਾ ।
ਸਿੰਘਾਂ ਗਦਰ ਦੇਸ ਵਿੱਚ ਪਾਇਆ ਜੋ ਨਹਿ ਜਾਇ ਸਮਾਲਾ ॥ ੨੨ ॥
ਕਈ ਹਜ਼ਾਰ ਫਿਰਨ ਦਿਨ ਰਾਤੀ ਨੱਗਰਾਂ ਵਿੱਚ ਲੁਟੇਰੇ ।
ਮਾਰਨ ਡਾਕੇ ਘੱਤਨ ਪਲ ਵਿੱਚ ਨੱਗਰਾਂ ਤਾਈਂ ਘੇਰੇ ॥
ਚੰਗਾ ਘੋੜਾ ਅਰ ਧਨ ਦਿੱਸੇ ਓਥੇ ਪੈਨ ਸ਼ਤਾਬੀ ।
ਬਿਜਲੀ ਵਾਂਗ ਕੜਕ ਕੇ ਪਲ ਵਿੱਚ ਕਰਦੇ ਅਧਕ ਖਰਾਬੀ ॥੨੩॥
ਪਾਤਸ਼ਾਹ ਤੇ ਮੂਲ ਨ ਡਰਦੇ ਰੱਯਤ ਦਾ ਭੈ ਨਾਹੀਂ ।
ਛੁੱਟੇ ਸ਼ੇਰ ਫਿਰਨ ਵਿੱਚ ਮਾਝੇ ਮੋੜੇ ਮੁੜ ਸਨ ਨਾਹੀਂ ॥
ਜੋ ਇਹ ਹਾਲ ਰਿਹਾ ਚਿਰ ਥੋੜੇ ਤਾਂ ਪਰਜਾ ਮੁਕ ਜਾਸੀ ।
ਏਹ ਸਿੰਘ ਜੋ ਪੰਥ ਕਹਾਵੇ ਦੇਖਦਿਆਂ ਖਾ ਜਾਸੀ ॥ ੨੪ ॥
ਇੱਕ ਵਲ ਸਿੰਘ ਮਤਾਬ ਬਹਾਦਰ ਮੀਰਾਂ ਕੋਟੀ ਫਿਰਦਾ ।
ਮਨ ਤੇ ਖੌਫ ਚੁਕਾਇਆ ਜਿਸ ਨੇ ਮੂਲੋਂ ਹੀ ਹੈ ਸਿਰਦਾ ॥
ਕਈ ਸਜਾਂ ਨੂੰ ਨਾਲ ਰੱਖਦਾ ਫੌਜਦਾਰ ਸਮ ਜੰਗੀ ।
ਕਦੀ ਮਜਾਨ ਨ ਕੀਤੀ ਉਸ ਨੇ ਤੇਗ ਆਪਨੀ ਨੰਗੀ ॥ ੨੫ ॥
ਜਿਸ ਤੇ ਡਰਦੇ ਹਰ ਹਰ ਕਰਦੇ ਸਾਰੇ ਨਗਰ ਚੁਫੇਰੇ ।
ਮੱਤ ਅਸਾਂ ਨੂੰ ਮਾਰ ਜਾਵਸੀ ਓਹੋ ਸੰਝ ਸਵੇਰੇ ॥

ਏਹਾ ਜੇਹਾ ਕੌਤਕ ਕੀਤਾ ਓਸ ਨਵਾਬ ਪਜਾਰੇ।
ਸੁਪਨੇ ਮੈਂ ਭੀ ਖਿਆਲ ਨ ਆਵੇ ਮਨ ਦੇ ਵਿੱਚ ਤੁਮ੍ਹਾਰੇ ॥ ੨੬ ॥
ਓਹ ਤਾਂ ਆਖਨ ਅਸੀਂ ਤੁਰਕ ਦੀ ਸਫਾ ਉਠਾਉਨ ਆਏ।
ਜਿਸ ਤੇ ਦਸਮ ਗੁਰੂ ਦੇ ਬਦਲੇ ਲੈਨੇ ਹੈਨ ਸਵਾਏ ॥
ਇਹੋ ਜੇਹੀ ਬਾਤਾਂ ਕਰਦੇ ਅਰ ਬੋਲਨ ਜੈਕਾਰੇ।
ਜਿਸ ਪਰ ਅਸੀਂ ਸੱਚ ਹਾਂ ਕਹਿੰਦੇ ਕਰਦੇ ਲੋਗ ਵਿਚਾਰੇ ॥ ੨੭ ॥
ਤੁਾਂਤੇ ਇਸ ਦਾ ਕਰੀਏ ਹੀਲਾ ਜੇ ਕੁਛ ਬਣਦਾ ਹੋਵੇ।
ਜਿਸ ਤੇ ਦੇਸ ਅਪਨੀ ਸਾਰੀ ਹੁਰਮਤ ਮੂਲ ਨ ਖੋਵੇ ॥
ਜੇ ਕੁਛ ਕਾਲ ਨ ਖਬਰ ਲਈ ਤਾਂ ਮੁਸ਼ਕਲ ਵਾਸਾ ਹੋਊ।
ਹਰ ਇੱਕ ਸਿੰਘਾਂ ਦੇ ਫਿਰ ਹੱਥੋਂ ਬਹਕੇ ਕਰਮਾਂ ਰੋਊ ॥ ੨੮ ॥
ਦੂਜੀ ਵੱਲ ਸਿੰਘ ਹੈ ਤਾਰੂ ਧਾੜਵੀਆਂ ਦਾ ਸਾਥੀ।
ਰੱਖੇ ਪਾਸ ਬੁਲਾਇ ਚੋਰਟੇ ਜੈਸੇ ਭੂਰੇ ਹਾਥੀ ॥
ਕੰਮ ਕਾਰ ਨਹਿ ਕਰਦਾ ਕੋਈ ਲੰਗਰ ਪਿਆ ਚਲਾਵੇ।
ਕਿਆ ਜਾਣਾ ਉਸ ਤਾਈਂ ਇਤਨਾ ਮਾਲ ਕਿਥਾਹੋਂ ਆਵੇ ॥ ੨੯ ॥
ਬਣ ਬਣ ਦੀ ਮਿਲ ਜਾਇ ਲੱਕੜੀ ਉਸ ਦੇ ਘਰ ਪਰ ਆਕੇ।
ਨੰਗੇ ਭੁੱਖੇ ਔਰ ਲੁਟੇਰੇ ਭੋਜਨ ਪਾਂਦੇ ਜਾਕੇ ॥
ਸਭਨਾਂ ਨੂੰ ਕਰ ਆਦਰ ਦੇਂਦਾ ਪਾਸੋਂ ਬਸਤ੍ਰ ਲੀੜੇ।
ਉਸ ਦੇ ਬੂਹੇ ਐਉਂ ਆ ਜਾਂਦੇ ਜਿਉਂ ਖੁੱਡਾਂ ਪਰ ਕੀੜੇ ॥ ੩੦ ॥
ਜਿਤਨਾ ਚਿਰ ਨਾ ਕਰੇ ਉਨ੍ਹਾਂ ਨੂੰ ਅਪਨੇ ਕਾਬੂ ਫੜਕੇ।
ਉਤਨਾ ਚਿਰ ਉਹ ਕਰਨ ਖਰਾਬੀ ਮਨ ਵਿੱਚ ਹੋਇ ਨਧੜਕੇ ॥
ਇਹ ਹੈ ਹਾਲ ਕਿਹਾ ਮੈਂ ਸਾਰਾ ਅੱਗੇ ਜੋ ਹੈ ਮਰਜ਼ੀ।
ਸਾਨੂੰ ਤਾਂ ਇਤਨਾ ਸਾ ਬਣਦਾ ਦੇਈਏ ਆ ਕਰ ਅਰਜ਼ੀ ॥ ੩੧ ॥

ਜਦ ਉਸ ਪਾਪੀ ਪਾਪ ਕਮਾਇਆ ਆ ਕਰਕੇ ਜ਼ੁੱਖ ਮਾਰੀ।
ਜਿਤਨੀ ਸੀ ਹੋ ਸਕੀ ਜਿਸਤੇ ਉਤਨੀ ਕਰੀ ਖੁਆਰੀ॥
ਜਿਸ ਨੂੰ ਸੁਨਕੇ ਮਾਖੇ ਖਾਂਨੇ ਵੱਡਾ ਗਜ਼ਬ ਮਨ ਧਰਕੇ।
ਆਖੀ ਦੇਰ ਨ ਕਰੋ ਅਬੀ ਹੀ ਜਾਓ ਹਮਲਾ ਕਰਕੇ॥ ੩੨॥
ਤੁਮ ਲੈ ਫੌਜ ਮਤਾਬ ਸਿੰਘ ਕੋ ਪਕੜ ਮਾਰ ਕਰ ਲਜਾਓ।
ਜਿੱਥੇ ਲੱਭੇ ਸੁਨੋ ਕਿਤੇ ਤਬ ਮੇਰੇ ਪਾਸ ਪੁਚਾਓ॥
ਅਰ ਮੈਂ ਤਾਰੂ ਸਿੰਘ ਪਾਸ ਹਾਂ ਭੇਜਨ ਲਗਾ ਸਪਾਹੀ।
ਪਕੜ ਲਿਆਵਨ ਉਸ ਹੀ ਵੇਲੇ ਕਰਾਂ ਅਦਮ ਦਾ ਰਾਹੀ॥ ੩੩॥
ਦੇਖੋ ਕਹਿਰ ਖੁਦਾਈ ਯਾਰੋ ਦੇਸ ਨ ਵਸਨੇ ਦੇਂਦੇ
ਜਿੱਥੇ ਕਿੱਥੇ ਨਗਰਾਂ ਤਾਈਂ ਲੁੱਟ ਮਾਰ ਹਨ ਲੈਂਦੇ॥
ਅਸੀਂ ਇਨ੍ਹਾਂ ਦਾ ਮੂਲ ਮੁਕਾਇਆ ਪਰ ਇਹ ਮੁੱਕਨ ਨਾਹੀਂ।
ਦਿੰਦੇ ਹਨ ਦੁੱਖ ਪਾਤਸ਼ਾਹ ਨੂੰ ਕਜ਼ਾ ਇਨ ਕੇ ਮਨ ਮਾਹੀਂ॥ ੩੪॥
ਜਿਸ ਪਰ ਪਕੜ ਦੁਹਾਂ ਨੂੰ ਮਾਰੂ ਟੰਗ ਰੁੱਖ ਦੇ ਉੱਤੇ।
ਪਾਉਨਗੇ ਫਲ ਓਸ ਬਾਤ ਦਾ ਕਲਾ ਜਗਾਈ ਸੁੱਤੇ॥
ਇਤਨਾ ਕਹਿਕੇ ਸੱਦ ਸਪਾਹੀ ਕਹੀ ਦੇਰ ਨਹਿ ਕਰਨੀ।
ਜਾਓ ਪਕੜ ਲਿਆਓ ਉਸ ਨੂੰ ਜਿਉਂ ਕਰ ਵੈਧਕ ਹਰਨੀ॥ ੩੫॥
ਜਿੱਥੇ ਤੀਕਰ ਵਾਹ ਲੱਗ ਸੀ ਜੀਵੰਦੜਾ ਫੜ ਲਿਆਓ।
ਅਰ ਜੇ ਕਾਬੂ ਆਵੇ ਨਾਹੀਂ ਤਾਂ ਫੜ ਤੁਰਤ ਮੁਕਾਓ॥
ਤਕੜੀ ਫੌਜ ਨਾਲ ਲੈ ਜਾਣੀ ਜਾਣੋ ਨਾਹੀਂ ਹਾਸਾ।
ਹਨ ਉਹ ਸਿੰਘ ਲੜਾਕੇ ਭਾਰੇ ਪਕੜਨ ਨਹੀਂ ਤਮਾਸ਼ਾ॥ ੩੬॥
ਭਾਵੇਂ ਪਾਸ ਉਨ੍ਹਾਂ ਦੇ ਨਾਹੀਂ ਧਨ ਦੌਲਤ ਅਰ ਸੈਨਾ।
ਤਾਂ ਭੀ ਸਾਡੇ ਕੋਲੋਂ ਉਨ ਕੋ ਰੰਚਕ ਮਾਤ੍ਰ ਭੈ ਨਾ॥

ਅਪਨੀ ਵੱਲੋਂ ਤਕੜੇ ਹੋਕਰ ਜਾਣਾ ਚਹੀਏ ਪਜਾਰੇ।
ਗਿੱਦੜ ਨੂੰ ਜਦ ਮਾਰਨ ਜਾਈਏ ਕਰੀਏ ਸਿੰਘ ਤਿਆਰੇ ॥੩੭॥
ਇਤਨਾ ਜੁਨ ਕਰ ਤੁਰਕ ਸਪਾਹੀ ਵੱਡੇ ਬਹਾਦਰ ਜੰਗੀ।
ਤੁਰੇ ਪਕੜਨੇ ਧਰਮ ਧੁਜਾ ਨੂੰ ਹੱਥ ਤੇਗ ਲੈ ਨੰਗੀ॥
ਭਾਵੇਂ ਜਾਨ ਹੌਸਲਾ ਕਰਕੇ ਪਰ ਮਨ ਅੰਦਰ ਡਰਦੇ।
ਬਾਤਾਂ ਕਰਨ ਅੱਜ ਹਾਂ ਚੱਲੇ ਵਿੱਚ ਮੌਤ ਦੇ ਘਰ ਦੇ ॥ ੩੮ ॥
ਕਈ ਸਵਾਰ ਸਪਾਹੀ ਭਾਰੇ ਪਹਿਨ ਪੰਜ ਹਥਿਆਰਾਂ।
ਚੱਲੇ ਸੂਰ ਬੀਰ ਪਰ ਰੜਕੇ ਕਰਦੇ ਮਾਰੋ ਮਾਰਾਂ॥
ਜਾਇ ਅਹਿਦੀਏ ਨਗਰ ਓਸ ਦੇ ਸਾਰੇ ਲੋਕ ਬੁਲਾਏ।
ਆਖੀ ਤਾਰੂ ਸਿੰਘ ਅਸਾਂ ਨੂੰ ਦੇਵੋ ਤੁਸ ਪਕੜਾਏ ॥ ੩੯ ॥
ਡੇਰਾ ਲਾਇ ਭੜਾਣੇ ਦਿੱਤਾ ਕਹੀ ਬਾਤ ਇਹ ਆਕੇ।
ਅਸੀਂ ਲੈਨ ਆਏ ਹਾਂ ਇਸ ਨੂੰ ਦੇਵੋ ਤੁਸੀਂ ਬੁਲਾਕੇ।
ਜੇਕਰ ਕਰੇ ਰਾਵੜਾਂ ਕੋਈ ਤਾਂ ਹੈ ਹੁਕਮ ਅਸਾਂਨੂੰ।
ਸਾਰਾ ਨੱਗਰ ਤੁਰਤ ਮੁਕਾਈਏ ਛੱਡੇਂ ਨਹੀਂ ਤੁਹਾਨੂੰ ॥ ੪੦ ॥
ਜਦ ਪੂਹਲੇ ਤੇ ਆਇ ਭੜਾਣੇ ਇਹ ਕਾਰਨ ਸਾ ਹੋਇਆ।
ਬਿਗੜ ਗਏ ਸਭ ਸਿੰਘ ਨਗਰ ਦੇ ਸਭ ਸੁਖ ਅਪਨਾ ਖੋਇਆ॥
ਬਡੇ ਜੁਆਨ ਬਹਾਦੁਰ ਜੰਗੀ ਅਰ ਜੋ ਧਰਮ ਸਨੇਹੀ।
ਲੱਗੇ ਕਰਨ ਗੁਰਮਤੇ ਐਸੇ ਕਾਲ ਕਹੋ ਹੁਨ ਕੇਹੀ ॥ ੪੧ ॥
ਲੱਗੂ ਆਇਆ ਹੱਥੀਂ ਦੇਣਾ ਕੰਮ ਨਹੀਂ ਹੈ ਚੰਗਾ।
ਤਾਂਤੇ ਕਰੋ ਨਸੰਗ ਹੋਇਕੇ ਨਾਲ ਤੁਰਕ ਦੇ ਜੰਗਾ॥
ਭਾਵੇਂ ਪੂਹਲਿਓਂ ਪਕੜ ਲਿਆਏ ਇਸ ਸੂਰੇ ਨੂੰ ਮੂਰੇ।
ਪਰ ਹੁਣ ਹੈ ਇਹ ਸਾਡੇ ਆਇਆ ਕਰੋ ਨ ਹੱਥੋਂ ਦੂਰੇ ॥ ੪੨ ॥

ਅੱਜ ਤੀਕ ਇਹ ਰਸਮ ਨ ਦੇਖੀ ਨਗਰੋਂ ਪਕੜ ਚਲਾਵੇ।
ਰਖਯਾ ਕਰਨ ਬਹਾਦੁਰ ਉਸ ਦੀ ਜੋ ਘਰ ਅੰਦਰ ਆਵੇ।
ਐਸਾ ਸਿੰਘ ਧਰਮ ਦਾ ਪੂਰਾ ਪਕੜ ਅਸਾਥੋਂ ਖੜਸਨ।
ਕਯਾ ਜਾਨੇ ਇਸ ਭਾਈ ਲੈਕੇ ਨਾਲ ਜ਼ੋਰਾਂ ਕੜਸਨ ॥ ੪੩ ॥
ਜਿਸਤੇ ਅਪਨੇ ਹੱਥੀਂ ਉਸਨੂੰ ਮੌਤ ਅਸਾਹਾਂ ਦਿੰਦੇ।
ਆਖਰ ਉਸ਼ ਪਰਮੇਸ਼ਰ ਅੱਗੇ ਹੋਵਾਂ ਗੇ ਸ਼ਰਮਿੰਦੇ॥
ਕਹੋ ਗੁਰੂ ਦਾ ਸਿੰਘ ਸੂਰਮਾਂ ਅਰ ਜੋ ਸਾਡਾ ਭਾਈ।
ਸੋਈ ਪਕੜ ਅਸਾਡੇ ਸਨਮੁਖ ਇਹ ਅਹਦੀ ਲੈਜਾਈ ॥ ੪੪ ॥
ਜਿਸ ਨੂੰ ਦੇਖ ਅਸੀਂ ਚੁਪ ਸਾਰੇ ਅਰ ਨਹਿ ਬੋਲੇ ਅੱਗੇ।
ਮਰਦਾ ਦੇਖ ਆਪਨਾ ਭਾਈ ਚੁੱਪ ਰਹੇ ਸਮ ਢੱਗੇ॥
ਜਿਸ ਪਰ ਜੋਸ਼ ਨ ਜਾਇ ਸਮਾਲਿਆ ਅਰ ਭਖਦੀ ਮੁਖ ਲਾਲੀ।
ਚਾਹੁਨ ਅੱਜ ਨਾਲ ਲੜ ਤੁਰਕਾਂ ਅਪਨੀ ਹੌਸ ਨਿਕਾਲੀ॥ ੪੫ ॥
ਇਤਨਾ ਸੋਚ ਜੁਆਨ ਬਹਾਦੁਰ ਗਏ ਪਾਸ ਨਿਜ ਭਾਈ।
ਜਿਸ ਨੂੰ ਜਾਕੇ ਅਪਨੇ ਦਿਲ ਦੀ ਸਾਰੀ ਬਾਤ ਸੁਨਾਈ॥
ਅਸੀਂ ਤੁਸਾਂ ਦੇ ਪਿੱਛੇ ਪਜਾਰੇ ਮਰਨਾ ਇਨਕੋ ਮਾਹੇ।
ਆਪੇ ਛੱਡ ਜਾਨਗੇ ਤੁਧਨੂੰ ਦੇਖਣ ਹੱਥ ਹਮਾਰੇ॥ ੪੬ ॥
ਇਹ ਤਾਂ ਸਾਨੂੰ ਸ਼ਰਮ ਦੇਵੰਦੀ ਬਾਤ ਮਹਾਂ ਦੁਖਦਾਈ।
ਸਾਡੇ ਸਨਮੁਖ ਪਕੜਿਆ ਜਾਵੇ ਧਰਮੀ ਸਾਡਾ ਭਾਈ॥
ਤਾਂਤੇ ਦੇਖ ਤਮਾਸ਼ਾ ਸਾਡਾ ਕੀ ਕੁਛ ਕਰ ਦਿਖਲਾਈਏ।
ਇੱਕ ਵੇਰ ਤਾਂ ਏਸ ਤੁਰਕ ਨੂੰ ਚੰਗੇ ਚਣੇ ਚੁਬਾਈਏ ॥ ੪੭ ॥
ਇਤਨਾ ਹੋਏ ਬਾਝ ਨ ਰਹਸਨ ਅਰ ਹੋਸਨ ਦੰਦ ਖੱਟੇ।
ਆਪੇ ਨੱਸ ਜਾਨਗੇ ਪਾਪੀ ਲੈਕੇ ਸਿਰ ਪਰ ਘੱਟੇ॥

ਜਿਸ ਨੂੰ ਅਪਨਾ ਭਾਈ ਕਹੀਏ ਅਰ ਨਾ ਚੋਰ ਠਗੇਰਾ।
ਉਸ ਨੂੰ ਕਿਉਂ ਕਰ ਚਾ ਪਕੜਾਈਏ ਲੈ ਕਾਲੰਕ ਵਧੇਰਾ ॥ ੪੮ ॥
ਇਤਨਾ ਕਹਕਰ ਖੜੇ ਬਹਾਦਰ ਲੈ ਤਲਵਾਰਾਂ ਜੰਗੀ।
ਸੋਚ ਲਿਆ ਹੁਨ ਮੌਤ ਤੁਰਕ ਦੀ ਆਇ ਗਈ ਬਿਨ ਮੰਗੀ।
ਸਾਰਾ ਨਗਰ ਇਕੱਠਾ ਹੋਯਾ ਦੂਜਾ ਮਨੋਂ ਗੁਵਾਇਆ।
ਚਾਹੁਨ ਸਾਰੇ ਇੱਕ ਪਲ ਅੰਦਰ ਕਟਕ ਤੁਰਕ ਦਾ ਘਾਯਾ ॥ ੪੯ ॥
ਪੈ ਗਈ ਹਲ ਚਲ ਇਤਨੀ ਭਾਰੀ ਆਖਨ ਦੀ ਨਹਿ ਕੋਈ।
ਇੱਕ ਪਲ ਅੰਦਰ ਹੋ ਜਾਨੀ ਹੈ ਜੋ ਕਰਤੇ ਮਨ ਸੋਈ ॥
ਪਰ ਇਸਨੂੰ ਸੁਣ ਤਾਰੂ ਹਰਿ ਨੇ ਕਹੀ ਖਾਲਸਾ ਪਜਾਰੇ।
ਖਿਮਾਂ ਕਰੋ ਅਰ ਸੁਣੋ ਕੰਨ ਦੇ ਜੋ ਹਨ ਬਚਨ ਹਮਾਰੇ ॥ ੫੦ ॥
ਜਦ ਇਹ ਹਾਲ ਖਾਲਸੇ ਕੇਰਾ ਤਾਰੂ ਸਿੰਘ ਨਿਹਾਰਾ।
ਤਦ ਉਹ ਅਪਨੇ ਮਨ ਦੇ ਅੰਦਰ ਤਜਾ ਹੈਰਾਨ ਵਿਚਾਰਾ ॥
ਲੱਗਾ ਸੋਚਨ ਜੇ ਇਹ ਨੱਗ੍ਰ ਲੜ ਕਰ ਖਾਤ੍ਰ ਮੇਰੀ।
ਕਰ ਬੈਠਜਾ ਕੋ ਸਾਕਾ ਭਾਰਾ ਅਪਨੀ ਨਾਲ ਦਲੇਰੀ ॥ ੫੧ ॥
ਤਦ ਇਹ ਤੁਰਕੀ ਸੈਨਾ ਅੱਗੋ ਕਿਆ ਬਲ ਅਪਨਾ ਦੱਸੂ।
ਓੜਕ ਨੂੰ ਹੋਕਰ ਬੇਤਾਣਾਂ ਜਾਨ ਬਚਾ ਕੇ ਨੱਸੂ ॥
ਜੋ ਹਠ ਕਰਕੇ ਲੜੇ ਸੂਰਮੇਂ ਵਿੱਚ ਮਦਾਨ ਚੰਗੇਰੇ।
ਤਾਂ ਮੈਂ ਨਿਸਚੇ ਜਾਨਾ ਦਿਲ ਵਿੱਚ ਹੋਸਨ ਖੂਨ ਘਨੇਰੇ ॥ ੫੨ ॥
ਕਈ ਜੁਆਨ ਦੇਨਗੇ ਜਾਨਾਂ ਲੜਕੇ ਜੰਗ ਮਝਾਰੀ।
ਹੋਨ ਨਪੁੱਤੀ ਮਾਵਾਂ ਜਿਸਤੇ ਪਤੀ ਬਿਨਾਂ ਹੋ ਨਾਰੀ ॥
ਕਈ ਭਰਾਵਾਂ ਬਿਨ ਹੋ ਜਾਸਨ ਖਰੀ ਪਜਾਰੀ ਭੈਣਾਂ।
ਰੋਂਦੇ ਸੁਨ ਕਰ ਤਰਸ ਆਵਸੀ ਜਿਨ ਕੋ ਡੂੰਗੇ ਬੈਣਾਂ ॥ ੫੩ ॥

ਕਈ ਯਤੀਮ ਰੁਲਨਗੇ ਬੱਚੇ ਮਾਪਯਾਂ ਬਾਝ ਇਆਣੇ।
ਮਗਰੋਂ ਕੌਨ ਬਿਪਤ ਵਿੱਚ ਤਿਨ ਕੋ ਜਗ ਦੇ ਵਿੱਚ ਸਿਆਣੇ॥
ਓੜਕ ਨੂੰ ਫਿਰ ਤੁਰਕ ਪਕੜ ਕਰ ਲੁੱਟ ਨਗਰ ਸਭ ਲੇਸਨ।
ਕਿਤਨਯਾਂ ਤਾਈਂ ਮਾਰ ਮੁਕਾਵਨ ਕਿਤਨਯਾਂ ਕੈਦ ਕਰੇਸਨ॥ ੫੪॥
ਏਸ ਪਾਪ ਦਾ ਬਦਲਾ ਸਾਰਾ ਮੇਰੇ ਸਿਰ ਪਰ ਆਊ।
ਇਤਨਾ ਬੋਝ ਗੁਨਾਹਾਂ ਵਾਲਾ ਕਿਕਰ ਸੀਸ ਉਠਾਊ॥
ਜਾਂਤੇ ਇੱਕ ਦੇ ਬਦਲੇ ਮਰਨਾ ਨਾ ਬਹੁਤਿਆਂ ਦਾ ਚੰਗਾ।
ਤਾਂਤੇ ਚਾਹੀਏ ਰੋਕਨ ਅਬ ਹੀ ਕਰੇ ਨ ਕੋਈ ਦੰਗਾ॥ ੫੫॥
ਜਿਸ ਪਰ ਸੁਨਕੇ ਤਾਰੂ ਹਰਿ ਨੇ ਪਾਸ ਜੁਆਨ ਬੁਲਾਏ।
ਕਈ ਤਰ੍ਹਾਂ ਦੇ ਦੇ ਉਪਦੇਸ਼ਾਂ ਪ੍ਰੇਮ ਨਾਲ ਸਮਝਾਏ॥
ਕਹੀ ਲੜਨ ਨਹਿ ਚੰਗਾ ਭਾਈ ਬਿਨਾਂ ਵਿਚਾਰੇ ਨੀਤੀ।
ਜਦ ਨਾ ਅਸੀਂ ਦੇਖੀਏ ਕੋਈ ਕਰਦਾ ਤੁਰਕ ਅਨੀਤੀ॥ ੫੬॥
ਇਹ ਤਾਂ ਕੇਵਲ ਮੇਰੇ ਤਾਈਂ ਸੱਦਣਾ ਹੈ ਇੱਕ ਐਸਾ।
ਪ੍ਰਜਾ ਜਾਨ ਬੁਲਾਵੇ ਘਰ ਤੇ ਅਪਨਾ ਹਾਕਮ ਜੈਸਾ॥
ਜਿਸ ਪਰ ਸਾਨੂੰ ਖਬਰ ਨ ਕੋਈ ਕਯਾ ਕੁਛ ਸਾਥੋਂ ਪੁੱਛੇ।
ਸ਼ਾਇਦ ਬਾਤ ਹੋਇ ਕੁਛ ਭਾਰੀ ਯਾ ਹੋਵੇ ਗੀ ਤੁੱਛੇ॥ ੫੭॥
ਤਾਂਤੇ ਬਿਨਾਂ ਵਿਚਾਰੇ ਕਰਨਾ ਕੰਮ ਅਵੈੜਾ ਐਸਾ।
ਅਪਨੇ ਉੱਪਰ ਅਗਨ ਪਾਇਕੇ ਸੜ ਮਰਨਾ ਹੈ ਜੈਸਾ॥
ਖਿਮਾਂ ਜੇਡ ਕੋ ਬਾਤ ਨ ਭਾਰੀ ਕ੍ਰੋਧ ਸਮਾਨ ਨ ਵੈਰੀ।
ਸੀਲ ਸੰਤੋਖ ਕਰਨ ਤੇ ਪਯਾਰੇ ਹੋ ਜਾਂਦੀ ਹੈ ਖੈਰੀ॥ ੫੮॥
ਇਸ ਤੇ ਮੈਂ ਹੁਨ ਨਾਲ ਤੁਸਾਂਦੇ ਕਰਦਾ ਹਾਂ ਇਹ ਬਾਤਾਂ।
ਜਿਸ ਤੇ ਮਤ ਹੋ ਜਾਸਨ ਸਾਨੂੰ ਬਡੀਆਂ ਦਿਨ ਤੇ ਰਾਤਾਂ॥

ਥੋੜੇ ਜੇਹੇ ਕੰਮ ਵਿਗਾੜੇ ਬਹੁਤਾ ਵਧੇ ਬਖੇੜਾ।
ਨਾਹਕ ਮਰੇ ਪਿੱਛੇ ਸਾਰਾ ਪਕੜਿਆ ਜਾਵੇ ਖੇੜਾ॥ ੫੯ ॥
ਤਾਂਤੇ ਤੁਸੀਂ ਕਰੋ ਨਹਿ ਕੋਈ ਮਨ ਦੇ ਵਿੱਚ ਅੰਦੇਸ਼ਾ।
ਆਪੇ ਘੱਲ ਦਿਆਂ ਗਾ ਜਾਕੇ ਕੋਈ ਤੁਝੇ ਸੰਦੇਸ਼ਾ॥
ਇੱਕ ਮੇਰੇ ਹੀ ਪਿੱਛੇ ਕਰਨਾ ਬਹੁਤਿਆਂ ਦਾ ਨੁਕਸਾਨਾ।
ਨਹੀਂ ਅਕਲ ਦੀ ਬਾਤ ਪਜਾਰੇ ਸਮਝੋ ਕੰਮ ਨਿਦਾਨਾ॥ ੬੦ ॥
ਤਾਂਤੇ ਜਾਨ ਦੇਵੋ ਹੁਨ ਮੈਨੂੰ ਸਾਰੇ ਘਰ ਨੂੰ ਜਾਓ।
ਓੜਕ ਦੀ ਇਹ ਸਤਗੁਰ ਸਨਮੁਖ ਕਰ ਮੁਖ ਫਤੇ ਬੁਲਾਓ॥
ਸਾਡਾ ਸਭਨਾਂ ਦਾ ਭਾਈ ਓਹੋ ਮਾਲਕ ਸੱਚਾ।
ਜਿਸ ਦੇ ਸਿਰ ਪਰ ਹੈ ਹੱਥ ਉਸਦਾ ਕਜਾ ਕਰਸੈ ਕੋ ਕੱਚਾ॥ ੬੧ ॥
ਮੈਨੂੰ ਮਰਨੋਂ ਨਹਿੰ ਡਰ ਰਾਈ ਜਿਸਤੇ ਜਾਨ ਬਚਾਵਾਂ।
ਉਸ ਕਲਗੀਧਰ ਉੱਪਰ ਪਜਾਰੇ ਸੈ ਸੈ ਸੀਸ ਘੁਮਾਵਾਂ॥
ਜੀਵਨ ਮਰਨ ਇੱਕ ਸਮ ਮੈਨੂੰ ਹਰਖ ਸੋਗ ਨਹਿ ਕੋਈ।
ਕਹੋ ਸ਼ਹੀਦਾਂ ਤਾਈਂ ਕਦ ਹੈ ਜਾਨ ਪਜਾਰੀ ਹੋਈ॥ ੬੨ ॥
ਦੇਖੋ ਨੌਮੇਂ ਗੁਰ ਨੇ ਦਿੱਤਾ ਸੀਸ ਜਦੋਂ ਜਾ ਦਿੱਲੀ।
ਜਿਸਦੇ ਬਦਲੇ ਜੜੋਂ ਤੁਰਕ ਦੀ ਚਾਇ ਹਕੂਮਤ ਹਿੱਲੀ॥
ਅਰ ਜੋ ਦਸਮੇਂ ਗੁਰ ਦੇ ਚਾਰੋਂ ਪਜਾਰੇ ਸਾਹਿਬਜ਼ਾਦੇ।
ਦੇਂਦੇ ਸੀਸ ਨ ਡਰੇ ਰੰਚ ਭੀ ਗਏ ਸੁਰਗ ਅਹਿਲਾਦੇ॥ ੬੩ ॥
ਅਰ ਖੁਦ ਕਲਗੀਧਰ ਨੇ ਦਿੱਤੀ ਅਪਨੀ ਜਾਨ ਪਜਾਰੀ।
ਧਰਮ ਹੇਤ ਨਿਰਸੰਕ ਹੋਇਕੇ ਰੱਖੀ ਨਾਹਿ ਉਧਾਰੀ॥
ਫਿਰ ਮੈਂ ਕਜੋਂਕਰ ਮੁੜਾਂ ਪਛਾਂਹਾਂ ਤਿਨ ਕਾ ਸਿੱਖ ਕਹਾਕੇ।
ਸ਼ਰਮ ਆਂਵਦੀ ਡਰਦਿਆਂ ਮੈਨੂੰ ਤਾਰੂ ਸਿੰਘ ਸਦਾਕੇ॥ ੬੪ ॥

ਇਹ ਤਨ ਕਦੇ ਨਹੀਂ ਥਿਰ ਰਹਿਨਾ ਓੜਕ ਨੂੰ ਚਲ ਜਾਸੀ ।
ਪੀਰ ਪਕੰਬਰ ਕੋਇ ਔਲੀਆ ਰਹਨ ਨ ਏਥੇ ਪਾਸੀ ॥
ਸਭ ਦੇ ਸਿਰ ਪਰ ਬਜਦਾ ਹੈ ਜਦ ਦੇਖੋ ਕੂਚ ਨਗਾਰਾ ।
ਤਾ ਕਹੁ ਕੈ ਦਿਨ ਰਹਨਾ ਏਥੇ ਹੋਸੀ ਮੀਤ ਹਮਾਰਾ ॥ ੬੫ ॥
ਤਾਂਤੇ ਜਨਮ ਸਫਲ ਹੈ ਉਸ ਦਾ ਜੋ ਕੁਛ ਧਰਮ ਕੁਮਾਵੇ ।
ਵੱਡੇ ਭਾਗ ਹੁਨ ਉਸ ਸੂਰੇ ਦੇ ਸੀਸ ਭੇਟ ਕਰ ਆਵੇ ॥
ਸਿਰ ਦਿੱਤਜਾਂ ਜੇ ਧਰਮ ਰਹੇਗਾ ਤਾਂ ਸਸਤਾ ਹੈ ਭਾਈ ।
ਪਰਮ ਪਵਿੱਤ੍ਰ ਧਰਮ ਅਮੋਲਕ ਇਹ ਸਿਰ ਮਿੱਟੀ ਖਾਈ ॥ ੬੬ ॥
ਜਦ ਇਹ ਬਚਨ ਦਲੇਰੀ ਵਾਲੇ ਤਾਰੂ ਸਿੰਘ ਸੁਨਾਏ ।
ਤਦ ਹੀ ਸਿੰਘ ਨਗਰ ਦੇ ਸੁਨਕੇ ਮਨ ਅੰਦਰ ਹਰਖਾਏ ॥
ਲੱਗੇ ਕਹਨ ਧੰਨਜ ਹੈਂ ਪਜਾਰੇ ਤੂੰ ਗੁਰ ਜੀ ਦਾ ਪਜਾਰਾ ।
ਐਸੇ ਕਸ਼ਟ ਸਮਜ ਵਿੱਚ ਜਿਸ ਨੇ ਰੱਖਜਾ ਜੀਓ ਕਰਾਰਾ ॥ ੬੭ ॥
ਨਹੀਂ ਮੌਤ ਦੇ ਸਨਮੁਖ ਦੱਸੋ ਕੌਣ ਰਹੇ ਹਠ ਕਰਕੇ ।
ਜਿਸ ਨੂੰ ਸੁਨਦਿਆਂ ਸਾਰ ਸਭਨ ਦੇ ਰਿਦੇ ਅਚਾਨਕ ਧਰਕੇ ।
ਤੇਰਾ ਹੀ ਹੈ ਏਹੁ ਹੌਸਲਾ ਇਤਨੀ ਕਰੇਂ ਦਲੇਰੀ ।
ਜਾਨ ਲਿਆ ਹੈ ਜ਼ਿੰਦੇ ਜਿਸ ਨੇ ਇਹ ਤਨ ਮਿੱਟੀ ਢੇਰੀ ॥ ੬੮ ॥
ਇਤਨਾ ਕਹ ਕਰ ਸਿੰਘ ਨਗਰ ਨੂੰ ਗਏ ਅਨੰਦ ਮਨਾਕੇ ।
ਅਰ ਤਾਰੂ ਸਿੰਘ ਤੁਰ ਪਜਾ ਅੱਗੇ ਗੁਰ ਕੀ ਫਤੇ ਬੁਲਾਕੇ ॥
ਕੀਤਾ ਕੂਚ ਅਹਦੀਏ ਓਥੋਂ ਲੈਕੇ ਢੱਕ ਵਿਚਾਰੀ ।
ਵੇਖੋ ਜਾਇ ਸ਼ਹੀਦ ਪਕੜਿਆ ਜਾਨ ਧਰਮ ਪਰ ਵਾਰੀ ॥ ੬੯ ॥
ਰਸਤੇ ਵਿੱਚ ਨਗਰ ਜੋ ਆਵੇ ਦੇਖਨ ਲੋਗ ਹਜ਼ਾਰਾਂ ।
ਆਖਨ ਇਹ ਹੈ ਸਿੰਘ ਪਕੜਿਆ ਨੰਗੀ ਲੈ ਤਲਵਾਰਾਂ ॥

ਦੇਖੇ ਮਨ ਇਸ ਦੇ ਵਿੱਚ ਨਾਹੀਂ ਦਿਸਦਾ ਸ਼ੋਕ ਅਜੇਹਾ।
ਗੁਨਹਗਾਰ ਨੂੰ ਹੁੰਦਾ ਜਗ ਵਿੱਚ ਕਰਨੀ ਦਾ ਫਲ ਜੇਹਾ ॥ ੭੦॥
ਹੈ ਕੋਈ ਇਹ ਹਠੀਆ ਤਪੀਆ ਯਾ ਸੂਰਾ ਵਡ ਭਾਰੀ।
ਜਿਸਦੇ ਸਨਮੁਖ ਹੋਰ ਜਗਤ ਵਿੱਚ ਦਿੱਸਦਾ ਨਹੀਂ ਉਦਾਰੀ॥
ਲੈਕੇ ਅਹਦੀ ਚੱਲਣਾ ਉਸ ਨੂੰ ਵਿੱਚ ਲਹੌਰ ਨਿਕਾਰਾ।
ਦੇਖਣਾ ਜ਼ਾਮੀ ਸੂਬੇ ਹੱਥੋਂ ਕਜਾ ਦੁਖ ਲਹੇ ਵਿਚਾਰਾ॥ ੭੧॥
ਜਦ ਤਾਰੂ ਸਿੰਘ ਬਚਨ ਅਜੇਹੇ ਸਿੰਘਾਂ ਪਾਸ ਉਚਾਰੇ।
ਸੁਨਦੇ ਸਾਰ ਕਹਨ ਫਿਰ ਸਾਰੇ ਹਮ ਤੇਰੇ ਬਲਹਾਰੇ।
ਜਨਨੀ ਜਨੇ ਬਹਾਦਰ ਐਸਾ ਜੈਸਾ ਤੂੰ ਹੈ ਭਾਈ।
ਨਾਂਤਰ ਪੂਤ ਨਿਕਾਰਾ ਜਨਕੇ ਪਾਵੇ ਕਿਆ ਵਡਿਆਈ॥ ੭੨॥
ਜਨਨੀ ਜਨੇ ਸੰਤ ਯਾ ਸੂਰਾ ਕੈ ਧਰਮੀ ਵਡ ਮਾਨੀ।
ਧਰਮ ਧੁਜਾ ਕੇ ਹਠ ਤਪ ਧਾਰੀ ਕੈ ਹੋ ਅਧਕ ਗਿਆਨੀ॥
ਇਸ ਤੇ ਬਿਨਾਂ ਜਨੇ ਜੋ ਮੂਰਾ ਭਾਰ ਮਰੀ ਨੌ ਮਾਸਾ।
ਜਿਸ ਤੇ ਜਗਤ ਵਿਖੇ ਕਰਵਾਏਂ ਮਾਤ ਪਿਤਾ ਕੋ ਹਾਸਾ॥ ੭੩॥
ਹੋਨ ਦਲੇਰ ਆਪ ਸੇ ਜਗ ਮਹਿ ਧਰਮ ਕਹੋ ਕਿਤ ਜਾਵੇ।
ਗਿਆ ਹੋਇਆ ਜੋ ਸਭ ਸੁਖ ਸੰਪਤ ਸੋ ਮੁੜਕੇ ਘਰ ਆਵੇ॥
ਦੋ ਦਿਨ ਹੋਰ ਜਿਊ ਕੇ ਕਰਨਾ ਗੰਦਾ ਨਾਜ ਨਕਾਰੇ।
ਐਸੇ ਪਾਂਮਰ ਜਨਨੇ ਕੋਲੋਂ ਬਾਂਝ ਭਲੀ ਹੈ ਪਿਆਰੇ॥ ੭੪॥
ਇਤਨਾ ਕਹਕੇ ਦੇਨ ਅਸੀਸਾਂ ਸਦਾ ਰਹੋ ਜਗ ਮਾਹੀਂ।
ਪਰਮੇਸ਼ੂਰ ਦੇ ਵੱਲੋਂ ਤੁਮਰਾ ਰਿਦਾ ਫਿਰੇ ਮੁੜ ਨਾਹੀਂ॥
ਨਾਲ ਗੁਰੂ ਦੇ ਸਿਦਕ ਰਹੇ ਅਰ ਧਰਮ ਸਹਾਈ ਤੇਰਾ।
ਮੁੜਕੇ ਦਰਸ਼ਨ ਕਰੀਏ ਸਿੰਘਾਂ ਝਬਦੇ ਪਾਵੀਂ ਫੇਰਾ॥ ੭੫॥

ਇਤਨਾ ਕਹ ਸਭ ਘਰ ਨੂੰ ਜਾਂਦੇ ਅਰ ਅਹਦੀ ਲੈ ਸੰਗੇ।
ਤੁਰਿਆ ਸ਼ਹਰ ਲਾਹੌਰ ਓਸ ਨੂੰ ਤਨ ਪੈਰਾਂ ਥੋਂ ਨੰਗੇ॥
ਆਇ ਨਵਾਬ ਪਾਸ ਤਦ ਦਿੱਤੀ ਖਬਰ ਸਪਾਹੀ ਐਸੀ।
ਕੈਦੀ ਫੱਕ ਜਾਨ ਕਰ ਹੁੰਦੀ ਹਾਕਮ ਅੱਗੇ ਜੈਸੀ॥ ੭੬॥
ਤਾਰੂ ਸਿੰਘ ਫੱਕ ਹੈ ਲਿਆਂਦੀ ਹੁਕਮ ਹਜ਼ੂਰੀ ਪਾਕੇ।
ਜੋ ਕੁਛ ਆਗਿਆ ਹੋਇ ਆਪ ਦੀ ਸੋਈ ਕਰੀਏ ਜਾਕੇ॥
ਸੁਨਕੇ ਤਦੋਂ ਨਵਾਬ ਚਾਹਿਆ ਦੇਖਾਂ ਹੈ ਉਹ ਕਿਹੜਾ।
ਸਭ ਸਿੰਘਾਂ ਨੂੰ ਦਏ ਬਸੇਰਾ ਅਪਨੇ ਘਰ ਵਿੱਚ ਜਿਹੜਾ॥ ੭੭॥
ਦਿੱਤਾ ਹੁਕਮ ਲਿਆਵੋ ਸਨਮੁਖ ਦਰਸ਼ਨ ਓਸ ਕਰਾਓ।
ਜਿਸ ਹਾਲਤ ਵਿੱਚ ਹੈ ਉਹ ਕਾਫਰ ਮੈਨੂੰ ਚਾਇ ਦਖਾਓ॥
ਇਤਨਾ ਹੁਕਮ ਸੁਨਦਿਆਂ ਅਹਦੀ ਲਿਆਯਾ ਪਾਸ ਨਵਾਬੇ।
ਦੇਖੋ ਸੁਨਕੇ ਬਾਤ ਓਸ ਦੀ ਲੱਗਾ ਦੇਵਨ ਦਾਬੇ॥ ੭੮॥
ਹੱਥਾਂ ਦੇ ਵਿੱਚ ਸੰਗਲ ਪਾਏ ਖੜਾ ਅਗੇਰੇ ਕੀਤਾ।
ਕਹੀ ਸਲਾਮ ਕਰੋ ਸਿਰ ਝੁਕ ਕੇ ਜੇ ਜਾਣਾ ਹੈ ਜੀਤਾ।
ਨਾਲ ਅਦਬ ਦੇ ਅਰਜ਼ ਕਰੀ ਜੋ ਬਚਨੇ ਦੀ ਹੈ ਆਸਾ।
ਨਹੀਂ ਜ਼ਿੰਦਗੀ ਤੇਰੀ ਸਿੰਘਾ ਪਾਨੀ ਵਿੱਚ ਪਤਾਸਾ॥ ੭੯॥
ਤਾਰੂ ਸਿੰਘ ਸੁਨਿਦਜਾਂ ਬੋਲਾ ਮੈਂ ਕਿਸ ਸੀਸ ਨਵਾਵਾਂ।
ਅਪਨੇ ਗੁਰ ਤੇ ਬਿਨਾਂ ਹੋਰ ਨਾ ਦ੍ਰਿਸ਼ਟੀ ਅੰਦਰ ਲਿਆਵਾਂ।
ਏਹ ਸਿਰ ਮੇਰਾ ਨਾਹੀਂ ਭਾਈ ਹੈ ਗੁਰ ਜੀ ਦੀਭੇਟਾ।
ਏਹ ਇਮਾਨਤ ਹੈ ਗੁਰ ਕੇਰੀ ਮੈਂ ਨ ਕਰਾਂ ਅਲਸੇਟਾ॥ ੮੦॥
ਵਾਹਿਗੁਰੂ ਦੀ ਫਤੇ ਅਸਾਡੇ ਪਾਸੋਂ ਸੁਣੋ ਪਜਾਰੇ।
ਬੰਦੇ ਅੱਗੇ ਸੀਸ ਝੁਕਾਵਨ ਹੈ ਏਹ ਕੰਮ ਨਕਾਰੇ॥

ਜੀਵਨ ਮਰਨ ਅਸਾਡਾ ਨਾਹੀਂ ਹੈ ਸਭ ਦਾਤ ਅਲਾਹੀ।
ਸੱਗੋਂ ਇਸ ਤਨ ਦੀ ਭੀ ਮੈਥੋਂ ਕੱਟੀ ਜਾਸੀ ਫਾਹੀ ॥ ੯੧ ॥
ਸਨਮੁਖ ਆਇ ਖੜਾ ਵਡ ਸੂਰਾ ਰੰਚਕ ਡਰਿਆ ਨਾਹੀਂ।
ਦੇਖ ਨਵਾਬ ਹਰਾਨ ਗਿਆ ਹੋ ਸੋਚੇ ਮਨ ਦੇ ਮਾਹੀਂ ॥
ਹੈ ਇਹ ਕੌਨ ਬਲਾਇ ਅਜੇਹੀ ਜਿਸ ਨੂੰ ਡਰ ਨਹਿ ਰਾਈ।
ਰੰਚਕ ਸੋਚ ਨ ਇਸ ਨੂੰ ਆਵੇ ਅਪਨੀ ਜਾਨ ਗੁਵਾਈ ॥ ੯੨ ॥
ਦੇਖ ਦੇਖ ਕਰ ਕਹੀ ਸੁਨੋ ਹੇ ਸਿੰਘ ਸਾਚ ਬਤਲਾਓ।
ਕਿਉਂ ਕਰ ਅਪਨੇ ਘਰ ਦੇ ਅੰਦਰ ਧਾੜਵੀਆਂ ਅਟਕਾਓ ॥
ਤੁਮਰੇ ਮਨ ਮਹਿ ਖੌਫ ਨ ਹਮਰਾ ਬਾਦਸ਼ਾਹ ਨਹੀਂ ਜਾਤਾ।
ਕਿਆ ਅੰਧੇਰ ਰਾਜ ਵਿੱਚ ਤੁਮ ਨੇ ਹੈ ਮਨ ਮਾਂਹਿ ਪਛਾਤਾ ॥ ੯੩ ॥
ਬਾਦਸ਼ਾਹ ਦੇ ਦੁਸ਼ਮਨ ਜੇਹੜੇ ਅਰ ਪਰਜਾ ਦੇ ਵੈਰੀ ॥
ਸੋ ਘਰ ਵਿੱਚ ਉਤਾਰੇਂ ਨਿਸ ਦਿਨ ਹੈ ਨਾਹੀ ਮਨ ਖੈਰੀ ॥
ਕਿਹੜੀ ਬਾਤੋਂ ਦੱਸ ਅਜੇਹਾ ਕੰਮ ਕਰੇਂ ਤੂੰ ਭੈੜਾ।
ਜਿਸ ਨੂੰ ਦੇਖ ਹਸੇ ਸਭ ਕੋਈ ਅਰ ਮੁਖ ਕਹੇ ਅਵੈੜਾ ॥ ੯੪ ॥
ਜਦ ਨਵਾਬ ਨੇ ਅਪਨੇ ਸਨਮੁਖ ਇਹ ਸੀ ਬਚਨ ਸੁਨਾਇਆ।
ਤਦ ਤਾਰੂ ਸਿੰਘ ਸਿੰਘ ਹਠੀਲੇ ਏਹ ਮੁਖੋਂ ਫਰਮਾਇਆ ॥
ਮੈਂ ਤਾਂ ਨਹੀਂ ਧਾੜਵੀ ਕੋਈ ਅਪਨੇ ਘਰ ਅਟਕਾਵਾਂ।
ਪਰ ਗੁਰ ਜੀ ਦੇ ਸਿੰਘਾਂ ਤਾਈਂ ਕਿਤ ਮੁਖ ਪਰੇ ਹਟਾਵਾਂ ॥ ੯੫ ॥
ਸੋ ਤਾਂ ਨਹੀਂ ਧਾੜਵੀ ਖਾਨਾ ਹਨ ਉਹ ਸੱਚੇ ਸੂਰੇ।
ਛਪਕੇ ਕਰਨ ਗੁਜ਼ਾਰਾ ਅਪਨਾ ਨਗਰੋਂ ਰਹਿ ਕਰ ਦੂਰੇ।
ਸ਼ਾਹੀ ਜ਼ੁਲਮ ਉਨ੍ਹਾਂ ਪਰ ਨਾਜ਼ੁਲ ਹੋਇਆ ਹੈ ਵਡ ਆਕੇ।
ਜਿਸਤੇ ਕਦੇ ਕਦੇ ਉਹ ਲੈਂਦੇ ਸੁਖ ਮੇਰੇ ਘਰ ਜਾਕੇ ॥ ੯੬ ॥

ਧਰਮ ਹੇਤ ਹਨ ਓਹ ਸਤਾਏ ਜਾਂਦੇ ਭੁਮ ਤੇ ਖਾਨਾ।
ਜਿਸ ਤੇ ਵਿੱਚ ਪੰਜਾਬ ਦੇਸ ਦੇ ਨਾਹੀਂ ਮਿਲੇ ਟਕਾਨਾ।
ਤਦ ਉਹ ਭੁੱਖੇ ਅਤੇ ਪਯਾਸੇ ਘਰ ਮੇਰੇ ਵਿੱਚ ਆਉਨ।
ਰੁੱਖਾ ਸੁੱਖਾ ਬੇਹਾ ਤਾਜ਼ਾ ਲੈਕੇ ਭੋਜਨ ਖਾਉਨ॥ ੮੭॥
ਨਹੀਂ ਬਗਾੜ ਕਿਸੇ ਦਾ ਕਰਦੇ ਅਰ ਨਾ ਕਿਸੇ ਦੁਖਾਂਦੇ।
ਸਗੋਂ ਵਾਂਗ ਹਰਨਦੇ ਉਹ ਤਾਂ ਅਪਨੀ ਜਾਨ ਬਚਾਂਦੇ॥
ਫਿਰ ਮੈਂ ਕਿਆ ਅੰਧੇਰ ਕਰਿਆ ਹੈ ਇਸ ਵਿੱਚ ਦੱਸੀਂ ਭਾਈ।
ਜੇ ਇੱਕ ਅੱਧੀ ਰੋਟੀ ਲੈਕੇ ਘਰ ਆਏ ਨੂੰ ਪਾਈ॥ ੮੮॥
ਉਹ ਸਰਕਾਰੀ ਦੁਸ਼ਮਨ ਨਾਹੀਂ ਹੈਨ ਅਮਨ ਦੇ ਪਯਾਰੇ।
ਨਾਲ ਨਿਆਇ ਕਹੋ ਕਦ ਰੱਖਦੇ ਇਤਨਾ ਵੈਰ ਵਿਚਾਰੇ।
ਅਰ ਪਰਜਾ ਦਾ ਭਲਾ ਹਮੇਸ਼ਾਂ ਚਾਹੁਨ ਮਨ ਦੇ ਮਾਹੀਂ।
ਕਿਸੀ ਤਰ੍ਹਾਂ ਦਾ ਨਾਲ ਕਿਸੀ ਦੇ ਵੈਰ ਉਨ੍ਹਾਂ ਦਾ ਨਾਹੀਂ॥ ੮੯॥
ਕਹੋ ਏਸ ਦੇ ਅੰਦਰ ਮੇਰੀ ਕਿਆ ਡਿੱਠੀ ਬੁਰਿਆਈ।
ਜੇ ਘਰ ਆਇਆਂ ਆਦਰ ਦੇਵਾਂ ਅਪਨੇ ਸਾਜਨ ਭਾਈ॥
ਧਰਮ ਭਰਾਉ ਅਸਾਡੇ ਜੋਈ ਸੋਈ ਆਉਨ ਪਯਾਰੇ।
ਪਰ ਉਹ ਨਾਂਹਿ ਕਿਸੀ ਦੇ ਦੁਸ਼ਮਨ ਅਰ ਨਾ ਹਨ ਦੁਖਿਆਰੇ॥ ੯੦॥
ਜਿਸ ਤੇ ਨਾਲ ਭਰਾਵਾਂ ਮਿਲਨਾ ਨਹੀਂ ਕਹੀ ਬੁਰਆਈ।
ਜਿਸ ਪਰ ਮੇਰੇ ਉੱਪਰ ਲੋਗਾਂ ਆਕੇ ਤੁਹਮਤ ਲਾਈ॥
ਆਪ ਨਵਾਬ ਵਕਤ ਦੇ ਹਾਕਮ ਜੋ ਚਾਹੋ ਸੋ ਕਰੀਏ।
ਪਰ ਨਾ ਜੁਦਾ ਪਯਾਰਿਆਂ ਕੋਲੋਂ ਮੈਨੂੰ ਕਿਤ ਵਲ ਧਰੀਏ॥ ੯੧॥
ਸੁਨਦੇ ਸਾਰ ਨਵਾਬ ਕੋਪ ਕਰ ਬੋਲਿਆ ਵਡ ਹੰਕਾਰੀ।
ਅਜੇ ਤੀਕ ਨਾ ਦੂਰ ਭਈ ਹੈ ਆਕੜ ਸੁਨੋ ਤੁਮਾਰੀ॥

ਸ਼ਾਹੀ ਹੁਕਮੋਂ ਵਡੇ ਸਮਝਦਾ ਜੋ ਹਨ ਜੰਗਲ ਵਾਸੀ।
ਜਿਸਤੇ ਹਮਰੇ ਕਹਨੇ ਤਾਈਂ ਬੋਲਤ ਜਾਨਤ ਹਾਸੀ ॥ ੯੨ ॥
ਕੌਨ ਕੰਗਾਲ ਹੋਨ ਉਹ ਸੂਰੇ ਜੋ ਤੇਰੇ ਹਨ ਭਾਈ।
ਰਾਇ ਅਚਾਨਕ ਦੇਸ਼ ਵਿਖੇ ਜਿਨ ਆਫਤ ਇਤਨੀ ਪਾਈ॥
ਹਿੰਦੂ ਮੁਸਲਮਾਨਾਂ ਨਾਲੋਂ ਬਣੇ ਨਿਆਰੇ ਸਾਰੇ।
ਆਖਨ ਦੋਨੋਂ ਦੀਨ ਨਾ ਚੰਗੇ ਹਨ ਗੁਰ ਵਡੇ ਹਮਾਰੇ ॥੯੩॥
ਜਿਸ ਪਰ ਨਿਤ ਸ਼ਕਾਇਤ ਆਵੇ ਪਾਸ ਅਸਾਡੇ ਭਾਰੀ।
ਆਖਨ ਲੋਗ ਇਨ੍ਹਾਂ ਹੈ ਕੀਤੀ ਵਿੱਚ ਜਹਾਨ ਖੁਆਰੀ ॥
ਹੁਕਮ ਸ਼ਾਹ ਦਾ ਜਗ੍ਹਾ ਜਗ੍ਹਾ ਪਰ ਹੋਇਆ ਇਨਕੇ ਤਾਈਂ।
ਪਕੜ ਮੁਕਾਵੇ ਮਿਲੇ ਜਹਾਂ ਕੋ ਜਾਣ ਨ ਦੇਹੁ ਅਜਾਈਂ ॥ ੯੪ ॥
ਕਈ ਹਜ਼ਾਰ ਸਪਾਹ ਜੰਗਲਾਂ ਵਿੱਚ ਫਿਰੇ ਕੁਰਲਾਂਦੀ।
ਇਨ੍ਹਾਂ ਕਾਫਰਾਂ ਦੀ ਜੜ੍ਹ ਪੁੱਟਨ ਕਾਰਨ ਹੈ ਦੁਖ ਪਾਂਦੀ ॥
ਫਿਰ ਜਦ ਉਹ ਹਨ ਸ਼ਾਹੀ ਦੁਸ਼ਮਨ ਤੈਂ ਕਜੇਂ ਯਾਰ ਬਨਾਏਂ।
ਦੇਕਰ ਖਾਣਾ ਦਾਣਾ ਉਨਕੋ ਅਪਨੇ ਧਾਮ ਬਠਾਏਂ ॥ ੯੫॥
ਈਸੇ ਕਾਰਨ ਤੈਨੂੰ ਦਿੱਤੀ ਹੈ ਚੌਧਰ ਸਰਕਾਰੋਂ।
ਏਹੁ ਜ਼ਮੀਨ ਹਵਾਲੇ ਕੀਤੀ ਲੈਕੇ ਨੰਬਰਦਾਰੋਂ ॥
ਕਰੋਂ ਗੁਜ਼ਾਰਾ ਅਪਨਾ ਬਹਿਕੇ ਮੂਲ ਫਤੂਰ ਨ ਕਰਨਾ।
ਅਪਨੇ ਹਾਕਮ ਕੋਲੋਂ ਚਹੀਏ ਤੁਮਕੋ ਨਿਸ ਦਿਨ ਡਰਨਾ ॥ ੯੬ ॥
ਸੋ ਤੈਂ ਚੰਗਾ ਹੁਕਮ ਮੰਨਿਆ ਕੀਤਾ ਚੌੜ ਅਜੇਹਾ।
ਸੱਪਾਂ ਨੂੰ ਚਾ ਦੁੱਧ ਪਲਾਵੇਂ ਸ਼ੇਰ ਪਾਲਦਾ ਰੇਹਾ ॥
ਜਿਸ ਤੇ ਮੈਂ ਹਾਂ ਬਹੁਤ ਦੁਖਾਰਾ ਤੇਰੀ ਹਰਕਤ ਕੋਲੋਂ।
ਵਾਕਫ ਹੋਇ ਗਿਆ ਮੈਂ ਚੰਗਾ ਏਸ ਤੁਹਾਡੇ ਪੋਲੋਂ ॥ ੯੭ ॥

ਤਾਂ ਤੇ ਹੁਣ ਮੈਂ ਵਿੱਚ ਕੈਦ ਦੇ ਚਾਇ ਤੁਸਾਨੂੰ ਪਾਊਂ ।
ਏਸੇ ਤਰ੍ਹਾਂ ਖੁਆਰੀ ਕਰਕੇ ਵਿੱਚੇ ਚਾਇ ਮੁਕਾਊਂ ॥
ਨਹੀਂ ਜੀਵੰਦਾ ਬਾਹਰ ਜਾਵੇਂ ਮੇਰੀ ਬੰਦੋਂ ਭਾਈ ।
ਏਸ ਕਰਮ ਦਾ ਤੈਨੂੰ ਹੱਛਾ ਦੇਸਾਂ ਮਜ਼ਾ ਚਖਾਈ ॥ ੯੮ ॥
ਏਹੋ ਜੇਹੇ ਹੱਥ ਦਖਾਊਂ ਯਾਦ ਕਰੇਂ ਪਛਤਾਵੇਂ ।
ਅੱਗੇ ਨੂੰ ਨਾ ਮੁੜਕਰ ਐਸਾ ਕੋਈ ਕਰਮ ਕੁਮਾਵੇਂ ॥
ਤੈਨੂੰ ਦੇਨ ਸਜ਼ਾ ਹੈ ਐਸੀ ਜੈਸੀ ਭਿਸ਼ਤ ਨਸ਼ਾਨੀ ।
ਕਾਫਰ ਮਾਰਨ ਤੇ ਹੈ ਮਿਲਦੀ ਅਜ਼ਮਤ ਪਾਕ ਲਿਸਾਨੀ ॥ ੯੯ ॥
ਪਰ ਮੈਂ ਤਰਸ ਕਰਾਂ ਮਨ ਅੰਦਰ ਖੌਫ ਖੁਦਾਈ ਕਰਕੇ ।
ਅਰ ਤੈਂ ਭੀ ਕਿਆ ਲੈਣਾ ਭਾਈ ਮੌਤ ਅਵੇਹੀ ਮਰਕੇ ॥
ਦੀਨ ਕਬੂਲ ਸ਼ਤਾਬੀ ਨਾਲੇ ਪੜ੍ਹ ਕਲਮਾਂ ਬਿਨ ਦੇਰੀ ।
ਮੇਰੇ ਹੱਥੋਂ ਝਬਦੇ ਹੋਸੀ ਹੁਣੇ ਖਲਾਸੀ ਤੇਰੀ ॥ ੧੦੦ ॥
ਜੋ ਕੁਛ ਚਾਹੇਂ ਸੋ ਇਸ ਵੇਲੇ ਲੇਵੀਂ ਤੂੰ ਮਨ ਭਾਇਆ ।
ਅੱਜ ਪਾਤਸ਼ਾਹ ਦੇ ਦਰਵਾਜ਼ੇ ਕਿਨ ਨਹਿ ਰੁਤਬਾ ਪਾਇਆ ॥
ਏਹੋ ਹੈਗਾ ਰਸਤਾ ਤੇਰੇ ਬਚਨੇ ਦਾ ਇਸ ਵੇਲੇ ।
ਜਿਸ ਪਰ ਤੇਰੇ ਲੱਗਨ ਨਾਂਹੀਂ ਘਰ ਥੋਂ ਪੈਸੇ ਧੇਲੇ ॥ ੧੦੧ ॥
ਜਦ ਨਵਾਬ ਨੇ ਨਾਲ ਦਿਲਾਸੇ ਕਹੀ ਬਾਤ ਇਹ ਚੰਗੀ ।
ਅਪਨੇ ਨਾਲ ਮਿਲਾਵਨ ਵਾਲੀ ਸੀ ਦਰਖਾਸਤ ਮੰਗੀ ॥
ਡਰ ਅਰ ਲੋਭ ਦਖਾਇ ਸਿੰਘ ਨੂੰ ਕੰਮ ਨਿਕਾਲਨ ਚਾਹੇ ।
ਪਰ ਸਿੰਘਾਂ ਦੀ ਖਬਰ ਨ ਉਸਨੂੰ ਜੋ ਹਨ ਬੇਪਰਵਾਹੇ ॥ ੧੦੨ ॥
ਜਿਸਦਾ ਭਾਰੂ ਸਿੰਘ ਹਠੀਲੇ ਇਹ ਉਤ੍ਰ ਸੀ ਦਿੱਤਾ ।
ਜਿਸਦੇ ਨਾਲ ਨਵਾਬ ਆਪਨਾ ਵੈਰੀ ਸੀ ਕਰ ਲਿੱਤਾ ॥

ਅਹੋ ਨਵਾਬ ਕਹੋਂ ਕਿਆ ਮੈਨੂੰ ਧਰਮ ਤਿਆਗਨ ਕਾਰਨ।
ਗੁਰ ਦੇ ਚਰਨਾਂ ਥੋਂ ਕਰ ਬੇਮੁਖ ਲੱਗੇ ਹੋ ਹੁਨ ਮਾਰਨ ॥ ੧੦੩ ॥
ਮੈਂ ਤਾਂ ਜਾਨ ਆਪਨੀ ਖਾਨਾਂ ਗੁਰ ਤਾਈਂ ਹੈ ਦਿੱਤੀ।
ਸੱਚੀ ਜੀਵਨ ਵਾਲੀ ਸ਼ਕਤੀ ਮੁਕਤੀ ਹੈ ਜਗ ਲਿੱਤੀ ॥
ਧਰਮੋਂ ਹੋਇ ਅਧਰਮ ਭਲਾ ਮੈਂ ਕਜਾ ਲੈਣਾ ਹੈ ਜੀਕੇ।
ਇਸ ਨਾਲੋਂ ਤਾਂ ਮਰਨਾ ਚੰਗਾ ਜ਼ਹਰ ਪਿਆਲਾ ਪੀਕੇ ॥ ੧੦੪ ॥
ਦੀਨ ਗੁਵਾਇ ਦੁਨੀ ਭੀ ਖੋਵਾਂ ਆਖੇ ਲੱਗ ਤੁਮਾਰੇ।
ਅਕਾਲ ਪੁਰਖ ਅਰ ਗੁਰ ਦੇ ਸਨਮੁਖ ਹੋਵਨਗੇ ਮੁਖ ਕਾਰੇ॥
ਕਿਹੜੇ ਜੀਵਨ ਦੇ ਮੈਂ ਬਦਲੇ ਏਹੁ ਅਨਰਥ ਕਮਾਵਾਂ।
ਓੜਕ ਹੋਇ ਨਿਕਾਰਾ ਜਗ ਤੇ ਖਾਲੀ ਹੱਥੀਂ ਜਾਵਾਂ ॥੧੦੫॥
ਕਰਸਾਂ ਮੈਂ ਮਨਜ਼ੂਰ ਬਾਤ ਸਭ ਜੋ ਤੈਂ ਹੈ ਫੁਰਮਾਈ।
ਜੇਕਰ ਮੈਨੂੰ ਮੌਤੋਂ ਲੇਵੇਂ ਕਲਮੇਂ ਨਾਲ ਛੁਡਾਈ ॥
ਜੇ ਓੜਕ ਨੂੰ ਹੈ ਮਰ ਜਾਣਾ ਸਭ ਕੁਛ ਤਜਕੇ ਪਿਆਰੇ।
ਫਿਰ ਕਿਉਂ ਲਜਾ ਕਲੰਕ ਸੀਸ ਪਰ ਆਖੇ ਲੱਗ ਤੁਮਾਰੇ ॥ ੧੦੬ ॥
ਬੋਲ ਤੋਲ ਜਿਸ ਦਾ ਹੈ ਪੂਰਾ ਸੋਈ ਸੱਚਾ ਧਰਮੀ।
ਜਿਸ ਦੇ ਬਚਨ ਨਹੀਂ ਸੱਤ ਜਗ ਮਹਿ ਸੋ ਭਾਰਾ ਦੁਰ ਕਰਮੀ॥
ਬੋਲ ਰਹੇ ਤਾਂ ਸਭ ਕੁਛ ਰਹਿੰਦਾ ਮਰਦ ਬਹਾਦ੍ਰ ਕੇਰਾ।
ਸਿਰ ਤੇ ਪਰੇ ਜਿਨ੍ਹਾਂ ਨੇ ਕੀਤਾ ਜੀਵੰਦੜੇ ਹੀ ਡੇਰਾ ॥ ੧੦੭ ॥
ਤਾਂਤੇ ਮੈਨੂੰ ਆਖਨ ਤੇਰਾ ਨਾ ਮਨਜ਼ੂਰ ਪਜਾਰੇ।
ਚਾਹੇ ਮਾਰ ਚੜ੍ਹਾਕੇ ਸੂਲੀ ਯਾ ਫੜ ਖੱਲ ਉਤਾਰੇ ॥
ਇਸ ਕੂੜੇ ਤਨ ਕਾਰਨ ਅਪਨਾ ਸਿਦਕ ਨ ਹਾਰਾ ਭਾਈ।
ਅਪਨਾ ਆਪ ਪਾਪ ਵਿੱਚ ਪਾਵਾਂ ਆਖਨ ਲੋਗ ਸੁਦਾਈ ॥ ੧੦੯ ॥

ਗੁਰੂ ਅਸਾਡੇ ਗਏ ਜਗਤ ਤੇ ਜਸ ਦਾ ਟਿੱਕਾ ਲੈਕੇ।
ਜ਼ਾਲਮ ਤਾਈਂ ਦੀਨ ਦੁਨੀ ਵਿੱਚ ਕਾਲਖ ਚਿਹਰੇ ਦੇਕੇ ॥
ਫਿਰ ਫਰਜ਼ੰਦ ਜਿਨ੍ਹਾਂ ਦੇ ਹੱਸਕੇ ਗਏ ਧਰਮ ਲੈ ਸਾਥੀ।
ਦੇਖ ਉਨ੍ਹਾਂ ਗੁਰਦੁਆਰਿਆਂ ਪਰ ਹੁਣ ਝੂਲ ਰਹੇ ਹਨ ਹਾਥੀ॥੧੦੯॥
ਅਰ ਬੇਸਿਦਕੇ ਬੇਈਮਾਨਾਂ ਨਾਮ ਨ ਲੈਂਦਾ ਕੋਈ।
ਲੋਕ ਪਰਲੋਕ ਜਿਨ੍ਹਾਂ ਦੇ ਤਾਈਂ ਮਿਲਦੀ ਨਾਹੀਂ ਢੋਈ॥
ਓੜਕ ਨੂੰ ਨਰਕਾਂ ਦੇ ਅੰਦਰ ਪੈਂਦੇ ਓਹ ਨਿਕਾਰੇ।
ਦੋ ਦਿਨ ਜੀਵਨ ਕਾਰਨ ਜਿਨ ਨੇ ਅਪਨੇ ਧਰਮ ਵਿਸਾਰੇ॥੧੧੦॥
ਤਾਂਤੇ ਰੱਖ ਯਕੀਨ ਰਿਦੇ ਵਿੱਚ ਮੈਂ ਨਾ ਧਰਮ ਤਜਾਵਾਂ।
ਦੁਨੀਆਂ ਦੇ ਲਾਲਚ ਦੇ ਬਦਲੇ ਕੁੰਭੀ ਨਰਕੇ ਜਾਵਾਂ॥
ਜਾਨ ਮਾਲ ਅਰ ਸਭ ਕੁਛ ਮੇਰਾ ਹੈ ਇੱਕ ਸਾਬਤ ਰਹਨਾ।
ਜਿਸ ਤੇ ਡਰਕੇ ਨਾਲ ਧਮਕੀਆਂ ਸੁਣਾ ਨ ਤੇਰਾ ਕਹਨਾ॥੧੧੧॥
ਸੁਨਦੇ ਸਾਰ ਨਵਾਬ ਰੁਹੇਲਾ ਤੁਰਤ ਕੋਪ ਵਿੱਚ ਆਇਆ।
ਆਖੇ ਤੈਂ ਹੁਣ ਤਾਈਂ ਮੇਰਾ ਜ਼ੋਰ ਨਹੀਂ ਅਜ਼ਮਾਇਆ॥
ਡਿੱਠੇ ਹੱਥ ਜਦੋਂ ਤੈਂ ਕਰੜੇ ਆਪੇ ਨਰਮੀ ਕਰਸੈਂ।
ਨਹੀਂ ਤੜਫ ਕਰ ਮਛਲੀ ਵਾਂਗਰ ਦੇਖਦਿਆਂ ਹੀ ਮਰਸੈਂ॥੧੧੨॥
ਸ਼ਰਾ ਅਸਾਡੀ ਦਾ ਜੋ ਧਰਨਾ ਦੱਸੇਂ ਪਾਪ ਘਨੇਰਾ।
ਆਖੇਂ ਅਪਨੇ ਗੁਰ ਦੀ ਸਿੱਖੀ ਰਸਤਾ ਮੁਕਤੀ ਕੇਰਾ॥
ਦੇਖ ਭਲਾ ਹੁਣ ਕੇਹੀ ਮੁਕਤੀ ਦੇਸਾਂ ਤੈਨੂੰ ਚੰਗੀ।
ਯਾਦ ਆਵਸੀ ਧਰਮ ਤਦੋਂ ਹੀ ਮਿਲੂ ਮੌਤ ਬਿਨ ਮੰਗੀ॥੧੧੩॥
ਸਾਡਾ ਦੀਨ ਨ ਸੁਰਗ ਦੇਵੰਦਾ ਅਰ ਨਾ ਧਰਮੀ ਯਾਰੋ।
ਇਸ ਦਾ ਧਰਮ ਬਹਿਸ਼ਤ ਪੁਚਾਊ ਏਹੁ ਨਿਆਉਂ ਵਿਚਾਰੋ॥

ਅੱਲਾ ਦਾ ਜੋ ਹੁਕਮ ਠੀਕ ਹੈ ਦੱਸਿਆ ਕਾਫ਼ਰ ਤਾਈਂ ।
ਉਸ ਦੇ ਬਾਝੋਂ ਦੀਨ ਭੁਲਾ ਕਦ ਧਰਮਨ ਏਹ ਅਜ਼ਾਈਂ ॥ ੧੧੪ ॥
ਅੱਛਾ ਦਿਆਂ ਤਿਲਕ ਮੈਂ ਤੈਨੂੰ ਕੇਸਰ ਦਾ ਹੁਨ ਪਿਆਰੇ ।
ਨਾਲ ਤੇਰਾ ਦੇ ਸਿਰ ਥੋਂ ਵਗਸੀ ਲੋਹੂ ਦੇ ਪਾਨਾਰੇ ॥
ਯਾਦ ਆਵਸੀ ਤਦ ਹੀ ਤੈਨੂੰ ਸਿੱਖੀ ਦਾ ਫਲ ਭਾਈ।
ਨਾਲ ਚਾਬਕਾਂ ਦੇਸਾਂ ਤੇਰੀ ਜਦ ਮੈਂ ਖੱਲ ਉਡਾਈ ॥ ੧੧੫ ॥
ਸੁਣ ਖਾਂ ਕਾਫਰ ਸਿੱਖਾ ਤੈਂ ਜੋ ਨਾਲ ਦਲੇਰੀ ਗਾਇਆ ।
ਦੀਨਦਾਰ ਅਰ ਕਾਫਰ ਦਾ ਹੈ ਮਰਨਾ ਇੱਕ ਬਤਾਇਆ ॥
ਸੋ ਤੂੰ ਦੇਖ ਵਿਚਾਰ ਮਨੇ ਮਹਿ ਹੈ ਇਹ ਕਦ ਬਣ ਆਵੇ ।
ਕਾਫਰ ਦਾ ਮਰਨਾ ਇਸ ਜਗ ਤੇ ਮੋਮਨ ਸਮ ਬਨ ਜਾਵੇ ॥੧੧੬॥
ਦੇਖ ਅਸਾਡਾ ਦੀਨ ਬਤਾਵੇ ਅਪਨੀ ਉੱਤਮਤਾਈ ।
ਕਿਆਮਤ ਦੇ ਦਿਨ ਸੱਦੇ ਅੱਲਾ ਹੋਕੇ ਚਾਈਂ ਚਾਈਂ ॥
ਫੂਕੇ ਜਦੋਂ ਸਨਾਹ ਫਰਿਸ਼ਤਾ ਤਦ ਸਭ ਕਬਰੋਂ ਜਾਗਨ।
ਅਪਨੇ ਪਾਕ ਨਬੀ ਦੇ ਪਿੱਛੇ ਕਲਮਾ ਕਹਕਰ ਲਾਗਨ ॥ ੧੧੭ ॥
ਜਾਇ ਹਜ਼ੂਰ ਖੁਦਾਵੰਦ ਵਾਲੀ ਹਾਜ਼ਰ ਹੁੰਦੇ ਸਾਰੇ ।
ਜਿੱਥੇ ਬਹਕੇ ਪਾਕ ਅਲਾਹੀ ਅਮਲਾਂ ਪਿਆ ਨਿਹਾਰੇ ॥
ਤਦ ਉਸ ਵੇਲੇ ਏਸ ਰੂਹ ਦਾ ਹੋਰ ਨ ਕੋਈ ਵਾਲੀ ।
ਦੀਨ ਦੁਨੀ ਵਿੱਚ ਬਿਨਾਂ ਨਬੀ ਦੇ ਸਾਰੇ ਦਿਸਦੇ ਖਾਲੀ ॥ ੧੧੮ ॥
ਤਦ ਹਜ਼ਰਤ ਉਸ ਕਾਦਰ ਅੱਗੇ ਕਰੇ ਸਫਾਰਸ਼ ਭਾਰੀ।
ਇਹ ਮੋਮਨ ਹੈ ਰੱਬ ਸੱਚਿਆ ਨਹਿੰ ਕਲਮਿਓਂ ਇਨਕਾਰੀ ॥
ਜਿਸ ਨੂੰ ਸੁਨਕੇ ਓਹ ਖੁਦਾਵੰਦ ਮਾਫ਼ ਕਰੇ ਤਕਸੀਰਾਂ ।
ਘੱਲੇ ਚਾਇ ਬਹਿਸ਼ਤ ਓਸ ਨੂੰ ਵਾਂਗ ਬਜ਼ੁਰਗਾਂ ਪੀਰਾਂ ॥ ੧੧੯ ॥

ਓਥੇ ਨਹਰਾਂ ਵਗਣੀ ਦੇਖੋ ਆਬ ਹਿਯਾਤਾਂ ਵਾਲੀ।
ਹੋਰ ਸ਼ਰਾਬ ਅੰਗੂਰੀ ਮਿਲਦੀ ਵੱਡੀ ਸੁਗੰਧੀ ਵਾਲੀ॥
ਖਾਣੇ ਨੂੰ ਹਨ ਕੇਲੇ ਚੰਗੇ ਅਰ ਹਨ ਬਹੁਤ ਖਜੂਰਾਂ।
ਖਿਦਮਤ ਕਰਨ ਗੁਲਾਮ ਉਨ੍ਹਾਂ ਦੀ ਪਲੰਗ ਬਛਾਉਨ ਹੂਰਾਂ॥੧੨੦॥
ਕਰਨ ਬਹਾਰ ਬਹਿਸ਼ਤਾਂ ਦੇ ਵਿਚ ਨਾਲ ਖੁਸ਼ੀ ਦੇ ਜੀਵਨ।
ਮਿੱਠੇ ਦੱਧ ਸ਼ਹਦ ਦੇ ਖਾਣੇ ਨਾਲ ਖੁਸ਼ੀ ਦੇ ਪੀਵਨ॥
ਅਰ ਜੋ ਕਲਮਿਓਂ ਹੈ ਇਨਕਾਰੀ ਉਸ ਨੂੰ ਦੋਜ਼ਖ਼ ਪਾਵੇ।
ਵਾਂਗਰ ਚਣੇ ਭੱਠ ਦੇ ਪਾਪੀ ਭੁਜਦਾ ਹੀ ਮਰ ਜਾਵੇ॥ ੧੨੧॥
ਖਾਣ ਪੀਣ ਨੂੰ ਕੁਝ ਨ ਮਿਲਦਾ ਹਾਇ ਹਾਇ ਕਰ ਰੋਵੇ।
ਅਪਨੇ ਕੀਤੇ ਦਾ ਫਲ ਪਾਵੇ ਖੂਨ ਜਿਗਰ ਦਾ ਖੋਵੇ॥
ਦੱਸੋ ਭਲਾ ਇਨਾਂ ਦੇ ਵਿੱਚੋਂ ਕਿਹੜਾ ਰਸਤਾ ਚੰਗਾ।
ਜਿਸ ਪਰ ਤੂੰ ਇਨਕਾਰੀ ਹੋਕਰ ਦੋਜ਼ਖ਼ ਜਾਸੇਂ ਨੰਗਾ॥੧੨੨॥
ਜਦ ਇਹ ਤਾਰੂ ਸਿੰਘ ਬਹਾਦਰ ਸੁਨੀ ਬਾਤ ਦੁਖਦਾਈ।
ਸੁਨਦੇ ਸਾਰ ਨੈਣ ਦੇ ਅੰਦਰ ਸੀ ਲਾਲੀ ਭਰ ਆਈ॥
ਮਨ ਦੇ ਵਿਚ ਤਿਰੰਗ ਉਠਾਇਆ ਅਰ ਗਰਜਿਆ ਘਨ ਜੈਸਾ।
ਸੁਨਹੁ ਨਵਾਬ ਬਚਨ ਤੈਂ ਮੈਨੂੰ ਹੈ ਇਹ ਆਖਿਆ ਕੈਸਾ॥ ੧੨੩॥
ਮੈਂ ਨਾ ਕਾਫਰ ਹਾਂ ਸੁਨ ਖ਼ਾਂਨਾ ਅਰ ਨਾ ਪਾਪ ਕੁਮਾਵਾਂ।
ਜਿਸ ਦੇ ਬਦਲੇ ਇਸ ਦੁਨੀਆਂ ਤੇ ਦੋਜ਼ਖ਼ ਦੇ ਵਿਚ ਜਾਵਾਂ॥
ਮੈਂ ਹਾਂ ਗੁਰ ਦਾ ਸੱਚਾ ਸਿਦਕੀ ਅਰ ਇਮਾਨ ਪਰ ਕਾਇਮ।
ਜਿਸ ਤੇ ਦੁਨੀਆਂ ਉਪਰ ਰਹਸੀ ਸਦਾ ਧਰਮ ਇਹ ਦਾਇਮ॥੧੨੪॥
ਤੇਰਾ ਬਹੁਤ ਬੋਲਨਾ ਦੱਸੇ ਹੈਂ ਅੰਦਰ ਤੇ ਖਾਲੀ।
ਜਿਸ ਤੇ ਲਾਲਚ ਵਾਲੀ ਮੈਨੂੰ ਚਾਹੇਂ ਰੀਤ ਸਖਾਲੀ॥

ਮੈਂ ਹੂਰਾਂ ਤੇ ਹੈ ਕੀ ਲੈਣਾ ਅਰ ਗੁਲਾਮ ਕੀ ਕਰਣੇ।
ਖਾਇ ਖਜੂਰਾਂ ਪੀਕੇ ਸ਼ਰਬਤ ਚਾਹਾਂ ਪੇਟ ਨ ਭਰਨੇ॥ ੧੨੫॥
ਇਹ ਤਾਂ ਨੰਗੇ ਭੁੱਖੇ ਚਾਹੁਨ ਪਹਰਨ ਖਾਣਾ ਤੇਰਾ।
ਜਿਸ ਨੂੰ ਭੁੱਲ ਨ ਚਾਹੇ ਕਦਹੀ ਸੁਪਨੇ ਮੰਹਿ ਮਨ ਮੇਰਾ॥
ਕਾਮੀ ਕ੍ਰੋਧੀ ਲੋਭੀ ਚਾਹੁਨ ਹੂਰਾਂ ਪਰਿਆਂ ਲੈਣਾ॥
ਪਰ ਮੈਂ ਤਾਂ ਇਨ ਬਾਤਾਂ ਉੱਪਰ ਰੀਝ ਨਹੀਂ ਹੈ ਪੈਣਾ॥ ੧੨੬॥
ਕਹੋ ਬਹਿਸ਼ਤ ਕੌਣ ਕੰਮ ਆਵੇ ਜੋ ਗੁਰ ਬੇਮੁਖ ਹੋਇ।
ਮਿਲਸੀ ਮੈਨੂੰ ਤੇਰੇ ਆਖੇ ਸੋ ਨਾ ਪਾਵਾਂ ਟੋਏ॥
ਮੈਂ ਤਾਂ ਅੱਗ ਨ ਲਾਵਾਂ ਐਸੇ ਜੋ ਹਨ ਸੁਖ ਦੇ ਸਾਧਨ।
ਜਿਨਕੋ ਪਾਕਰ ਜਗ ਵਿੱਚ ਹੋਵੇ ਮੇਰੀ ਮਤ ਅਪਰਾਧਨ॥ ੧੨੭॥
ਮੈਂ ਅੱਲਾ ਦੇ ਪਾਸ ਜਾਇਕੇ ਚਾਹਾਂ ਨਹੀਂ ਸਫਾਰਸ਼।
ਜਿਸ ਦੇ ਬਦਲੇ ਕਰੇ ਦੇਖਕੇ ਅਪਨੀ ਰਹਮਤ ਬਾਰਸ਼॥
ਮੈਂ ਤਾਂ ਅਪਨੇ ਅਮਲਾਂ ਉਪਰ ਅਪਨਾ ਕਰੂੰ ਨਬੇੜਾ।
ਪਰ ਇਹ ਖਾਸ ਨਬੀ ਦੇ ਹਥੋਂ ਚਾਹਾਂ ਨਹੀਂ ਬਖੇੜਾ॥ ੧੨੮॥
ਕਿਹੜੀ ਗੱਲੋਂ ਹੈ ਡਰ ਮੈਨੂੰ ਓਸ ਨਰਕ ਦਾ ਭਾਈ।
ਜਿਸਦਾ ਤੈਂ ਹੈ ਹਾਲ ਸੁਨਾਇਆ ਜੈਸੇ ਕਹਨ ਸੁਦਾਈ॥
ਨਰਕ ਸੁਰਗ ਦੁਇ ਹੱਥ ਕਿਸੇ ਦੇ ਨਹੀਂ ਪਜਾਰੇ ਮਿਲਦੇ।
ਇਹ ਤਾਂ ਆਪੇ ਕਰਤਾ ਕਰਸੀ ਦੇਖ ਅਮਾਇਲ ਦਿਲ ਦੇ॥ ੧੨੯॥
ਪਾਪੀ ਦੀ ਤਾਂ ਨਹੀਂ ਸਫਾਰਸ਼ ਮੰਨੇਗਾ ਉਹ ਸਾਈਂ।
ਜਿਸ ਦੇ ਹੱਥ ਸਭੋ ਹੈ ਬਰਕਤ ਦੇਂਦਾ ਨਹੀਂ ਅਜ਼ਾਈਂ॥
ਖਾਸ ਪੁਰਖ ਦੇ ਹੱਥ ਨਹੀਂ ਹੈ ਜਿਸ ਦਾ ਕੇਹਾ ਕਰਦਾ।
ਉਹ ਤਾਂ ਸਭ ਦੇ ਅਮਲਾਂ ਉਪਰ ਕਰੇ ਨਬੇੜਾ ਹਰਦਾ॥ ੧੩੦॥

ਰਾਉ ਰੰਕ ਸਭ ਉਸ ਦੇ ਦਰ ਹਨ ਇੱਕੋ ਜੇਹੇ ਪਜਾਰੇ।
ਪੀਰ ਪਕੰਬਰ ਵਲੀ ਗੌਂਸ ਸਭ ਕੋਇ ਨਹੀਂ ਦਮ ਮਾਰੇ॥
ਉਹ ਹੈ ਸਭ ਦਾ ਪਜਾਰਾ ਸਾਜਨ ਨਹੀਂ ਕਿਸੇ ਦਾ ਐਸਾ।
ਅਪਨੇ ਹਜ਼ਰਤ ਦਾ ਮੂਖ ਅਪਨੇ ਤੈਂ ਆਖਦਾ ਹੈ ਜੈਸਾ ॥ ੧੩੧ ॥
ਤਾਂਤੇ ਦੁਨੀਆਂ ਦਾ ਨਹਿੰ ਲਾਲਚ ਨਹੀਂ ਬਹਿਸ਼ਤਾਂ ਕੇਰਾ।
ਸੁਰਗ ਦੇਖ ਮਨ ਹੋਇ ਨ ਰਾਜ਼ੀ ਨਰਕੋਂ ਡਰੇ ਨਾ ਮੇਰਾ॥
ਮੈਂ ਸਭ ਅਪਨੇ ਉਪਰ ਝੱਲਾਂ ਜੋ ਕਰਸੀ ਉਹ ਵਾਲੀ।
ਤਾਂਤੇ ਮੇਰੇ ਨਾਲ ਤੁਸਾਂ ਦਾ ਹੈ ਇਹ ਝਗੜਾ ਖਾਲੀ ॥ ੧੩੨ ॥
ਸਾਫ ਜਵਾਬ ਸੁਨਾ ਜਦ ਨਾਜ਼ਮ ਬੋਲਿਆ ਮਨ ਦੁਖ ਪਾਕੇ।
ਉਤਨਾ ਫਿਰ ਤੂੰ ਹੈਂ ਹਠ ਕਰਦਾ ਡਿੱਠਾ ਕੈਦ ਨ ਜਾਕੇ॥
ਇਸ ਦੁਖ ਕੋਲੋਂ ਹੈ ਸਭ ਡਰਦਾ ਕਜਾ ਚੰਗਾ ਕਜਾ ਮੰਦਾ।
ਦੇਖਾਂਗਾ ਉਸ ਵੇਲੇ ਤੂੰ ਭੀ ਹੋਸੇਂ ਕੈਦੋ ਬੰਦਾ॥ ੧੩੩ ॥
ਭਲਾ ਕਰਦਿਆਂ ਬੁਰਾ ਸਮਝਦਾ ਹੈ ਇਸ ਅਕਲ ਹਵਾਨੀ।
ਕਹੋ ਕਰੇ ਕਿਸ ਹੈ ਸੁਖ ਪਾਇਆ ਫੇਰ ਸ਼ਰਾ ਸੁਲਤਾਨੀ॥
ਮੇਰਾ ਦਿਲ ਤਾਂ ਦੇਖ ਤੁਧ ਨੂੰ ਤਰਸ ਪਜਾ ਸੀ ਕਰਦਾ।
ਜਿਸ ਤੇ ਤੇਰੇ ਉਪਰ ਹਾਂ ਮੈਂ ਬੋਝ ਏਤਨਾ ਧਰਦਾ॥ ੧੩੪ ॥
ਜੇ ਅਮਲਾਂ ਪਰ ਹੋਨ ਨਬੇੜੇ ਤਾਂ ਕਜੋਂ ਡਰਦਾ ਭਾਈ।
ਮੁਸਲਮਾਨ ਦੀਨ ਵਿੱਚ ਆ ਕੇ ਚੰਗੇ ਕੰਮ ਕੁਮਾਈ॥
ਪਾਵੇਂਗਾ ਫਲ ਆਪੇ ਅੱਗੇ ਜੋ ਚੰਗਜਾਂ ਨੂੰ ਮਿਲਦਾ।
ਫਿਰ ਕਜੋਂ ਮੇਰੇ ਸਨਮੁਖ ਨਾਹੀਂ ਕੁਫਰ ਗਵਾਵੇਂ ਦਿਲਦਾ॥ ੧੩੫॥
ਸਿੱਖ ਹੋਇਕੇ ਭੀ ਤਾਂ ਹੋਣਾ ਅਮਲੀਂ ਚਾਇ ਨਬੇੜਾ।
ਫਿਰ ਤੋਂ ਇਤਨਾ ਕਜੋਂ ਹੈ ਕੀਤਾ ਐਵੇਂ ਪਜਾ ਬਖੇੜਾ॥

ਨਾਲ ਅਸਾਡੇ ਮਿਲ ਖੁਸ਼ ਹੋ ਕੇ ਮੋਮਨ ਨਾਉਂ ਧਰਾਈਂ ।
ਕਰਕੇ ਅਮਲ ਨੇਕ ਤੂੰ ਅਪਨੇ ਚਾਇ ਬਹਿਸ਼ਤੀ ਜਾਈਂ ॥ ੧੩੬ ॥
ਸਿੱਖ ਬਣਿਆਂ ਕਯਾ ਮਿਲਦਾ ਤੈਨੂੰ ਦਸ ਭਲਾ ਇਸ ਵੇਲੇ ।
ਨੰਗ ਭੁੱਖ ਅਰ ਦੁੱਖ ਘਨੇਰੇ ਹੱਥ ਨ ਪੈਸੇ ਧੇਲੇ ॥
ਕਿਤੇ ਟਕਾਨਾ ਮਿਲੇ ਨ ਚੰਗਾ ਅਰ ਸਭ ਦੁਸ਼ਮਨ ਤੇਰੇ ।
ਨਦੀ ਪਹਾੜਾਂ ਵਿੱਚ ਜੰਗਲਾਂ ਲੁੱਟ ਕਰ ਕਰਦੇ ਡੇਰੇ ॥ ੧੩੭ ॥
ਇਸ ਹਾਲੋਂ ਤਾਂ ਬਚਸੇਂ ਅਬ ਹੀ ਜਬ ਹੀ ਸ਼ਰਾ ਮਨਾਵੇਂ ।
ਨਾਲ ਅਸਾਡੇ ਭਾਈਆਂ ਵਾਂਗੁਰ ਬੈਠਾ ਪੀਵੇਂ ਖਾਵੇਂ ॥
ਕੋਈ ਡਰ ਨਹਿ ਰਹਿਸੀ ਤੈਨੂੰ ਕਰੀਂ ਮੌਜ ਮਨ ਭਾਈ ।
ਲੋਕ ਪ੍ਰਲੋਕ ਵਿੱਚ ਸੁਖ ਪਾਈਂ ਦੁਖ ਨ ਲਹੇਂ ਕਦਾਈ ॥ ੧੩੮ ॥
ਪਰ ਮੈਂ ਫੇਰ ਕਹਾਂ ਤੁਧ ਤਾਈਂ ਨਾ ਕਰ ਹਠ ਇਸ ਵਾਰੀ ।
ਜਿਸ ਤੇ ਬਖਸ਼ ਦਿਆਂਗਾ ਤੈਨੂੰ ਜਿਤਨੀ ਖ਼ਤਾ ਤੁਮ੍ਹਾਰੀ ॥
ਚੰਗਾ ਦਿਆਂ ਮਰਤਬਾ ਤੈਨੂੰ ਅਰ ਜਾਗੀਰ ਲਗਾਊਂ ।
ਇੱਕ ਵੇਰ ਇਕਰਾਰ ਕਰਨ ਤੇ ਮਨਸਬ ਬੜਾ ਦਿਵਾਊਂ ॥ ੧੩੯ ॥
ਪਾਤਸ਼ਾਹ ਦੀ ਖੁਸ਼ੀ ਲਏਂਗਾ ਅਰ ਜਾਨੋਂ ਬਚ ਜਾਵੇਂ ।
ਨਾਲ ਮੋਮਨਾਂ ਦੇ ਤੂੰ ਬਹਿ ਕੇ ਚੰਗਾ ਪੀਵੇਂ ਖਾਵੇਂ ॥
ਕਹੋ ਹੋਰ ਕਯਾ ਲੈਣਾਂ ਤੈਨੂੰ ਆਖਯਾ ਮੰਨ ਹਮਾਰਾ ।
ਜਿਸ ਤੇ ਸਭ ਸੁਖ ਅੱਲਾ ਦੇਸੀ ਜਾਏ ਦੁੱਖ ਤੁਮਾਰਾ ॥ ੧੪੦ ॥
ਓਹ ਜਹੰਮਨ ਦੀ ਜੋ ਅਗਨੀ ਜਗਦੀ ਲਾਟਾਂ ਮਾਰੇ ।
ਉਸ ਦੇ ਅੰਦਰ ਬੇਈਮਾਨਾਂ ਪਕੜ ਫਰਿਸ਼ਤਾਂ ਡਾਰੇ ॥
ਜਲਦਾ ਰਹੇ ਹਮੇਸ਼ਾਂ ਪਾਪੀ ਕਦੇ ਨ ਹੁੰਦਾ ਠੰਡਾ ।
ਖਾਨ ਪੀਨ ਨੂੰ ਕੁੱਛ ਨ ਮਿਲਦਾ ਭੁੱਜਦਾ ਜਿਉਂ ਕਰ ਗੰਡਾ ॥ ੧੪੧ ॥

ਇਹ ਹੈ ਹਾਲ ਨਰਕ ਦਾ ਭਾਈ ਜੇ ਤੂੰ ਬਰਨਾਂ ਰਾਹੇਂ।
ਏਸ ਖਾਲਸਾ ਮਤ ਦੀ ਅਪਨੇ ਗਲਥੋਂ ਫਾਹੀ ਲਾਹੇਂ।
ਤਾਂ ਮੈਂ ਛੱਡ ਦਿਆਂ ਇਸ ਵੇਲੇ ਫੇਰ ਨ ਪਕੜੇ ਕੋਈ।
ਦੱਸ ਭਲਾ ਹੁਨ ਤੇਰੀ ਮਰਜ਼ੀ ਕਿਆ ਹੈ ਇਸ ਪਰ ਹੋਈ ॥ ੧੪੨ ॥
ਭੁਲਾ ਨਵਾਬ ਵਿਚਾਰੇ ਮਨ ਵਿੱਚ ਜੇ ਕਰ ਅੱਲਾ ਕਾਦਰ।
ਅਮਲਾਂ ਉੱਪਰ ਹੀ ਹੈ ਕਰਦਾ ਸਾਡੇ ਤਾਈਂ ਆਦਰ ॥
ਤਾਂ ਮੈਂ ਮੋਮਨ ਹੋਕੇ ਦੱਸੋ ਕੀ ਹੈ ਲੈਣਾ ਪਿਆਰੇ।
ਤਜਨਾ ਧਰਮ ਜਗਤ ਵਿੱਚ ਜੋਈ ਸੋ ਹੈ ਪਾਪ ਕਰਾਰੇ ॥ ੧੪੩ ॥
ਇਹੋ ਅਮਲ ਹੈ ਬੁਰਾ ਜਗਤਾ ਵਿੱਚ ਧਰਮ ਤਿਆਗਨ ਕੇਰਾ।
ਜਿਸ ਤੇ ਨਰਕ ਪਵਾਂਗਾ ਜਾਕੇ ਮੰਨਾਂ ਆਖਿਆ ਤੇਰਾ ॥
ਕਰਾਂ ਅਨਰਥ ਫਿਰਾਂ ਜੇ ਗੁਰ ਤੇ ਤਾਂ ਭਿਸ਼ਤਾਂ ਕਿਮ ਪਾਵਾਂ।
ਸਿੱਧਾ ਹੋਕਰ ਬੇਮੁਖ ਭਾਰਾ ਕਿਉਂ ਨਾ ਨਰਕੇ ਜਾਵਾਂ ॥ ੧੪੪ ॥
ਤਾਂਤੇ ਪਹਿਲਾ ਅਮਲ ਇਹੋ ਹੈ ਰਹਾਂ ਸਿੱਖ ਗੁਰ ਕੇਰਾ।
ਜਿਸ ਦੇ ਉੱਤੋਂ ਹੈ ਬਿਕ ਚੁੱਕਾ ਇਹ ਸਿਰ ਜੋ ਹੈ ਮੇਰਾ ॥
ਦੁਖ ਸੁਖ ਦੀ ਪਰਵਾਹ ਨ ਮੈਨੂੰ ਮੈਂ ਸਭ ਜਾਣਾ ਭਾਣਾ।
ਪਰ ਗੁਰ ਤੇ ਮੁਖ ਮੋੜਿਆਂ ਮੈਨੂੰ ਦਿਸਦਾ ਨਹੀਂ ਟਕਾਣਾ ॥ ੧੪੫ ॥
ਦੁਨੀਆਂ ਦੇ ਇਸ ਪਾਤਸ਼ਾਹ ਦੀ ਮੈਨੂੰ ਖੁਸ਼ੀ ਨ ਭਾਵੇ।
ਸੱਚਾ ਪਾਤਸ਼ਾਹ ਜੋ ਮੇਰਾ ਏਹੁ ਨਹੀਂ ਫੁਰਮਾਵੇ ॥
ਮੈਂ ਸਿੰਘਾਂ ਦਾ ਮੇਲ ਛੱਡਕੇ ਕਰਾਂ ਤੁਸਾਂ ਦਾ ਕੈਸੇ।
ਛੋਡ ਅਤਰ ਦੀ ਪੁਰਖ ਸੁਗੰਧੀ ਲੋੜੇ ਹਿੰਗ ਨ ਜੈਸੇ ॥ ੧੪੬ ॥
ਜੇ ਗੁਰ ਜੀ ਦੇ ਪੱਲਾ ਪਕੜਿਆਂ ਨਰਕ ਪਵਾਂਗਾ ਭਾਈ।
ਤਾਂ ਭੀ ਇਸ ਵਿੱਚ ਮੈਂ ਨਾ ਸਮਝਾਂ ਇੱਕ ਰੱਤੀ ਬੁਰਿਆਈ ॥

ਮੈਨੂੰ ਓਹੋ ਨਰਕ ਸੁਰਗ ਸਮ ਦਿੱਸਦਾ ਹੈ ਸੁੱਖ ਦਾਤਾ।
ਪਰ ਜੋ ਸੁਰਗ ਤੁਸਾਂ ਦੀ ਵੱਲੋਂ ਹੈ ਇੱਕ ਅੰਧਾ ਖਾਤਾ ॥ ੧੪੭ ॥
ਅਪਨਿਆਂ ਨਾਲ ਭੀਖ ਦਾ ਮੰਗਨ ਹੈ ਉਹ ਸੁਖ ਦੀ ਸੂਰਤ।
ਦੂਜਿਆਂ ਨਾਲ ਰਾਸ ਦਾ ਭੋਗਨ ਦਿਸਦਾ ਦੁੱਖ ਦੀ ਮੂਰਤ।
ਦੋਜ਼ਖ਼ ਦੀ ਜੋ ਅਗਨੀ ਅੰਦਰ ਮੈਂ ਜਾਕੇ ਪੈ ਜਾਵਾਂ।
ਨਾਲ ਗੁਰੂ ਦੀ ਕ੍ਰਿਪਾ ਤੇ ਮੈਂ ਓਹੋ ਭਿਸ਼ਤ ਬਨਾਵਾਂ ॥ ੧੪੮ ॥
ਸਿਦਕੀ ਪੁਰਖਾਂ ਤਾਈਂ ਪਿਆਰੇ ਹੈ ਸੁੱਖ ਜਿੱਥੇ ਕਿੱਥੇ।
ਬੇ ਸਿਦਕਿਆਂ ਨੂੰ ਠੌਰ ਨ ਮਿਲਦੀ ਫਿਰਦੇ ਹੋਕਰ ਛਿੱਥੇ ॥
ਤਾਂਤੇ ਕਰ ਜੋ ਹੈ ਮਨ ਭਾਈ ਮੈਂ ਨਾ ਸਿਦਕੋਂ ਹਾਰਾਂ।
ਤੇਰੇ ਜੈਸੇ ਪੁਰਖਾਂ ਤੇ ਮੈਂ ਸਾਰੇ ਕਸ਼ਟ ਸਹਾਰਾਂ ॥ ੧੪੯ ॥
ਧਰਮ ਕਰਨ ਪਰ ਜੋ ਦੁਖ ਮਿਲਦਾ ਸੋ ਹੈ ਸਭ ਸੁੱਖ ਦਾਤਾ।
ਨਾਲ ਅਧਰਮ ਜੋਇ ਸੁੱਖ ਹੁੰਦਾ ਸੋ ਦੁਖ ਦੇਤ ਵਿਧਾਤਾ ॥
ਜਿਸ ਤੇ ਮੈਂ ਨਾ ਧਰਮ ਤਜਾਵਾਂ ਆਖੇ ਲੱਗ ਤਮ੍ਹਾਰੇ।
ਯਾਦ ਰੱਖਣੇ ਚਹੀਏ ਸਦ ਹੀ ਜੋ ਗੁਰ ਦੇ ਉਪਕਾਰੇ ॥ ੧੫੦ ॥
ਇਹ ਦੁਨੀਆ ਹੈ ਸੁਪਨ ਪਿਆਰੇ ਸਦਾ ਨ ਰਹਨੇ ਹਾਰੀ।
ਕੱਲਰ ਦੀ ਇਹ ਕੰਧ ਵਾਂਗ ਹੈ ਗਿਰ ਜਾਸੀ ਇੱਕ ਵਾਰੀ ॥
ਇਸ ਪਰ ਮੈਂ ਕਿਉਂ ਕਰਾਂ ਭਰੋਸਾ ਜੋ ਮੈਂ ਹੈ ਛਡ ਜਾਣੀ।
ਓਸ ਸਦਾ ਦੇ ਸੁੱਖ ਥੋਂ ਅਪਨੀ ਚਾ ਉਲਝਾਵਾਂ ਤਾਣੀ ॥ ੧੫੧ ॥
ਦਸਮ ਗੁਰੂ ਦਾ ਮੈਂ ਹਾਂ ਸੇਵਕ ਜਿਸਨੇ ਜੰਗ ਕੁਮਾਏ।
ਕਈ ਤਰ੍ਹਾਂ ਦੇ ਦੁਖ ਸਿਰ ਸਹਕੇ ਲੋਗ ਅਨਾਥ ਬਚਾਏ ॥
ਫਿਰ ਮੈਂ ਛੱਡ ਉਨ੍ਹਾਂ ਦਾ ਪੱਲ਼ਾ ਤੇਰੇ ਪਿੱਛੇ ਜਾਵਾਂ।
ਅਪਨੀ ਇੱਜ਼ਤ ਇਸ ਦੁਨੀਆਂ ਵਿੱਚ ਚਾ ਬੇਅਰਥ ਗੁਵਾਵਾਂ ॥੧੫੨॥

ਜਦ ਇਹ ਕਥਨ ਸਿੰਘ ਦਾ ਸੁਨਿਆ ਨਾਜ਼ਮ ਨੇ ਮਨ ਲਾਕੇ ।
ਚਾਰੇ ਪਾਸਿਓਂ ਅੱਗ ਕੋਪ ਦੀ ਜਲ ਉੱਠੀ ਭੜਕਾਕੇ ॥
ਲੱਗਾ ਫੇਰ ਕਹਨ ਉਸ ਤਾਈਂ ਹੈ ਹਠ ਤੇਰਾ ਤੌ ਲੌ ।
ਆਪਨਾ ਹੱਥ ਨਵਾਬੀ ਵਾਲਾ ਨਹੀਂ ਵਿਖਾਵਾਂ ਜੌ ਲੌ ॥ ੧੫੩ ॥
ਸੋਟਾ ਹੈ ਉਸਤਾਦ ਸਭਨ ਦਾ ਸਿੱਧੇ ਪਲ ਵਿੱਚ ਕਰਦਾ ।
ਦੇਖ ਸ਼ਕਲ ਜਿਸਦੀ ਨੂੰ ਭਾਈ ਜਿੰਨ ਭੂਤ ਭੀ ਡਰਦਾ ॥
ਪਸ਼ੂ ਪੰਖੀਆਂ ਤੇਕੁਰ ਇਸਦਾ ਮੰਨ ਰਹੇ ਡਰ ਸਾਰੇ ।
ਹਾਥੀ ਨੂੰ ਭੀ ਚਾਇ ਨਿਵਾਵੇ ਆਦਮ ਕੌਣ ਵਿਚਾਰੇ ॥ ੧੫੪ ॥
ਉਤਨਾ ਚਿਰ ਹੀ ਸਭ ਚਤੁਰਾਈ ਅਰ ਆਕੜ ਨਰ ਕਰਦਾ ।
ਜਿਤਨਾ ਚਿਰ ਸੋਟਾ ਹੈ ਉਸ ਵੱਲ ਆਪਨੀ ਨਜ਼ਰ ਨ ਧਰਦਾ ॥
ਸੋਟੇ ਬਾਝ ਨ ਮੰਨੇਂ ਕੋਈ ਇੱਕ ਦੋ ਚਾਰ ਸੁਨਾਵੇ ।
ਪਰ ਜਿਸਦੇ ਹੱਥ ਸੋਟੀ ਹੋਵੇ ਜੋ ਚਾਹੇ ਕਰਵਾਵੇ ॥ ੧੫੫ ॥
ਮਾਰਾਂ ਕੋਲੋਂ ਡਰਨ ਫਰਿਸ਼ਤੇ ਕੰਬਨ ਥਰ ਥਰ ਸਾਰੇ ।
ਪਰਜਾ ਭੀ ਤਦ ਹੀ ਡਰ ਮੰਨੇ ਦੇਖੇ ਹੱਥ ਕਰਾਰੇ ॥
ਘਰ ਬਾਹਰ ਸਭ ਸਾਧੇ ਸੋਟਾ ਜੋ ਚਾਹੇ ਸੋ ਕਰਦਾ ।
ਸਾਰਾ ਜਗਤ ਇਸੇ ਦੇ ਅੱਗੇ ਹੈ ਫਿਰ ਪਾਨੀ ਭਰਦਾ ॥ ੧੫੬ ॥
ਜਿਸਤੇ ਤੈਨੂੰ ਮੈਂ ਡਰ ਕਰਕੇ ਦਿੱਤਾ ਨਾ ਦੁਖ ਕੋਈ ।
ਤੇਰੇ ਤਾਈਂ ਮੇਰੀ ਨਰਮੀ ਦੁਸ਼ਮਨ ਜੇਹੀ ਹੋਈ ॥
ਜਿਸਤੇ ਪਿਆ ਬਨਾਵੇਂ ਬਾਤਾਂ ਜੋ ਨਹਿ ਸੁਣੀਆਂ ਜਾਵਨ ।
ਦੇਖੋ ਯਾਰੋ ਬਾਜ਼ਾਂ ਤਾਈਂ ਪਏ ਬਟੇਰ ਡਰਾਵਨ ॥ ੧੫੭ ॥
ਵੇਖੂੰ ਸਿਦਕ ਤਦੋਂ ਮੈਂ ਤੇਰਾ ਜਦ ਤਰਸਾਕੇ ਮਾਰੂ ।
ਨਾਲ ਤਾਜ਼ੀਆਂ ਦੇ ਫੜ ਪਿੰਡਿਓਂ ਸਾਰੀ ਖੱਲ ਉਤਾਰੂ ॥

ਫਿਰ ਫੜ ਵਿੱਚ ਕੈਦ ਦੇ ਸੁੱਟਾਂ ਅਰ ਚੱਕੀ ਪਿਸਵਾਵਾਂ ।
ਆਪੇ ਖ਼ਬਰ ਪਏਗੀ ਤੈਨੂੰ ਜਦ ਲੈ ਵਾਣ ਵਟਾਵਾਂ ॥ ੧੫੭ ॥
ਆਊ ਗੁਰੂ ਯਾਦ ਉਸ ਵੇਲੇ ਜਦੋਂ ਮੁਸ਼ੱਕਤ ਕਰਸੇਂ ।
ਇਸ ਵੇਲੇ ਨੂੰ ਮੁੜਕੇ ਆਵੇ ਬੈਠਾ ਮਨ ਵਿੱਚ ਤਰਸੇਂ ॥
ਧਰਮ ਅਧਰਮ ਤਦੋਂ ਹੀ ਸੁੱਝੇ ਜਦ ਮੈਂ ਕਰੂੰ ਨਬੇੜਾ ।
ਓੜਕ ਨੂੰ ਸਭ ਚੁੱਕ ਜਾਵਸੀ ਤੇਰਾ ਤਦੋਂ ਬਖੇੜਾ ॥ ੧੫੮ ॥
ਤੇਰੇ ਗੁਰ ਦਾ ਹਾਲ ਭਇਆ ਜਿਮ ਘਰ ਅਰ ਘਾਟ ਗੁਵਾਇਆ ।
ਮੁੜਕੇ ਦੇਸ ਅਪਨੇ ਅੰਦਰ ਮੂਲ ਨ ਫੇਰਾ ਪਾਇਅ ॥
ਏਸੇ ਤਰ੍ਹਾਂ ਕਰਾਂ ਮੈਂ ਤੈਨੂੰ ਮੁੜ ਘਰ ਜਾਸੇਂ ਨਾਹੀਂ ।
ਕੈ ਮਰਵਾਸਾਂ ਵਿੱਚ ਕੈਦ ਦੇ ਕੈ ਫਾਂਸੀ ਗਲ ਮਾਹੀਂ ॥ ੧੬੦ ॥
ਪਰ ਮੈਂ ਤਰਸ ਖੁਦਾ ਦਾ ਕਰਦਾ ਜੋ ਨਾ ਰੋਤੇ ਤੇਰੇ ।
ਸਗੋਂ ਉਸਦੇ ਬਦਲੇ ਕਰਦਾ ਸੁਖ਼ਨ ਬਰਾਬਰ ਮੇਰੇ ॥
ਆਓ ਅਜੇ ਭੀ ਸਮਝ ਜ਼ਰਾ ਮਨ ਕਜਾ ਤੈਂ ਅਕਲ ਗੁਵਾਈ ।
ਅਪਨੇ ਹਿਤ ਦੀ ਤਾਂ ਸੁਨ ਪਿਆਰੇ ਜਾਨਨ ਬਾਤ ਸੁਦਾਈ ॥ ੧੬੧॥
ਤੈਨੂੰ ਜ਼ਰਾ ਨ ਸਮਝ ਆਂਵਦੀ ਕਜਾ ਹੋਈ ਬੁਧਿ ਤੇਰੀ ।
ਜਿਸਤੇ ਅਸਰ ਨ ਕਰਦੀ ਕੋਈ ਕਹੀ ਨਸੀਹਤ ਮੇਰੀ ॥
ਦੇਖ ਅਜੇ ਭੀ ਵੇਲਾ ਆਹੀ ਕਰ ਲੈ ਜੋ ਮਨ ਆਵੇ ।
ਵਕਤ ਗਿਆ ਤੇ ਮੁੜਕੇ ਕਦ ਹੀ ਹੱਥ ਨਹੀਂ ਸੁਣ ਆਵੇ ॥ ੧੬੨ ॥
ਜਦ ਇਹ ਦਿੱਤਾ ਡਰ ਨਾਜ਼ਮ ਨੇ ਅਰ ਸੀ ਨਾਲ ਦਿਲਾਸਾ ।
ਅਪਨੇ ਮਤਲਬ ਦਾ ਸੀ ਜਿਸ ਨੇ ਢਾਲਿਆ ਬਹਿਕੇ ਪਾਸਾ ॥
ਪਰ ਤਦ ਤਾਰੂ ਸਿੰਘ ਬਹਾਦਰ ਰੰਚਕ ਨਾ ਘਬਰਾਇਆ ।
ਸੁਨਕੇ ਬਾਤ ਓਸਦੀ ਐਸੀ ਅੱਗੋਂ ਏਹੋ ਸੁਨਾਇਆ ॥ ੧੬੩ ॥

ਸੁਣੋ ਨਵਾਬ ਕਿਹਾ ਜੋ ਤੁਧ ਨੇ ਸੋ ਮੈਂ ਮਨਹਿ ਵਿਚਾਰਾ।
ਜਿਸਤੇ ਮੈਨੂੰ ਹੋਇਆ ਸੁਨਕੇ ਅਹੋ ਅਚੰਭਾ ਭਾਰਾ॥
ਕਿਆ ਮੈਂ ਤੇਰੇ ਦੁੱਖ ਤੇ ਡਰਦਾ ਗੁਰ ਤੇ ਮੁਖੜਾ ਮੋੜਾਂ।
ਤੋੜ ਪਰੀਤ ਚਰਨ ਗੁਰ ਕੇਰੀ ਤੇਰੇ ਵਿੱਚ ਮਨ ਜੋੜਾਂ॥ ੧੬੪॥
ਏਹ ਸੋਟਾ ਜੋ ਤੈਂ ਦਿਖਲਾਇਆ ਸੋ ਮੈਂ ਕੁਝ ਨਾ ਜਾਣਾਂ।
ਸਭ ਕੁਛ ਅਪਨੇ ਸਿਰ ਪਰ ਸਹਿਕੇ ਗੁਰ ਦਾ ਮੰਨਾਂ ਭਾਣਾਂ॥
ਚੋਰ ਠੱਗ ਅਰ ਲੋਗ ਲੁਟੇਰੇ ਜੋ ਜਗ ਪਾਪ ਕਮਾਉਨ।
ਪਾਤਸ਼ਾਹ ਦੇ ਸੋਟੇ ਕੋਲੋਂ ਸੋ ਸਦਹੀ ਡਰ ਖਾਉਨ॥ ੧੬੫॥
ਪਰ ਜੋ ਲੋਗ ਧਰਮ ਦੇ ਪਜਾਰੇ ਅਰ ਗੁਰ ਦੇ ਸਰਧਾਲੂ।
ਸੋ ਨਾ ਡਰਦੇ ਏਸ ਜ਼ੁਲਮ ਤੇ ਜਿਨ ਪਰ ਉਹ ਕ੍ਰਿਪਾਲੂ॥
ਮੈਂ ਅਪਨਾ ਸਭ ਸੁਖ ਇਸ ਵੇਲੇ ਕਰਤੇ ਅਰਪਨ ਕੀਤਾ।
ਜਿਸਦੇ ਬਦਲੇ ਜ਼ਹਰ ਪਿਆਲਾ ਇਹ ਦੁਖ ਦਾ ਹੈ ਲੀਤਾ॥੧੬੬॥
ਮੈਂ ਤਾਂ ਵਾਂਗ ਸਤੀ ਦੇ ਚਾਹਾਂ ਅਪਨੀ ਜਾਨ ਗੁਵਾਈ।
ਜਿਸਤੇ ਤੇਰੀ ਮੇਰੇ ਉੱਪਰ ਚਲਦੀ ਨਾਂ ਚਤਰਾਈ॥
ਭਾਵੇਂ ਰੱਤੀ ਰੱਤੀ ਕਰਕੇ ਲੈ ਮੈਨੂੰ ਕਟਵਾਓ।
ਕਰਕੇ ਟੁਕੜੇ ਗੇਰ ਚੁਰਾਹੇ ਜਾ ਕਾਗਾਂ ਨੂੰ ਪਾਓ॥ ੧੬੭॥
ਹੋਰ ਕਰੋ ਜੋ ਹੈ ਮਨ ਆਈ ਪਰ ਮੈਂ ਧਰਮ ਨ ਹਾਰਾਂ।
ਇਸ ਥੋੜੇ ਜੀਵਨ ਦੇ ਕਾਰਨ ਕਿਉਂ ਇਹ ਦੁੱਖ ਸਹਾਰਾਂ॥
ਧਰਮ ਰਹੇ ਤਾਂ ਸਭ ਕੁਛ ਰਹਿੰਦਾ ਅਰ ਉਸ ਖੋਏ ਮਰਦਾ।
ਲੋਕ ਪਰਲੋਕ ਨ ਮਿਲਦੀ ਢੋਈ ਧਰਮ ਹਾਨ ਜੋ ਕਰਦਾ॥ ੧੬੮॥
ਉਸ ਦਸਮੇਂ ਗੁਰ ਜੀ ਨੇ ਨਾਜ਼ਮ ਜੋ ਜਗ ਕੀਤੇ ਸਾਕੇ।
ਸੋ ਸਦ ਹੀ ਜਗ ਅਟਲ ਰਹਿੰਨਗੇ ਪੂਰੀ ਸੋਭਾ ਪਾਕੇ॥

ਕੌਨ ਉਨ੍ਹਾਂ ਦੇ ਘਰ ਨੂੰ ਖੋਹੇ ਅਰ ਜੋ ਬੁਰਾ ਤਕਾਏ ।
ਧੂੰਏਂ ਦੇ ਬੱਦਲ ਸਮ ਉਸਦਾ ਖੋਜ ਨਾ ਰਹਨਾ ਪਾਏ ॥ ੧੬੯ ॥
ਤਾਂਤੇ ਗੁਰੂ ਰਹਨ ਗੇ ਸਦ ਹੀ ਅਰ ਤਿਨਕੇ ਗੁਰਦੁਆਰੇ ।
ਆਖਰ ਨੂੰ ਉਹ ਕੂਚ ਕਰਨਗੇ ਜ਼ੁਲਮ ਕਮਾਵਨ ਹਾਰੇ ॥
ਸਾਜਿਆ ਪੰਥ ਰੂਪ ਜਿਸ ਅਪਨਾ ਸਦਾ ਰਹੇਗਾ ਆਕੀ ।
ਜਿਸਦਾ ਦੁਸ਼ਮਨ ਏਸ ਜਗਤ ਵਿੱਚ ਕੋਇ ਨ ਰਹਸੀ ਬਾਕੀ॥੧੭੦
ਤਾਂਤੇ ਮੈਂ ਹਠ ਮੂਲ ਨ ਹਾਰਾਂ ਭਾਵੇਂ ਕੁਝ ਹੀ ਹੋਵੇ ।
ਝੂਠੇ ਲਾਲਚ ਦੇ ਲੜ ਲਗਕੇ ਕੌਨ ਧਰਮ ਨੂੰ ਖੋਵੇ ॥
ਦੇਰ ਕਰਨ ਨਹਿ ਚਹੀਏ ਰਾਈ ਕਰੋ ਜੋਇ ਮਨ ਭਾਈ ।
ਮੈਂ ਕਲਗੀ ਧਰ ਪਰ ਹੈ ਅਪਨੀ ਪਯਾਰੀ ਜਾਨ ਘੁਮਾਈ॥ ੧੭੧॥
ਤੇਰੀ ਦੌਲਤ ਅਤੇ ਵਡਾਈ ਮੇਰੇ ਮਨ ਨਹਿ ਭਾਵੇ ॥
ਲੋਭੀ ਪੁਰਖ ਜਗਤ ਦਾ ਕੀੜਾ ਜਿਸ ਪਰ ਚਾ ਲਲਚਾਵੇ ॥
ਮੈਂ ਅਪਨੇ ਮਨ ਵਿੱਚ ਸਭ ਸਮਝੀ ਜੋ ਹੈ ਕਰਨੀ ਚੰਗੀ ।
ਤਾਂਤੇ ਦੇਵੋ ਜੋ ਮਨ ਆਵੇ ਮੇਰੇ ਤਾਈਂ ਤੰਗੀ ॥ ੧੭੨ ॥
ਜਦੋਂ ਨਵਾਬ ਬਹੁਤ ਕੁਛ ਕਹਕੇ ਹਾਰ ਗਿਆ ਮਨ ਮਾਹੀਂ ॥
ਆਖੇ ਇਹ ਤਾਂ ਕਿਸੇ ਤਰਾਂ ਭੀ ਬਾਤ ਸੁਨੇ ਅਬ ਨਾਹੀਂ ॥
ਤਦ ਹੋ ਕੋਪ ਕਹੀ ਸੁਨ ਮਿੱਖਾ ਮੈਂ ਹੁਣ ਪਕੜ ਮੁਕਾਵਾਂ ।
ਤੇਰੇ ਜੈਸੇ ਹਠੀਏ ਤਾਈਂ ਚੰਗੇ ਹੱਥ ਦਖਾਵਾਂ ॥ ੧੭੩ ॥
ਮਾਰ ਮਾਰ ਕਰ ਜੁੱਤੇ ਸਿਰ ਪਰ ਸਾਰੇ ਕੇਸ ਉਖਾੜੂੰ ।
ਜਿਤਨਾ ਭਰਿਆ ਗਰਭ ਮਨ ਅੰਦਰ ਨਾਲ ਕੋਟੜੇ ਝਾੜੂੰ ॥
ਜਿਸ ਸਿੱਖੀ ਦੀ ਆਕੜ ਕਰਦਾ ਸੋ ਸਿਰ ਕੇਸ ਤੁਮ੍ਹਾਰੇ ।
ਅਬੀ ਬੁਲਾਇ ਹਜਾਮ ਮੁਨਾਊਂ ਦੇਖਨਗੇ ਜਨ ਸਾਰੇ ॥੧੭੪ ॥

ਬੁਰਾ ਹਾਲ ਕਰ ਮਾਰਾਂ ਤੈਨੂੰ ਜੋ ਨਾ ਸੁਣਿਆ ਤੈਂਨੇ ।
ਪਾਤਸ਼ਾਹ ਹਨ ਨੀਮ ਖੁਦਾਈ ਹੁਕਮ ਸੁਨਾਇਆ ਮੈਂਨੇ ॥
ਸੋ ਤੈਂ ਜ਼ਰਾ ਕੰਨ ਨਹਿ ਧਰਿਆ ਅਪਨਾ ਹੀ ਹਠ ਕਰਦਾ ।
ਤੇਰੇ ਜੇਹਾ ਪਾਪੀ ਜਗ ਵਿੱਚ ਬੁਰੀ ਮੌਤ ਸੇ ਮਰਦਾ ॥ ੧੭੫ ॥
ਜਿਸ ਨੂੰ ਸੁਨਦੇ ਸਾਰ ਸਿੰਘ ਨੇ ਕਹੀ ਹੋਸ਼ ਕਰ ਖਾਨਾ ।
ਤੇਰੇ ਜੈਸੇ ਜ਼ਾਲਮ ਦਾ ਨਾ ਜਗ ਦੇ ਵਿਚ ਟਿਕਾਨਾ ॥
ਇਹ ਜੂਤੇ ਸਿਰ ਤੇਰੇ ਪੈਸਨ ਉਸ ਆਦਲ ਦੇ ਅੱਗੇ ।
ਜਿਸ ਨੇ ਸਭ ਜਗ ਪੈਦਾ ਕੀਤਾ ਅਰ ਸਭ ਚਰਨੀਂ ਲੱਗੇ ॥੧੭੬॥
ਕੌਣ ਕਮੀਨ ਭਲਾ ਤੂੰ ਦੱਸੇਂ ਜੋ ਐਸਾ ਹੈ ਆਕੀ ।
ਬੁਰਾ ਕਰਨ ਹਾਰੇ ਦੀ ਜਗ ਵਿੱਚ ਰਹਿੰਦੀ ਕੋਇ ਨ ਬਾਕੀ ॥
ਤੂੰ ਹੈ ਕੌਣ ਕੰਗਾਲ ਭਲਾ ਜੋ ਇਤਨੀ ਕਰੇਂ ਗਰੂਰੀ ।
ਤੈਥੋਂ ਵਡੇ ੨ ਜੋ ਦੁਰਜਨ ਮਿਲਦੇ ਦੇਖੇ ਧੂਰੀ ॥੧੭੭ ॥
ਰਾਵਨ ਕੰਸ ਅਤੇ ਦੁਰਜੋਦਨ ਜਾਂਦੇ ਨਜ਼ਰ ਨ ਆਏ ।
ਅਠਤਾਲੀ ਕੋਹ ਜਿਨ੍ਹਾਂ ਨੇ ਅਪਨੇ ਸਿਰ ਸੇ ਛਤ੍ਰ ਝੁਲਾਏ ॥
ਵੱਡੇ ੨ ਜੋ ਪੀਰ ਪੈਗੰਬਰ ਦਾਹਵੇ ਕਰਨ ਖੁਦਾਈ ॥
ਇਸ ਮੌਤ ਨੇ ਇੱਕ ਪਲ ਅੰਦਰ ਸਾਰੀ ਅਲਖ ਚੁਕਾਈ ॥ ੧੭੮ ॥
ਫਿਰ ਤੂੰ ਕਿਆ ਹੈਂ ਲੋਗ ਕਮੀਨਾ ਅਰ ਜ਼ਾਲਮ ਬਦਕਾਰੀ ॥
ਜਿਸ ਦੇ ਹੱਥੋਂ ਭਲਾ ਨ ਹੋਵੇ ਜਾਣੇ ਖਲਕਤ ਸਾਰੀ ॥
ਕਦੋਂ ਰਹੇਗਾ ਇਸ ਦੁਨੀਆਂ ਪਰ ਅਪਨਾ ਜ਼ੋਰ ਦਖਾਂਦਾ ।
ਰੱਖੀਂ ਯਾਦ ਨਜ਼ਰ ਨਹਿ ਆਵੇ ਏਸ ਜਹਾਨੋਂ ਜਾਂਦਾ ॥ ੧੭੯ ॥
ਜਦ ਇਹ ਕਹੀ ਸਿੰਘ ਨੇ ਤਪਕੇ ਤਦ ਨਵਾਬ ਦੁਖ ਪਾਏ ।
ਲੱਗਾ ਕਹਿਨ ਦੇਖ ਹੁਣ ਤੈਨੂੰ ਦੇਸਾਂ ਮਜ਼ਾ ਚਖਾਏ ।

50635

ਜਿਨ ਕੇਸਾਂ ਦਾ ਮਾਨ ਕਰੇਂਦਾ ਹੁਣ ਸਭ ਰਾ ਮੁੰਡਵਾਊਂ ।
ਅਪਨੇ ਜੇਹਾ ਕਰ ਸਿਰ ਤੇਰਾ ਲੋਗਾਂ ਨੂੰ ਦਿਖਰਾਊਂ ॥ ੧੯੦ ॥
ਇਤਨਾ ਕਹਕੇ ਹੁਕਮ ਸੁਨਾਇਆ ਜਾਹੁ ਗੁਲਾਮ ਸ਼ਤਾਬੀ ।
ਨਾਈ ਤੁਰਤ ਲਿਆਉ ਬੁਲਾਕੇ ਹੋਵੇ ਦੂਰ ਖਰਾਬੀ ।
ਜਿਸ ਨੂੰ ਸੁਨਦੇ ਨਫਰ ਗਿਆ ਤਦ ਲੈ ਨਾਈ ਨੂੰ ਆਇਆ ।
ਕਈ ਮਲੇਛਾਂ ਨੇ ਉਸ ਵੇਲੇ ਕਾਬੂ ਸਿੰਘ ਕਰਾਇਆ ॥ ੧੯੧ ॥
ਪਰ ਪਰਮੇਸ਼ੂਰ ਦੀ ਇਹ ਇੱਛਾ ਪੂਰੀ ਹੋਨੀ ਚਾਹੇ ।
ਸਣੇ ਖੋਪਰੀ ਇਸਦੇ ਸਿਰਦੀ ਦੇਖੋ ਕਰਤਾ ਲਾਹੇ ॥
ਲਗਾ ਉਤਾਰਨ ਕੇਸ ਜਦੋਂ ਓਹ ਨਾਈ ਕੈਂਚੀ ਲੈਕੇ ।
ਉਤਰਨ ਮੂਲ ਨਾ ਦੇਂਦਾ ਸਿਦਕੀ ਨਾਮ ਗੁਰੂ ਦਾ ਲੈਕੇ ॥ ੧੯੨ ॥
ਜਿਤਨਾ ਜ਼ੋਰ ਸਭੇ ਮਿਲ ਲਾਉਨ ਪਰ ਨਾ ਕਾਬੂ ਚੱਲੇ ।
ਨਾਲ ਸੂਰਮੇਂ ਦੇ ਓਹ ਸਾਰੇ ਘੁਲਨ ਅਖਾੜਾ ਮੱਲੇ ॥
ਨਾਈ ਹੋਇ ਹਰਾਨ ਗਿਆ ਅਰ ਕਹੀ ਨਵਾਬ ਹਜ਼ੂਰੇ ।
ਮੈਂ ਤਾਂ ਇਸਦੇ ਕੇਸ ਨ ਕੱਪਾਂ ਜੋ ਹੈ ਸਿਦਕੀ ਪੂਰੇ ॥ ੧੯੩ ॥
ਅਪਨੀ ਵਾਹ ਸਗਲ ਮੈਂ ਲਾਈ ਪਰ ਕੁਛ ਪੇਸ਼ ਨ ਜਾਂਦੀ ।
ਕੈਂਚੀ ਮੇਰੀ ਇਸਦੀ ਵੱਲੇ ਭੁੱਲ ਨ ਖਾਨ ਵਗਾਂਦੀ ।
ਜਿਸ ਤੇ ਹੋਰ ਉਪਾਇ ਕਰੋ ਕੁਛ ਜੋ ਮਨ ਅੰਦਰ ਆਵੇ ।
ਮੇਰੀ ਵਾਹ ਏਸ ਦੇ ਉੱਪਰ ਮੂਲ ਨ ਕੋਈ ਜਾਵੇ ॥ ੧੯੪ ॥
ਜਿਸ ਪਰ ਹੋਇ ਹਰਾਨ ਓਸ ਨੇ ਕਹੀ ਸੁਨੋ ਤੁਮ ਭਾਈ ।
ਦੇਖਾਂ ਗਾ ਇਹ ਕਿਤਨਾ ਚਿਰ ਫਿਰ ਲੇਵੇ ਕੇਸ ਬਚਾਈ ॥
ਤੁਰਤ ਹੁਕਮ ਫਿਰ ਦਿੱਤਾ ਉਸ ਨੇ ਮੋਚੀ ਰਾਇ ਬੁਲਾਇਆ ॥
ਰੰਬੀ ਨਾਲ ਕੇਸ ਤਦ ਉਸ ਦੇ ਚਾਹੇ ਸੋ ਕਟਵਾਇਆ ॥ ੧੯੫ ॥

ਜਿਸ ਪਰ ਮੋਚੀ ਜ਼ੋਰ ਲਾਇਕੇ ਕਰ ਥੱਕਾ ਸਭ ਹੀਲੇ ।
ਕੋਈ ਢੰਗ ਨ ਆਵੇ ਉਸਨੂੰ ਕਟੇ ਕੇਸ ਰੰਗੀਲੇ ॥
ਜਿਸ ਪਰ ਉਨ ਭੀ ਕੀਤਾ ਆਕੇ ਚਾ ਇਨਕਾਰ ਅਜੇਹਾ ।
ਜਿਸ ਤੇ ਪਹਲੇ ਨਾਈ ਨੇ ਸੀ ਕੀਤਾ ਚਾਇ ਅਵੇਹਾ ॥ ੧੯੬ ॥
ਉਸ ਪਰ ਫੇਰ ਨਵਾਬ ਕੋਪ ਕਰ ਤੁਰਤ ਤਖਾਨ ਬੁਲਾਇਆ ।
ਨਾਲ ਜ਼ੋਰ ਦੇ ਸਿੰਘ ਸੂਰਮਾਂ ਧਰ ਪਰ ਚਾਇ ਬਠਾਇਆ ॥
ਨਾਲ ਸਿਦਕ ਦੇ ਮਸਤ ਹੋਇ ਕੇ ਪੀਤਾ ਸਬਰ ਪਿਆਲਾ ।
ਹੋਇ ਖਮੋਸ਼ ਬਹਿਆ ਧਰ ਉਪਰ ਕਰਕੇ ਜੀਉ ਸੁਖਾਲਾ ॥ ੧੯੭ ॥
ਭਾਣਾ ਮੰਨ ਅਕਾਲ ਪੁਰਖ ਦਾ ਅਰ ਇੱਛਾ ਗੁਰ ਕੇਰੀ ।
ਇਸ ਦੁਖੜੇ ਦੇ ਸਹਨੇ ਕਾਰਨ ਕੀਤੀ ਸਿੰਘ ਦਲੇਰੀ ॥
ਮੂਲ ਨ ਮਨ ਵਿੱਚ ਤੰਗੀ ਆਈ ਅਰ ਨਾ ਆਹ ਉਭਾਰੀ ।
ਪਕੜ ਤਖਾਨ ਸੱਥਰੀ ਅਪਨੀ ਉਪਰ ਸਿਰ ਦੇ ਮਾਰੀ ॥ ੧੯੮ ॥
ਜਿਉ ਲੱਕੜੀ ਨੂੰ ਚੀਰੇ ਕੋਈ ਨਾਲ ਸੱਥਰੀ ਤੇਸੇ ।
ਤਿਉ ਉਹ ਲਗਾ ਖੋਪਰੀ ਤੋੜਨ ਦਰਦ ਨ ਕਰਦਾ ਲੇਸੇ ॥
ਨਾਲ ਬਹੋਲੇ ਸਿਰ ਤੇ ਲਾਹੀ ਅੱਧੀ ਖੋਪਰ ਫੜਕੇ ।
ਜਿਸ ਪਰ ਸਿੰਘ ਨ ਆਹ ਉਚਾਰੀ ਬੈਠਾ ਹੋਇ ਨ ਧੜਕੇ ॥ ੧੯੯ ॥
ਜਦੋਂ ਤਖਾਣ ਮਾਰ ਕਰ ਤੇਸ਼ਾ ਸਿਰ ਤੇ ਖੋਪਰ ਲਾਹੀ ।
ਕੇਸਾਂ ਸਣੇ ਉਤਾਰ ਓਸ ਨੇ ਦਿੱਤੀ ਹੱਥ ਸਪਾਹੀ ॥
ਲੈ ਨਵਾਬ ਦੇ ਅੱਗੇ ਕੀਤੀ ਜਦ ਉਨ ਹੱਥੀਂ ਫੜਕੇ ।
ਤਦ ਸੂਬੇ ਨੇ ਨਾਲ ਜੋਰ ਦੇ ਬੋਲ ਸੁਨਾਇਆ ਖੜਕੇ ॥ ੧੯੦ ॥
ਦੇਖੋ ਸਭ ਪਰਜਾ ਦੇ ਲੋਗੋ ਇਹ ਹੈ ਹਾਲ ਤਿਨਾਂ ਦਾ ।
ਸਿੰਘ ਕਹਾਕੇ ਆਕੀ ਹੋਨਾ ਸਾਡੇ ਨਾਲ ਜਿਨਾਂ ਦਾ ।

ਕਿੱਥੇ ਗਿਆ ਕਹੋ ਹਠ ਇਸ ਦਾ ਜੋ ਸੀ ਅੱਗੋਂ ਲੜਦਾ।
ਇਕ ਇਕ ਬਾਤਾਂ ਦਾ ਜੋ ਉੱਤ੍ਰ ਹੈ ਸੀ ਸੌ ਸੌ ਘੜਦਾ॥ ੧੯੧॥
ਫਿਰ ਤਿਨ ਕਹੀ ਸਿੰਘ ਨੂੰ ਮੁਖ ਤੇ ਕਹੋ ਖਾਲਸਾ ਭਾਈ।
ਹੁਣ ਤਾਂ ਸਜ਼ਾ ਤੁੱਧ ਨੇ ਮੈਥੋਂ ਕਰਨੀ ਦੀ ਹੈ ਪਾਈ॥
ਪਰ ਤੂੰ ਆਪ ਮੰਨ ਜੇ ਲੈਂਦਾ ਮੇਰਾ ਆਖਾ ਜੋਈ।
ਤਾਂ ਇਹ ਵਿਸ਼ਾ ਖਰਾਬ ਤੁਸਾਂ ਦੀ ਮੂਲ ਨ ਦੇਖੇ ਕੋਈ॥ ੧੯੨॥
ਪਰ ਤੈਂ ਕਹੀ ਨ ਮੰਨੀ ਮੇਰੀ ਅਰ ਨਾ ਸੁਨੀ ਪਜਾਰੇ।
ਇਸੇ ਵਾਸਤੇ ਹਾਲ ਤੁਸਾਡਾ ਅੱਗੇ ਭਇਆ ਹਮਾਰੇ॥
ਪਾਤਸ਼ਾਹ ਦੇ ਨਾਲ ਝਗੜਨਾ ਹੈ ਇਹ ਨਰਕ ਨਿਸ਼ਾਨੀ।
ਨੀਮ ਖੁਦਾਇ ਏਸ ਨੂੰ ਆਖਨ ਸਾਰੇ ਜਗ ਦੇ ਪ੍ਰਾਨੀ॥ ੧੯੩॥
ਦੇਖ ਅਚਾਨਕ ਜਾਨ ਗੁਵਾਈ ਕਰਕੇ ਮੂਰਖਤਾਈ।
ਏਹ ਨਿਆਮਤ ਅਰ ਸੁਖ ਭਾਰੇ ਕਿੱਥੇ ਤੈਨੂੰ ਭਾਈ॥
ਜਾਹੁ ਨਰਕ ਨੂੰ ਹੁਣ ਤੂੰ ਸਿੱਧਾ ਮੂਲ ਨਾ ਮੁੜਕੇ ਆਵੈਂ।
ਏਸ ਕੰਮ ਦਾ ਬਦਲਾ ਅੱਗੇ ਕਰਤੇ ਕੋਲੋਂ ਪਾਵੇਂ॥ ੧੯੪॥
ਏਥੇ ਦੁਖ ਤੈਂ ਵੇਖ ਲਿਆ ਹੈ ਇੱਕ ਦੋ ਦਿਨ ਦਾ ਜੈਸੇ।
ਇਸ ਥੋਂ ਕਈ ਗੁਣਾਂ ਫਿਰ ਜ਼ਿਆਦਾ ਅੱਗੇ ਮਿਲਸੀ ਤੈਸੇ॥
ਸਦਾ ਲਈ ਅਗਨੀ ਦੇ ਅੰਦਰ ਤਪਸੇਂ ਲੋਹੇ ਜੈਸਾ।
ਕਰਸੀ ਕੌਨ ਸਫਾਰਸ਼ ਤੇਰੀ ਔਲਾ ਅੱਗੇ ਕੈਸਾ॥ ੧੯੫॥
ਜਦ ਇਹ ਕਹੀ ਨਵਾਬ ਸਿੰਘ ਨੂੰ ਤਦ ਓਹ ਲਹੂ ਲੁਹਾਣਾ।
ਬੋਲਨਾ ਨਾਲ ਕੋਪ ਦੇ ਐਸਾ ਜਿਉਂ ਕੇਹਰ ਜ਼ਖਮਾਨਾ॥
ਕਹੀ ਨਵਾਬ ਬਸ ਕਰ ਏਥੇ ਤੈਂ ਕਜਾ ਹੈ ਕਰ ਲੀਤਾ।
ਇਹ ਠੀਕਰ ਜੋ ਦੇਹੀ ਮੇਰੀ ਖੂਨ ਇਸੇ ਦਾ ਕੀਤਾ॥ ੧੯੬॥

ਜਿਸ ਦੇ ਬਦਲੇ ਨਾਲ ਤੂੰਧ ਦੇ ਹੋਸੀ ਹਾਲ ਅਵੇਹਾ।
ਨਾਲ ਜ਼ੁਲਮ ਦੇ ਸਾਥ ਮੁੱਝ ਦੇ ਤੈਂ ਹੈ ਕੀਤਾ ਜੇਹਾ॥
ਬਾਤ ਸੱਚ ਦੀ ਸੁਣ ਤੂੰ ਮੈਥੋਂ ਜੋ ਹੈ ਅੱਗੇ ਜਾਣਾ।
ਤਾਂ ਤੂੰ ਸਮਝੇ ਕਾਦਰ ਅੱਗੇ ਨਾਹੀਂ ਤੁੱਧ ਟਕਾਣਾ॥ ੧੯੭॥
ਮੈਂ ਹਾਂ ਨੌਕਰ ਉਸ ਸ਼ਾਹ ਦਾ ਚੌਦਾਂ ਤਬਕ ਜਿਸੀ ਦੇ।
ਭਰਦੇ ਏਨ ਸਦਾ ਦਿਨ ਰਾਤੀ ਹੋਇ ਅਧੀਨ ਤਿਸੀ ਦੇ॥
ਉਸ ਦੇ ਭਾਣੇਂ ਅੰਦਰ ਮੈਨੂੰ ਰੰਚਕ ਦੁਖ ਨਾ ਪਜਾਰੇ।
ਮੈਂ ਤਾਂ ਸਭ ਇਹ ਦੁਖੜੇ ਤੇਰੇ ਸੁਖ ਕਰ ਆਪ ਸਹਾਰੇ॥ ੧੯੮॥
ਦੋਜ਼ਖ ਅੱਗ ਨਹੀਂ ਹੈ ਸਾਨੂੰ ਇਹ ਸਭ ਹਿੱਸੇ ਤੇਰੇ।
ਬੇਰਹਮਾਂ ਅਰ ਬੇਈਮਾਨਾਂ ਆਪੇ ਹੀ ਜਮ ਘੇਰੇ॥
ਅਸੀਂ ਗੁਰੂ ਦੇ ਸਿੰਘ ਸੂਰਮੇਂ ਜਮ ਦੀ ਕਾਣ ਚੁਕਾਈ।
ਜਿਸ ਤੇ ਮੌਤੋਂ ਸਾਨੂੰ ਨਾਹੀਂ ਰੰਚਕ ਭੀ ਡਰ ਭਾਈ॥ ੧੯੯॥
ਸੁਨਕੇ ਬਚਨ ਸਿੰਘ ਦੇ ਐਸੇ ਅਜੇ ਨ ਡਰਦਾ ਪਾਪੀ।
ਸਗੋਂ ਹੋਰ ਦੇਨ ਦੁਖ ਲੱਗਾ ਸੀ ਜਿਸ ਬੁੱਧ ਸਰਾਪੀ॥
ਆਖੀ ਅਜੇ ਸਾਮ੍ਹਨੇ ਬੋਲੇਂ ਸਿਰ ਅੱਧਾ ਕਟਵਾਕੇ।
ਅਰ ਮੈਨੂੰ ਨਾ ਸ਼ਾਂਤ ਆਵੰਦੀ ਇਸ ਤੇ ਬੁਰਾ ਕਹਾਕੇ॥ ੨੦੦॥
ਦਿੱਤਾ ਹੁਕਮ ਜਲਾਦਾਂ ਤਾਈਂ ਹੁੱਕ ਖੋਪਰੀ ਲੇਵੋ।
ਤੂੜ੍ਹ ਦੇ ਨਾਲ ਭਰੋ ਚਾ ਇਸ ਨੂੰ ਹੱਥ ਏਸ ਦੇ ਦੇਵੋ॥
ਜਿਨ ਕੇਸਾਂ ਦੇ ਕਾਰਨ ਇਸ ਨੇ ਸਿਰ ਦੀ ਖਲ ਲੁਹਾਈ।
ਸੋ ਹੁਨ ਦੇਖੇ ਸਨਮੁਖ ਅਪਨੇ ਤੂੜੀ ਨਾਲ ਭਰਾਈ॥ ੨੦੧॥
ਉਸੇ ਸਮਯ ਜਲਾਦਾਂ ਨੇ ਸੀ ਭਰੀ ਖੋਪਰੀ ਸਾਰੀ।
ਤੂੜੀ ਨਾਲ ਬਨਾਕੇ ਚੰਗੀ ਕੇਸੋਂ ਪਕੜ ਵਿਚਾਰੀ॥

ਰੱਖਾਂ ਚਾਇ ਸਿੰਘ ਦੇ ਸਨਮੁਖ ਕਹੀ ਦੇਖ ਇਹ ਭਾਈ।
ਪਾਤਸ਼ਾਹ ਦੇ ਦੁਸ਼ਮਨ ਨੇ ਹੈ ਐਸੀ ਪਦਵੀ ਪਾਈ॥ ੨੦੨॥
ਜਿਸ ਪਰ ਸਿੱਖ ਨ ਮਨ ਵਿੱਚ ਡੋਲਿਆ ਰਿਹਾ ਬਹਾਦਰ ਪੱਕਾ।
ਜਾਨ ਜ਼ੁਲਮ ਨੂੰ ਜ਼ਾਲਮ ਵੱਲੋਂ ਬੁਰਾ ਕਹਰ ਦਾ ਧੱਕਾ॥
ਮਸਤਕ ਵਿੱਚ ਵੱਟ ਨਾ ਪਾਇਆ ਅਰ ਨਾ ਨੈਨ ਵਹਾਏ।
ਨਾਲ ਸਬਰ ਦੇ ਬੈਠਾ ਮੁਖ ਤੇ ਵਾਹਿਗੁਰੂ ਗੁਣ ਗਾਏ॥ ੨੦੩॥
ਮਾਰ ਚੌਕੜੀ ਲਾਇ ਸਮਾਧੀ ਬੈਠਾ ਗੁਰੂ ਧਿਆਵੇ।
ਜੋ ਸਿਰ ਬੀਤੀ ਕਰਤੇ ਵੱਲੋਂ ਜਾਨਨ ਮਨ ਦੁਖ ਪਾਵੇ॥
ਵੱਗੇ ਧਾਰ ਲਹੂ ਦੀ ਸਿਰ ਥੋਂ ਜਿਉਂ ਚਸ਼ਮਾ ਗਿਰ ਵਿੱਚੋਂ।
ਦੇਖਨ ਲੋਗ ਕਹਨ ਕਜਾ ਲੀਤਾ ਤੈਂ ਸਿੱਖਾ ਇਸ ਖਿੱਚੋਂ॥੨੦੪॥
ਪਰ ਉਹ ਰਿਹਾ ਅਡੋਲ ਰਿਦੇ ਵਿੱਚ ਲੋਹੂ ਭਰਿਆ ਸਾਰਾ।
ਜਿਉਂ ਹੋਲੇ ਵਿੱਚ ਨਾਲ ਰੰਗ ਦੇ ਭਰੇ ਪੁਸ਼ਾਕਾ ਭਾਰਾ॥
ਸਾਰਾ ਚਿਹਰਾ ਨਾਲ ਲਹੂ ਦੇ ਹੋਇਆ ਲਾਲ ਗੁਲਾਲਾ।
ਪਰ ਉਸ ਸਿਦਕੀ ਇੱਕ ਬਚਨ ਨਾ ਦੁਖ ਦਾ ਮੁਖੋਂ ਨਿਕਾਲਾ॥੨੦੫॥
ਦੇਖ ਹਾਲ ਸਭ ਸ਼ਹਿਰ ਨਿਵਾਸੀ ਤ੍ਰਾਹ ਤ੍ਰਾਹ ਕਰ ਉੱਠੇ।
ਆਖਨ ਆਇ ਗਏ ਹਨ ਯਾਰੋ ਦਿਨ ਤੁਰਕਾਂ ਦੇ ਪੁੱਠੇ॥
ਏਹੋ ਜੇਹਾ ਕੰਮ ਨ ਕਰਦੇ ਰਾਜੇ ਪਰਜਾ ਵਾਲੀ।
ਜਿਸ ਤੇ ਸਾਬਤ ਹੁੰਦਾ ਦਿਸਦਾ ਹੱਥ ਇਨ੍ਹਾਂ ਦਾ ਖਾਲੀ॥ ੨੦੬॥
ਐਸੀ ਬੁਰੀ ਕਮੌਤ ਮਾਰਨਾ ਜੋ ਹੈ ਵਡ ਦੁਖਦਾਈ।
ਕਹੋ ਭਲਾ ਫਿਰ ਕਰਤੇ ਅੱਗੇ ਕੀ ਹੋਸੀ ਵਡਿਆਈ॥
ਘਰ ਘਰ ਦੇ ਵਿੱਚ ਚਰਚਾ ਹੋਈ ਕਰਨ ਲੋਗ ਮਿਲ ਸਾਰੇ।
ਆਖਨ ਇਹ ਤਾਂ ਕਹਰ ਖ਼ੁਦਾਈ ਵਰਤਿਆ ਨਾਲ ਵਿਚਾਰੇ॥੨੦੭॥

ਪਰ ਹੈ ਪੰਨਨ ਸਿਦਕ ਦਾ ਪੂਰਾ ਸਭ ਦੁਖ ਸਿਰ ਪਰ ਸਹਿੰਦਾ।
ਪਰ ਉਹ ਫਿਰ ਭੀ ਆਹ ਦੁਖ ਤੇ ਨਾ ਮੁਖ ਵਿੱਚੋਂ ਕਹਿੰਦਾ॥
ਜਿਸ ਦਾ ਸਬਰ ਓਸ ਨੂੰ ਪੈਸੀ ਜੋ ਹੈ ਜ਼ਾਲਮ ਭਾਰਾ।
ਕਹੋ ਕਦੋਂ ਹੈ ਰੱਬ ਬਚਾਇਆ ਜੋ ਦੁਖ ਦੇਵਨ ਹਾਰਾ॥ ੨੦੮॥
ਸਾਰੇ ਸ਼ਹਿਰ ਵਿੱਚ ਜਦ ਹੋਈ ਇਹ ਬੁਰਆਈ ਭਾਰੀ।
ਕਰ ਹਟਤਾਲ ਬਹੇ ਸਭ ਸ਼ਹਿਰੀ ਨੈਨਨ ਤੇ ਜਲ ਜਾਰੀ॥
ਫਿਰ ਪਰਮੇਸ਼ੂਰ ਅੱਗੇ ਮੰਗਨ ਹੱਥ ਉਠਾਕੇ ਏਹਾ।
ਕਰ ਇਨਸਾਫ ਅਹੋ ਹੇ ਆਦਲ ਜ਼ੁਲਮ ਏਸ ਦਾ ਜੇਹਾ॥ ੨੦੯॥
ਖਾਨ ਪਾਨ ਸਭ ਤਜ ਕਰ ਸੂਰਾ ਬੈਠਾ ਗੁਰੂ ਧਿਆਵੇ।
ਅਪਨੇ ਸਾਕੇ ਦਾ ਦੁੱਖ ਸਾਰਾ ਮੂਲ ਨ ਮੁਖੋਂ ਸੁਨਾਵੇ॥
ਭਾਣਾਂ ਮੰਨ ਅਕਾਲ ਪੁਰਖ ਦਾ ਕਰਦਾ ਨਹੀ ਅੰਦੇਸਾ।
ਇੱਕ ਇੱਕ ਦਮ ਉਸ ਦਾ ਸੀ ਦੇਂਦਾ ਕਰਤੇ ਪਾਸ ਸੰਦੇਸਾ॥੨੧੦॥
ਸੁੰਨੇਸਾਨ ਜਹਾਨ ਛਾਇਆ ਕੰਬੀ ਧਰਤੀ ਸਾਰੀ।
ਤ੍ਰਾਹ ਤ੍ਰਾਹ ਮਿਲ ਕਰਦੇ ਸਾਰੇ ਨਗਰੀ ਦੇ ਨਰ ਨਾਰੀ॥
ਕਰਕੇ ਬੰਦ ਘਰਾਂ ਦੇ ਬੂਹੇ ਬੈਠੇ ਕਰਨ ਪੁਕਾਰਾਂ।
ਓਸ ਅਕਾਲ ਪੁਰਖ ਦੇ ਅੱਗੇ ਨੈਨੋਂ ਵਗਨ ਫੁਹਾਰਾਂ॥ ੨੧੧॥
ਹੇ ਕਰਤਾਰ ਸਦਾ ਤੈਂ ਰੱਖਯਾ ਕੀਤੀ ਭਗਤਾਂ ਕੇਰੀ।
ਵਡੇ ਵਡੇ ਦੁਸ਼ਟਾਂ ਨੂੰ ਪਲ ਵਿੱਚ ਕਰਾ ਖਾਕ ਦੀ ਢੇਰੀ॥
ਪਰ ਤੈਂ ਅਪਨੇ ਭਗਤਾਂ ਦੀ ਸੀ ਰੱਖੀ ਲਾਜ ਅਜਹੀ।
ਰੰਚਕ ਨਾ ਦੁਖ ਦੇਖਨ ਪਾਏ ਤਜ ਦੇ ਜਦ ਇਹ ਦੇਹੀ॥ ੨੧੨॥
ਏਸ ਅਨਾਥ ਸਿੰਘ ਦਾ ਕੀਤਾ ਇਸ ਨਾਜ਼ਮ ਨੇ ਸਾਕਾ।
ਜਿਸ ਤੇ ਕੰਬ ਗਿਆ ਜਗ ਸਾਰਾ ਦੇਖ ਗਜ਼ਬ ਦਾ ਝਾਕਾ॥

ਕਿਆ ਜਾਣਾਂ ਕਜਾ ਤੇਰੀ ਮਰਜ਼ੀ ਕਰਨੀ ਸਾਹਿਬ ਸੱਚੇ ।
ਕਰਕੇ ਜ਼ੁਲਮ ਰਹਨ ਕਿਉਂ ਜ਼ਿੰਦੇ ਇਸ ਧਰਤੀ ਪਰ ਕੱਚੇ ॥੨੧੩॥
ਐਸਾ ਕਰੁਨ ਸ਼ੋਕ ਸਭ ਬੈਠੇ ਮੂਲ ਨ ਕਿਸੇ ਸੁਨਾਉਨ ।
ਅੰਦਰ ਅਗ ਅੰਦਰ ਧੂਆਂ ਅੱਖੀਂ ਨੀਰ ਵਹਾਉਨ ॥
ਸਾਰੇ ਸ਼ਹਿਰ ਵਿੱਚ ਸੀ ਵਰਤੀ ਉਸ ਵੇਲੇ ਆਹ ਜ਼ਾਰੀ ।
ਕੋਈ ਨ ਸੁਨਦਾ ਕਹੀ ਕਿਸੇ ਦੀ ਬੈਠੇ ਆਪ ਵਿਸਾਰੀ ॥੨੧੪॥
ਜਦ ਇਹ ਖ਼ਬਰ ਮਿਲੀ ਆ ਨਾਜ਼ਮ ਹੈ ਬਰਖ਼ੱਲ ਘਨੇਰਾ ।
ਡਰਿਆ ਮਨ ਵਿੱਚ ਸੋਚ ਬਾਤ ਇਹ ਵਧੂ ਫ਼ਸਾਦ ਵਧੇਰਾ ॥
ਐਸਾ ਨਾ ਹੋ ਗਦਰ ਸ਼ਹਿਰ ਵਿੱਚ ਪੈ ਜਾਵੇ ਇਕ ਵੇਰੀ ।
ਜਿਸ ਤੇ ਅੱਗੇ ਪਾਤਸ਼ਾਹ ਦੇ ਰਹੇ ਨਹੀਂ ਪਤ ਮੇਰੀ ॥ ੨੧੫॥
ਤਦ ਤਦਬੀਰ ਓਸ ਇਹ ਸੋਚੀ ਹੈ ਕਰਨੀ ਅਬ ਚੰਗੀ ।
ਮੁਰਦੇ ਜੈਸੀ ਦੇਹ ਏਸ ਦੀ ਦੇਵੇ ਚਾ ਸ਼ਾਨ ਲੰਗੀ ॥
ਜਿਸ ਤੇ ਲੈ ਜਾਵਨਗੇ ਇਸ ਨੂੰ ਰੱਖਨ ਪਾਸ ਬਚਾਕੇ ।
ਜੋ ਮਰ ਗਿਆ ਆਪ ਘਰ ਬੈਸੁਨ ਮਰਘਟ ਵਿੱਚ ਜਲਾਕੇ ॥੨੧੬॥
ਜਿਸ ਤੇ ਤੁਰਤ ਸ਼ਹਿਰ ਦੇ ਸਿੱਖਾਂ ਚਾਇ ਬੁਲਾਇ ਸੁਨਾਇਆ ।
ਇਹ ਤਾਰੂ ਸਿੰਘ ਸਿੰਘ ਤੁਸਾਡਾ ਕਾਬੂ ਸਾਡੇ ਆਇਆ ॥
ਜਿਸ ਨੂੰ ਸਜ਼ਾ ਮਿਲੀ ਸਰਕਾਰੋਂ ਇਸ ਦੀ ਕਰਨੀ ਪਿੱਛੇ ।
ਸੋਈ ਕਰਨ ਪਾਤਸ਼ਾਹ ਜਗ ਦੇ ਜੋ ਕੁਛ ਹੁੰਦੀ ਇੱਛੇ ॥ ੨੧੭॥
ਸੋ ਹੁਨ ਇਹ ਹੈ ਮਾਲ ਤੁਸਾਡਾ ਅਰ ਹੈ ਧਰਮੀ ਭਾਈ ।
ਜਿਸ ਨੂੰ ਲੈ ਜਾਵੋ ਵਿੱਚ ਘਰਦੇ ਲੇਵੋ ਜਾਨ ਬਚਾਈ ॥
ਸਾਨੂੰ ਇਸ ਦੇ ਨਾਲ ਹੋਰ ਕੁਛ ਰਿਹਾ ਨਾ ਕੰਮ ਪਜਾਰੇ ।
ਜਿਸ ਤੇ ਘਾਇਲ ਹੈ ਦੁਖ ਸਹਿੰਦਾ ਦਿਆਂ ਹਵਾਲੇ ਥਾਰੇ ॥੨੧੮॥

ਇਤਨਾ ਸੁਨਕੇ ਨਗਰ ਨਿਵਾਸੀ ਨੈਨ ਨੀਰ ਭਰ ਆਏ ।
ਚੁੱਕ ਸ਼ਹੀਦ ਲਹੂ ਦਾ ਭਰਿਆ ਅਪਨੇ ਪਾਸ ਲਿਆਏ ॥
ਚੰਗੀ ਜਾਗਾ ਪਰ ਜਾ ਧਰਿਆ ਅਰ ਖ਼ਾਤਰ ਕਰ ਚੰਗੀ ।
ਪਰ ਉਨ ਸਿਦਕੀ ਇੱਕ ਬਾਤ ਭੀ ਅਪਨੇ ਹਿਤ ਨਾ ਮੰਗੀ ॥੨੧੯॥
ਜਦ ਉਹ ਸਿਦਕੀ ਸਿੰਘ ਰੰਗੀਲਾ ਬੈਠਾ ਗੁਰੂ ਧਿਆਵੇ ।
ਲੌਹੂ ਨਾਲ ਭਰਿਆ ਤਨ ਸਾਰਾ ਜਿਉਂ ਪਰਬਤ ਝਰਨਾਵੇ ॥
ਕਰਨ ਸਿੰਘ ਸਭ ਸੇਵਾ ਬੈਠੇ ਅਰ ਕਰਦੇ ਅਰਦਾਸੇ ।
ਹੇ ਕਲਗੀਧਰ ਕਰੋ ਆਪ ਹੀ ਇਨ ਤੁਰਕਨ ਕੋ ਨਾਸੇ ॥ ੨੨੦ ॥
ਏਧਰ ਸਿੰਘ ਦੇਖ ਦੁਖਿਆਰਾ ਕੰਬ ਗਈ ਧਰ ਸਾਰੀ ।
ਅਰ ਅਕਾਸ ਭੀ ਡੋਲ ਖਲੋਤਾ ਦੇਖ ਪਾਪ ਵਡ ਭਾਰੀ ॥
ਸੀ ਫਰਯਾਦ ਓਸ ਦੀ ਪਹੁੰਚੀ ਉਸ ਕਰਤਾ ਦੇ ਅੱਗੇ ।
ਜਿਸਨੂੰ ਬਦਲਾ ਲੈਂਦਿਆਂ ਵੇਲੇ ਇੱਕ ਪਲ ਮੂਲ ਨ ਲੱਗੇ ॥੨੨੧॥
ਜਿਸ ਤੇ ਅਪਨਾ ਕਹਰ ਓਸ ਪਰ ਨਾਜ਼ਲ ਕੀਤਾ ਕਰਤੇ ।
ਕਦੋਂ ਨਿਆਇ ਨਹੀਂ ਕਿਨ ਪਾਇਆ ਉਸ ਆਦਲ ਦੇ ਦਰ ਤੇ ?
ਅਪਨੇ ਭਗਤਾਂ ਦਾ ਜੋ ਹੁੰਦਾ ਸਦ ਹੀ ਆਨ ਸਹਾਈ ।
ਸਮਜ ਸਮਜ ਪਰ ਰੱਖਦਾ ਆਇਆ ਪੈਜ ਧਰਮ ਦੀ ਸਾਈ॥ ੨੨੨॥
ਜਿਸ ਤੇ ਉਸ ਨਵਾਬ ਨੂੰ ਦੇਖਣਾ ਸੀ ਜ਼ਾਲਮ ਵਡ ਖੂੰਨੀ ।
ਦੇਨੀ ਸਜ਼ਾ ਚਹੀ ਤਦ ਕਰਤੇ ਕਰ ਭਾਣਾਂ ਅੰਦਰੂਨੀ ॥
ਜਿਸ ਤੇ ਪੇਟ ਅਫਾਰਾ ਚੜ੍ਹਿਆ ਅਰ ਦੁਖਾਂ ਨੇ ਘੇਰਾ ।
ਹਾਇ ਹਾਇ ਕਰ ਪਿਆ ਪੁਕਾਰੇ ਵਧਿਆ ਦੁਖ ਵਧੇਰਾ ॥੨੨੩ ।
ਵਾਂਗ ਥਲੀ ਦੀ ਮਛਲੀ ਤੜਫੇ ਜ਼ਰਾ ਅਰਾਮ ਨ ਆਵੇ ।
ਹਾਇ ਹਾਇ ਕਰ ਮੁਖ ਤੇ ਧਰ ਪਰ ਸੋ ਪਾਪੀ ਅਰੜਾਵੇ ॥

ਕਈ ਹਕੀਮ ਵੈਦ ਸਨ ਸੱਦੇ ਕਰਨ ਦੁਵਾਈ ਸਾਰੇ।
ਪਰ ਉਸ ਅੱਗੇ ਪੇਸ਼ ਨ ਜਾਂਦੀ ਓੜਕ ਨੂੰ ਸਭ ਹਾਰੇ ॥ ੨੨੪ ॥
ਵੱਗੀ ਜਦੋਂ ਕਹਾਰ ਵੱਲ ਤੇ ਮੋੜ ਕੌਣ ਵਿਚਾਰਾ।
ਜਿਸ ਦੇ ਅੱਗੇ ਵਲੀ ਗੌਂਸ ਨਾ ਪੀਰ ਕਿਸੇ ਦਮ ਮਾਰਾ ॥
ਜਿਉਂ ਜਿਉਂ ਕਰਨ ਇਲਾਜ ਓਸ ਦਾ ਤਿਉਂ ਤਿਉਂ ਰੋਗ ਵਧਾਵੇ।
ਕਿਸੇ ਤਰ੍ਹਾਂ ਭੀ ਸੁਖ ਨਾ ਦਿਸਦਾ ਨਾ ਕੁਛ ਪੀਵੇ ਖਾਵੇ ॥ ੨੨੫ ॥
ਲਾਇ ਹਕੀਮ ਵਾਹ ਜਦ ਥੱਕੇ ਪੇਸ਼ ਨ ਗਈਆ ਰਾਈ।
ਤਦ ਆਖਰ ਨੂੰ ਤੰਗ ਹੋਇਕੇ ਦੂਜੀ ਵਾਰੀ ਆਈ ॥
ਕਈ ਮਾਂਦਰੀ ਪਾਸ ਬੁਲਾਕੇ ਕਰਦੇ ਝਪਟੇ ਝਾੜੇ।
ਜਿਸ ਪਰ ਮੋਰ ਛੜਾਂ ਨੇ ਕੀਤੇ ਡਾਢੇ ਚੁੱਕ ਪਵਾੜੇ ॥ ੨੨੬ ॥
ਦੇਵਨ ਧੂਪਾਂ ਜੋਤ ਜਗਾਉਨ ਪੜ੍ਹਨ ਕਲਾਮਾਂ ਭਾਰੀ।
ਜਿੰਨ ਭੂਤ ਅਰ ਪਰੀ ਪ੍ਰੇਤ ਨੂੰ ਦੇਵਨ ਬਲੀ ਵਿਚਾਰੀ ॥
ਜਿਤਨੇ ਮੰਤ੍ਰ ਜੰਤ੍ਰ ਕੀਤੇ ਅਰ ਜਾਦੂ ਤੇ ਟੂਣੇ।
ਤਿਉਂ ਤਿਉਂ ਉਹ ਦੁਖ ਤਨ ਦਾ ਉਸ ਨੂੰ ਫੜਕੇ ਪਜਾ ਹਲੂਣੇ॥੨੨੭॥
ਹੋਰ ਮੌਲਵੀ ਚੁੱਕ ਬੁਲਾਏ ਜੋ ਹਜ਼ਰਾਇਤ ਕਰਦੇ।
ਪੜ੍ਹਨ ਸੇਵੀਆ ਮਾਰਨ ਫੂਕਾਂ ਜ਼ੋਰ ਨ ਬਾਕੀ ਧਰਦੇ ॥
ਪਰ ਕੁਝ ਪੇਸ਼ ਨਾ ਜਾਂਦੀ ਦਿੱਸੇ ਨਾਮ ਔਲੀਆਂ ਲੈਂਦੇ।
ਸਿੱਧੇ ਝਾੜੇ ਜਿਉਂ ਜਿਉਂ ਦੇਂਦੇ ਤਿਉਂ ਤਿਉਂ ਉਲਟੇ ਪੈਂਦੇ॥੨੨੮॥
ਪਲ ਪਲ ਤੇ ਦੁਖ ਵਧਦਾ ਜਾਵੇ ਰੱਤੀ ਘਟੇ ਨ ਸੋਈ।
ਓੜਕ ਨੂੰ ਜਦ ਮੁਰਦੇ ਜੈਸੀ ਹਾਲਤ ਉਸ ਦੀ ਹੋਈ ॥
ਜੋੜੇ ਹੱਥ ਖੁਦਾ ਦੇ ਅੱਗੇ ਰੱਖੀਂ ਜਾਨ ਕਹਾਰਾ।
ਜਿਸ ਕਰਨੀ ਦਾ ਇਹ ਫਲ ਦਿੱਤਾ ਕਜਾ ਹੈ ਦੋਸ਼ ਹਮਾਰਾ ॥ ੨੨੯॥

ਹੋਇ ਬਿਹਾਲ ਨਵਾਬ ਦੁਖੀ ਹੋ ਰੋ ਰੋ ਧਾਹੀਂ ਮਾਰੇ ।
ਬਿਸੂ ਦੁਖੜੇ ਤੇ ਕੌਣ ਛੁਡਾਵੇ ਜੋ ਹਨ ਪਾਪ ਹਮਾਰੇ ॥
ਦੇਖ ਪਾਸ ਦੇ ਲੋਗ ਕਹਨ ਇਹ ਹੈ ਕਜਾ ਕਹਰ ਖੁਦਾਈ ।
ਦਾਰੂ ਦੇਨ ਤਬੀਬ ਹਜ਼ਾਰਾਂ ਰੱਤੀ ਰੋਗ ਨ ਜਾਈ ॥ ੨੩੦ ॥
ਫਿਰ ਜ਼ਾਹਿਰ ਬਲਾਇ ਮਾਂਦਰੀ ਜਾ ਗਲ ਦੇ ਵਿੱਚ ਪਾਉਣ ।
ਟੂਣੇ ਜਾਮਨ ਕਰਕੇ ਉਸ ਦਾ ਸਾਰੇ ਜੀ ਪਰਚਾਉਣ ।
ਕਰਨ ਉਤਾਰੇ ਦੇਨ ਫਕੀਰਾਂ ਜੋ ਸਿਰ ਉੱਤੋਂ ਵਾਰਨ ।
ਉਸ ਦੇ ਦੁਖ ਦਾ ਅੰਤ ਨ ਆਵੇ ਐਵੇਂ ਸੋ ਸਭ ਮਾਰਨ ॥ ੨੩੧ ॥
ਇਤਨੇ ਚਿਰ ਵਿੱਚ ਤੁਰਤ ਉਸ ਨੂੰ ਯਾਦ ਪਾਪ ਉਹ ਆਇਆ ।
ਤਾਰੂ ਸਿੰਘ ਸ਼ਹੀਦ ਨਾਲ ਜੀ ਜੋ ਤਿਨ ਜ਼ਾਹਿ ਕਮਾਇਆ ॥
ਲੱਗਾ ਕਹਨ ਸੁਨੋ ਹੇ ਲੋਗੋ ਮੈਂ ਨਾ ਬਚਸਾਂ ਐਸੇ ।
ਤੁਸੀਂ ਉਪਾਉ ਕਰੋ ਮਨ ਭਾਏ ਮੇਰੀ ਬਾਤ ਜੈਸੇ ॥ ੨੩੨ ॥
ਮੈਂ ਤਾਂ ਸਮਝ ਲਿਆ ਮਨ ਅੰਦਰ ਜੋ ਹੈ ਰੋਗ ਘਨੇਰਾ ।
ਅੱਗੇ ਆਇ ਗਿਆ ਹੈ ਮੇਰੇ ਕੀਤਾ ਪਾਪ ਘਨੇਰਾ ॥
ਤਾਰੂ ਸਿੰਘ ਸਿੰਘ ਜੋ ਪੂਰਾ ਨਿਰ ਅਪਰਾਧ ਵਿਚਾਰਾ ।
ਪਕੜ ਓਸ ਦੇ ਸਿਰ ਦਾ ਖੋਪਰ ਮੈਂ ਕਰ ਜਬਰ ਉਤਾਰਾ ॥ ੨੩੩ ॥
ਸੋਈ ਦਰਦ ਓਸ ਦਾ ਮੈਨੂੰ ਪਜਾ ਸਰਾਪ ਅਜੇਹਾ ।
ਜਿਸ ਦੇ ਦੁਖ ਤੇ ਬੋਲਨ ਜੋਗਾ ਮੈਂ ਨਾਹੀਂ ਹਾਂ ਰੇਹਾ ॥
ਪਰ ਮੈਂ ਜਾਨ ਲਿਆ ਮਨ ਅੰਦਰ ਆਈ ਮੌਤ ਹਮਾਰੀ ।
ਜਿਸ ਤੇ ਕੁਝ ਕਰਨ ਦੀ ਦਿਸਦੀ ਮੇਰੀ ਹੈ ਇਹ ਵਾਰੀ ॥ ੨੩੪ ॥
ਮੈਨੂੰ ਅੱਗ ਭਾਹ ਬਲੰਦੀ ਦਿਸਦੀ ਹੈ ਚਹੁ ਪਾਸੇ ।
ਜਿਸ ਦੀ ਲਾਟਾਂ ਲਾਫਨ ਮੈਨੂੰ ਨਾਲ ਕਹਰ ਦੇ ਤਾਸੇ ॥

ਦੋਜ਼ਖ ਦਾ ਦੁਖ ਅੱਗੇ ਦਿਸੇਂਦਾ ਕੌਣ ਮੈਂ ਆਖ ਸੁਨਾਵਾਂ।
ਜਿਸਤੇ ਉਸ ਕਦਰ ਦੇ ਅੱਗੇ ਕਿਆ ਮੁਖ ਲੈਕੇ ਜਾਵਾਂ ॥੨੩੫॥
ਜਿਸ ਤੇ ਮੈਂ ਹੁਣ ਸੋਚ ਲਿਆ ਹੈ ਜੋ ਛੁਟਕਾਰਾ ਹੋਸੀ।
ਉਸੇ ਦੇ ਲੜ ਲੱਗੇਗਾ ਅਪਨਾ ਇਹ ਸਾਰਾ ਦੁਖ ਖੋਸੀ।
ਜਿਸ ਪਾਣੀ ਤੇ ਲੱਗਦਾ ਡੂੰਬਦਾ ਸੋਈ ਉਸ ਨੂੰ ਮਾਰੇ।
ਇਸੇ ਤਰ੍ਹਾਂ ਇਸ ਦੁਖੜੇ ਤਾਈਂ ਓਹੋ ਸਿੰਘ ਨਿਵਾਰੇ॥੨੩੬॥
ਤਾਂ ਤੇ ਮੈਨੂੰ ਹੋਰ ਨ ਦੱਸੇ ਕੋਈ ਹਕੀਮ ਕਰਾਰਾ।
ਉਸ ਸ਼ਹੀਦ ਦੇ ਜ਼ੁਲਮ ਅਸਾਨੂੰ ਪਕੜ ਧਰਾ ਧਰ ਮਾਰਾ॥
ਜਿਸ ਤੇ ਆਹੁ ਸ਼ਿਤਾਬ ਭਲਾ ਹੁਨ ਉਸ ਦੇ ਭਾਈਆਂ ਪਾਸੇ।
ਛੱਡ ਕੈਦ ਤੇ ਤੁਰਤ ਲਿਆਵੋ ਤਿਨ ਕੋ ਮੇਰੇ ਪਾਸੇ॥੨੩੭॥
ਜਿਸ ਤੇ ਸਾਰੇ ਸਿੰਘ ਕੈਦੀਆਂ ਛੱਡ ਦੇਵੋ ਇੱਕ ਵੇਰਾ।
ਸ਼ਾਇਦ ਅੱਲਾ ਕਰ ਦੇਵੇਗਾ ਬੰਦ ਖਲਾਸੀ ਮੇਰਾ॥
ਸੁਬੇਗ ਸਿੰਘ ਆਦਿਕ ਜੋ ਹਠੀਏ ਮੈਂ ਹਨ ਕੈਦ ਕਰਾਏ।
ਸੋ ਸਭ ਆਦਰ ਨਾਲ ਲਿਆਓ ਅਰ ਇਹ ਭੀ ਸਮਝਾਏ॥੨੩੮॥
ਤੁਸੀਂ ਸਿਦਕ ਦੇ ਪੂਰੇ ਡਿਠੇ ਅਰ ਅੱਲਾ ਦੇ ਪਿਆਰੇ।
ਨਾਲ ਤੁਸਾਂ ਦੇ ਜ਼ੁਲਮ ਕਰੇ ਹਨ ਜੋ ਸੁਲਤਾਨ ਹਮਾਰੇ।
ਸੋ ਸਭ ਖਿਮਾ ਕਰੋ ਮਨ ਸੇਤੀ ਉਸ ਗੁਰ ਦੇ ਤੁਸਾਂ ਕਾਰਨ।
ਜਿਸ ਨੇ ਸਿਦਕ ਤੁਸਾਨੂੰ ਦਿੱਤਾ ਅਰ ਹੁਣ ਤਪ ਦਾ ਧਾਰਨ॥੨੩੯॥
ਅੱਜ ਨਵਾਬ ਮਨੋਂ ਪਛਤਾਇਆ ਸੁਨਕੇ ਹਾਲ ਤੁਮਾਰੇ।
ਜਿਸ ਖਾਤਰ ਪਾਸ ਬੁਲਾਕੇ ਚਾਹੇ ਕਰਨਾ ਜੋ ਸਤਕਾਰੇ।
ਤਾਂ ਤੇ ਚਲੋ ਦੇਰ ਨਹਿ ਕਰੀਯਹੁ ਅਬ ਹੀ ਸਾਥ ਅਸਾਡੇ।
ਹੁਕਮ ਉਸ ਦੇ ਨਾਲ ਕਟਨਗੇ ਬੰਧਨ ਏਹੁ ਤੁਸਾਡੇ॥੨੪੦॥

ਇਤਨਾ ਆਖ ਨਾਲ ਸਭ ਲੀਤੇ ਕੈਦੀ ਸਿੰਘ ਵਿਚਾਰੇ ।
ਮਨ ਦੇ ਅੰਦਰ ਹੋਇ ਗਏ ਸਨ ਜੋ ਅਤਿ ਹੀ ਦੁਖਿਆਰੇ ॥
ਹੈ ਕੀ ਕਾਰਨ ਅੱਜ ਅਸਾਨੂੰ ਪਾਪੀ ਨੇ ਸਦਵਾਇਆ ।
ਭਾਵੇਂ ਹੋਰ ਕਹਰ ਕੁਛ ਚਾਹੇ ਸਾਡੇ ਪਰ ਵਰਤਾਇਆ ॥ ੨੪੧ ॥
ਜਦ ਸਭ ਸਿੰਘ ਨਿਕਲ ਕਰ ਕੈਦੋਂ ਆਏ ਬਾਹਰ ਧਾਏ ।
ਤਬੀ ਨਵਾਬ ਪਾਸ ਮਿਲ ਸਾਰੇ ਨਾਲ ਅਚੰਭੇ ਆਏ ॥
ਸਨਮੁਖ ਆਕੇ ਖੜੇ ਜਦੋਂ ਸਨ ਦੇਖ ਨਵਾਬ ਸ਼ਤਾਬੀ ।
ਕਰੀ ਸਲਾਮ ਸੁਨਾਈ ਸਾਰੀ ਬੀਤੀ ਜੋਇ ਖਰਾਬੀ ॥ ੨੪੨ ॥
ਸੁਨੋਂ ਖਾਲਸਾ ਨਾਲ ਤੁਸਾਂ ਦੇ ਮੈਂ ਹੈ ਜ਼ੁਲਮ ਕੁਮਾਇਆ ।
ਜਿਸਤੇ ਬਿਨ ਅਪਰਾਧਾਂ ਤਾਈਂ ਐਵੇਂ ਕੈਦ ਕਰਾਇਆ ॥
ਖਾਣ ਪੀਣ ਤੇ ਕਈ ਤਰ੍ਹਾਂ ਦਾ ਦਿੱਤਾ ਦੁੱਖ ਤੁਸਾਨੂੰ ।
ਹਾਕਮ ਹੋਕੇ ਕਰਨਾ ਜੋਈ ਚਹੀਏ ਨਾਹਿੰ ਅਸਾਨੂੰ ॥ ੨੪੩ ॥
ਫਿਰ ਤੁਮਰੇ ਜੋ ਸੁਤ ਅਰ ਨਾਰੀ ਸੋ ਭੀ ਜੁਦੇ ਕਰਾਏ ।
ਕਈ ਤਰ੍ਹਾਂ ਸੇ ਦੇਕਰ ਦੁਖੜੇ ਮੰਦੇ ਹਾਲ ਬਨਾਏ ॥
ਅਰ ਇੱਕ ਤਾਰੂ ਸਿੰਘ ਬਾਹਦਰ ਜੋ ਸੀ ਸੱਚਾ ਭਾਈ ।
ਨਾਲ ਬਿਰਹਮੀ ਉਸ ਦੇ ਸਿਰ ਦੀ ਫੜਕੇ ਖੱਲ ਲਹਾਈ ॥ ੨੪੪॥
ਜਿਸ ਦੇ ਦੁਖਦਾ ਇਹ ਫਲ ਮੈਨੂੰ ਕਰਤੇ ਵੱਲੋਂ ਆਇਆ ।
ਪੇਟ ਅਫਾਰਾ ਸਿਰ ਪਰ ਦਰਦਾਂ ਮੈਂ ਜਿਨ ਸੇ ਦੁਖ ਪਾਇਆ ॥
ਓੜਕ ਦਾ ਦਿਨ ਦਿਸਦਾ ਮੈਨੂੰ ਪਰ ਇਹ ਜਾਨ ਨਾ ਜਾਂਦੀ ।
ਵਾਂਗ ਕੂੰਜ ਦੇ ਵਿੱਚ ਮਹੱਲਾਂ ਸਦਾ ਪਈ ਕੁਰਲਾਂਦੀ ॥ ੨੪੫ ॥
ਤਾਂ ਤੇ ਮੈਂ ਹੱਥ ਜੋੜ ਤੁਸਾ ਨੂੰ ਬਿਨਤੀ ਕਰਦਾ ਪਿਆਰੇ ।
ਜਾਕੇ ਤਾਰੂ ਸਿੰਘ ਪਾਸ ਤੁਮ ਦੱਸੋ ਹਾਲ ਹਮਾਰੇ ॥

ਕਹੋ ਕਰੇ ਉਹ ਕ੍ਰਿਪਾ ਅਪਨੀ ਖ਼ਤਾ ਮੁਆਫ਼ ਕਰੇਵੇ ॥
ਅਪਨਾ ਹੱਥ ਰੱਖ ਕਰ ਮੈਨੂੰ ਇਸ ਦੁਖ ਤੇ ਸੁਖ ਦੇਵੇ ॥੨੪੬ ॥
ਮੈਂ ਤਾਂ ਜਾਣ ਲਿਆ ਮਨ ਅੰਦਰ ਹੋਰ ਨ ਕੋਈ ਚਾਰਾ ।
ਕੇਵਲ ਏਹੋ ਅਰਜ਼ ਕਰੇਂਦਾ ਹੋਕੇ ਅਤਿ ਦੁਖਿਆਰਾ ॥
ਕਰੇ ਬੇਨਤੀ ਕਰਤੇ ਅੱਗੇ ਮੇਰੀ ਖਾਤਰ ਭਾਈ ।
ਜਿਸ ਤੇ ਬਖਸ਼ ਗੁਨਾਹ ਅਸਾਡੇ ਲੇਵੇ ਜਾਨ ਬਚਾਈ ॥ ੨੪੭ ॥
ਤਾਂ ਤੇ ਦੇਰ ਨ ਕਰੋ ਰਤੀ ਭਰ ਛੇਤੀ ਜਾਹੁ ਪਿਆਰੇ ।
ਸ਼ਾਇਦ ਉਹ ਭੀ ਮੰਨ ਲਏਗਾ ਹਿਤ ਦੇ ਬੈਨ ਤੁਮ੍ਹਾਰੇ ॥
ਔਖੀ ਬਣੀ ਤੁਸਾਂ ਪਹ ਕੀਤੀ ਮੈਂ ਫਰਯਾਦ ਘਨੇਰੀ ।
ਜਿਸ ਤੇ ਮੁੜਕੇ ਚੰਗਾ ਹੋਵਾਂ ਇਸ ਦੁਖ ਤੇ ਇੱਕ ਵੇਰੀ ॥ ੨੪੮ ॥
ਜਦ ਨਵਾਬ ਨੇ ਏਸ ਤਰ੍ਹਾਂ ਦੀ ਕੀਤੀ ਗਿਰੀਆ ਜ਼ਾਰੀ ।
ਤਦ ਸਿੰਘਾਂ ਨੇ ਮਨ ਵਿੱਚ ਜਾਤਾ ਆਇ ਬਣੀ ਹੁਣ ਭਾਰੀ ॥
ਜੇ ਨਵਾਬ ਦੇ ਬਦਲੇ ਜਾਕੇ ਕੁਛ ਭੀ ਨਾਹੀਂ ਕਹੀਏ ।
ਤਾਂ ਫਿਰ ਸਾਰੀ ਉਮਰ ਕੈਦ ਵਿੱਚ ਉਸੇ ਤਰ੍ਹਾਂ ਹੀ ਰਹੀਏ ॥ ੨੪੯ ॥
ਅਰ ਜੇ ਜਾਕੇ ਉਸ ਸ਼ਹੀਦ ਨੂੰ ਇਸ ਦੀ ਵੱਲੋਂ ਸਾਰੀ ।
ਪਾਸ ਬੈਠ ਕੇ ਚਾਇ ਸੁਨਾਈਏ ਜੋ ਹੈ ਗਿਰੀਆਜ਼ਾਰੀ ॥
ਤਾਂ ਉਹ ਖਬਰ ਨਹੀਂ ਜੋ ਮੰਨੇ ਕਹਿਆ ਅਸਾਂ ਦਾ ਜੋਈ ।
ਜਿਸਤੇ ਨਾਲ ਓਸ ਦ ਇਸ ਬੇ ਘੱਟ ਨਹੀਂ ਕੁਛ ਹੋਈ ॥ ੨੫੦ ॥
ਦੋਨੋਂ ਤਰ੍ਹਾਂ ਕਠਨ ਹੈ ਸਾਨੂੰ ਕਿਹੜੀ ਕਰੀਏ ਪਿਆਰੇ ।
ਆਇ ਫਸੇ ਹਾਂ ਔਖੇ ਵੇਲੇ ਦੋਨਾਂ ਦੇ ਵਿਚਕਾਰੇ ॥
ਏਹੁ ਨਵਾਬ ਵਕਤ ਦਾ ਹਾਕਮ ਕਹਰ ਕਰੇ ਦੁਖ ਦੇਵੇ ।
ਓਹ ਸ਼ਹੀਦ ਗੁਰੂ ਦਾ ਪਿਆਰਾ ਜਾਨ ਏਸ ਦੀ ਲੇਵੇ ॥ ੨੫੧ ॥

ਜਿਸ ਤੇ ਕਰਣੀ ਦਾ ਫਲ ਦੇਸੀ ਉਹ ਕਰਤਾਰ ਕਹਿਕੇ।
ਕਹੇ ਕੇਹਰ ਫਿਰ ਕੂਨਾ ਨਾ ਕਰਸੀ ਇਤਨਾ ਦੁਖੜਾ ਸਹਿਕੇ ॥
ਜੇ ਨਾ ਮੰਨਣਾ ਕਿਹਾ ਅਸਾਂਦਾ ਤਾਂ ਹੌਲੇ ਹੋ ਜਾਈਏ।
ਉਸ ਦੀ ਇੱਛਾ ਮੇਟ ਕਦੇ ਫਿਰ ਅਸੀਂ ਜਗਤ ਸੁਖ ਪਾਈਏ॥੨੫੨॥
ਪਰ ਤਾਂ ਭੀ ਹੁਨ ਚਲਕੇ ਸਾਨੂੰ ਮਿਲਨਾ ਪਿਆ ਜ਼ਰੂਰੀ।
ਦਰਸ਼ਨ ਕੀਤਿਆਂ ਨਜ਼ਰ ਆਵਸੀ ਉਸ ਦੀ ਸਿਦਕ ਸਬੂਰੀ॥
ਹੋਰ ਨਹੀਂ ਤਾਂ ਅੰਤ ਸਮੇਂ ਵਿਚ ਦਰਸ਼ਨ ਹੀ ਹੋ ਜਾਊ।
ਵੇਖ ਓਸ ਦੇ ਹਠ ਅਰ ਤਪ ਨੂੰ ਸ਼ਾਂਤਿ ਰਿਦਾ ਅਤਿ ਪਾਊ ॥੨੫੩॥
ਏਧਰ ਏਹ ਨਵਾਬ ਅਸਾਂ ਪਰ ਰਾਜ਼ੀ ਹੋਸੀ ਪਾਜ਼ੀ।
ਓਧਰ ਨਾਲ ਬਹਾਨੇ ਦੇ ਹਮ ਦੇਖ ਲਏਂਗੇ ਗਾਜ਼ੀ ॥
ਸੱਪ ਮਰੇ ਅਰ ਲਾਠੀ ਬਚਨੇ ਵਾਲੀ ਬਾਤ ਪਜਾਰੇ।
ਇੱਕ ਕੰਮ ਦੇ ਕਾਜ ਸੁਧਰਨੇ ਅੱਜ ਅਸਾਡੇ ਸਾਰੇ ॥ ੨੫੪॥
ਇਤਨਾ ਸੋਚ ਗਏ ਸਭ ਮਿਲਕੇ ਉਸ ਸੂਰੇ ਦੇ ਪਾਸਾ।
ਦਰਸ਼ਨ ਦੀ ਅਪਨੇ ਮਨ ਅੰਦਰ ਧਰਕੇ ਪੂਰਨ ਆਸਾ॥
ਜਾਕੇ ਮਿਲੇ ਜਦੋਂ ਉਸ ਤਾਈਂ ਗੁਰ ਦੀ ਫਤੇ ਗਜਾਈ।
ਹੋਇ ਗਿਆ ਗਦ ਗਦ ਮਨ ਅੰਦਰ ਮਿਲੇ ਵਿਛੜੇ ਭਾਈ ॥੨੫੫॥
ਆਖੀ ਫਤੇ ਗਜਾਕੇ ਅਗੋਂ ਆਓ ਸ਼ੇਰ ਪਜਾਰੇ।
ਹੋਏ ਨਸੀਬ ਅਸਾਡੇ ਜਾਗੇ ਦਰਸ਼ਨ ਭਏ ਤੁਮਾਰੇ॥
ਉਸ ਪਾਪੀ ਦੇ ਹੱਥੋਂ ਕਿੱਕਰ ਹੈ ਛੁਟਕਾਰਾ ਪਾਇਆ।
ਅਰ ਕਿਸ ਮਤਲਬ ਕਾਰਨ ਉਸ ਨੇ ਮੇਰੇ ਪਾਸ ਪਠਾਇਆ॥੨੫੬॥
ਉਹ ਤਾਂ ਜਾਨੀ ਦੁਸ਼ਮਨ ਬਣਿਆ ਪੰਥ ਖਾਲਸੇ ਕੇਰਾ।
ਜਿਸ ਤੇ ਜ਼ੁਲਮ ਕਰੇ ਮਨ ਭਾਇਆ ਧਰ ਮਨ ਕੋਪ ਘਨੇਰਾ ॥

ਪਰ ਉਨ ਫੜ ਤੁਸਾਂ ਨੂੰ ਦਿਤਾ ਹੈ ਇਸ ਵਿਚ ਕੁਝ ਚਾਲਾ।
ਜਿਸ ਤੇ ਦਰਸ਼ਨ ਦੇਕੇ ਕੀਤਾ ਮੈਨੂੰ ਤੁਸੀਂ ਨਿਹਾਲਾ॥ ੨੫੭॥
ਦੱਸੋ ਟਹਲ ਦਾਸ ਨੂੰ ਕੋਈ ਜੋ ਇਸ ਵੇਲੇ ਕਰਸਾਂ।
ਜਿਸ ਤੇ ਸ਼ਾਂਤਿ ਰਿਦਾ ਅਤਿ ਕਰਕੇ ਇਸ ਦੁਨੀਆਂ ਤੇ ਮਰਸਾਂ॥
ਧੰਨ ਭਾਗ ਜੋ ਅੰਤ ਸਮਯ ਵਿੱਚ ਦਰਸ਼ਨ ਤੁਮਰੇ ਪਾਏ।
ਸ਼ਾਇਦ ਪਰਉਪਕਾਰ ਜਾਨਕੇ ਦਾਸ ਪਾਸ ਚਲ ਆਏ॥ ੨੫੮॥
ਸੁਨਕੇ ਬੈਨ ਰਸੀਲੇ ਮੁਖ ਤੇ ਪਰਮ ਸੁਖੀ ਹੋ ਸਾਰੇ।
ਬੋਲੇ ਨਾਲ ਪ੍ਰੇਮ ਦੇ ਬਾਨੀ ਕਰਨਾ ਰਸ ਭਰ ਪਜਾਰੇ॥
ਧੰਨ ਜਨਮ ਤੁਮਰਾ ਹੈ ਜਗ ਵਿੱਚ ਜਿਨ ਇਹ ਕਸ਼ਟ ਸਹਾਰਾ।
ਪਰ ਗੁਰ ਸਿਦਕ ਰਿਹਾ ਮਨ ਅੰਦਰ ਦੁਖ ਤਨ ਸਗਲ ਵਿਸਾਰਾ॥ ੨੫੯॥
ਕਿਉਂ ਨਾ ਪਾਸ ਗੁਰੂ ਦੇ ਵਾਸਾ ਹੋਵੇ ਤੁਮਰਾ ਭਾਈ।
ਜਿਸ ਦੀ ਇਸ ਜਗ ਅੰਦਰ ਦਿਸਦੀ ਐਸੀ ਨੇਕ ਕਮਾਈ॥
ਹਠੀ ਤਪੀ ਸਤੀਆਂ ਦੇ ਬਲ ਤੇ ਇਹ ਧਰਤੀ ਹੈ ਕਾਇਮ।
ਜਿਸ ਤੇ ਨਾਮ ਤੁਸਾਂ ਦੇ ਜਗ ਵਿਚ ਅਟਲ ਰਹਨਗੇ ਦਾਇਮ॥ ੨੬੦॥
ਪਰ ਸਾਨੂੰ ਭੀ ਦਰਸ਼ਨ ਤੇਰਾ ਇਸ ਬਹਾਨੇ ਹੋਇਆ।
ਪਾਪੀ ਇਹੁ ਨਵਾਬ ਕਸਾਈ ਹੋਇ ਗਿਆ ਅਧ ਮੋਇਆ॥
ਇੱਕ ਪਲ ਝਲ ਦਾ ਅਹੇ ਮੁਸਾਫਰ ਡਾਢਾ ਦੁਖ ਨੇ ਘੇਰਾ।
ਜਿਸ ਪਰ ਵਰਤ ਗਿਆ ਹੈ ਆਕੇ ਇਹੁ ਸਰਾਪ ਜੋ ਤੇਰਾ॥ ੨੬੧॥
ਜਿਸ ਦੇ ਕਾਰਨ ਹੈ ਦੁਖ ਸਹਿੰਦਾ ਹੋ ਗਿਆ ਪੇਟ ਅਫਾਰਾ।
ਬੰਦ ਪਸ਼ਾਬ ਨ ਦਮ ਭੀ ਆਵੇ ਓੜਕ ਨੂੰ ਬਲ ਹਾਰਾ॥
ਜਿਸਤੇ ਆਖਰ ਸੋ ਪਛਤਾਕੇ ਕਰਦ ਗਿਰੀਆ ਜ਼ਾਰੀ।
ਆਖੇ ਕਹੌ ਸ਼ਹੀਦ ਸਮੀਧ ਇਹ ਦੁਰਦਿਸ਼ਾ ਹਮਾਰੀ॥ ੨੬੨॥

ਜਿਸਤੇ ਬਖ਼ਸ਼ ਦਏ ਓਹ ਮੈਨੂੰ ਜੋ ਮੈਂ ਕਹਰ ਕਮਾਇਆ।
ਜਿਸ ਦਾ ਬਦਲਾ ਇਸ ਜਨਮ ਵਿੱਚ ਏਥੇ ਹੀ ਮੈਂ ਪਾਇਆ॥
ਅੱਗੇ ਦਾ ਕੁਛ ਪਤਾ ਨ ਮੈਨੂੰ ਕਜ਼ਾ ਦੁਖ ਸਹਸਾਂ ਭਾਈ।
ਮੇਰੀ ਕਰਨੀ ਮੇਰੇ ਅੱਗੇ ਹੁਣ ਹੀ ਭਰਨੀ ਆਈ॥ ੨੬੩॥
ਸੁਨ ਸਿੰਘਾਂ ਦੀ ਬਿਨਤੀ ਐਸੀ ਤਾਰੂ ਸਿੰਘ ਪਜਾਰਾ।
ਲੱਗਾ ਕਹਨ ਧਰਾ ਮੈਂ ਸਿਰ ਤੇ ਇਹ ਜੋ ਬਚਨ ਤੁਮਾਰਾ॥
ਪਰ ਮੈਨੂੰ ਇਨਕਾਰ ਨਾ ਕੋਈ ਜੋ ਆਖੋਂ ਸੋ ਕਰਸਾਂ।
ਅਪਨੇ ਜੀਵਨ ਮਰਨੇ ਦਾ ਮੈਂ ਰਤੀ ਉਪਾਓ ਨ ਕਰਸਾਂ॥ ੨੬੪॥
ਅਰ ਉਹ ਪਾਪੀ ਬਚਨਾ ਨਾਹੀਂ ਮਰ ਜਾਸੀ ਦੁਖ ਪਾਕੇ।
ਕਦੋਂ ਜੀਵੰਦਾ ਰਹਸੀ ਜਗ ਵਿੱਚ ਨਿਰ ਅਪਰਾਧ ਦੁਖਾਕੇ॥
ਜਿਸ ਤੇ ਉਸ ਦੇ ਜੀਵਨ ਦਾ ਹੈ ਪਲਕ ਝਲਕ ਦਾ ਮੇਲਾ।
ਓੜਕ ਨੂੰ ਉਹ ਉਲਟ ਪਏਗਾ ਜਿਉਂ ਝਾਂਜੇ ਤੇ ਕੇਲਾ॥ ੨੬੫॥
ਪਰ ਉਨ ਬਚਨ ਕਹੇ ਹਨ ਐਸੇ ਨਾਹਿਨ ਸੁਨਨੇ ਜੋਗਾ।
ਮੂਖਤੇ ਆਖਨ ਸੇ ਭੀ ਦਿਸਦੇ ਜੋ ਹਨ ਪੂਰਨ ਸੋਗਾ।
ਜਿਨ ਕੇਸਾਂ ਦੀ ਬਰਕਤ ਤੇ ਹੈ ਪੰਥ ਖਾਲਸਾ ਜੰਗੀ।
ਅਰ ਪ੍ਰਤਾਪ ਜਿਨ੍ਹਾਂ ਦੇ ਭਾਈ ਮਿਟ ਜਾਏਗੀ ਤੰਗੀ॥ ੨੬੬॥
ਉਨ ਕੇਸਾਂ ਪਰ ਉਸ ਨੇ ਕੀਤੀ ਐਸੀ ਸਖਤੀ ਭਾਰੀ।
ਨਾਲ ਜੁਤੀਆਂ ਕਿਹਾ ਅਸਾਨੂੰ ਦੇਸਾਂ ਪਕੜ ਉਤਾਰੀ॥
ਇਹ ਸਰਾਪ ਵੱਡਾ ਹੈ ਭਾਰਾ ਉਸ ਪਾਪੀ ਨੂੰ ਲੱਗਾ।
ਜਿਸ ਤੇ ਉਸ ਨੂੰ ਇਸ ਦੁਨਿਆਂ ਤੇ ਨਜ਼ਰ ਆਵਸੀ ਅੱਗਾ॥੦੬੭॥
ਪਰ ਉਹ ਜੂਤੇ ਸਿਰ ਪਰ ਖਾਵੇ ਤਾਂ ਸਭ ਪੇਟ ਅਫਾਰਾ।
ਜਾਂਦਾ ਰਹੂ ਤੁਰਤ ਹੀ ਉਸ ਦਾ ਹੈ ਇਹ ਬਚਨ ਹਮਾਰਾ॥

ਉਸ ਕਲਗੀਧਰ ਦੀ ਜਿਨ ਖੋਲੀ ਚਾਹੀ ਸਿਰੋਂ ਨਸ਼ਾਨੀ ।
ਸੋ ਕਿਉਂ ਦੁਨਿਆਂ ਤੇ ਸੁਖ ਪਾਵੇ ਕਰਕੇ ਕੰਮ ਸ਼ਿਤਾਨੀ ॥ ੨੬੮ ॥
ਮੈਂ ਇਸ ਤਨ ਦੇ ਤਾਂਈਂ ਪਜਾਰੇ ਅਪਨਾ ਨਾਹੀਂ ਜਾਤਾ ।
ਇਹ ਸਭ ਜੋ ਮੇਰਾ ਹੈ ਮਨ ਤਨ ਗੁਰ ਦਾ ਇਕ ਪਛਾਤਾ ॥
ਜਿਸ ਗੁਰ ਦੇ ਉਨ ਕੇਸਾਂ ਤਾਈਂ ਐਸਾ ਬਚਨ ਸੁਨਾਇਆ ।
ਉਸਦੇ ਬਦਲੇ ਹੀ ਏਹ ਦੇਖੋ ਹੈ ਫਲ ਉਸ ਨੇ ਪਾਇਆ ॥ ੨੬੯ ॥
ਹੁਣ ਤਾਂ ਉਸਦੇ ਸਿਰ ਪਰ ਬਰਸਨ ਜਦ ਪੌਲੇ ਵਡ ਭਾਗੋ ।
ਤਦ ਹੀ ਉਸਦੀ ਬੰਦ ਖਲਾਸੀ ਹੋਵਹ ਗੀ ਦੁਖਜਾਰੀ ॥
ਉਤਰ ਅਫਾਰਾ ਅਤੇ ਢੌਲ ਭੀ ਆਪੇ ਨਿੱਕਲ ਜਾਊ ।
ਜਦ ਅਪਨੇ ਸਿਰ ਉੱਪਰ ਪੌਲੇ ਉਹ ਮੂਜ਼ੀ ਬਹ ਖਾਊ ॥ ੨੭੦ ॥
ਪਰ ਇਹ ਯਾਦ ਰਹੇ ਤੁਧ ਤਾਈਂ ਜੀਵਨ ਉਸਦਾ ਔਖਾ ।
ਗੁਰ ਨੂੰ ਐਸੇ ਦੁਰਬਚ ਕਹਕੇ ਕਿਤ ਬਿਧ ਰਹਸੀ ਸੌਖਾ ॥
ਜਿਸਤੇ ਬਚਨ ਅਟੱਲ ਹੋਨਗੇ ਮੁੜਨ ਨਹੀਂ ਇੱਕ ਰਾਈ ।
ਜਾਇ ਜਹੰਨਮ ਇਸ ਦੁਨਿਆਂ ਤੇ ਨਿਰ ਅਪਰਾਧ ਦੁਖਾਈ ॥ ੨੭੧ ॥
ਤਾਂਤੇ ਤੁਸੀਂ ਡਰੋ ਨਹਿ ਮਨ ਮਹਿ ਅਰ ਕੁਛ ਚਿੰਤ ਨ ਕੀਜੇ ।
ਆਪੇ ਭੋਗੇ ਗਾ ਉਹ ਪਾਪੀ ਬੀਜ ਆਪਨੇ ਬੀਜੇ ॥
ਤੁਸੀਂ ਡਰੋ ਮਨ ਮਹਿ ਨਹਿ ਪਜਾਰੇ ਹੈ ਗੁਰ ਸੰਗ ਤੁਮਾਰੇ ।
ਲੋਕ ਪ੍ਰਲੋਕ ਵਿੱਚ ਓਹ ਰਖਦਾ ਇੱਜ਼ਤ ਭਗਤ ਪਿਆਰੇ ॥ ੨੭੨ ॥
ਤਾਂਤੇ ਜਾਓ ਪਾਸ ਓਸਦੇ ਕਹੋ ਹਕੀਕਤ ਸਾਰੀ ।
ਇਸ ਬਿਧ ਹੋਸੀ ਏਸ ਅਜ਼ਾਬੋਂ ਸੌਖੀ ਜਿੰਦ ਤੁਮਾਰੀ ॥
ਜੋ ਮਰਜ਼ੀ ਸੋ ਕਰਲੈ ਛੇਤੀ ਇਸ ਵਿੱਚ ਡਰ ਨਹਿ ਕੋਈ ।
ਇਹ ਤਾਂ ਆਫ਼ਤ ਤੇਰੇ ਉੱਪਰ ਕਰਤੇ ਵੱਲੋਂ ਹੋਈ ॥ ੨੭੩ ॥

ਜਦ ਸਿੰਘਾਂ ਨੇ ਸੁਣੀ ਕਹਾਣੀ ਤਦ ਮਨ ਆਨੰਦ ਹੋਇਆ।
ਆਖਣ ਇਸ ਦੇ ਦੁਖ ਦੇਵਨ ਤੇ ਉਹ ਪਾਪੀ ਕਦਾਂ ਮੋਇਆ॥
ਇਤਨਾ ਕਹਿਕੇ ਫਤੇ ਗੁਜਾਈ ਅਰ ਮੁਖ ਏਹ ਉਚਾਰਾ।
ਧੰਨਸ ਸਿੰਘ ਜੀ ਸਿਦਕ ਆਪਦਾ ਧੰਨ ਪਿਤਾ ਮਹਿਤਾਰੀ॥੭੪॥
ਜੋ ਹੈ ਕਰੀ ਆਪ ਨੇ ਜਗ ਵਿੱਚ ਦੂਸਰ ਕਰੇ ਨ ਕੋਈ।
ਐਸ ਸਮਯ ਵਿੱਚ ਇਸ ਹਠ ਕਰਕੇ ਤੁਮਰੇ ਜੈਸਾ ਹੋਈ॥
ਜਿਸ ਤੇ ਬੈਠੇ ਆਪ ਹੋ ਪੂਰੇ ਪੰਥ ਧਾਮ ਦੇ ਪਿਆਰੇ।
ਜਿਸ ਥੋਂ ਅਸੀਂ ਤੁਸਾਂ ਪਰ ਜਾਈਏ ਲਾਖ ਵੇਰ ਬਲਿਹਾਰੇ॥੭੫॥
ਇਤਨਾ ਕਹਕੇ ਪਜਾਰੇ ਕੋਲੋਂ ਹੋਏ ਵਿਦਾ ਸ਼ਤਾਬੀ।
ਦੇਖਣ ਤਾਈਂ ਮੁੜਕੇ ਆਏ ਫੇਰ ਨਵਾਬ ਖਰਾਬੀ॥
ਜਦ ਆਕੇ ਤਿਨ ਸ਼ੋਰ ਸੁਨਾਇਆ ਕਹੋ ਸੁਣੇ ਹੋ ਖਾਨਾ।
ਹੁਨ ਤਾਂ ਇਸ ਦੁਨਿਆਂ ਤੇ ਨਾਹੀਂ ਤੇਰਾ ਕਿਤੇ ਟਿਕਾਨਾ॥੭੬॥
ਹੋਇ ਬਚਨ ਸਭ ਉਸ ਦਾ ਪੂਰਾ ਅਨਥਾ ਜਾਸੀ ਨਾਸੀਂ।
ਜਿਸ ਨੂੰ ਯਾਦ ਕਰੋ ਦਿਨ ਰਾਤੀਂ ਤੁਮ ਅਪਨੇ ਮਨ ਨਾਹੀਂ॥
ਪਰ ਸਾਨੂੰ ਭੀ ਕਠਨ ਬਨੀ ਹੈ ਇਸ ਵਿੱਚ ਆਕੇ ਭਾਰੀ।
ਇਸ ਸਮਯ ਦੀ ਜੋਇ ਗਰੀਬੀ ਦੇਖੀ ਅਸੀਂ ਤੁਮਾਰੀ॥੭੭॥
ਜਿਸ ਤੇ ਕਹੋ ਹੋਰ ਜੋ ਕੋਈ ਯਤਨ ਅਸੀਂ ਜਗ ਕਰੀਏ।
ਅਪਨੇ ਬਚਨ ਭੰਗ ਤੇ ਮਨ ਵਿੱਚ ਸਦਾ ਅਸੀਂ ਭੀ ਡਰੀਏ॥
ਜਿਸ ਪਰ ਬਾਤ ਕਠਨ ਹੈ ਭਾਈ ਦੋਨੋਂ ਵੱਲ ਅਸਾਨੂੰ।
ਓਧਰ ਬਚਨ ਸਿੰਘਾਂ ਦਾ ਦਿਸ ਦਾ ਏਧਰ ਦੁੱਖ ਤੁਸਾਨੂੰ॥੭੮॥
ਜਦ ਸਿੰਘਾਂ ਨੇ ਇਹ ਫੁਰਮਾਇਆ ਪਾਸ ਨਵਾਬ ਦੁਖਾਰੇ।
ਅੱਗੇ ਓਸ ਸ਼ਹੀਦਾਂ ਹਠੀ ਦੇ ਕਹੋ ਕੌਨ ਦਮ ਮਾਰੇ॥

ਅਰ ਜੋ ਬਚਨ ਹਠੀ ਦੇ ਆਖੇ ਬ੍ਰਿਥਾ ਮੂਲ ਨ ਜਾਂਵੇ ।
ਫਿਰ ਕਦ ਅਸੀਂ ਉਨ੍ਹਾਂ ਤੇ ਜੇਤਨ ਜਾਣੀਂ ਬਲ ਦਖਲਾਂਦੇ ॥੧੮੯॥
ਜਿਸ ਪਰ ਕੁਹੀ ਨਵਾਬ ਖਾਲਸਾ ਜੋ ਤੁਮ ਨੇ ਫੁਰਮਾਇਆ ।
ਸੋ ਸਭ ਸੱਤ ਨਹੀਂ ਕੁਛ ਬਾਕੀ ਮੈਂ ਅੱਖੀਂ ਅਜ਼ਮਾਇਆ ॥
ਇਹ ਸਾਰੀ ਜੋ ਬਨੀ ਮੁਸੀਬਤ ਸੋ ਸਭ ਉਸ ਦੀ ਵੱਲੋਂ ।
ਮਿਲਦੀ ਬਿਪਦਾ ਮੇਰੇ ਤਾਈਂ ਉਸ ਅਜੇਹੀ ਗੱਲੋਂ ॥੧੯੦॥
ਪਰ ਹੁਨ ਦੀਨ ਦਿਆਲ ਖਾਲਸਾ ਅਰ ਹੈ ਰਹਮ ਰਹੀਮਾਂ ।
ਜਿਹੁ ਦੁਖ ਲਾਇਆ ਸੋਇ ਹਟਾਊ ਢੂੰਡਾਂ ਕਿਸੇ ਹਕੀਮਾਂ ॥
ਜਿਸ ਤੇ ਅਰਜ਼ ਕਰਾਂ ਮੈਂ ਏਹੋ ਜੇ ਉਹ ਮੰਨੇ ਨਾਹੀਂ ।
ਤਾਂ ਤੁਮ ਜਾਇ ਖਾਲਸੇ ਅੱਗੇ ਧਰ ਕ੍ਰਿਪਾ ਮਨ ਮਾਹੀਂ ॥੧੯੧॥
ਕਰੋ ਬੇਨਤੀ ਮੇਰੀ ਵੱਲੋਂ ਧਰੇ ਤਰਸ ਮਨ ਪਿਆਰੇ ।
ਕੱਟੇ ਦਰਦ ਇਹ ਮੇਰਾ ਛਾਡਾ ਸੁਨਕੇ ਬਚਨ ਤਿਹਾਰੇ ।
ਕਹੋ ਲਵੇ ਜੋ ਮਨ ਵਿੱਚ ਭਾਵੇ ਅਰ ਰਹੀਏ ਜਿਸ ਜਾਗਾ ।
ਜਾਏ ਦਲ ਨਹਿ ਰੋਕੇ ਕੋਈ ਸੁਨਹੁ ਸਿੰਘ ਵਡ ਭਾਗਾ ॥੧੯੨॥
ਬਹੁਤਾ ਦੁਖ ਪਾਇਆ ਮੈਂ ਪਜਾਰੇ ਆਪ ਦੁਖਾਇ ਤੁਸਾਂਹੂੰ ।
ਪਰ ਹੁਨ ਤੋਬਾ ਕੀਤੀ ਮੈਂ ਨੇ ਕਰੀਏ ਮਿਹਰ ਅਸਾਂਹੂੰ ॥
ਪਿਛਲੇ ਔਗੁਨ ਬਖਸ਼ ਲਵੇ ਅਰ ਅੱਗੇ ਰਸਤੇ ਪਾਵੇ ।
ਜਾਨ ਗੁਲਾਮ ਆਪਨਾ ਸੇਵਕ ਇਸ ਦੁਖ ਤੇ ਛੁਟਕਾਵੇ ॥੧੯੩॥
ਮੇਰੇ ਜਿਹਾ ਨ ਪਾਪੀ ਕੋਈ ਦੂਜਾ ਜਗ ਵਿੱਚ ਪਿਆਰੇ ।
ਪੁੰਨ ਦਾਨ ਅਰ ਸਹਨ ਸੀਲ ਵਿੱਚ ਪੰਥ ਅਹੋ ਬਲਕਾਰੇ ॥
ਜਿਤਨੇ ਦੁਖ ਮੈਂ ਦਿੱਤੇ ਪਾਪੀ ਸੋ ਸਭ ਸਹਕੇ ਭਾਈ ।
ਫਿਰ ਭੀ ਸਿਦਕੀ ਰਹੇ ਗੁਰੂ ਦੇ ਜ਼ਰਾ ਨ ਗੈਰਤ ਆਈ ॥੧੯੪

ਜਿਸ ਪਰ ਮੈਂ ਪਛਤਾਯਾ ਮਨ ਵਿੱਚ ਹੋ ਤੁਮ ਵਡੇ ਸੁਭਾਗੇ।
ਉਸ ਖੁਦਾਇ ਦੇ ਸਨਮੁਖ ਤੁਮਰੀ ਕਹੀ ਬਾਤ ਸਭ ਲਾਗੇ॥
ਜਿਸਤ ਇਹ ਲੈ ਖਿਲਤ ਪੰਥ ਹਿਤ ਦੇਵੇ ਫਤੇ ਬੁਲਾਵੇ।
ਕਹੋ ਦੀਨ ਮੈਂ ਹਾਂ ਵਡ ਭਾਰੀ ਇਸ ਦੁਖ ਤੇ ਛੁਟਕਾਵੇ ॥ ੨੯੫ ॥
ਤਬ ਸੁਬੇਗ ਸਿੰਘ ਮਨ ਵਿਚ ਹੋਇਆ ਅਤਿ ਹੀ ਵਡਾ ਦਿਆਲੂ।
ਭੂਲ ਗਿਆ ਸਭ ਜ਼ੁਲਮ ਤੁਰਕ ਦਾ ਹੋ ਕਰਕੇ ਕ੍ਰਿਪਾਲੂ ॥
ਲੈ ਕਰ ਖਿਲਤ ਗਿਆ ਹੋ ਗਦ ਗਦ ਤੁਰਤ ਖਾਲਸੇ ਪਾਸਾ।
ਦੇਖੋ ਕਿਆ ਕੁਛ ਬਣਿਆ ਆਕੇ ਏਹ ਅਚੰਭਾ ਖਾਸਾ ॥ ੨੯੬ ॥
ਆਕੇ ਫਤੇ ਬੁਲਾਈ ਉਸਨੇ ਸਿੰਘਨ ਕੋ ਵਡ ਰੰਗੀ।
ਜਿਥੇ ਬੈਠੇ ਤਨ ਮਨ ਵਾਰੀ ਗੁਰ ਦੇ ਬੀਰ ਭੁਜੰਗੀ॥
ਜਿਸ ਨੂੰ ਆਦਰ ਕਰਕੇ ਸਿੰਘਾਂ ਅਪਨੇ ਪਾਸ ਬਠਾਇਆ।
ਵਾਹਗੁਰੂ ਦੀ ਫਤੇ ਗਜਾਕੇ ਗਲ ਦੇ ਨਾਲ ਲਗਾਇਆ ॥ ੨੯੭॥
ਫਿਰ ਦੁਖ ਸੁਖ ਦੀ ਬਾਤਾਂ ਪੁੱਛੀ ਮਗਰੋਂ ਕਹੀ ਪਿਆਰੇ।
ਕਹੋ ਕੌਨ ਕਾਰਨ ਤੇ ਹੋਏ ਆਕੇ ਦਰਸ ਤਿਆਰੇ ॥
ਵਡੇ ਭਾਗ ਹਨ ਜਾਗੇ ਸਾਡੇ ਦਰਸ਼ਨ ਤੇਰੇ ਹੋਏ।
ਨਹੀਂ ਤੁਰਕ ਦੇ ਜ਼ੁਲਮ ਦੁਆਰੇ ਸਿੰਘ ਹਜ਼ਾਰਾਂ ਮੋਏ ॥ ੨੯੮ ॥
ਜਿਸਨੂੰ ਸੁਨਕੇ ਸਿੰਘ ਹਠੀਲੇ ਅਪਨਾ ਹਾਲ ਸੁਨਾਇਆ।
ਜੋ ਜੋ ਸਿਰ ਪਰ ਭਾਣਾ ਬੀਤਿਆ ਸੋਈ ਗਾਇ ਅਲਾਇਆ ॥
ਜਿਸ ਪਰ ਸਾਰਾ ਹਾਲ ਸੁਨਾਕੇ ਫਿਰ ਤਾਰੂ ਸਿੰਘ ਕੇਰਾ।
ਕਹਿਆ ਹਾਲ ਹੈ ਉਸ ਹਠੀਏ ਦਾ ਕੂਚ ਅੱਜ ਕੱਲ ਡੇਰਾ॥ ੨੯੯॥
ਜਦ ਤਾਰੂ ਸਿੰਘ ਇਸ ਕਸ਼ਟ ਵਿੱਚ ਬੈਠਾ ਗੁਰੂ ਧਿਆਏ।
ਤਦ ਨਾਜ਼ਮ ਦੀ ਏਹੁ ਅਨੀਤੀ ਨਾ ਕਰਤਾਰ ਸੁਹਾਏ ॥

ਜਿਸ ਤੇ ਉਸ ਕਾਦਰ ਦੀ ਕੁਦਰਤ ਐਸੀ ਉਸ ਪਰ ਵਰਤੀ ।
ਤੰਗ ਜਾਨ ਤੇ ਆਇਆ ਪਾਪੀ ਵੇਹਲ ਨ ਦੇਦੀਂ ਧਰਤੀ ॥ ੧੯੦॥
ਹੋ ਇ ਬੀਮਾਰ ਲਚਾਰ ਮਹਾਂ ਉਹ ਨਿਸ ਦਿਨ ਹੈ ਦੁਖ ਪਾਂਦਾ ।
ਨਾ ਬੋਲੇ ਨਾ ਚੱਲੇ ਰਾਈ ਨਾ ਪੀਵੇ ਨਾ ਖਾਂਦਾ ॥
ਚੜ੍ਹਿਆ ਪੇਟ ਅਫਾਰਾ ਉਸ ਦੇ ਜਿਸ ਦੇ ਨਾਲ ਦੁਖਾਰਾ ।
ਕਰੇ ਪੁਕਾਰ ਅੰਤ ਦੇ ਵੇਲੇ ਰਾਖਾ ਪੰਥ ਹਮਾਰਾ ॥ ੧੯੧ ॥
ਜਿਸਤੇ ਉਸ ਨੇ ਇਹ ਹੈ ਬਿਨਤੀ ਕਰੀ ਪੰਥ ਕੇ ਆਗੇ ।
ਕਿਸੀ ਤਰ੍ਹਾਂ ਇਹ ਮੇਰਾ ਦੁਖੜਾ ਇਨਕੀ ਕ੍ਰਿਪਾ ਭਾਗੇ ॥
ਜੋ ਕੁਛ ਕਹੋ ਜਗੀਰ ਦਿਆਂਗਾ ਅਰ ਨਕਦੀ ਧਨ ਭਾਰਾ ।
ਹੋਰ ਬਾਤ ਜੋ ਪੰਥ ਚਹੇਗਾ ਨਾ ਕਰਸਾਂ ਇਨਕਾਰਾ ॥ ੧੯੨ ॥
ਮੈਂ ਤਾਂ ਮਨ ਵਿੱਚ ਜਾਨ ਲਿਆ ਹੈ ਪੰਥ ਵੱਡਾ ਕਲਧਾਰੀ ।
ਉਸਤੇ ਬਿਨਾਂ ਨ ਸੁਨ ਸੀ ਕੋਈ ਇਹ ਜੋ ਬਾਤ ਹਮਾਰੀ ॥
ਇਸੇ ਤਰ੍ਹਾਂ ਕੁਛ ਸ਼ਕਤ ਦਖਾਓ ਮੇਰੀ ਜਾਨ ਬਚਾਕੇ ।
ਲਾਵੇ ਵਾਹ ਅਹੇ ਕੁਛ ਲਗਦੀ ਅਪਨਾ ਗੁਰੂ ਮਨਾਕੇ ॥ ੧੯੩ ॥
ਜਿਸ ਪਰ ਮੈਂ ਭੀ ਅਰਜ਼ ਕਰਾਂ ਇਹ ਵੇਲਾ ਹੈ ਭਲਿਆਈ ।
ਨਾਲ ਬੁਰੇ ਦੇ ਭੀ ਜੋ ਕਰਨੀ ਸਤਿਗੁਰ ਨੇ ਫੁਰਮਾਈ ॥
ਉਸ ਪਾਪੀ ਨੇ ਪਾਪ ਕਰੇ ਹਨ ਪਰ ਤੁਮ ਪੁੰਨ ਕਮਾਓ ।
ਜਾਨ ਬਚਾਵੋ ਕਰ ਅਰਦਾਸਾ ਉਸ ਪਰ ਮੂਲ ਨ ਜਾਓ ॥ ੧੯੪ ॥
ਫਿਰ ਜਦ ਉਹ ਕਛੁ ਦੇਖ ਲਏਗਾ ਅਜ਼ਮਤ ਪੰਥ ਚੰਗੇਰੀ ।
ਤਦ ਕਈਆਂ ਨੂੰ ਬਹੁ ਸੁਖ ਦੇਸੀ ਕਰਸੀ ਮੂਲ ਨ ਦੇਰੀ ॥
ਕਈ ਹਜ਼ਾਰਾਂ ਸਿੱਖ ਬਚਨ ਗੇ ਉਸਦੀ ਰੱਖਯਾ ਕਾਰਨ ।
ਦੂਜੇ ਪੰਥ ਖਾਲਸਾ ਤਾਈਂ ਜਾਨੇਗਾ ਭਵ ਤਾਰਨ ॥ ੧੯੫ ॥

ਤਾਂਤੇ ਮੰਗ ਲਵੇ ਜੋ ਚਾਹੇ ਅਰ ਲਿਖਵਾਓ ਸਾਰੇ।
ਜੋ ਕੁਛ ਹੁਣ ਲਿਖਵਾਉਨ ਚਾਹ ਹੈ ਫਿਰ ਲਾਭ ਤਿਹਾਰੇ॥
ਇਸ ਪਰ ਜੋ ਹੈ ਆਗਿਆ ਦੱਸੋ ਉਸ ਨੂੰ ਜਾਇ ਸੁਨਾਵਾਂ।
ਆਪ ਪਾਸ ਅਰ ਉਸ ਪਾਪੀ ਤੇ ਜਸ ਦਾ ਤਿਲਕ ਲਿਜਾਵਾਂ॥ ੧੯੬
ਇਸਨੂੰ ਸੁਨਕੇ ਵਡੇ ਕੋਪ ਸੋਂ ਕਰੀ ਸੁਨੋ ਹੇ ਭਾਈ।
ਪੰਥ ਖਾਲਸਾ ਕਦ ਲੇਵੇਗਾ ਉਸਦੀ ਵਸਤ ਦੁਵਾਈ॥
ਕੌਨ ਕੰਗਾਲ ਭਲਾ ਉਹ ਪਾਪੀ ਦਏ ਜਗੀਰਾਂ ਸਾਨੂੰ।
ਦੇਵਨ ਹਾਰ ਗੁਰੂ ਹੈ ਸਭ ਕੁਛ ਰਾਜਅਰਭਾਗ ਤੁਸਾਨੂੰ॥ ੧੯੭॥
ਮਾਰ ਕੋਟੜੇ ਲਏ ਸਾਂਭ ਇਹ ਮੁਲਕ ਖਾਲਸਾ ਸਾਰਾ।
ਜਿਸ ਪਰ ਉਸ ਪਾਪੀ ਦਾ ਨਾਹੀਂ ਚੱਲ ਕਈ ਚਾਰਾ॥
ਤਾਂਤੇ ਲੋੜ ਪੰਥ ਨੂੰ ਨਾਹੀਂ ਜੋ ਉਸਤੇ ਚਾ ਮੰਗੇ।
ਕਹੋ ਭਲਾ ਕੀ ਸਾਨੂੰ ਦੇਨਾ ਉਸ ਭੁਖੇ ਅਰ ਨੰਗੇ॥ ੧੯੮॥
ਅਰ ਇਹ ਬਚਨ ਤੁਸਾਂ ਦਾ ਸਾਨੂੰ ਮੰਨਨ ਪਿਆ ਜ਼ਰੂਰੀ।
ਖਾਲੀ ਜਾਇ ਨਹੀਂ ਦਰ ਆਇਆ ਲੈਕੇ ਨਾਮ ਹਜ਼ੂਰੀ॥
ਏਸ ਪੰਥ ਦੀ ਸ਼ਰਨ ਓਸ ਨੇ ਓੜਕ ਵੇਲੇ ਲੀਤੀ।
ਜਿਸਤੇ ਪੰਥ ਰੂਪ ਜੋ ਗੁਰ ਦਾ ਚਾਹੇ ਕ੍ਰਿਪਾ ਕੀਤੀ॥ ੧੯੯॥
ਬਖਸ਼ਨ ਜੋਗ ਸਦਾ ਹੈ ਪਾਪੀ ਅਰ ਰੱਖਕ ਹੈ ਪਿਆਰੇ।
ਇਹੋ ਪੰਥ ਖਾਲਸਾ ਜਗ ਵਿਚ ਸਭ ਸਮਰੱਥਾ ਧਾਰੇ॥
ਨਾਮ ਗੁਰੂ ਦਾ ਉਸਨੇ ਲੈਕਰ ਹੈ ਤੁਧ ਭੇਜਿਆ ਜੈਸੇ।
ਸਾਨੂੰ ਭੀ ਕਰ ਆਦਰ ਚਹੀਏ ਸਿਰ ਪਰ ਧਰਨਾ ਤੈਸੇ॥ ੨੦੦॥
ਜਿਸ ਪਰ ਖਿਨਤੀ ਹੈ ਉਹ ਕਰਦਾ ਵਡੀ ਦੀਨਤਾ ਕਰਕੇ।
ਇਸੀ ਤਰ੍ਹਾਂ ਪਰ ਅਸੀਂ ਓਸਤੇ ਤਹਨਾ ਨਾਹੀਂ ਡਰਕੇ॥

ਕਰ ਅਰਦਾਸ ਬਖਸ਼ ਹੈ ਦੇਂਦੇ ਉਸਦਾ ਦੁਖੜਾ ਭਾਈ।
ਪਰ ਤਾਰਾ ਸਿੰਘ ਦਾ ਜੋ ਦੁਸ਼ਮਨ ਸਕੇ ਨ ਜਾਨ ਬਚਾਈ ॥੨੦੧॥
ਬਰਨ ਸਿੰਘ ਦਾ ਪੂਰਾ ਹੋਸੀ ਉਹ ਮਰਜਾਸੀ ਪਾਪੀ।
ਭਲਾ ਕਹੋ ਕਦ ਹੈ ਜਗ ਬਚਿਆ ਜੋ ਜਨ ਸੰਤ ਸਰਾਪੀ॥
ਤਾਂਤੇ ਮਰਨਾ ਹੈ ਉਸ ਜ਼ਾਲਮ ਸਰ ਪੁਰ ਮਨ ਵਿੱਚ ਜਾਣੋ।
ਜਿਸਤੇ ਉਸ ਗੁਰ ਜੀ ਦੀ ਆਗਿਆ ਮਨ ਦੇ ਵਿੱਚ ਪਛਾਣੋ ॥੨੦੨॥
ਜਿਸਤੇ ਜੋ ਦੁਰਬਚਨ ਸਿੰਘ ਨੂੰ ਉਸਨੇ ਬੋਲੇ ਪਿਆਰੇ।
ਸੋਈ ਜੇ ਉਹ ਅਪਨੇ ਉਪਰ ਚੰਗੀ ਤਰ੍ਹਾਂ ਸਹਾਰੇ॥
ਤਾਂ ਪੇਸ਼ਾਬ ਓਸਦਾ ਹੋਵੇ ਤੁਰਤ ਖਲਾਸੋ ਭਾਈ।
ਇਸ ਦੁਖ ਤੇ ਤਾਂ ਉਸਦੀ ਦੇਸੈਂ ਜਾਨ ਅਸਾਂ ਬਖਸ਼ਾਈ ॥ ੨੦੩ ॥
ਤਾਰਾ ਸਿੰਘ ਹਠੀ ਦਾ ਜੂਤਾ ਉਸਦੇ ਸਿਰ ਪਰ ਮਾਰੋ।
ਜਦ ਉਹ ਧਮਕ ਪਵੇਗੀ ਉਸਨੂੰ ਹੋ ਜਾਸੀ ਛੁਟਕਾਰੋ॥
ਜਿਤਨੇ ਸਿਰ ਪਰ ਖਾਏ ਜੂਤੇ ਉਤਨਾ ਰਾਜ਼ੀ ਹੋਸੀ।
ਬੰਦ ਪਸ਼ਾਬ ਬਿਮਾਰੀ ਜੋਈ ਸੋ ਸਭ ਹੀ ਉਹ ਖੋਸੀ ॥ ੨੦੪ ॥
ਤਾਂਤੇ ਦੇਰ ਕਰੋ ਨਹਿ ਭਾਈ ਜਾਵੋ ਤੁਸੀਂ ਸ਼ਤਾਬੀ।
ਦੂਰ ਕਰੋ ਉਸ ਦੁਖੀਏ ਦੀ ਜੋ ਪਾਈ ਏਹ ਖਰਾਬੀ॥
ਜੇ ਮੰਨੇਗਾ ਤਾਂ ਸੁਖ ਹੋਸੀ ਨਾ ਮੰਨੇ ਦੁਖ ਪਾਵੇ।
ਪੰਥ ਓਸਦੇ ਭਲੇ ਵਾਸਤੇ ਇਹ ਰਸਤਾ ਸਮਝਾਵੇ॥ ੨੦੫॥
ਪਰ ਓਹ ਮਰ ਤਾਂ ਜਾਣਾ ਪਾਮਰ ਤਾਰੂ ਹਰਤੇ ਪਹਲੇ।
ਸੋੜਾ ਪਰਸ ਸਿੰਘ ਦਾ ਜਾਸਨ ਪ੍ਰਾਨ ਓਸ ਦੇ ਸਹਿਲੇ॥
ਤਾਂਤੇ ਜਾਉ ਦੇਰ ਨਹੀਂ ਕੀਜੇ ਇਹ ਉੱਤ੍ਰ ਉਸ ਦੀਜੇ।
ਕਹੇ ਨਵਾਬ ਪੰਥ ਇਹ ਆਖੀ ਜੋ ਭਾਵੇ ਸੋ ਕੀਜੇ ॥ ੨੦੬ ॥

ਸੁਨ ਸੁਬੇਗ ਸਿੰਘ ਬਚਨ ਖਾਲਸੇ ਫਿਰ ਲਾਹੌਰੇ ਆਇਆ।
ਪਹਲੇ ਤਾਰੂ ਸਿੰਘ ਪਾਸ ਜਾ ਜੈਕਾਰਾ ਗਜਵਾਇਆ ॥
ਫਤੇ ਬੁਲਾਇ ਖਾਲਸੇ ਕੇਰੀ ਸਾਰੀ ਬਾਤ ਸੁਨਾਈ।
ਜਿਸ ਪਰ ਤਾਰੂ ਸਿੰਘ ਰਿਦੇ ਵਿੱਚ ਸੁਨਕੇ ਦਯਾ ਵਸਾਈ ॥ ੨੦੭॥
ਤਦੋਂ ਸੁਬੇਗ ਸਿੰਘ ਨੂੰ ਹਸਕੇ ਤਾਰੂ ਸਿੰਘ ਪਿਆਰੇ।
ਕਹੀ ਪੰਥ ਦਿੱਤੀ ਜੋ ਆਗਿਆ ਸੋ ਹੈ ਸੀਸ ਹਮਾਰੇ ॥
ਪਰ ਨਵਾਬ ਤੇ ਜਾਕਰ ਪੁਛੋ ਮੰਨੇਗਾ ਕੈ ਨਾਈਂ।
ਜਾਨ ਸਿੰਘ ਦਾ ਪੌਲਾ ਸੋ ਫਿਰ ਮੰਗੇ ਨਾ ਮਨ ਮਾਹੀਂ ॥ ੨੦੮ ॥
ਫਤੇ ਬੁਲਾਇ ਸੁਬੇਗ ਸਿੰਘ ਤਦ ਨਾਜ਼ਮ ਪੈ ਚਲ ਆਇਆ।
ਸਾਰਾ ਹਾਲ ਪੰਥ ਦਾ ਉਸ ਨੂੰ ਠੀਕ ਤਰ੍ਹਾਂ ਸਮਝਾਇਅ ॥
ਕਹੀ ਕਹੋਂ ਤਾਂ ਜੂਤਾ ਜਾਕੇ ਲਿਆਵੇ ਪੁਰਖ ਤੁਮ੍ਹਾਰਾ।
ਅਪਨੇ ਸਿਰ ਪਰ ਸੋ ਜੜਵਾਕੇ ਕਰੋ ਰੋਗ ਛੁਟਕਾਰਾ ॥ ੨੦੯ ॥
ਅਰ ਜੇ ਸ਼ੰਕਾ ਮਨ ਵਿੱਚ ਕੋਈ ਤਾਂ ਕੁਛ ਕਰੋ ਨਾ ਹੀਲਾ।
ਸਾਚੀ ਬਾਤ ਕਹਾਂ ਮੈਂ ਸੁਨੀਏ ਚੰਗਾ ਏਹੁ ਵਸੀਲਾ ॥
ਜਿਸ ਨੂੰ ਸੁਨਕੇ ਫਿਰ ਨਵਾਬ ਨੇ ਕਹੀ ਮਾਨ ਮੈਂ ਲੀਆ।
ਜੋਗ ਅਜੋਗ ਕੰਮ ਹੈ ਕਰਦਾ ਚਹੇ ਜਗਤ ਜੋ ਜੀਆ ॥ ੨੧੦ ॥
ਦੁਨੀਆਂ ਉੱਪਰ ਮਤਲਬ ਤਾਈਂ ਕਿਆ ਕੁਛ ਪੁਰਖ ਨ ਕਰਦਾ।
ਨਾ ਕਰਨੀ ਸੋ ਭੀ ਕਰ ਦੇਂਦਾ ਜਦ ਦਿਸਦਾ ਹੈ ਮਰਦਾ ॥
ਤਾਂਤੇ ਭੇਜ ਸ਼ਿਤਾਬ ਆਦਮੀ ਜੂਤਾ ਸਿੰਘ ਮੰਗਾਇਆ।
ਜਿਸ ਨੇ ਲਿਆਇ ਸੁਬੇਗ ਸਿੰਘ ਦੇ ਹੱਥੀਂ ਚਾਇ ਫੜਾਇਆ।੨੧੧।
ਲੈਕਰ ਜੋੜਾ ਸੁਬੇਗ ਸਿੰਘ ਨੇ ਸਿਰ ਨਵਾਬ ਦੇ ਮਾਰਾ।
ਇੱਕ ਦੋਇ ਅਰ ਤਿੰਨ ਗਿਣਦਿਆਂ ਜਦੋਂ ਸਾਤਵਾਂ ਧਾਰਾ ॥

ਤਦੋ ਪਸ਼ਾਬ ਖਲਾਸੀ ਹੋਈ ਜਾਨ ਖਾਨ ਵਿੱਚ ਆਈ।
ਜਿਉਂ ਜਿਉਂ ਜੂਤੇ ਜੜੇ ਸੀਸ ਪਰ ਤਿਉਂ ਦੁਖ ਜਾਂਦਾ ਭਾਈ॥੩੧੨॥
ਜਦੋਂ ਜੂਤੀਆਂ ਨਾਲ ਸਿੰਘ ਨੇ ਕੀਤੀ ਬੰਦ ਖਲਾਸੀ।
ਤਦੋਂ ਨਵਾਬ ਜਾਨ ਮਨ ਲੀਤਾ ਮੂਲ ਨਹੀਂ ਹੈ ਹਾਸੀ॥
ਕਹਿਰ ਜ਼ੁਲਮ ਦਾ ਬਦਲਾ ਭਾਈ ਅੰਤ ਇਹੋ ਹੈ ਮਿਲਦਾ।
ਓੜਕ ਨੂੰ ਉਹ ਕਰੇ ਫ਼ੈਸਲਾ ਜਾਨਨ ਹਾਰਾ ਦਿਲਦਾ॥ ੩੧੩ ॥
ਇਸ ਪਰ ਰਾਜ਼ੀ ਹੋਕੇ ਉਸ ਨੇ ਸ਼ੁਕਰ ਖ਼ੁਦਾ ਦਾ ਕੀਤਾ।
ਜਿਸ ਤੇ ਸਿੰਘਾਂ ਥੋਂ ਫਿਰ ਉਸਨੇ ਜ਼ੁਲਮ ਦੂਰਕਰ ਲੀਤਾ॥
ਲੱਗਾ ਕਹਨ ਅੱਜ ਤੇ ਮੈਂ ਅਰ ਮੇਰੀ ਜੋਇ ਉਲਾਦੇ।
ਸਿੰਘਾਂ ਨੂੰ ਦੁਖ ਮੂਲ ਨ ਦੇਵੇ ਕਰਕੇ ਬਾਦ ਵਿਵਾਦੇ॥ ੩੧੪ ॥
ਇਤਨਾ ਕਹਕੇ ਫੇਰ ਓਸਨੇ ਕਹੀ ਸਿੰਘ ਨੂੰ ਐਸੀ।
ਪਰਉਪਕਾਰ ਜਾਨ ਕੇ ਕਹਿੰਦੇ ਕਦਰ ਦਾਨ ਹਨ ਜੈਸੀ॥
ਮੰਗ ਸੁਬੇਗ ਸਿੰਘ ਜੀ ਹੁਣ ਤਾਂ ਜੋ ਕੁਛ ਮੰਗਨ ਚਾਹੋਂ।
ਆਦਰ ਨਾਲ ਬਠਾਇ ਕਿਹਾ ਤਦ ਨਾਲ ਅਦਬ ਫੜ ਬਾਹੋਂ॥੩੧੫॥
ਇਸ ਪਰ ਕਹੀ ਸਿੰਘ ਨੇ ਸੁਨੀਏ ਬਾਤ ਖਾਨ ਜੀ ਮੇਰੀ।
ਜਿਸਤੇ ਰੋਗੋਂ ਹੋਇ ਗਈ ਹੈ ਬੰਦ ਖੁਲਾਸੀ ਤੇਰੀ॥
ਤਾਂਤੇ ਇੱਕ ਸਾਲ ਤਕ ਮੈਨੂੰ ਤੂੰ ਕੁਟਵਾਲੀ ਦੇਈਂ॥
ਕਰਕੇ ਟਹਲਾ ਇਹੁ ਸੁਨ ਪਿਆਰੇ ਗੁਰ ਕੋਲੋਂ ਯਸ਼ ਲੇਈਂ॥੩੧੬॥
ਤਦੋਂ ਖਾਨ ਨੇ ਮੰਨ ਲਈ ਇਹ ਬਾਤ ਸਿੰਘ ਦੀ ਸਾਰੀ।
ਦਿੱਤੀ ਆਕੇ ਚਾਇ ਹਕੂਮਤ ਸ਼ਹਿਰ ਲਹੌਰੀ ਭਾਰੀ॥
ਲੈਕੇ ਤਦੋਂ ਸੁਬੇਗ ਸਿੰਘ ਨੇ ਜੋ ਸੀ ਮਨਸਬ ਭਾਰਾ।
ਸਿੰਘਾਂ ਦੇ ਸੁਖ ਦੇਵਨ ਕਾਰਨ ਮਨ ਦੇ ਵਿੱਚ ਵਿਚਾਰਾ॥ ੩੧੭ ॥

ਦਿੱਤਾ ਹੁਕਮ ਓਸ ਹੀ ਵੇਲੇ ਸਾਰਾ ਜ਼ੁਲਮ ਹਟਾਵੇ।
ਕੋਈ ਨਾਲ ਜ਼ੋਰ ਦੇ ਪਜਾਰੇ ਨਾ ਤੁਮ ਸਿੰਘ ਦੁਖਾਵੇ॥
ਜ਼ੁਲਮ ਕਰਨ ਪਰਮੇਸ਼ੂਰ ਭਾਈ ਚੰਗਾ ਮੂਲ ਨ ਲਗਦਾ।
ਬਿਨਾਂ ਪ੍ਰਯੋਜਨ ਦਿਲ ਦੁਖਨ ਦਾ ਕੰਮ ਪਛਾਨੋ ਸਗਦਾ॥ ੨੧੮॥
ਦੂਜਾ ਬਾਦ ਸ਼ਾਹਿ ਹਨ ਹੁੰਦੇ ਪਰ ਜਾਂਦੇ ਸੁਖ ਦਾਈ।
ਜਿਸਤੋਂ ਚਹੀਏ ਨਹੀਂ ਉਨ੍ਹਾਂ ਨੂੰ ਖਲਕ ਖੁਦਾਇ ਦੁਖਾਈ॥
ਖਲਕਤ ਸਭੋ ਖੁਦਾ ਦੀ ਹੁੰਦੀ ਰਾਖਾ ਉਸ ਦਾ ਜੋਈ।
ਪਾਤਸ਼ਾਹ ਹੁੰਦਾ ਹੈ ਸਦ ਹੀ ਮਾਤ ਪਿਤਾ ਸਮ ਸੋਈ॥ ੨੧੯॥
ਤਾਂਤੇ ਜੋ ਸਿੰਘਾਂ ਪਰ ਕੀਤਾ ਜ਼ੁਲਮ ਤੁਰਕ ਨੇ ਭਾਰਾ।
ਸੋ ਤਾਂ ਜੋਗ ਨਹੀਂ ਹੈ ਪਜ਼ਾਰੇ ਹੈ ਅਤਿ ਮਹਾਂ ਨਿਕਾਰਾ॥
ਦਿੱਤਾ ਹੁਕਮ ਜਾਹੁ ਹੁਣ ਛੇਤੀ ਇਹ ਪਰਵਾਨਾ ਜਾਕੇ।
ਸੁਖ ਦੇਵੋ ਚਾ ਸਭਦੇ ਤਾਈਂ ਨਗਰੀ ਵਿੱਚ ਸੁਨਾਕੇ॥ ੨੨੦॥
ਪਾਤਸ਼ਾਹ ਨੂੰ ਸਭ ਇੱਕ ਜੇਹੇ ਜੋ ਪਰਜਾ ਵਿੱਚ ਵਸਦੇ।
ਰਹਨ ਨਚਿੰਤ ਹੋਇ ਮਨ ਅੰਦਰ ਪਹਨੋ ਖਾਓ ਹਸਦੇ॥
ਜੁਲਮ ਕਰੇਗਾ ਜ਼ਾਲਮ ਜੋਈ ਸੋ ਉਸ ਦਾ ਫਲ ਪਾਊ।
ਯਾਦ ਰਹੇ ਫਿਰ ਵੇਲਾ ਉਸਨੂੰ ਮੁੜਕੇ ਹੱਥ ਨ ਆਊ॥ ੨੨੧॥
ਇਤਨਾ ਕਹਿਕੇ ਆਗਿਆ ਦਿੱਤੀ ਜੋ ਮਸਤੀ ਦਰਵਾਜ਼ੇ।
ਸਿੰਘਾਂ ਦੇ ਧੜ ਸਿਰ ਹਨ ਰੁਲਦੇ ਜੋ ਬਿਨ ਹੀ ਅਨਦਾਜ਼ੇ॥
ਸਭ ਹੀ ਚਾਇ ਕਰਾਵੋ ਕੱਠੇ ਅਰ ਖੂਹਾਂ ਜੋ ਭਰਿਆ।
ਨਾਲ ਸਿਰਾਂ ਦੇ ਡਬਦੇ ਸੋ ਭੀ ਚਹੀਏ ਖਾਲੀ ਕਰਿਆ॥ ੨੨੨॥
ਸਾਰੇ ਧੜ ਜੋ ਪਏ ਪੁਰਾਣੇ ਰਹੇ ਹੱਡ ਬਨ ਢੇਰੀ।
ਸੋਭੀ ਚਾਇ ਕਰਾਇ ਅਕੱਠੇ ਕਰੋ ਦਾਹਿ ਬਿਨ ਦੇਰੀ॥

ਭਰਿਆ ਖੂਹ ਸਿਰਾਂ ਦਾ ਭਾਰਾ ਸੋ ਖਾਲੀ ਕਰਵਾਇਆ।
ਚੰਗੀ ਤਰ੍ਹਾਂ ਸ਼ਹੀਦ ਗੰਜ ਸੋ ਨਾਲ ਪ੍ਰੇਮ ਬਨਾਇਆ ॥ ੩੨੩ ॥
ਮਨੀ ਸਿੰਘ ਜੀ ਪਾਸ ਉਨ੍ਹਾਂ ਦਾ ਜਾਇ ਨਿਵਾਸ ਕਰਾਇਆ।
ਸੁੰਦਰ ਵਡਾ ਸ਼ਹੀਦ ਗੰਜ ਸੋ ਨਾਲ ਪ੍ਰੀਤ ਬਨਾਇਆ ॥
ਅੱਜ ਤੀਕ ਉਸ ਜਾਗਾ ਤਾਈਂ ਪੂਜਨ ਲੋਗ ਸਵਾਏ।
ਰਹੇ ਅਟਲ ਉਹ ਸਦਾ ਜਗਤ ਵਿੱਚ ਸਨ ਜਿਨ ਸਿਦਕ ਕੁਮਾਏ ॥ ੩੨੪ ॥
ਪਾਸ ਕਿਲੇ ਦੇ ਚੜ੍ਹਦੇ ਪਾਸੇ ਅਰ ਮਸਤੀ ਦਰਵਾਜ਼ੇ।
ਅਹੇ ਪਵਿੱਤ੍ਰ ਓਹ ਸੁਹਾਵਾ ਅਬ ਤਕ ਤਹਾਂ ਬਰਾਜੇ ॥
ਹੋਇ ਗਿਆ ਤਦ ਅਮਨ ਸ਼ਹਿਰ ਵਿੱਚ ਜ਼ੁਲਮ ਨ ਬਾਕੀ ਰਹਿਆ।
ਦੇਖ ਹਾਲ ਇਹ ਸਭਨਾਂ ਲੋਗਾਂ ਧੰਨ ਸਿੰਘ ਨੂੰ ਕੇਹਾ ॥ ੩੨੫ ॥
ਇਸ ਤੇ ਅੱਗੇ ਸੁਨੋ ਬਾਤ ਜੋ ਨਾਲ ਨਵਾਬ ਬਨਾਈ।
ਓੜਕ ਨੂੰ ਓੜਕ ਦੀ ਵਾਰੀ ਉਸ ਦੀ ਐਥੋਂ ਆਈ ॥
ਦਿੱਤੇ ਪ੍ਰਾਨ ਆਪਨੇ ਤਿਸ ਨੇ ਅਤ ਹੀ ਮਨ ਦੁਖ ਭਰਕੇ।
ਸਿੰਘ ਦੁਖਾਇ ਗਿਆ ਪਛਤਾਕੇ ਪਾਪ ਸੀਸ ਪਰ ਧਰਕੇ ॥ ੩੨੬ ॥
ਖਾਨ ਬਹਾਦਰ ਦਾ ਸੁਨ ਮਰਨਾ ਸ਼ਹਿਰ ਹਲਾਹਲ ਹੋਈ।
ਸਾਰੀ ਪਰਜਾ ਮੁਸੱਲਮਾਨੀ ਹੰਝੂ ਭਰਕੇ ਰੋਈ ॥
ਪਏ ਸਿਆਪੇ ਘਰ ਵਿੱਚ ਉਸਦੇ ਰੋਵਨ ਸਕੇ ਸਨੇਹੀ।
ਹੱਥੋਂ ਹੱਥੀਂ ਬਦਲਾ ਪਾਇਆ ਕਰਣੀ ਭਈ ਨ ਬੇਹੀ ॥ ੩੨੭ ॥
ਜਦ ਤਾਰੂ ਮ੍ਰਿਗਿੰਦ ਸੁਨਿਆ ਉਹ ਚੜ ਗਿਆ ਜ਼ਾਲਮ ਭਾਰਾ।
ਕਹੀ ਧੰਨ ਸਤਿਗੁਰ ਜੋ ਤਾਈਂ ਸੁਨਿਆ ਕਹਰ ਹਮਾਰਾ ॥
ਜਿਸ ਤੇ ਮੇਰੇ ਸਨਮੁਖ ਇਸ ਨੇ ਅਪਨੇ ਪ੍ਰਾਣ ਤਜਾਏ।
ਜਾਂਤੇ ਅਪਨੀ ਕਰਣੀ ਦੇ ਤਿਨ ਆਪੇ ਹੀ ਫਲ ਪਾਏ ॥ ੩੨੮ ॥

ਤਾਂਤੇ ਹੁਣ ਸਾਨੂੰ ਅਸਵਾਰਾ ਕਰਨਾ ਚਹੀਏ ਭਾਈ।
ਜਿਸ ਤੇ ਬਹੁਤ ਅਕਾਲ ਪੁਰਖ ਦੀ ਮੈਂ ਸੇਵਾ ਕਰਵਾਈ॥
ਫੜਕ ਨੂੰ ਹੋ ਸਿਦਕੀ ਚੱਲਿਆ ਏਸ ਜਹਾਨੋਂ ਪਸਾਰੇ।
ਨਹੀਂ ਗਲੀ ਕਨਾ ਜਾਲਾਂ ਹੁੰਦੀ ਧਰਮ ਜਾਵਿਦਾ ਹਾਰੇ॥ ੨੨੯॥
ਉਸ ਹੀ ਵੇਲੇ ਮਨ ਵਿੱਚ ਚੜਿਆ ਚਾਉ ਸਿੰਘ ਦੇ ਐਸਾ।
ਪਰਦੇਸ਼ੀ ਨੂੰ ਦੇਸ ਜਾਨ ਦਾ ਹੁੰਦਾ ਹੈ ਮਨ ਜੈਸਾ॥
ਕਹੀ ਖਾਲਸਾ ਜੀ ਹੁਨ ਸਾਡੀ ਬਖਸ਼ੋ ਸਭ ਤਕਸੀਰਾਂ।
ਦੇਵੋ ਵਿਦਾ ਮਿਲਾ ਮੈਂ ਜਾਕੇ ਅਪਨੇ ਸਖੇ ਸਰੀਰਾਂ॥ ੨੩੦॥
ਅੰਮ੍ਰਿਤਸਰ ਜੀ ਤੇ ਉਸ ਵੇਲੇ ਅੰਮ੍ਰਿਤ ਚਾਇ ਮੰਗਾਇਅ।
ਜਿਸ ਦੇ ਨਾਲ ਸਿੰਘ ਨੇ ਬਹਕੇ ਸੀ ਇਸ਼ਨਾਨ ਕਰਾਇਆ॥
ਜਪਜੀ ਜਾਪ ਸੁਖਮਨੀ ਪੜਕੇ ਕਰ ਅਰਦਾਸ ਰਸੀਲੀ।
ਫਤੇ ਗਜਾਈ ਸਭ ਸਿੰਘਾਂ ਨੂੰ ਕਰਕੇ ਸ਼ਕਲ ਸੁਸੀਲੀ॥ ੨੩੧॥
ਨਾਮ ਗੁਰੂ ਦਾ ਮੁਖ ਤੇ ਲੀਤਾ ਕਰ ਅਰਦਾਸਾ ਜਬ ਹੀ।
ਦਿੱਤਾ ਸੀਸ ਨਵਾਇ ਗੁਰੂ ਪਗ ਗਏ ਪ੍ਰਾਨ ਤਜ ਤਬ ਹੀ॥
ਛੋੜ ਚੋਲਨਾ ਗਏ ਗੁਰੂ ਪੁਰ ਜੈ ਜੈ ਕਾਰ ਗਜਾਕੇ।
ਹੋਏ ਅਮਰ ਸਦਾ ਦੇ ਤਾਂਈਂ ਰੰਗੀ ਸਿਦਕ ਕੁਮਾਕੇ॥ ੨੩੨॥
ਸਿੰਘ ਪਾਸ ਦੇ ਦੇਖਦਜਾਂ ਸਨ ਧੰਨ ਧੰਨ ਕਹ ਬੋਲੇ।
ਲੱਗੇ ਕਹਨ ਲਈ ਤੈਂ ਬਰਕਤ ਜੋ ਜਗ ਮਹਿ ਅਨਤੋਲੇ।
ਗਏ ਬਜਾਇ ਨਸ਼ਾਨ ਗੁਰੂ ਪੁਰ ਜਸ ਲੈਕੇ ਸੰਸਾਰੇ।
ਗਿਆ ਨੁਵਾਬ ਹਾਰ ਕਰ ਅਪਨਾ ਜਨਮ ਜਗਤ ਤੇ ਪਿਆਰੇ॥੨੩੩॥
ਲੱਗਾ ਸ਼ਬਦ ਕੀਰਤਨ ਹੋਨੇ ਸੰਗਤ ਸਭ ਜੁੜ ਆਈ।
ਜ਼ਾਲਮ ਦੇ ਘਰ ਸੋਗ ਵਰਤਿਆ ਸਿੰਘਾਂ ਭਈ ਵਧਾਈ॥

ਗਾਉਨ ਸ਼ਬਦ ਵਿਰਾਗ ਭਰੇ ਅਰ ਧੰਨ ਸਿੰਘ ਨੂੰ ਕਹਕੇ ।
ਕਰਨ ਸ਼ਹੀਦੀ ਯਾਦ ਉਸਦੀ ਵਿੱਚ ਸਭਾ ਦੇ ਬਹਕੇ ॥ ੩੩੪ ॥
ਕਰ ਇਸ਼ਨਾਨ ਸਜਾਏ ਬਸਤ੍ਰ ਅਤਰ ਗੁਲਾਬ ਲਿਆਕੇ ।
ਫੂਲਾਂ ਦੇ ਸਿਰ ਸਿਹਰੇ ਧਰਕੇ ਖੁਸ਼ ਹੋਏ ਛਿਣਕਾਕੇ ॥
ਨਾਲ ਸ਼ਬਦ ਬਾਣੀ ਦੇ ਕੀਤਾ ਚਾ ਸਸਕਾਰ ਤਿਆਰਾ ॥
ਨਾਲ ਉਨਾਂ ਦੇ ਸੀ ਤਦ ਤੁਰਿਆ ਸ਼ਹਰ ਖਾਲਸਾ ਸਾਰਾ ॥ ੩੩੫ ॥
ਹਿੰਦੂ ਮੁੱਸਲਮਾਨ ਦੇਖਕੇ ਕਰਨ ਬਹੁਤ ਯਸ਼ ਸਾਰੇ ।
ਕਹਨ ਲਿਆ ਯਸ਼ ਇਸ ਸੂਰੇ ਨੇ ਕਰਕੇ ਸਿਦਕ ਕਰਾਰੇ ॥
ਲੈਕੇ ਤੁਰੇ ਪਜਾਰੇ ਤਾਈਂ ਕਰਨ ਹੇਤ ਸਸਕਾਰਾ ।
ਦਿੱਲੀ ਦਰਵਾਜ਼ੇ ਦੇ ਬਾਹਰ ਸਿੰਘ ਗੁਰੂ ਦਾ ਪਜਾਰਾ ॥ ੩੩੬ ॥
ਪਾਸ ਮਸੀਤ ਉਸੀ ਦੇ ਜਾਕੇ ਜਿਥੇ ਸੀ ਉਹ ਘਾਇਆ ।
ਚੰਦਨ ਚਿਖਾ ਬਨਾਕੇ ਉਸ ਦੀ ਉੱਪਰ ਚਾਇ ਧਰਾਇਆ ॥
ਦਿੱਤਾ ਦਾਹ ਅਗਨ ਦਾ ਜਦ ਹੀ ਜਲਦੀ ਚਿਖਾ ਸਵਾਈ ।
ਮਾਨਹੁ ਤੇਜ ਸ਼ਹੀਦੀ ਦਾ ਹੈ ਦਿੰਦਾ ਏਹ ਦਖਾਈ ॥ ੩੩੭ ॥
ਕਰਕੇ ਤਦ ਸਸਕਾਰ ਸਿੰਘ ਦਾ ਪਾਠ ਤੁਰਤ ਰਖਵਾਇਆ ।
ਨਾਲ ਵਡੇ ਉਤਸਾਹ ਸਭਨ ਨੇ ਭੋਗ ਤਦੋਂ ਸੀ ਪਾਇਆ ॥
ਫੇਰ ਸ਼ਹੀਦ ਗੰਜ ਉਸ ਜਾਗਾ ਕੀਤਾ ਨਾਲ ਦਲੇਰੀ ।
ਸੰਗਤ ਜੁੜਕੇ ਮੇਲਾ ਕਰਦੀ ਸਰਧਾ ਨਾਲ ਘਨੇਰੀ ॥ ੩੩੮ ॥
ਜਿਸਤੇ ਉਸਦੇ ਤਪਦੇ ਬਦਲੇ ਇਹ ਫਲਸੀ ਜਗ ਹੋਇਆ ।
ਜ਼ਾਲਮ ਹਠਾਂ ਨਵਾਬ ਦੁਖੀ ਹੋ ਇਸ ਦੁਨੀਆ ਤੇ ਮੋਇਆ ॥
ਫੇਰ ਮਸੀਤ ਖਾਲਸੇ ਸਾਂਭੀ ਕਰਕੇ ਜੰਗ ਘਨੇਰੇ ।
ਲੱਗੀ ਨਾਉਂ ਅਜ ਤਕ ਸੋਈ ਤਾਰੂ ਹਰਿ ਦੇ ਡੇਰੇ ॥ ੩੪੯ ॥

ਹੁੰਦੇ ਪਾਠ ਰਹਨ ਅਜ ਤਾਈਂ ਉਸ ਜਾਗਾ ਦੇ ਅੰਦਰ ।
ਬਨਨਾ ਉਸ ਸ਼ਹੀਦ ਸਿੰਘ ਦਾ ਅਤਿ ਸੁਹਾਵਾ ਮੰਦਰ ॥
ਲੰਡੇ ਪਾਸ ਬਜ਼ਾਰ ਪ੍ਰਗਟ ਹੈ ਲੁਕਾ ਛਪਾ ਕੁਛ ਨਾਹੀਂ ।
ਦੇਖਨ ਹਾਰੇ ਦਰਸ਼ਨ ਕਰਕੇ ਖੁਸ਼ ਹੁੰਦੇ ਮਨ ਮਾਹੀਂ ॥ ੩੪੦ ॥
ਐਸੇ ਸਿੰਘ ਹਠੀਲੇ ਸੇ ਜਿਨ ਧਰਮ ਜਗਤ ਵਿੱਚ ਪਾਲਾ ॥
ਜਿਸ ਦੇ ਬਦਲੇ ਪਰਮੇਸ਼ੁਰ ਨੇ ਜ਼ੁਲਮ ਧਰਾ ਤੇ ਗਾਲਾ ॥
ਦਿੱਤੀ ਜਾਨ ਬਹਾਦਰ ਨੇ ਸੀ ਪਰ ਨਾ ਕੇਸ ਕਟਾਏ ।
ਜਿਸਤੇ ਜਦ ਤਕ ਦੁਨਿਆ ਕਾਇਮ ਤਦ ਤਕ ਹਨ ਯਸ਼ ਪਾਏ॥੩੪੧॥
ਕਈ ਤਰ੍ਹਾਂ ਦੇ ਲਾਲਚ ਤੇ ਭੀ ਧਰਮ ਨ ਹਾਰਿਆ ਸੂਰੇ ।
ਅਪਨੇ ਗੁਰ ਪਰ ਸ਼ਰਧਾ ਕਰਕੇ ਰਹੇ ਬਹਾਦਰ ਪੂਰੇ ॥
ਪਰ ਜੋ ਅੱਜ ਕੱਲ ਦੇ ਬਾਂਕੇ ਮੌਵਿਆਂ ਤੇ ਥੁੱਕ ਪਾਉਨ ।
ਨਾਲ ਕੈਂਚੀਆਂ ਬੈਠ ਦੁਬਾਰੇ ਆਪੇ ਸੀਸ ਮੁਡਾਉਨ ॥ ੩੪੨ ॥
ਰੱਤੀ ਸ਼ਰਮ ਨ ਕਰਦੇ ਮਨ ਵਿੱਚ ਸਿੱਖੀ ਦੇ ਹੋ ਵੈਰੀ ।
ਕਹੋ ਭਲਾ ਫਿਰ ਕਦ ਹੋਵੇਗੀ ਐਸਿਆਂ ਤਈਂ ਖੈਰੀ ॥
ਜਿਸ ਤੇ ਕਈ ਤਰ੍ਹਾਂ ਦੇ ਭਰਦੇ ਦੁਖ ਦੁਨੀਆਂ ਵਿੱਚ ਆਕੇ ।
ਓੜਕ ਨੂੰ ਅਪਯਸ਼ ਲੈ ਜਾਂਦੇ ਅਪਨਾ ਧਰਮ ਗੁਵਾਕੇ ॥ ੩੪੩ ॥
ਕਹੋ ਪੰਥ ਨੂੰ ਕਿਆ ਵਡਿਆਈ ਐਸੇ ਪੁਰਖਾਂ ਪਾਸੋਂ ।
ਨਾਹੀਂ ਧਰਮ ਜਿਨ੍ਹਾਂ ਦਾ ਕਾਇਮ ਸਿਦਕ ਨ ਪਾਲਨ ਸਾਸੋਂ ॥
ਜੀਵਨ ਮਰਨ ਤਿਨ੍ਹਾਂ ਦਾ ਦਿਸਦਾ ਜਗ ਵਿੱਚ ਇੱਕੋ ਜੇਹਾ ।
ਕਹੋ ਭਲਾ ਫਿਰ ਫਖਰ ਉਨ੍ਹਾਂ ਦਾ ਕੌਨ ਪੰਥ ਨੂੰ ਰੇਹਾ ॥ ੩੪੪ ॥
ਤਾਂ ਤੇ ਹੈ ਦਸਮੇਂ ਗੁਰ ਪੂਰੇ ਪੈਦਾ ਕਰ ਜਨ ਸੂਰੇ ।
ਕਰ ਲੈ ਗੁਪਤ ਉਨ੍ਹਾਂ ਨੂੰ ਛੇਤੀ ਜੋ ਹਨ ਪਾਜ਼ੀ ਮੂਰੇ ॥

ਧਰਮ ਆਪਨੇ ਦੀ ਸੁਧ ਲੇਂਵੇ ਜੋ ਹੈ ਜਗ ਸੁਖਦਾਈ।
ਪੈਦਾ ਕਰੋ ਧਰਮ ਦੀ ਮੂਰਤ ਹਠੀ ਸਤੀ ਸਭ ਭਾਈ ॥ ੩੪੫ ॥
ਹੇ ਅਕਾਲ ਕਰ ਕ੍ਰਿਪਾ ਐਸੀ ਜੈਸੇ ਸਿੰਘ ਵਡ ਭਾਗੀ।
ਤਨ ਮਨ ਧਨ ਤੇ ਸਦਾ ਰਹਨ ਜੋ ਗੁਰ ਘਰ ਮਹਿ ਅਨੁਰਾਗੀ।
ਰਾਜ ਭਾਗ ਸਰਦਾਰੀ ਇਨ ਕੀ ਰਹੇ ਸਦਾ ਜਗ ਮਾਹੀਂ।
ਕਿਸੇ ਬਾਤ ਦੀ ਮਨ ਦੇ ਅੰਦਰ ਰਹਸੀ ਇੱਛਾ ਨਾਹੀਂ ॥ ੩੪੬ ॥
ਰੱਖੋ ਅਮਨ ਦੇਸ ਵਿੱਚ ਸਾਰੇ ਅਰ ਸਰਕਾਰ ਅਸਾਡੀ।
ਕਰੋ ਅਟੱਲ ਰਾਜ ਧਰ ਉਤੇ ਪਾਇ ਅਸੀਸ ਤੁਸਾਡੀ ॥
ਗੁਰ ਦਾ ਧਰਮ ਕੇਸਰੀ ਝੰਡਾ ਝੂਲੇ ਜਗ ਮਹਿ ਸਾਰੇ।
ਦਿਤ ਹਰੀ ਦੀ ਏਹੁ ਬੇਨਤੀ ਹੇ ਸਤਿਗੁਰ ਅਵਤਾਰੇ ॥ ੩੪੭ ॥
ਤਾਰੂ ਸਿੰਘ ਸ਼ਹੀਦ ਸਦਾ ਹੀ ਰਹੇ ਅਟਲ ਜਗ ਮਾਹੀਂ।
ਜਿਸ ਨੇ ਸਿਦਕ ਰਖਾਇਆ ਸਿਰ ਦੇ ਰੰਚਕ ਡੋਲਿਆ ਨਾਹੀਂ ॥
ਐਸੇ ਹਠੀ ਤਪੀ ਸਿੰਘ ਹੋਵਨ ਜੋ ਤੇਰੇ ਸਰਧਾਲੂ।
ਦਿਤ ਹਰੀ ਕਰ ਨਜ਼ਰ ਸੁਵੱਲੀ ਹੇ ਗੁਰ ਜੀ ਕ੍ਰਿਪਾਲੂ ॥ ੩੪੮ ॥
ਬਰਸੇ ਬਰਖਾ ਧਰਤੀ ਉਪਰ ਹੋਵੇ ਅੰਨ ਘਨੇਰਾ।
ਦੁਰਭਿਖ ਕੂਚ ਕਰੇ ਦੁਖ ਦਾਤਾ ਇਹ ਭਾਰਤ ਤੇ ਡੇਰਾ ॥
ਰਾਜਾ ਰਾਜ ਕਰੇ ਸੁਖ ਸੇਤੀ ਪ੍ਰਜਾ ਸੁਖੀ ਵਸਾਵੇ।
ਦਿਤ ਹਰੀ ਦਸਮੇਂ ਗੁਰ ਕੋਲੋਂ ਏਹੋ ਹੀ ਵਰ ਪਾਏ ॥ ੩੪੯ ॥

ਇਤੀ

ਧੰਨਜ ਧੰਨਜ ਜਿਸ ਕੋ ਕਹੇ ਆਜ ਤਲਕ ਸੰਸਾਰ ।
ਤਾਰਾ ਸਿੰਘ ਸ਼ਹੀਦ ਜੋ ਕੀਤਾ ਪਰਉਪਕਾਰ ॥

# ਤਾਰਾ ਸਿੰਘ ਵਾਈਏਂ ਦੀ ਸ਼ਹੀਦੀ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ ॥

# ਤਾਰਾ ਸਿੰਘ ਵਾਂ ਈਏਂ ਦੀ ਸ਼ਹੀਦੀ

ਦੋਹਿਰਾ—ਬੰਦੇ ਦੇ ਮਰਨੇ ਦੇ ਮਗਰੋਂ ਸਿੰਘਾਂ ਪਰ ਦਿਨ ਆਏ।
ਸੋ ਦੁਸ਼ਮਨ ਨੂੰ ਭੀ ਪਰਮੇਸ਼ੂਰ ਨਜ਼ਰੀਂ ਨਾਹਿ ਦਿਖਾਏ ॥
ਉਖੜੇ ਪੈਰ ਅਜੇਹੇ ਤਿਨਕੇ ਨਾ ਘਰ ਘਾਟ ਟਿਕਾਨਾ।
ਨਾ ਸ਼ਸਤ੍ਰ ਨਾ ਬਸਤਰ ਤਨ ਪਰ ਨਾ ਪੀਨਾ ਨਾ ਖਾਨਾ ॥ ੧ ॥
ਛੱਡ ਛੱਡ ਕੇ ਦੇਸ ਵਿਚਾਰੇ ਗਏ ਵਿਦੇਸਾਂ ਮਾਹੀਂ।
ਢੋਈ ਕਿਤੇ ਹੋਰ ਭੀ ਤਿਨਕੋ ਜਗ ਵਿੱਚ ਮਿਲਦੀ ਨਾਹੀਂ।
ਨੰਗੇ ਭੁੱਖੇ ਕਰਨ ਗੁਜ਼ਾਰੇ ਪਰਬਤ ਬਨਾਂ ਮਝਾਰੇ।
ਪੁੱਤ੍ਰ ਨਾਰ ਲਿਚਾਰ ਖੁਆਰੇ ਪਾਵਨ ਦੁਖ ਅਪਾਰੇ ॥ ੨ ॥
ਜੇਕਰ ਨਜ਼ਰ ਪਵੇ ਚਾ ਫਿਰਦਾ ਸਿੱਖ ਕਿਤੇ ਸੀ ਕੋਈ।
ਮਾਰੋ ਮਾਰ ਚੁਫੇਰਿਓਂ ਉਸਨੂੰ ਓਸੇ ਵੇਲੇ ਹੋਈ ॥
ਹਿੰਦੂ ਲੋਗ ਕਹਨ ਇਹ ਪਾਪੀ ਤਿਲਕ ਜਨੇਊ ਹੀਨੇ।
ਧਰਮ ਭਰਿਸ਼ਟ ਨ ਸਿਰ ਮੁੰਡਵਾਂਦੇ ਕੈਸੇ ਹੈਨ ਕਮੀਨੇ ॥ ੩ ॥

ਜਿਸਤੇ ਤੁਰਕੀ ਫੌਜ ਪਾਸ ਜਾ ਸਾਰਾ ਹਾਲ ਸੁਨਾਉਨ।
ਸੁੱਤਾ ਬੈਠਾ ਖੜਾ ਕਿਤੇ ਹੋ ਉਥੇ ਜਾ ਪਕੜਾਉਨ॥
ਹਿੰਦੂ ਤੁਰਕ ਮਾਰਨੇ ਕਾਰਨ ਰਹਨ ਤਿਆਰ ਹਜ਼ਾਰਾਂ।
ਨੰਬ੍ਰਦਾਰ ਨਗਰ ਦੇ ਜਾਕੇ ਦੱਸਨ ਥਾਨੇਦਾਰਾਂ॥ ੪॥
ਦੋਨੋਂ ਦੀਨ ਖਾਲਸੇ ਤਾਈਂ ਕਰਨ ਖੁਆਰ ਘਨੇਰਾ।
ਕਿਤੇ ਅਰਾਮ ਨ ਕਰਨੇ ਦੇਂਦੇ ਲਾਉਨ ਦੇਨ ਨ ਡੇਰਾ॥
ਜਿਸਤੇ ਸਿੰਘ ਸਬਰ ਮਨ ਕਰਕੇ ਲੁਕ ੨ ਸਮਾਂ ਬਿਤਾਂਦੇ।
ਪਰ ਜਦ ਭੁੱਖ ਸਤਾਵੇ ਤਨ ਨੂੰ ਲੁੱਟ ਮਾਰ ਕੇ ਖਾਂਦੇ॥ ੫॥
ਜੋ ਹਿੰਦੂ ਸਿੰਘਾਂ ਦੀ ਜਾਕੇ ਚੁਗਲੀ ਸੀ ਤਹਿ ਖਾਂਦਾ।
ਪਕੜਨ ਹੇਤ ਉਨ੍ਹਾਂ ਦੇ ਕੋਈ ਤੁਰਕੀ ਫੌਜ ਲਿਜਾਂਦਾ॥
ਦੇਖ ਸਿੰਘ ਫਿਰ ਨੱਸ ਜਾਨ ਅਰ ਹੱਥ ਨ ਉਸਦੇ ਆਂਦੇ।
ਟਾਲ ਸਮਾਂ ਫਿਰ ਉਸਦੇ ਉੱਪਰ ਸ਼ੇਰ ਵਾਂਗ ਆ ਪਾਂਦੇ॥ ੬॥
ਲੁੱਟਨ ਮਾਲ ਓਸਦਾ ਵੜਕੇ ਵੜਕੇ ਘਰ ਤਿਸ ਢਾਉਨ।
ਮਾਰ ਕੁੱਟ ਅਰ ਪੁੱਟ ਜੜ੍ਹਾਂ ਤੇ ਧਰਤੀ ਨਾਲ ਮਿਲਾਉਨ॥
ਬਸਤ੍ਰ ਲੀੜੇ ਗਹਨੇ ਨਕਦੀ ਅਰ ਜੋ ਸੁੰਦ੍ਰ ਘੋੜੀ।
ਖੋਹ ਖਿੰਜ ਕੇ ਕਾਬੂ ਕਰਦੇ ਦੇਂਦੇ ਸਜ਼ਾ ਨ ਥੋੜੀ॥ ੭॥
ਜਿੱਕਰ ਸਿੰਘਾਂ ਨੂੰ ਉਹ ਦੇਖਨ ਮਾਰਨ ਕਰਕੇ ਧਾਈ।
ਤੈਸੇ ਸਿੰਘ ਕਰਨ ਤਿਨ ਸੰਗੇ ਦੇਂਦੇ ਖਾਕ ਉਡਾਈ॥
ਹਿੰਦੂ ਮੁੱਸਲਮਾਨ ਬਰਾਬਰ ਫੜ ਸਿੰਘਾਂ ਨੇ ਮਾਰੇ।
ਕਿਤਨਿਆਂ ਦੇ ਕਰ ਹਮਲੇ ਰਾਤੀਂ ਵਸਦੇ ਧਾਮ ਉਜਾੜੇ॥ ੮॥
ਜਿਤਨਾ ਸਿੰਘਾਂ ਨੂੰ ਦੁਖ ਦੇਵਨ ਹਿੰਦੂ ਤੁਰਕ ਦੁਖਾਰੇ।
ਸਿੰਘ ਚੌਗਨਾ ਬਦਲਾ ਲੈਂਦੇ ਕਾਬੂ ਪਾਇ ਵਿਚਾਰੇ॥

ਜਿਕਰ ਸਿੰਘਾਂ ਤਾਈਂ ਨਾ ਸੀ ਮਿਲਦਾ ਸੁਖ ਸੌਂ ਸੌਣਾ ।
ਉਸ ਤੇ ਚੌਗਨ ਹਿੰਦੂ ਤੁਰਕਾਂ ਪੈਂਦਾ ਸੀ ਤਦ ਤੈਣਾ ॥ ੯ ॥
ਹੋਕਰ ਕੱਠੇ ਰਾਤ ਸਮੇਂ ਜਦ ਸਿੰਘ ਨੱਗ੍ਰ ਲੁਟ ਲੈਂਦੇ ।
ਛੱਡਨ ਖੋਜ ਓਸ ਦਾ ਨਾਹੀਂ ਜਿਸ ਦੇ ਪਿੱਛੇ ਪੈਂਦੇ ॥
ਵਾਂਗ ਸ਼ੇਰ ਦੇ ਮਾਰਨ ਛਾਪਾ ਜੋ ਲੱਭੇ ਲੈ ਜਾਉਨ ।
ਜੇਕਰ ਪ੍ਰੇਮ ਨ ਛੋੜੇ ਕੋਈ ਇਨ ਕੋ ਨਾਹਿ ਦੁਖਾਉਨ ॥ ੧੦ ॥
ਜਦ ਸਿੰਘਾਂ ਦੇ ਹੱਥ ਦੇਖ ਸਭ ਡਰੇ ਅਧਕ ਮਨ ਮਾਹੀਂ ।
ਕਰਨ ਉਪਾਇ ਹਜ਼ਾਰ ਉਨ੍ਹਾਂ ਪਰ ਪੇਸ਼ ਜਾਵੰਦੀ ਨਾਹੀਂ ॥
ਹੋਰ ਚੋਰ ਅਰ ਲੋਗ ਧਾੜਵੀ ਅਪਨਾ ਦਾਉ ਲਗਾਉਨ ।
ਲੁੱਟ ਮਾਰ ਮਿਲ ਕਰਨ ਦੇਸ ਮਹਿ ਸਿੰਘਨ ਕੇ ਸਿਰ ਲਾਉਨ॥ ੧੧॥
ਮਰਾ ਦੂਦ ਪੰਜਾਬ ਦੇਸ ਵਿੱਚ ਪੇਸ਼ ਨ ਜਾਂਦੀ ਕੋਈ ।
ਆਪ ਮੁਹਾਰੀ ਪਰਜਾ ਸਾਰੀ ਚਾਰੇ ਪਾਸੇ ਹੋਈ ॥
ਚੜ੍ਹੇ ਲੁਟੇਰੇ ਹੋਇ ਦਲੇਰੇ ਵਾਹੇ ਨੱਗਰ ਹਜ਼ਾਰਾਂ ।
ਲੁੱਟ ਮਾਰ ਕਰ ਨਾਸ ਤੁਰਕ ਦਾ ਜਾਇ ਛਪਨ ਵਿੱਚ ਬਾਰਾਂ ॥ ੧੨ ॥
ਛੱਡ ਛੱਡ ਕਰ ਕੰਮ ਕਾਰ ਸਭ ਲਗੇ ਕਰਨ ਨਰ ਚੋਰੀ ।
ਕੋਈ ਹੋਇ ਧਾੜਵੀ ਭਾਰੇ ਕਰਦੇ ਸੀਨਾਂ ਜ਼ੋਰੀ ॥
ਮਾਰਨ ਧਾੜੇ ਘੱਤ ਪੁਆੜੇ ਵਸਦੇ ਨੱਗਰ ਉਜਾੜੇ ।
ਜੰਮੇਂ ਹੋਏ ਪੈਰ ਜਿਨ੍ਹਾਂ ਨੇ ਤੁਰਕੀ ਚਾਇ ਉਖਾੜੇ ॥ ੧੩ ॥
ਹੋਇ ਲਚਾਰ ਜਦੋਂ ਮਨਸੂਬਾ ਸ਼ਾਹੀ ਫੌਜ ਮਗਾਵੇ ।
ਦੇਕੇ ਹੁਕਮ ਉਨ੍ਹਾਂ ਦੇ ਮਾਰਨ ਕਾਰਨ ਜਦੋਂ ਚੜ੍ਹਾਵੇ ॥
ਸੁਨਕੇ ਖਬਰ ਸਬਰ ਨਹਿ ਕਰਦੇ ਨੱਸ ਬਨਾਂ ਵਿੱਚ ਜਾਂਦੇ ।
ਬਿਨ ਪੁੱਛੇ ਹੀ ਰਾਹ ਲੋਗ ਆ ਸਿੰਘਾਂ ਵਿੱਚ ਮਿਲ ਜਾਂਦੇ ॥ ੧੪ ॥

ਅੱਗੋਂ ਸਿੰਘ ਉਨ੍ਹਾਂ ਨੂੰ ਬਹਕੇ ਗੁਰ ਸਿੱਖਯਾ ਸਮਝਾਵੇਂ।
ਚੋਰੀ ਠੱਗੀ ਰਾਹਜ਼ਨੀ ਸਭ ਤਿਨ ਤੇ ਦੂਰ ਹਟਾਵੇਂ ॥
ਦੇਕਰ ਅੰਮ੍ਰਿਤ ਸਿੰਘ ਸਜਾਉਨ ਅਰ ਇਹ ਸਿੱਖਯਾ ਦੇਂਦੇ।
ਧਰਮ ਹੇਤ ਤੁਮ ਯੁੱਧ ਕਰੋ ਧਰ ਜਿਸਕੋ ਸਿਰ ਪਰ ਲੈਂਦੇ ॥ ੧੫ ॥
ਜਿਸ ਪਰ ਫਿਰ ਸਿੰਘਾਂ ਦੇ ਟੋਲੇ ਬਨ ਗਏ ਕਈ ਹਜ਼ਾਰਾਂ।
ਡਾਰਾਂ ਵਾਂਗ ਫਿਰਨ ਗਰ ਜਾਂਦੇ ਰਾਤ ਦਿਨੇਂ ਵਿੱਚ ਵਾਰਾਂ ॥
ਖਾਨ ਰੁੱਖ ਦੇ ਪੱਤੇ ਸਾਵੇ ਯਾ ਗਾਜਰ ਤੇ ਮੂਲੀ।
ਰਾਤਾਂ ਨੂੰ ਜਾ ਨੱਗਰਾਂ ਦੇ ਵਿਗ ਜਾਨ ਚੜ੍ਹਾਂਉਨ ਸੂਲੀ ॥ ੧੬ ॥
ਪੀਵਨ ਪਾਣੀ ਚੋਰਾਂ ਵਾਂਗਰ ਫਿਰ ਪਿੱਛੇ ਹਟ ਆਵਨ ॥
ਜੇ ਦੇਖਨ ਕੁਛ ਸਮਾਂ ਬਨਾ ਹੈ ਤਾਂ ਹਮਲੇ ਕਰਵਾਵਨ ॥
ਪਾਤਸ਼ਾਹ ਦੀ ਫੌਜ ਮਗਰ ਹੋ ਫਿਰਦੀ ਮਾਰਨਤਾਈਂ।
ਪਰ ਓਹ ਸੂਰ ਬੀਰ ਵੱਡ ਯੋਧੇ ਲੜਸਨ ਚਾਈਂ ਚਾਈਂ ॥ ੧੭ ॥
ਹੋਨ ਟਾਕਰੇ ਜੰਗਲ ਦੇ ਵਿੱਚ ਦੁਹਾਂ ਧਿਰਾਂ ਦੇ ਆਕੇ ॥
ਲੜਦੇ ਕਰਕੇ ਠੀਕ ਦਲੇਰੀ ਦੋਨੋਂ ਢੋਲ ਬਜਾਕੇ।
ਇੱਕ ਓਰ ਤਾਂ ਲੜੇ ਚਾਕਰੀ ਪੈਸੇ ਪਿੱਛੇ ਸਾਰੀ ॥
ਦੂਜੀ ਓਰ ਧਰਮ ਦੇ ਪਿੱਛੇ ਲੜੇ ਖਾਲਸਾ ਭਾਰੀ ॥ ੧੮ ॥
ਸਨਮੁਖ ਚਲਦੇ ਸ਼ਸਤ੍ਰ ਕੋਲੋਂ ਰੰਚਕ ਨਾ ਮੁਖ ਫੇਰੇ।
ਇਕ ਇਕ ਸਿੰਘ ਸ਼ਹੀਦ ਹੋਵੰਦਾ ਕਈਆਂ ਦੇ ਸਿਰ ਗੇਰੇ ॥
ਬੋਲ ਜਕਾਰਾ ਫਤੇ ਗਜਾਕੇ ਹਮਲਾ ਕਰਦੇ ਐਸਾ।
ਤਿੱਤ੍ਰ ਉਪਰ ਬਾਜ਼ ਆਇਕੇ ਪਵੇ ਅਚਾਨਕ ਜੈਸਾ ॥ ੧੯ ॥
ਜਿਸ ਪਰ ਤੁਰਕੀ ਫੌਜਾਂ ਦੇ ਫਜ਼ ਮਦ ਨੂੰ ਦੂਰ ਹਟਾਉਨ।
ਹਾਰਨ ਤੁਰਕ ਮੁੜੇ ਪਿਛਵਾੜੇ ਓੜਕ ਪਿਠ ਦਿਖਾਉਨ ॥

ਜਿਸ ਪਰ ਮਾਰ ਧਾੜ ਕਰ ਸਿੰਘਾਂ ਥੇਹ ਬਸਨ ਹਥਿਆਰੇ।
ਜੋ ਕੁਛ ਬਨੇ ਸਾਂਭ ਕਰ ਉਥੋਂ ਜਾਇ ਲੁਕਨ ਫਿਰ ਬਾਰੇ॥ ੨੦॥
ਇਸੀ ਤਰ੍ਹਾਂ ਦੀ ਬੇ ਅਮਨੀ ਵਿੱਚ ਸਿੰਘਾਂ ਮੰਗ ਪਿਅਰੇ।
ਵਧ ਗਿਆ ਵੈਰ ਤੁਰਕ ਦਾ ਭਾਰੀ ਦੁਸ਼ਮਨ ਹੋ ਗਏ ਸਾਰੇ॥
ਆਖਨ ਇਨ੍ਹਾਂ ਧਾੜਵੀ ਲੋਕਾਂ ਕਿਆ ਹਮਕੋ ਦੁੱਖ ਦੀਆ।
ਬਾਗੀ ਹੋਕਰ ਮੁਲਕ ਇਨ੍ਹਾਂ ਨੇ ਕਾਬੂ ਅਪਨੇ ਕੀਆ॥ ੨੧॥
ਜਦ ਇਹ ਹਾਲ ਦੇਸ਼ ਦਾ ਹੋਇਆ ਕੋਈ ਨ ਕਿਸੇ ਪਛਾਨੇ।
ਲੁੱਟ ਮਾਰ ਅਰ ਧਾੜ ਕਰਨ ਪਰ ਸਭ ਨੇ ਉੱਦਮ ਠਾਨੇ॥
ਅਰ ਤੁਰਕਾਂ ਦੇ ਮਨ ਵਿੱਚ ਭਰਿਆ ਆਨ ਕ੍ਰੋਧ ਸੀ ਭਾਰਾ।
ਆਖਰ ਹੱਥੋਂ ਨਿਕਲਿਆ ਜਾਂਦਾ ਦੇਖੋ ਦੇਸ ਹਮਾਰਾ॥ ੨੨॥
ਤਦ ਇੱਕ ਡੱਲਵਾਂਇ ਜੋ ਨਗਰੀ ਮਾਝੇ ਵਿੱਚ ਸਦਾਵੇ।
ਉਸ ਵਿੱਚ ਤਾਰਾ ਸਿੰਘ ਸਿੰਘ ਇਕ ਸਿਦਕੀ ਵਡਾ ਰਹਾਵੇ॥
ਧਰਮ ਕਰਮ ਪਰ ਗੁਰ ਬਾਣੀ ਦਾ ਹੈਸੀ ਖਰਾ ਪਿਆਰਾ।
ਦਸਮ ਪਾਤਸ਼ਾਹ ਉੱਪਰ ਜਿਸਨੇ ਤਨ ਮਨ ਅਪਨਾ ਵਾਰਾ॥ ੨੩॥
ਜਤੀ ਸਤੀ ਅਰ ਹਠੀ ਤਪੀ ਸਾ ਗੁਰਬਾਣੀ ਸਦ ਗਾਂਦਾ।
ਰਾਤ ਦਿਨੇਂ ਜਿਸ ਦੇਗ ਲਗਾਈ ਆਇ ਸਭੀ ਜਿਸ ਖਾਂਦਾ॥
ਪਾਠ ਗ੍ਰੰਥ ਜੂ ਦਾ ਨਿਤ ਕਰਦਾ ਅਰ ਲੰਗਰ ਨਿੱਤ ਜਾਰੀ।
ਬੋਲ ਤੋਲ ਵਿੱਚ ਪੂਰਾ ਸੀ ਜਿਸ ਕਹਨ ਲੋਗ ਅਵਤਾਰੀ॥ ੨੪॥
ਕੁਦਰਤ ਨਾਲ ਤੁਰਕ ਸਨ ਉਸਦੇ ਹੋ ਗਏ ਦੁਸ਼ਮਨ ਭਾਰੇ।
ਲੁੱਟਨ ਚਾਹੁਨ ਡੇਰਾ ਉਸ ਦਾ ਕਰਕੇ ਜੀਉ ਕਰਾਰੇ॥
ਜਿਸ ਪਰ ਖਬਰ ਓਸ ਨੂੰ ਲੱਗੀ ਫਿਰ ਮਨ ਮਾਂਹਿ ਵਿਚਾਰਾ।
ਚੁੱਪ ਕਰੀ ਤੇ ਮੂਲ ਨ ਹੋਣਾ ਸਾਥੋਂ ਇਹਾਂ ਗੁਜ਼ਾਰਾ॥ ੨੫॥

ਜਿਸ ਪਰ ਵਡੇ ਮੰਝੈਲ ਬਹਾਦਰ ਲੁੱਟ ਮਾਰ ਜੋ ਕਰਦੇ।
ਸਸਤ ਬਨੇ ਪਰ ਮਰਨ ਮਾਰਨੋਂ ਮੂਲ ਨ ਮਨ ਵਿੱਚ ਡਰਦੇ।
ਪਾਸ ਬੁਲਾਇ ਉਨ੍ਹਾਂ ਨੂੰ ਅਪਨੇ ਰੱਖਨ ਲੱਗਾ ਸੋਈ।
ਧਾੜੇ ਬਾਜ਼ ਚੋਰ ਜੋ ਭਾਰਾ ਉਸ ਤੇ ਜੁਦਾ ਨ ਕੋਈ॥ ੨੬॥
ਵੱਡੇ ੨ ਜੋ ਆਕੜ ਸ਼ਾਹੀ ਅਰ ਜੋ ਕਿਸੇ ਨ ਜਾਨੇ।
ਸੋ ਭੀ ਰਹਿੰਦੇ ਆਇ ਰਾਤ ਨੂੰ ਤਾਰਾ ਸਿੰਘ ਟਕਾਨੇ॥
ਰੁੱਖਾ ਸੁੱਖਾ ਭੋਜਨ ਉਨ ਕੋ ਆਦਰ ਨਾਲ ਖੁਵਾਵੇ।
ਗੁਰੂ ਗ੍ਰੰਥ ਦੀ ਬਾਨੀ ਦੇ ਜੋ ਕਰ ਉਪਦੇਸ਼ ਸੁਨਾਵੇ॥ ੨੭॥
ਜਿਸਤੇ ਸਭ ਆ ਕਰਨ ਵਸੇਰਾ ਦੇਂਦੇ ਧਨ ਅਨ ਗਿੱਤਾ।
ਲੈ ਕਰ ਚਾਇ ਖੁਵਾਵੇ ਤਿਨ ਕੋ ਪਾਸ ਆਵੰਦਾ ਜਿੱਤਾ॥
ਜਿਸ ਤੇ ਰਸਤੇ ਜਾਂਦੀ ਭੀ ਆ ਠਹਰੇ ਤਹਾਂ ਬਲਾਈ।
ਥੋੜੇ ਦਿਨ ਵਿੱਚ ਉਸ ਜਗ੍ਹਾਂ ਪਰ ਮੱਚੀ ਆਨ ਦੁਹਾਈ॥ ੨੮॥
ਜਦ ਕਸੂਰ ਧਾ ਸ਼ਹਰ ਲਹੌਰ ਮੁਗਲ ਚੜ੍ਹਾਈ ਕਰਦੇ।
ਲੁੱਟ ਦੇਸ਼ ਦੇ ਮਾਲ ਖਜ਼ਾਨੇ ਮੁੜਦੇ ਸੇ ਵੱਲ ਘਰ ਦੇ॥
ਤਦ ਹੀ ਤਾਰਾ ਸਿੰਘ ਉਨ੍ਹਾਂ ਪਰ ਕਰਦਾ ਐਸਾ ਭਾਵਾ।
ਸਿਰ ਥੋਂ ਧੜ ਕਰ ਜੁਦੇ ਉਨ੍ਹਾਂ ਦੇ ਲੈਂਦਾ ਸਭ ਧਨ ਚਾਵਾ॥ ੨੯॥
ਵੱਡਾ ਹਠੀ ਅਰ ਸ਼ਸਤ੍ਰ ਧਾਰੀ ਚੱਕਰ ਕੜੇ ਸਜਾਏ।
ਪਰਸੇ ਤੇਗ ਢਾਲੇ ਬਰਛੇ ਸਭ ਹੀ ਤਨ ਪਰ ਲਾਏ॥
ਲੈਕਰ ਮਾਲ ਆਵੰਦਾ ਡੇਰੇ ਫਿਰ ਉਸ ਐਸਾ ਕਰਦਾ।
ਕਈ ਅਨਾਥ ਗਰੀਬਾਂ ਦੇ ਜੋ ਦੇ ਕਰਕੇ ਘਰ ਭਰਦਾ॥ ੩੦॥
ਸਿਰ ਤੇ ਪਰੇ ਕਰੇ ਜਿਨ ਡੇਰੇ ਜਾਨ ਤਲੀ ਪਰ ਧਰਕੇ।
ਮਰਨ ਮਰਨੋਂ ਮੂਲ ਨ ਡਰਦਾ ਜਾਂਦਾ ਸੀ ਹਠ ਕਰਕੇ॥

ਢੰਗਾ ਜਾਤ ਗੋਤ ਸੀ ਜਿਸਦਾ ਧਾੜਾ ਮਾਰ ਸੁਖਾਂਦਾ।
ਉਸ ਦੇ ਹੱਥ ਆਇਆ ਕੋਈ ਮੂਲ ਨ ਖਾਲੀ ਜਾਂਦਾ॥ ੧੧॥
ਸੁਨ ਸੁਨ ਉਸਦੀ ਸੋਭਾ ਕਿਤਨੇ ਆਏ ਚਾਇ ਬਹਾਦਰ।
ਜਿਨ ਕੋ ਰੱਖਯਾ ਪਾਸ ਓਸ ਨੇ ਦੇ ਕਰਕੇ ਬਹੁ ਆਦਰ॥
ਸ਼ਸਤ੍ਰ ਬਸਤ੍ਰ ਘੋੜੇ ਚੰਗੇ ਇੱਕ ਇੱਕ ਤਾਈਂ ਦੇਵੇ।
ਲੁੱਟ ਮਾਰ ਫਿਰ ਤੁਰਕਾਂ ਦੀ ਜੋ ਆਪ ਉਨ੍ਹਾਂ ਤੇ ਲੇਵੇ॥ ੧੨॥
ਇਸੇ ਤਰ੍ਹਾਂ ਸੀ ਚਾਲ ਓਸ ਦੀ ਨ ਸੀ ਕਿਸੇ ਥੋਂ ਡਰਦਾ।
ਜਿਸ ਤੇ ਕੰਬਨ ਪਰਬਤ ਭਾਰੇ ਇਹ ਸੀ ਉਨ ਸੋਂ ਲਰਦਾ॥
ਕਿਤਨੇ ਤੁਰਕ ਖਪਾਏ ਉਸ ਨੇ ਨਾਲ ਤੇਗ ਦੇ ਭਾਰੇ।
ਕਿਤਨੇ ਵਸਦੇ ਪਕੜ ਬਹਾਦਰ ਪਲ ਵਿੱਚ ਧਾਮ ਉਜਾਰੇ॥ ੧੩॥
ਇਸੇ ਤਰ੍ਹਾਂ ਓਹ ਸਿੰਘ ਬਹਾਦਰ ਕਰਦਾ ਨਿੱਤ ਉਦੰਗਲ।
ਰਹਨੇ ਕਾਰਨ ਬੁਰਜ ਬਨਾਇਆ ਜਾਕੇ ਤੇ ਵਿੱਚ ਜੰਗਲ॥
ਨੱਕ ਵਿੱਚ ਜਦ ਦਮ ਸੀ ਕੀਤਾ ਏਸ ਬਹਾਦਰ ਸੂਰੇ।
ਤਦ ਸੂਬਾ ਨਿਜ ਮਨਦੇ ਅੰਦਰ ਵਾਂਗ ਚੋਰ ਦੇ ਝੂਰੇ॥ ੧੪॥
ਚੜ੍ਹਿਆ ਕੋਪ ਖਾਨ ਨੂੰ ਭਾਰਾ ਮਨ ਵਿੱਚ ਕਰੀ ਵਿਚਾਰਾ।
ਏਸ ਤਰ੍ਹਾਂ ਨਾ ਰਹਿਨਾ ਸਾਥੋਂ ਕੀਤਿਆਂ ਚੁੱਪ ਗੁਜ਼ਾਰਾ॥
ਤਾਂਤੇ ਨਾਲ ਜ਼ੋਰ ਦੇ ਫੜਕੇ ਸਿੰਘਨ ਮੂਲ ਮੁਕਾਓ।
ਜਿਸ ਜਾਗਾ ਪਰ ਦੇਖੋ ਕੋਈ ਓਥੇ ਚਾਇ ਖਪਾਓ॥ ੧੫॥
ਬਾਕੀ ਕੋਇ ਰਹਨ ਨਹਿ ਦੀਜੋ ਲੀਜੋ ਸੀਸ ਉਤਾਰੇ।
ਜੋਈ ਬਚੇ ਦੀਨ ਹੋ ਜੋਈ ਬੈਠੇ ਕਰਨ ਗੁਜ਼ਾਰੇ॥
ਲਵੋ ਰੁਹੇਲੇ ਮੁਗਲ ਪਠਾਨਾਂ ਵਾਲੇ ਦਲ ਨਿਜ ਸੰਗੇ।
ਪਕੜ ਖਾਲਸੇ ਕੋ ਜੋ ਕਰਸੀ ਨਾਲ ਜ਼ੋਰ ਦੇ ਤੰਗੇ॥ ੧੬॥

ਇਤਨਾ ਹੁਕਮ ਸੁਨਾਕੇ ਤੋਰੇ ਜਗ੍ਹਾਂ ਜਗ੍ਹਾ ਸਰਦਾਰਾ।
ਆਇ ਦੇਸ਼ਦੇ ਵਿੱਚ ਜਿਨ੍ਹਾਂ ਨੇ ਸਾਕਾ ਕੀਤਾ ਭਾਰਾ॥
ਚੱਲੀ ਤੇਗ ਕਹਰ ਦੀ ਭਾਰੀ ਚਾਰੇ ਪਾਸੇ ਐਸੀ।
ਸਾਵਨ ਦੀ ਘਟ ਅੰਦਰ ਚਮਕੇ ਬਿਜਲੀ ਨਭ ਮਹਿ ਜੈਸੀ॥੩੭॥
ਪਕੜ ੨ ਕਰ ਸਿੰਘ ਸੈਂਕੜੇ ਤੁਰਕਾਂ ਮਾਰ ਖਪਾਏ।
ਕਿਤਨੇ ਬੰਨ੍ਹ ਪਾਇ ਗਲ ਸੰਗਤ ਵਿੱਚ ਲਾਹੌਰ ਪੁਚਾਏ॥
ਕਿਤਨਿਆਂ ਨੂੰ ਜਿਨ ਕੱਢ ਦੇਸ ਤੇ ਲੁੱਟ ਮਾਲ ਤਿਨ ਲੀਆ।
ਐਸਾ ਜ਼ੁਲਮ ਆਨ ਉਸ ਵੇਲੇ ਬੇਦਰਦਾਂ ਨੇ ਕੀਆ॥ ੩੮॥
ਜਿਸ ਦੇ ਡਰ ਤੇ ਸਿੰਘ ਵਿਚਾਰੇ ਪਿੰਡ ਗਏ ਇਸ ਭਾਤੀ।
ਚਲੇ ਬੰਦੂਕ ਜਿਵੇਂ ਵਿੱਚ ਕੂੰਜਾਂ ਸਭ ਦਿਸ ੨ ਉਡ ਜਾਤੀ॥
ਲੈ ਕਰ ਬਾਲ ਬੱਚੇ ਨੂੰ ਨੱਸੇ ਚੁੱਪ ਚੁਪਾਤੇ ਸਾਰੇ।
ਕਿਤਨੇ ਵਿੱਚ ਉਜਾੜਾਂ ਰਹਿੰਦੇ ਕਿਤਨੇ ਬੀਚ ਪਹਾਰੇ॥ ੩੯॥
ਜੱਥੇ ਦਾਰ ਹੁਤੇ ਜੋ ਸੂਰੇ ਵੱਡੇ ਬਹਾਦਰ ਜੰਗੀ।
ਸੋਭੀ ਛੱਡ ਗਏ ਘਰ ਅਪਨੇ ਦੇਖ ਤੁਰਕ ਦੀ ਤੰਗੀ॥
ਅਰ ਜੋ ਰਹਿ ਗਏ ਨਾ ਕਿਤ ਵੱਲ ਕਰਦੇ ਖੇਤੀ ਵਾੜੀ।
ਤਿਨ ਪਰ ਹੋਰ ਜ਼ੁਲਮ ਦੀ ਸੈਨਾ ਚਾਇ ਤੁਰਕ ਨੇ ਚਾੜ੍ਹੀ॥ ੪੦॥
ਦੁਗਣਾ ਹਾਲਾ ਭਰਨੇ ਲੱਗੇ ਅਰ ਜੋ ਹੋਰ ਕਮਾਈ।
ਹਿੱਸਾ ਲੈਨ ਦਬਾਕੇ ਤਿਨ ਤੇ ਤਰਸ ਨ ਕਰਦੇ ਰਾਈ॥
ਫੇਰ ਜ਼ਮਾਨਤ ਲੈਨ ਚੌਗਨੀ ਰੱਖਨ ਨਕਦ ਰੁਪੱਈਆ।
ਜੇ ਕਰ ਗਦਰ ਕਰੇਗਾ ਕੋਈ ਭਰਸੇ ਗਾ ਸੱਤ ਸੱਈਆ॥ ੪੧॥
ਜੇਕਰ ਕੋਈ ਚੁਗਲੀ ਕਰਦਾ ਜਾਕਰ ਤੁਰਕਾਂ ਪਾਸੇ।
ਅਮਕਾ ਸਿੰਘ ਚਹਤ ਹੈ ਕਰਨਾ ਤੁਮਰਾ ਖਾਂ ਜੀ ਨਾਸੇ॥

ਜੇਥੇ ਦਾਰ ਫਲਾਨੇ ਸੇ ਹੈ ਇਸ ਕੀ ਕੁਛਕ ਰਸਾਈ ।
ਲੈ ਕਰ ਉਸ ਕੋ ਚਾਹਤ ਹੈ ਇਹ ਕਰਨੀ ਠੀਕ ਲੜਾਈ ॥੪੨॥
ਉਸੇ ਸਮਜ ਉਹ ਤੁਰਕ ਪਾਪ ਮਤ ਰੰਚਕ ਸੋਚ ਨ ਕਰਦਾ ।
ਆਇ ਕੋਪ ਮਹਿ ਉਸ ਦੇ ਸਿਰ ਪਰਦੋਸ਼ ਤੁਰਤ ਹੀ ਧਰਦਾ॥
ਭੇਜ ਸਪਾਈ ਪਕੜ ਮੰਗਾਵੇ ਦੇਂਦਾ ਦੁੱਖ ਹਜ਼ਾਰਾਂ ।
ਨਾਲ ਤੇਗ ਦੇ ਪੱਛ ਤਨ ਨੂੰ ਵਗਨ ਲਹੂ ਦੀਆਂ ਧਾਰਾਂ ॥ ੪੩ ॥
ਫਿਰ ਸਿਰ ਧੱੜ ਤੇ ਜੁਦਾ ਕਰਾਵੇ ਧੁੱਪੇ ਪਿਆ ਸੁਕਾਂਦਾ ।
ਸਿਰ ਖੂਹੇ ਦੇ ਵਿੱਚ ਸੁਟਾਕੇ ਧੜ ਦੇ ਕੋਟ ਬਨਾਂਦਾ ॥
ਫੇਰ ਜ਼ਮਾਂਨਤ ਦੇਨੇ ਵਾਲਾ ਇਸੀ ਤਰ੍ਹਾਂ ਤੇ ਮਰਦਾ ।
ਮੌਤ ਕਮੌਤ ਮਾਰ ਕਰ ਉਸ ਨੂੰ ਲੁੱਟ ਮਾਲ ਸਭ ਘਰਦਾ ॥ ੪੪ ॥
ਸੱਚ ਝੂਠ ਨਹਿ ਦੇਖੇ ਕੋਈ ਦੇ ਕੇ ਦੁੱਖ ਮਰਵਾਵੇ ।
ਮਿਲਨ ਅਵਾਰਾ ਸਿੱਖ ਕਿਤੇ ਜੇ ਓਥੇ ਪਕੜ ਮੰਗਾਵੇ ॥
ਬਿਨ ਅਪਰਾਧ ਕੈਦ ਚਾ ਕਰਦਾ ਅਰ ਇਹ ਹੁਕਮ ਸੁਨਾਂਦਾ ।
ਦੀਨ ਕਬੂਲ ਕਰੇ ਬਿਨ ਮੈਥੋਂ ਜ਼ਿੰਦਾ ਕੋਇ ਨ ਜਾਂਦਾ ॥ ੪੫ ॥
ਜੇਕਰ ਹੋ ਇਨਕਾਰੀ ਕੋਈ ਫਿਰ ਪਲ ਅੰਦਰ ਮਾਰੇ ।
ਜ਼ਰਾ ਤਰਸ ਨਹੀਂ ਕਰਦਾ ਮਨ ਵਿੱਚ ਸਿਰ ਦੇ ਕੋਟ ਉਸਾਰੇ ॥
ਵੱਢ ਵੱਢ ਕੇ ਸਿੰਘਾਂ ਦੇ ਸਨ ਤਿਸ ਨੇ ਸੀਸ ਰੁਲਾਏ ।
ਕਿਤਨੇ ਚਿਨੇ ਦਿਵਾਰਾਂ ਮੇਂ ਲੈ ਕਿਤਨੇ ਕੂਪ ਭਰਾਏ ॥ ੪੬ ॥
ਕਿਤਨੇ ਬੰਨ੍ਹ ਬੰਨ੍ਹ ਕੇ ਭੇਜੇ ਵਿੱਚ ਲਾਹੌਰ ਵਿਚਾਰੇ ।
ਸੂਬੇ ਪਕੜ ਮੁਕਾਏ ਓਹ ਭੀ ਸੱਚ ਨ ਝੂਠ ਨਤਾਰੇ ॥
ਕਿਲੇ ਪਾਸ ਉੱਤਰ ਦੇ ਪਾਸੇ ਹੈ ਮਸਜਦ ਇੱਕ ਭਾਰੀ ।
ਪੂਰਬ ਦੇ ਦਰਵਾਜੇ ਸਨਮੁਖ ਦਿਸਦੀ ਕਿਲੇ ਪਿਛਾਰੀ ॥ ੪੭ ॥

ਓਥੇ ਲਿਆਇ ਬਠਾਲਨ ਸਭ ਨੂੰ ਅਰ ਦੁਖ ਦੇ ਭਰਰਾਉਨ ।
ਜਿੰਦਆਂ ਦੇ ਫੜ ਸੀਸ ਕੇਸ ਤੇ ਚਰਖੀ ਵਿੱਚ ਦਿਵਾਉਨ ॥
ਖੂਹੇ ਉੱਪਰ ਚਰਖੀ ਚਾੜ੍ਹੀ ਜੋ ਸੀ ਖੂਨਨ ਭਾਰੀ ॥
ਸਿਰ ਖੂਹੇ ਦੇ ਅੰਦਰ ਗਿਰਦਾ ਬਾਹਰ ਲੋਥ ਵਿਚਾਰੀ ॥ ੪੭ ॥
ਇਸ ਤਰ੍ਹਾਂ ਦਾ ਜ਼ੁਲਮ ਅੰਧੇਰਾ ਛਾਇ ਗਿਆ ਵੱਡ ਭਾਰਾ ।
ਸਿੰਘਾਂ ਪਰ ਓਹ ਦਿਨ ਸੀ ਐਸਾ ਜੈਸਾ ਪਰਲੋ ਵਾਰਾ ।
ਜਾਂਦੀ ਪੇਸ਼ ਨ ਰੱਤੀ ਤਿਨ ਕੀ ਅਰ ਨਾ ਜਾਨ ਬਚਾਵੇ ।
ਜਾਵੇ ਕਿਤ ਵੱਲ ਥਾਉਂ ਨ ਕੋਈ ਜਗ ਹੀ ਦੁਸ਼ਮਨ ਭਾਵੇ ॥ ੪੯ ॥
ਲੱਗੇ ਦਾਉ ਨੱਸ ਜੋ ਜਾਂਦਾ ਸੋ ਫਿਰ ਹੱਥ ਨ ਆਇਆ ।
ਜਾਕੇ ਪਰਬਤ ਨਦੀ ਬਨਾਂ ਵਿੱਚ ਉਸ ਨੇ ਸਮਾਂ ਟਪਾਇਆ ।
ਇੱਕ ਦੂਸਰੇ ਦੀ ਉਸ ਵੇਲੇ ਸਾਰ ਨ ਕੋਈ ਲੈਂਦਾ ।
ਕੋਈ ਕਿਸੇ ਬਚਾਵਨ ਕਾਰਨ ਅਪਨਾ ਸਮਾਂ ਨ ਦੇਂਦਾ ॥ ੫੦ ॥
ਪਰ ਮਨ ਅੰਦਰ ਸਿੰਘ ਸੂਰਮੇਂ ਪਏ ਕਲੀਲੀ ਖਾਂਦੇ ।
ਆਖਨ ਕਦੋਂ ਇਨ੍ਹਾਂ ਦੇ ਬਦਲੇ ਲੈਕੇ ਤੇ ਸੁਖ ਪਾਂਦੇ ॥
ਪਰ ਧਨ ਧਾਮ ਜੋਰ ਤੇ ਹੀਨੇ ਕਿਆ ਕਰਦੇ ਉਸ ਵੇਲੇ ।
ਜਿਸਤੇ ਲੁਕ ਛਿਪ ਜਾਨ ਬਚਾਉਨ ਜਾਕੇ ਕਿਤੇ ਅਕੇਲੇ ॥ ੫੧ ॥
ਐਸਾ ਤੁਰਕੀ ਜੁਲਮ ਦੇਖ ਕਰ ਸਿੰਘ ਕੋਪ ਮਹਿ ਆਏ ।
ਸੁੱਤੇ ਸਿੰਘ ਵਾਂਗ ਸੇ ਜੋਈ ਖਾ ਗੁੱਸਾ ਭੜਕਾਏ ।
ਜਾਨ ਹਥੇਲੀ ਰੱਖ ਸਭੀ ਨੇ ਲੱਗੇ ਕਰਨ ਲੜਾਈ ।
ਮਾਰਨ ਮੁਲਕ ਨ ਡਰਦੇ ਮਨ ਵਿੱਚ ਉਧਮ ਚਾਇ ਮਚਾਈ ॥੫੨॥
ਕਿਤਨੇ ਛੱਡ ਪੰਜਾਬ ਗਏ ਸੋ ਜਿੱਥੇ ਜਾ ਠਹਿਰਾਏ ।
ਤਿਨ ਭੀ ਅਪਨੇ ਤੁਰਕਾਂ ਤਾਈਂ ਚੰਗੇ ਹਾਥ ਦਿਖਾਏ ॥

ਅਰ ਜੋ ਵਿੱਚ ਦੇਸ ਦੇ ਰਹਿੰਦੇ ਸੋ ਮਿਲ ਬਨ ਗਏ ਜੱਥੇ।
ਮਾਰਨ ਧਾੜੇ ਲੁੱਟਨ ਤੁਰਕਾਂ ਸਨਮੁਖ ਡਾਹੁਨ ਮੱਥੇ ॥ ੫੩ ॥
ਜਦ ਉਨ ਪਰ ਕੁਛ ਪੇਸ਼ ਨ ਜਾਂਦੀ ਜੋ ਸਨ ਜੰਗਲ ਵਾਸੀ।
ਤਬ ਫਿਰ ਤੁਰਕ ਦੇਖ ਘਰ ਬਾਰੀ ਕਰਦੇ ਨਾਹਿੰ ਖਲਾਸੀ ॥
ਜਿਸ ਜਿਸ ਨਗਰ ਵਿਖੇ ਸੀ ਰਹਿੰਦਾ ਕੋਈ ਸਿੱਖ ਵਿਚਾਰਾ।
ਭਰੇ ਜੇਜ਼ੀਆ ਚੌਗਨ ਤਿਨ ਕੋ ਕਰਦਾ ਕਠਨ ਗੁਜ਼ਾਰਾ ॥ ੫੪ ॥
ਨਗਰ ਨੁਸ਼ਹਰੇ ਵਿੱਚ ਸਿੰਘ ਦੋ ਰਹਿੰਦੇ ਸਨ ਚੁਪ ਕੀਤੇ।
ਖੇਤੀ ਕਰਕੇ ਕਰਨ ਗੁਜ਼ਾਰਾ ਟੱਬਰ ਭੀ ਸੰਗ ਲੀਤੇ ॥
ਨਾ ਓਹ ਕਿਸੇ ਦੁਖਾਉਨ ਦੇਏ ਅਰ ਨਾ ਕਰਨ ਕਹੇੜੇ।
ਜਿਸ ਤੇ ਤੁਰਕ ਉਨ੍ਹਾਂ ਨੂੰ ਕੋਈ ਆਕੇ ਮੂਲ ਨ ਛੇੜੇ ॥ ੫੫ ॥
ਪਰ ਉਸ ਨਗਰੀ ਦਾ ਜੋ ਹੈਸੀ ਪੈਂਚ ਵੱਡਾ ਬਕਵਾਸੀ।
ਸਾਹਿਬ ਰਾਇ ਨਾਮ ਸੀ ਤਿਸ ਦਾ ਸੀ ਹਿੰਦੂ ਮਤਨਾਸੀ ॥
ਭਰਿਆ ਗਰਬ ਵੱਡਾ ਮਨ ਅੰਦਰ ਸੀ ਧਨ ਕਰਕੇ ਤਿਸਦਾ।
ਦੇਖ ਲਵੇ ਜੇ ਸਿੱਖ ਵਿਚਾਰਾ ਕੰਮ ਦੇਨ ਦੁਖ ਤਿਸਦਾ ॥ ੫੬ ॥
ਤੁਰਕਾਂ ਦੀ ਓਹ ਕਰੇ ਖੁਸ਼ਾਮਦ ਅਰ ਭਰਕੇ ਨਜ਼ਰਾਨੇ।
ਚੌਧਰ ਅਪਨੀ ਸਾਂਭੇ ਬੈਠਾ ਕਰਕੇ ਕਈ ਬਹਾਨੇ ॥
ਹੋਰ ਜਗ੍ਹਾ ਪਰ ਜ਼ੋਰ ਨ ਚਲਦਾ ਅਰ ਡਰਦਾ ਮਨ ਮਾਹੀਂ।
ਕਰੇ ਗੁਲਾਮੀ ਤੁਰਕਾਂ ਸੰਦੀ ਸ਼ਰਮ ਰਿਦੇ ਮਹਿ ਨਾਹੀਂ ॥ ੫੭ ॥
ਪਰ ਸਿੰਘਾਂ ਦੀ ਦੇਖ ਗਰੀਬੀ ਅਰ ਸ਼ਾਹੀ ਜੋ ਤੱਦੀ।
ਰਸਤੇ ਜਾਂਦੀ ਓਸ ਬਲਾਈ ਤਿਨਕੇ ਉਪਰ ਸੱਦੀ॥
ਜਿਸਤੇ ਕੇਸ ਦੇਖਕਰ ਸਿੰਘਾਂ ਮਨ ਅੰਦਰ ਸੀ ਸੜਦਾ।
ਤਿਨਕੋ ਦੁੱਖ ਦੇਵਨੇ ਕਾਰਨ ਕਈ ਮਸੌਦੇ ਘੜਦਾ ॥ ੫੮॥

ਓੜਕ ਜ਼ੋਰ ਦਿਖਾਵੇ ਅਪਨਾ ਅਰ ਇਹ ਚਾਲਾ ਕਰਦਾ।
ਰੱਖੇ ਮਾਨ ਪਾਤਸ਼ਾਹ ਕੇਰਾ ਮਨ ਮਹਿ ਮੂਲ ਨ ਡਰਦਾ॥
ਦੋਇ ਘੋੜੀਆਂ ਪਾਸ ਓਸਦੇ ਹੈਸਨ ਬਹੁਤ ਅਜਾਇਬ।
ਜਾਨ ਪੈਂਚ ਦੀ ਕਰਦਾ ਨਾ ਸੀ ਕੋਈ ਭੀ ਤਿਨ ਗਾਇਬ॥ ੫੯॥
ਜਿਸਤੇ ਖੇਤਾਂ ਵਿੱਚ ਛੱਡਕੇ ਤਿਨ ਕੋ ਖੂਬ ਰਜਾਵੇ।
ਅਕਸਰ ਸਿੰਘਾਂ ਦੀ ਹੀ ਪੈਲੀ ਤਿਨਕੋ ਚਾਇ ਖੁਲਾਵੇ॥
ਜਿਸ ਪਰ ਸਿੰਘ ਨਿਮਾਣੇ ਹੋਕਰ ਬੈਠ ਰਹਨ ਚੁੱਪ ਕੀਤੇ।
ਸਗਤਾ ਜਾਣ ਨ ਬੋਲਨ ਮੁਖ ਤੇ ਸਬਰ ਪਿਆਲੇ ਪੀਤੇ॥ ੬੦॥
ਪਰ ਜਦ ਤੰਗ ਬਹੁਤ ਆ ਹੋਏ ਉਜੜ ਚੱਲੀ ਖੇਤੀ।
ਕਰ ਥੱਕੇ ਓਹ ਸਹਨ ਸੀਲਤਾ ਹੋਸਕਦੀ ਥੀ ਜੇਤੀ॥
ਫਿਰ ਤਿਨ ਜਾਕੇ ਪਾਸ ਓਸਦੇ ਕਹਾ ਚੌਧਰੀ ਪਜਾਰੇ।
ਤੁਮਰੀ ਦੋਇ ਘੋੜੀਆਂ ਸਾਡੇ ਫੜਕੇ ਖੇਤ ਉਜਾੜੇ॥ ੬੧॥
ਕਈ ਦਿਨਾਂ ਥੋਂ ਜਾਇ ਪੈਲੀਆਂ ਖਾਕੇ ਪੇਟ ਅਘਾਇਆ।
ਅਸੀਂ ਉਨ੍ਹਾਂ ਨੂੰ ਤੇਰੇ ਡਰਤੇ ਜਾਕੇ ਨਹੀਂ ਹਟਾਇਆ॥
ਪਰ ਜਦ ਓੜਕ ਹੋਇ ਗਈ ਨਾ ਰਿਹਾ ਖੇਤ ਮਹਿ ਤੀਲਾ।
ਤਾਂ ਮਨ ਅੰਦਰ ਅਸੀਂ ਵਿਚਾਰੀ ਪਾਲੇਂ ਕਿਵੇਂ ਕਬੀਲਾ॥ ੬੨॥
ਜਿਸਤੇ ਪਾਸ ਆਪ ਦੇ ਆਏ ਬਿਨਤੀ ਕਰਨੇ ਦੋਏ।
ਸਾਂਭ ਘੋੜੀਆਂ ਰੱਖੋ ਅਪਨੀ ਜਿਸਤੇ ਖੇਦ ਨ ਹੋਏ॥
ਅਸੀਂ ਕਮਾਈ ਦਸਾਂ ਨੌਂਹਾਂ ਦੀ ਕਰਕੇ ਹਾਂ ਬਹਿ ਖਾਂਦੇ।
ਜਿਸਤੇ ਨਾ ਦੁੱਖ ਮਨ ਮਹਿ ਸਹਿੰਦੇ ਅਰ ਨਾ ਕਿਸੇ ਦੁਖਾਂਦੇ॥੬੩॥
ਸੁਨ ਕੇ ਸਿੰਘਾਂ ਦੀ ਇਹ ਬਿਨਤੀ ਮਨ ਅੰਦਰ ਰਿਸ ਖਾਕੇ।
ਬੋਇਆ ਅੱਗੋਂ ਹੋਕਰ ਤਿੱਖਾ ਸ਼ੇਰ ਵਾਂਗ ਭਬਕਾਕੇ॥

ਕੌਣ ਤੁਸੀਂ ਹੋ ਲੋਗ ਕਮੀਨੇ ਕਰੋ ਸ਼ਕਾਇਸਤ ਮੇਰੀ।
ਖੇਤ ਖਾਣ ਦਾ ਦੇਹੁ ਉਲਾਂਭਾ ਆਕੇ ਨਾਲ ਦਲੇਰੀ॥ ੬੪॥
ਕਿਆ ਮਰੂਏ ਦਾ ਖੇਤ ਤੁਸਾਂ ਦਾ ਖਾਇ ਗਈ ਹੈ ਘੋੜੀ।
ਯਾ ਕੇਸਰ ਨੂੰ ਚੁਗ ਗਈ ਜਾਕੇ ਜਿਸ ਤੇ ਤੁਸਾਂ ਨ ਹੋੜੀ॥
ਸੱਗੋਂ ਵਿਚ ਨੱਗ੍ਰ ਦੇ ਦਿੱਤਾ ਰਹਨ ਤੁਸਾਡਾ ਡੇਰਾ।
ਨਹੀਂ ਪਾਤਸ਼ਾਹ ਘੱਲ ਸਪਾਹੀ ਫੜਦਾ ਦੇਕੇ ਘੇਰਾ॥ ੬੫
ਧਾੜੇ ਮਾਰਾਂ ਦੇ ਹੋ ਸੰਗੀ ਲੁੱਟ ਮਾਲ ਨਿਤ ਖਾਂਦੇ।
ਉਲਟਾ ਮੈਨੂੰ ਖੇਤ ਲੁਟਾਊ ਲੋਗਾਂ ਵਿਚ ਸੁਨਾਂਦੇ॥
ਮੇਰੀ ਇੱਜ਼ਤ ਮਾਰਨ ਲੱਗੇ ਕਰਕੇ ਇਹ ਬੁਰਿਆਈ।
ਜਿਸਤੇ ਇਕ ਦਿਨ ਨੂੰ ਮੈਂ ਦੇਸਾਂ ਤੁਮਰੀ ਅਲਖ ਚੁਕਾਈ॥ ੬੬॥
ਦੇਕੇ ਗਾਲਾਂ ਕਹੇ ਚਲੋ ਤੁਮ ਖੜੋ ਨ ਮੋਹ ਅਗਾਰੀ।
ਨਹੀਂ ਪਕੜ ਕੇ ਪਾਂਣ ਉਤਾਰਾਂ ਇਕ ਪਲ ਮਾਂਹਿ ਤੁਮਾਰੀ॥
ਲੱਗੇ ਹੱਥ ਨਹੀਂ ਹਨ ਮੇਰੇ ਜਿਸਤੇ ਕਰੋ ਚਲਾਕੀ॥
ਜੇ ਮੈਂ ਕਰਸਾਂ ਜੋ ਮਨ ਆਈ ਰਹੋ ਨ ਹੋ ਕਰ ਆਕੀ॥ ੬੭॥
ਇਤਨਾ ਸ਼ੁਕਰ ਨ ਕਰੋ ਦਿਲੇ ਮਹਿ ਸੁਖ ਸੇ ਘਰ ਮੇਂ ਰਹਿੰਦੇ।
ਕਰਕੇ ਕੰਮ ਦਿਨੇ ਦਾ ਸਾਰਾ ਰਾਤ ਇਕੱਠੇ ਬਹਿੰਦੇ॥
ਪਰ ਜੇ ਦੱਸਾਂ ਹਾਲ ਤੁਸਾਂਦਾ ਸੂਬੇ ਪਾਸ ਲਹੌਰੇ।
ਤਾਂ ਫਿਰ ਦੇਖੋ ਕੇਹੇ ਉੱਡਨ ਚਾਇ ਤੁਸਾਂ ਦੇ ਭੌਰੇ॥ ੬੮॥
ਜਦ ਇਹ ਬਾਤ ਚੌਧਰੀ ਆਖੀ ਸੁਨੀ ਨ ਤਿਨ ਕੀ ਹੋਈ।
ਤਦ ਸਿੰਘਾਂ ਨੇ ਕਿਹਾ ਸੁਨੋ ਜੀ ਕਿਆ ਸਾਥੋਂ ਹੈ ਕੋਈ॥
ਜਿਸ ਪਰ ਇਤਨਾ ਗੁੱਸਾ ਕਰਦੇ ਅਰ ਦੁਖ ਦੇਨਾ ਚਾਹੋਂ।
ਮਿਹਣਾ ਜਿਨ ਬਾਤਾਂ ਦਾ ਦੇਵੋ ਅਸੀਂ ਨ ਜਾਈਏ ਰਾਹੋਂ॥ ੬੯॥

ਚੋਰੀ ਯਾਰੀ ਠੱਗੀ ਸਾਡੀ ਕੋਈ ਪਰਗਟ ਕਰੀਏ।
ਉਸਦੇ ਮਗਰੋਂ ਸਾਡੇ ਉੱਪਰ ਦੋਸ਼ ਆਪਨਾ ਧਰੀਏ॥
ਦਸਾਂ ਨੌਹਾਂ ਦੀ ਕ੍ਰਿਤ ਅਸੀਂ ਕਰ ਖਾਂਦੇ ਹਾਂ ਦਿਨ ਰਾਤੀ।
ਝੂਠੇ ਸੁਨ ਇਲਜ਼ਾਮ ਅਸਾਂ ਦੇ ਦਿਲ ਵਿੱਚ ਲਗਦੀ ਕਾਤੀ॥੨੦॥
ਤਾਂਤੇ ਸਾਨੂੰ ਗਾਲੀ ਦੇਕੇ ਐਵੇਂ ਨਾ ਧਮਕਾਓ।
ਮਾਲ ਆਪਨਾ ਸਾਂਭੋ ਪਹਿਲੇ ਖੇਤੀ ਨਹੀਂ ਲੁਟਾਓ॥
ਇਤਨਾ ਸੁਨਕੇ ਚੜ੍ਹਾ ਕ੍ਰੋਧ ਤਿਸ ਬੋਲਿਆ ਸੁਨੋ ਗੁਵਾਰੋ।
ਨਹੀਂ ਸੁਖ ਤੁਮ ਚਾਹੋ ਅਪਨੀ ਜਿਸਤੇ ਆ ਦਮ ਮਾਰੋ॥ ੨੧॥
ਚਲੇ ਜਾਹੁ ਜੇ ਭਲਾ ਚਾਹੁੰਦੇ ਅਰ ਹੈ ਸੁੱਖ ਤੁਮਾਰੀ।
ਨਹੀਂ ਪਕੜ ਕੇ ਨਾਲ ਤੁਸਾਂਦੇ ਕਰਸਾਂ ਬਹੁਤ ਖੁਆਰੀ॥
ਪਕੜ ਮੁੰਡਾਂਵਾਂ ਸੀਸ ਤੁਸਾਂ ਦੇ ਕੇਸਾਂ ਵੱਟਾਂ ਰੱਸੇ।
ਫੇਰਾਂ ਵਿੱਚ ਨੱਗ੍ਰ ਦੇ ਸਾਰੇ ਦੇਖ ਲੋਕ ਫਿਰ ਹੱਸੇ॥ ੨੨॥
ਬੰਨ੍ਹਾਂ ਮੁਸ਼ਕਾਂ ਨਾਲ ਰਾਬਕਾਂ ਤੁਮਰੀ ਖੱਲ ਉਡਾਵਾਂ।
ਘੋੜੀ ਚਰਨੋਂ ਮੋੜਨ ਦਾ ਮੈਂ ਅੱਛਾ ਰੰਗ ਦਿਖਾਵਾਂ॥
ਗਲ ਵਿੱਚ ਪਾਕੇ ਪਗੜੀ ਤੁਮਰੀ ਖਿੱਚਾਂ ਗਲੀਆਂ ਮਾਹੀਂ।
ਅਜੇ ਤੀਕ ਤੁਮ ਹੱਥ ਅਸਾਂਦਾ ਹਾਲ ਦੇਖਿਆ ਨਾਹੀਂ॥ ੨੩॥
ਘੋੜੀ ਮੋੜਨ ਆਏ ਚਰਦੀ ਨਾ ਸੁਧ ਰਹਸੀ ਘਰਦੀ।
ਚੰਗੀ ਸਿੱਖੀ ਲੈਕੇ ਜਾਵੇ ਜੋ ਹੈ ਆਕੜ ਕਰਦੀ॥
ਇਸੇ ਤਰ੍ਹਾਂ ਘੋੜੀ ਨੇ ਚਰਨਾ ਅਰ ਨਾ ਮੁੜਸੀ ਮੋੜੀ।
ਜੇ ਛੇੜੋਗੇ ਚਰਦੀ ਤਾਈਂ ਕਰੂੰ ਨਹੀਂ ਕੁਛ ਥੋੜੀ॥ ੨੪॥
ਜਦ ਉਸ ਨੰਬਰਦਾਰ ਗਰਜ ਕੇ ਸਿੰਘਨ ਕੋ ਦੁਰਕਾਰਾ।
ਜਿਸ ਪਰ ਸੁਨਦੇ ਸਾਰ ਉਨ੍ਹਾਂ ਨੂੰ ਲੱਗਿਆ ਬੋਲ ਦੁਗਾਰਾ॥

ਚੁੱਪ ਚੁਪਾਤੇ ਮੁੜੇ ਪਿਛਾਂ ਨੂੰ ਕੁਝ ਨਾ ਉੱਤ੍ਰ ਦਿੱਤਾ ।
ਓੜਕ ਨੂੰ ਘੋੜੀ ਦਾ ਕੱਢਨ ਮਨ ਦੇ ਵਿੱਚ ਧਰ ਲਿੱਤਾ ॥ ੭੫ ॥
ਭੂੱਸੇ ਨਾਮ ਗ੍ਰਾਮ ਇੱਕ ਸੀ ਮਸ਼ਹੂਰ ਵਡ ਭਾਰਾ ।
ਉਸ ਨਗਰੀ ਵਿੱਚ ਜਾਵਨ ਦੇ ਹਿਤ ਕੀਤਾ ਜਿਨ੍ਹੋਂ ਤਿਆਰਾ ॥
ਤਿਸ ਜਾਗਾ ਪਰ ਜਾਕੇ ਉਨ ਨੇ ਅਮਰ ਸਿੰਘ ਦੇ ਸਾਥਾ ।
ਕਰੀ ਬਾਤ ਸਭ ਘੋੜੀ ਵਾਲੀ ਹਮ ਹੈਂ ਦੁਖੀ ਅਨਾਥਾ ॥ ੭੬ ॥
ਜਿਸ ਨੇ ਸੁਨ ਕੇ ਕਥਾ ਉਨ੍ਹਾਂ ਦੀ ਸਿੰਘ ਬਘੇਲ ਬੁਲਇਆ ।
ਓਹੋ ਕਿੱਸਾ ਆਦ ਅੰਤ ਤਕ ਉਸ ਦੇ ਪਾਸ ਸੁਨਾਇਆ ॥
ਆਖੀ ਵੇਖੋ ਮਹਾਂ ਦੁਸ਼ਟ ਨੇ ਕੈਸਾ ਦੰਗਲ ਕੀਤਾ ।
ਇਨ ਨਿਰ ਦੋਸੇ ਸਿੰਘਾਂ ਤਾਈਂ ਘਰ ਬੈਠੇ ਲੁੱਟ ਲੀਤਾ ॥ ੭੭ ॥
ਜਿਸ ਪਰ ਹੁਨ ਕੁਛ ਕਰਨੀ ਚਹੀਏ ਇਨ ਕੇ ਸਾਥ ਭਲਾਈ ।
ਅਰ ਉਸ ਨੂੰ ਭੀ ਸਖਤੀ ਦਾ ਫਲ ਚਹੀਏ ਠੀਕ ਦਖਾਈ ॥
ਜਿਸ ਪਰ ਕਹੀ ਸੁਨੋ ਜੋ ਸਿੰਘੋ ਬੈਠੋ ਮਨ ਸੁਖ ਪਾਕੇ ।
ਆਪੇ ਸਾਂਭ ਲਏਂਗੇ ਘੋੜੀ ਖੇਤੋਂ ਚਰਦੀ ਜਾਕੇ ॥ ੭੮ ॥
ਤੁਸੀਂ ਸੁਖੀ ਘਰ ਮਹਿੰ ਸਥ ਰਸ ਕੇ ਕਰੀਯੋ ਖੂਬ ਬਹਾਰਾ ।
ਅਸੀਂ ਓਸ ਘੋੜੀ ਦਾ ਕਰ ਸੇ ਫੜਕੇ ਕਿਤੇ ਕਨਾਰਾ ॥
ਹੱਥ ਮਲੇ ਅਰ ਫਿਰ ਪਛਤਾਵੇ ਓਹ ਚੌਧਰੀ ਬੈਠਾ ।
ਜੋ ਤੁਮਰੇ ਸੋਂ ਕਰੇ ਬੁਰਾਈ ਅਰ ਹੁੰਦਾ ਹੈ ਐਠਾ ॥ ੭੯ ॥
ਐਸਾ ਕਹਕੇ ਤਿਨ ਕੇ ਤਾਈਂ ਚਾ ਪ੍ਰਸ਼ਾਦਿ ਛਕਾਇਆ ।
ਜਿਸ ਪਰ ਸਾਰਾ ਹਾਲ ਉਨ੍ਹਾਂ ਨੇ ਪਾਸ ਬਠਾ ਸਮਝਾਇਆ ॥
ਅਸੀਂ ਧਾੜਵੀ ਵੱਡੇ ਬਹਾਦਰ ਕੌਨ ਅਸਾਂ ਨੂੰ ਮੋੜੇ ।
ਸਨਮੁਖ ਅੜੇ ਅਸਾਂ ਦੇ ਜੇਈ ਨਾ ਉਸ ਦਾ ਸਿਰ ਤੋੜੇ ॥ ੮੦ ॥

ਸੁਨ ਕੇ ਬਾਤ ਉਨ੍ਹਾਂ ਦੀ ਮਨ ਮਹਿੰ ਆਈ ਚਾਇ ਤਸੱਲੀ ।
ਆਇ ਗਏ ਘਰ ਰਾਤ ਪਈ ਨਾ ਖਬਰ ਕਿਸੇ ਨੂੰ ਘੱਲੀ ॥
ਕੁਝਕ ਦਿਨਾਂ ਦੇ ਮਗਰੋਂ ਦੋਨੋਂ ਆਏ ਸਿੰਘ ਦਲੇਰਾ ।
ਖੇਤਰ ਦੇ ਵਿੱਚ ਚਰਦੀ ਘੋੜੀ ਲਈ ਜਿਨ੍ਹਾਂ ਨੇ ਘੇਰਾ ॥ ੯੧ ॥
ਦੇ ਲਗਾਮ ਮੁਖ ਤੁਰਤ ਪਿੱਠ ਪਰ ਬਹਕੇ ਅੱਡੀ ਲਾਈ ।
ਵਾਂਗ ਪੌਣ ਦੇ ਜੰਗਲ ਦੇ ਵਿੱਚ ਕਰਕੇ ਜ਼ੋਰ ਭਗਾਈ ॥
ਜਾ ਘਰਆਲੇ ਵਿੱਚ ਪੁਚਾਈ ਤਿਨ ਨੇ ਸੋ ਬਿਨ ਦੇਰੀ ।
ਲਖਮੀਰ ਸਿੰਘ ਸੰਧੂ ਨੇ ਸਾਂਭੀ ਕਰਕੇ ਖੂਬ ਦਲੇਰੀ ॥ ੯੨ ॥
ਤਿਸ ਨੇ ਜਾਇ ਮਾਲਵੇ ਅੰਦਰ ਆਲਾ ਸਿੰਘ ਸਮੀਪੈ ।
ਬੇਚ ਦਈ ਲੈ ਦੱਮ ਘਨੇਰੇ ਖਬਰ ਨ ਦਈ ਕਹੀਪੈ ॥
ਜੋ ਕੁਛ ਧਨ ਉਸ ਘੋੜੀ ਦਾ ਸੀ ਘਰ ਨ ਤਿਨੈ ਰਖਾਇਆ ।
ਲੰਗਰ ਤਾਰਾ ਸਿੰਘ ਹਠੀ ਦੇ ਜਾ ਕਰਕੇ ਸੀ ਪਾਇਆ । ੯੩ ॥
ਜਿਸ ਨੂੰ ਛਕ ਕੇ ਸਿੰਘ ਭੁਜੰਗੀ ਕਰਦੇ ਸਨ ਅਰਦਾਸੇ ।
ਪਹਰ ਸੰਜੋਆਂ ਲੈ ਕਰ ਤੇਗੇ ਕਰਨ ਜ਼ੁਲਮ ਦਾ ਨਾਸੇ ॥
ਏਧਰ ਇਹ ਘੋੜੀ ਦਾ ਹੋਇਆ ਸਾਰਾ ਕਿੱਸਾ ਪੂਰਾ ।
ਓਧਰ ਪੈਂਚ ਦੇਖ ਇਹ ਸਾਕਾ ਮਨ ਮਹਿੰ ਧਰੇ ਗਰੂਰਾ ॥ ੯੪ ॥
ਲੱਗਾ ਕਹਨ ਇਨ੍ਹਾਂ ਨੇ ਮੇਰੀ ਘੋੜੀ ਹੈ ਨਿਕਲਾਈ ।
ਜਿਸ ਦੇ ਬਦਲੇ ਮੈਂ ਹੁਨ ਲੈਸਾਂ ਇਨ ਕੀ ਜਿੰਦ ਮੁਕਾਈ ॥
ਇਤਨਾ ਸੁਨਕਰ ਸਿੰਘਾਂ ਆਖੀ ਸੁਨੋ ਚੌਧਰੀ ਬਾਤਾ ।
ਕਿਉ ਹਮ ਪਰ ਤੁਮ ਕਰੋ ਤਅੱਦੀ ਕਰਨੀ ਕਾ ਫਲ ਪਾਤਾ ॥ ੯੫ ॥
ਆਪਸ ਅੰਦਰ ਝਗੜਾ ਰਗੜਾ ਹੋਵਨ ਲਗਾ ਆਪਾਰਾ ।
ਜਿਸ ਦੇ ਮੇਟਨ ਤਾਈਂ ਹੋਇਆ ਕੱਠਾ ਨਗਰ ਸਾਰਾ ॥

ਪਰ ਉਹ ਪੈਂਚ ਨ ਮੰਨੇ ਕੋਈ ਰਹੇ ਫੜਾਵਨ ਤਾਈਂ।
ਚੋਰ ਬਨਾਇ ਮਰਾਵਨ ਲੱਗਾ ਚਲਿਆ ਦਾਈਂ ਦਾਈਂ ॥ ੮੬ ॥
ਸੱਦ ਆਪਨੇ ਨਕੇ ਸਨੇਹੀ ਤਿਨ ਕੋ ਇਹ ਫੁਰਮਾਇਆ।
ਪਕੜ ਇਨ੍ਹਾਂ ਨੂੰ ਚਹੀਏ ਜਲਦੀ ਸੂਬੇ ਪਾਸ ਪੁਚਾਇਆ ॥
ਓਥੇ ਖੱਲ ਲਹਾਕੇ ਪੁੱਠੀ ਸਿਰ ਚਰਖੀ ਪਰ ਚਾੜ੍ਹੂ।
ਘੋੜੀ ਮੇਰੀ ਕੱਢਨ ਦਾ ਫੜ ਸਾਰਾ ਪਾਜ ਉਘਾੜੂ ॥ ੮੭॥
ਜਦ ਉਸ ਦੁਸ਼ਟ ਚੌਧਰੀ ਐਸੇ ਰੁੱਖੇ ਬਚਨ ਸੁਨਾਏ।
ਜਿਨ ਕੋ ਸੁਨ ਕਰ ਸਿੰਘ ਵਿਚਾਰੇ ਮਨ ਅੰਦਰ ਘਬਰਾਏ ॥
ਆਖਨ ਸਾਨੂੰ ਏਸ ਸਮਜ ਵਿੱਚ ਕੋਇ ਨ ਰੱਖਨ ਹਾਰਾ
ਕੇਵਲ ਇੱਕ ਅਕਾਲ ਪੁਰਖ ਹੀ ਹਮਰੋ ਹੈ ਰਖਵਾਰਾ ॥ ੮੮ ॥
ਪਰ ਹੁਨ ਸਿਰ ਪਰ ਸਹਨੀ ਚਹੀਏ ਜੋ ਬਨ ਗਏ ਪਿਆਰੇ।
ਓੜਕ ਨੂੰ ਭੀ ਓਥੇ ਜਾਨਾ ਜਿੱਥੇ ਜਾਂਦੇ ਸਾਰੇ ॥
ਤਾਂਤੇ ਮਰਨੇ ਦਾ ਡਰ ਮਨ ਮਹਿ ਰੰਚਕ ਕਰਨਾ ਨਾਂਹੀਂ।
ਹੋਇ ਨਸੰਗ ਏਸ ਨੂੰ ਕਹੀਏ ਜੋ ਹੈ ਮਨ ਦੇ ਮਾਹੀਂ ॥੮੯॥
ਜਿਸਤੇ ਦੋਨੋਂ ਕਹਨ ਲੱਗੇ ਸੁਨ ਬਾਤ ਚੌਧਰੀ ਸਾਰੀ।
ਅਸੀਂ ਨ ਕਰੀ ਵਧੀਕੀ ਕੋਈ ਹੈ ਇਹ ਖਤਾ ਤੁਮਾਰੀ ॥
ਪਹਿਲੇ ਖੇਤ ਉਜਾਰ ਅਸਾੜੇ ਤੈਂ ਮਨ ਦੁਖੀ ਕਰਾਈ।
ਉਸਤੇ ਮਗਰੋਂ ਆਇ ਕਿਸੇ ਨੇ ਘੋੜੀ ਚੁਕ ਦੁਰਾਈ ॥ ੯੦ ॥
ਇਹ ਤਾਂ ਹੱਥੋ ਹੱਥ ਨਬੇੜਾ ਕਰਤੇ ਵੱਲੋਂ ਹੋਇਆ।
ਮਾਰਨ ਹਾਰ ਕਿਸੇ ਦਾ ਜੋਈ ਸੋ ਆਗੇ ਹੀ ਮੋਇਆ ॥
ਖੂਹਾ ਖਨਦੇ ਤਾਈਂ ਕਹਿੰਦੇ ਖਾਤਾ ਹਈ ਤਿਆਰੇ।
ਫਿਰ ਤੂੰ ਕਰਨੀ ਦਾ ਫਲ ਪਾਕੇ ਖਿਝਦਾ ਸਾਥ ਹਮਾਰੇ ॥ ੯੧ ॥

ਤਾਂਤੇ ਕਰ ਜੋ ਤੇਰੀ ਮਰਜ਼ੀ ਜਾਕੇ ਪਾਈਂ ਅਰਜ਼ੀ ।
ਕਿਤਨਾ ਚਿਰ ਝੱਲਾਂਗੇ ਰਹਿਕੇ ਇਹ ਤੇਰੀ ਖੁਦ ਗਰਜ਼ੀ ॥
ਇੱਟ ਚੁਕਦਿਆਂ ਪੱਥਰ ਅੱਗੋਂ ਚੁੱਕਿਆਂ ਹੀ ਹੈ ਬਨਦੀ ।
ਸੇਰ ਇੱਕ ਦਾ ਮਾਰੇ ਰੋੜਾ ਇਟ ਚਲਾਓ ਮਣਦੀ ॥ ੯੨ ॥
ਜੇ ਤੈਂ ਸਾਨੂੰ ਦੁਖ ਦੇਨ ਦੇ ਮਨ ਵਿੱਚ ਕੀਤੇ ਤਿਆਰੇ ।
ਤਾਂ ਫਿਰ ਕਹੋ ਅਸੀਂ ਕਿਉਂ ਰਹੀਏ ਹੋਕੇ ਦੀਨ ਵਿਚਾਰੇ ॥
ਹੱਥੋ ਹੱਥੀ ਬਦਲਾ ਲੈਣਾ ਕੰਮ ਅਸਾਂ ਦਾ ਹੋਊ ।
ਦੂਜਿਆਂ ਦੀ ਜੋ ਨੀਂਦ ਗੁਵਾਵੈ ਸੋ ਕਿਉਂ ਸੁਖ ਸੇ ਸੋਊ ॥ ੯੩ ॥
ਤਾਂਤੇ ਲਾਉ ਜ਼ੋਰ ਜੋ ਤੇਰਾ ਰੱਖੀਂ ਨਾਂਹਿ ਉਧਾਰਾ ।
ਜਿਸ ਦੇ ਮਗਰੋਂ ਵੇਖ ਲਏਂ ਗਾ ਆਪੇ ਹੱਥ ਹਮਾਰਾ ॥
ਇਤਨਾ ਸੁਨਦੇ ਸਾਰ ਓਸ ਨੂੰ ਲੱਗੀ ਅਗਨ ਚੁਫੇਰੇ ।
ਲੱਗਾ ਕਹਨ ਸੁਨੋ ਇਸ ਵੇਲੇ ਹੈ ਕੋਈ ਢਿੱਗ ਮੇਰੇ ॥ ੯੪ ॥
ਪਰ ਉਸ ਵੇਲੇ ਸਿੰਘ ਤੁਰਤ ਹੀ ਅਪਨੇ ਡੇਰੇ ਆਏ ।
ਗੁਜ਼ਰੀ ਖੈਰ ਨ ਵਧਿਆ ਪੁਆੜਾ ਨਿਉਂਕੇ ਛੁੱਟ ਲੈਂਘਾਏ ॥
ਪਰ ਅਪਨੇ ਸਭ ਘਰ ਦੀ ਵਸਤੂ ਰੱਖਨ ਪਾਸ ਨ ਚਾਹੀ ।
ਵੇਖ ਤੌਰ ਇਸ ਪਾਪੀ ਦੇ ਤਿਨ ਹੋ ਗਈ ਖਿਨਾਂ ਵਿਸਾਹੀ ॥ ੯੫ ॥
ਜੋ ਕੁਛ ਮਾਲ ਮਤਾ ਸੀ ਅਪਨਾ ਭਾਂਡੇ ਬਸਤ੍ਰ ਦਾਣੇਂ ।
ਪਸ਼ੂ ਮਾਲ ਅਰ ਨਕਦ ਰੁਪੱਏ ਲੀਤੇ ਸਾਂਭ ਇਆਣੇਂ ।
ਜਾਕੇ ਤਾਰਾ ਸਿੰਘ ਪਾਸ ਜਿਨ੍ਹ ਰਾਤੋ ਰਾਤ ਪੁਚਾਏ ।
ਨੰਗੇ ਭੁੱਖੇ ਰਹਕੇ ਓਥੇ ਸੋ ਜਿਨ ਦਿਵਸ ਬਿਤਾਏ ॥ ੯੬ ॥
ਪਰ ਉਹ ਨੀਚ ਚੌਧਰੀ ਭਾਰਾ ਪਿੱਛਾ ਛੱਡੇ ਨਾਹੀਂ ।
ਕਈ ਤਰ੍ਹਾਂ ਦੇ ਦੇਵਨ ਕੋ ਦੁੱਖ ਸੋਚੇ ਮਨ ਕੇ ਮਾਹੀਂ ॥

ਆਖਰ ਚੋਰ ਬਨਾ ਕੇ ਤਿਨ ਕੋ ਫੜਨਾ ਤਿਸ ਨੇ ਚਾਹਾ।
ਏਸ ਬਹਾਨੇ ਮਰਨ ਦਾ ਸੀ ਕੀਤਾ ਜਿਸੇ ਉਮਾਹਾ ॥ ੯੭ ॥
ਜਦ ਇਹ ਖਬਰ ਖਾਲਸੇ ਪਾਈ ਤਦ ਮਨ ਮਾਂਹ ਵਿਚਾਰਾ।
ਚੋਰ ਹੋਇਕਰ ਪਾਤਸ਼ਾਹ ਪੈ ਜਾਨਾ ਬੁਰਾ ਹਮਾਰਾ ॥
ਅਸੀਂ ਗੁਰੂ ਦੇ ਸਿੰਘ ਪਯਾਰੇ ਕਰੇਂ ਨ ਚੋਰੀ ਯਾਰੀ।
ਪਰ ਇਹ ਏਸ ਬਹਾਨੇ ਚਾਹੇ ਇੱਜ਼ਤ ਖੋਨ ਹਮਾਰੀ ॥ ੯੮ ॥
ਤਾਂਤੇ ਏਸ ਤੂਫਾਨੋਂ ਚਹੀਏ ਬਚਨਾ ਠੀਕ ਪਿਆਰੇ।
ਨਾ ਜਾਣੇ ਕੁਛ ਹੋਰ ਬਨਾਵੇ ਆਕੇ ਸੀਸ ਹਮਾਰੇ ॥
ਜਿਸ ਪਰ ਓਧਰ ਪਕੜਨ ਤਾਈਂ ਮਨ ਮਹਿ ਮਤੇ ਪਕਾਵੇ।
ਏਧਰ ਸਿੰਘ ਬਲਾਓਂ ਅਪਨਾ ਹਰ ਦਿਨ ਦਾਉ ਬਚਾਵੇ ॥ ੯੯ ॥
ਜਿਸ ਪਰ ਇੱਕ ਦਿਹਾੜੇ ਉਸ ਨੇ ਮਨ ਮਹਿ ਮਤਾ ਪਕਾਇਆ।
ਅੱਜ ਰਾਤ ਨੂੰ ਚੋਰ ਬਨਾਕੇ ਚਹੀਏ ਇਨ੍ਹਾਂ ਫਸਾਇਆ ॥
ਏਧਰ ਖਬਰ ਇਨ੍ਹਾਂ ਨੂੰ ਲੱਗੀ ਇਹ ਭੀ ਕਰਾ ਤਿਆਰਾ।
ਛੱਡ ਚਲੋ ਇਸ ਨਗਰੀ ਤਾਈਂ ਜਿਸ ਵਿੱਚਹੈ ਹੱਤਿਆਰਾ ॥ ੧੦੦॥
ਲੈਕੇ ਅਪਨਾ ਜੋ ਕੁਛ ਬਾਕੀ ਤੁਰ ਪਏ ਪਹਿਲੀ ਰਾਤੇ।
ਓਧਰ ਉਹ ਪਾਪੀ ਸੀ ਬੈਠਾ ਲਾਕੇ ਅਪਨੀ ਘਾਤੇ ॥
ਕੁਛਕ ਕੋਸ ਜਦ ਨਿਕਲ ਗਏ ਤਦ ਖਬਰ ਓਸ ਨੇ ਪਾਈ।
ਓਸੇ ਵੇਲੇ ਧਾੜ ਬੁਲਾਕੇ ਮਗਰ ਉਨ੍ਹਾਂ ਦੇ ਪਾਈ ॥ ੧੦੧ ॥
ਨੱਸੇ ਸਿੰਘ ਉਨ੍ਹਾਂ ਨੇ ਅੱਗੇ ਵਿੱਚ ਵਾਂਇ ਦੇ ਆਏ।
ਤਾਰਾ ਸਿੰਘ ਹਠੀਲੇ ਦੇ ਜੋ ਆਕੇ ਪਾਸ ਠਰਾਏ ॥
ਸਾਰਾ ਹਾਲ ਸੁਨਾਇਆ ਅਪਨਾ ਉਸ ਜੰਗੀ ਦੇ ਤਾਈਂ।
ਸਾਡੇ ਮਾਰਨ ਕਾਰਨ ਉਸ ਨੇ ਇਹ ਕੀਤੀ ਜਗ ਸਾਈ ॥ ੧੦੨ ॥

ਜਿਸ ਪਰ ਕਹੀ ਓਸ ਨੇ ਸਿੰਘੋ ਰਹੋ ਪਾਸ ਤੁਮ ਮੇਰੇ।
ਆਪੇ ਦੇਖ ਲਿਆਂ ਗਾ ਜੋਈ ਆਵੇ ਹੋਇ ਅਗੇਰੇ॥
ਮਾਸ ਸ਼ੇਰ ਦੇ ਮੂੰਹੋਂ ਲੈਣਾ ਨਹਿ ਕੁਛ ਹਾਸੀ ਖੇਲਾ।
ਜੀਂਵਦਿਆਂ ਮੈਂ ਦੇਸਾਂ ਨਾਂਹੀਂ ਘੱਤਨ ਪਏ ਝੁਬੇਲਾ॥ ੧੦੩॥
ਦਿਨ ਚੜ੍ਹਦੇ ਨੂੰ ਨਾਲ ਚੌਧਰੀ ਲੈਕੇ ਅਪਨੇ ਸਾਥੀ।
ਆਇ ਗਿਆ ਮਨ ਮਦ ਵਿੱਚ ਭਰਿਆ ਜਿਵੇਂ ਸਧੂਰਾ ਹਾਥੀ॥
ਲੱਗਾ ਡਰ ਦੇਵਨ ਆ ਸਿੰਘਾਂ ਕਹੇ ਬਚਨ ਬਡ ਕੌਰੇ।
ਜਿਸ ਪਰ ਸੁਨਕੇ ਸਿੰਘਾਂ ਦੇ ਮਨ ਹੋ ਗਏ ਤੌਰੇ ਵੌਰੇ॥ ੧੦੪॥
ਤਾਰਾ ਸਿੰਘ ਕਹੀ ਸੁਨ ਭਾਈ ਕੌਨ ਕਹਾਂ ਤੇ ਆਇਆ।
ਕਿਉਂ ਤੈਂ ਆਕੇ ਡੇਰੇ ਮੇਰੇ ਇਤਨਾ ਸ਼ੋਰ ਮਚਾਇਆ॥
ਵਾਜਬ ਨਹੀਂ ਲੜਾਈ ਕਰਨੀ ਆਇ ਮਕਾਮ ਹਮਾਰੇ।
ਜਾਓ ਪਰਤ ਪਿਛਾਂ ਨੂੰ ਪਤ ਸੋਂ ਕਰੋ ਨ ਇਤਨੀ ਰਾਰੇ॥ ੧੦੫॥
ਜਿਸ ਨੂੰ ਸੁਨਕੇ ਗੁੱਸਾ ਖਾਧਾ ਅਰ ਉਹੋ ਇਮ ਬੋਲਾ।
ਕਿਆ ਤੁਮ ਚੋਰ ਹਮਾਰੇ ਰੱਖੋ ਕਰਕੇ ਅਪਨਾ ਟੋਲਾ॥
ਮੈਂ ਪਿੱਛੇ ਮੁੜ ਜਾਸਾਂ ਅਬ ਹੀ ਕਿਆ ਮੈਂ ਹੈ ਬਹਿ ਰਹਿਣਾ।
ਦੇਵੋ ਦੋਏ ਚੋਰ ਅਸਾਂ ਦੇ ਮੰਨੋ ਮੇਰਾ ਕਹਿਣਾ॥ ੧੦੬॥
ਜੇਕਰ ਪਤ ਸੋਂ ਦੇਵੋ ਤਿਨ ਕੋ ਤਾਂ ਕੁਛ ਬਾਤ ਨ ਹੋਸੀ।
ਨਹੀਂ ਏਸ ਹਠ ਬਦਲੇ ਤੁਮਰੀ ਰਹੀ ਸਹੀ ਪਤ ਖੋਸੀ॥
ਚੋਰ ਧਾੜਵੀ ਪਾਸ ਤੁਮ੍ਹਾਰੇ ਰਹਿੰਦੇ ਨਿੱਤ ਘਨੇਰੇ।
ਅਰ ਤੁਮ ਉਨ ਕੀ ਖੱਟੀ ਖਾਵੋ ਬੈਠੇ ਸਾਂਝ ਸਵੇਰੇ॥ ੧੦੭॥
ਫਿਰ ਅੱਗੋਂ ਚਾ ਆਕੜ ਕਰਦੇ ਮੂਲ ਨ ਮਨ ਵਿੱਚ ਡਰਦੇ।
ਲੱਗੇ ਕਰਨ ਇਨ੍ਹਾਂ ਦੀ ਮੱਦਦ ਜਿਉਂ ਹੋਵਨ ਕੁਛ ਘਰਦੇ॥

ਤਾਂਤੇ ਏ ਏ ਚੋਰ ਅਸਾਡੇ ਪਕਰਾਵੋ ਇਸ ਵੇਲੇ।
ਲੈਕਰ ਅਸੀਂ ਪਿਛਾਹਾਂ ਮੁੜਾਏ ਏਸੇ ਵਕਤ ਸਵੇਲੇ ॥ ੧੦੮ ॥
ਜਦ ਤਿਨ ਚੋਰ ਉਨ੍ਹਾਂ ਨੂੰ ਦੱਸਿਆ ਤਦ ਮਨ ਅੰਦਰ ਕੋਪਾ।
ਸਨਮੁਖ ਓਸ ਚੌਧਰੀ ਦੇ ਤਿਨ ਕੀਨਾ ਰੰਚ ਨ ਧੋਪਾ ॥
ਕਹੀ ਦੁਸ਼ਟ ਤੂੰ ਕਿਆ ਹੈਂ ਬਕਦਾ ਚੋਰ ਖਾਲਸੇ ਦੱਸੇਂ।
ਬੇ ਦੋਸਿਆਂ ਦੇ ਮਗਰ ਜ਼ੋਰ ਤੇ ਵਾਂਗ ਸ੍ਵਾਨ ਦੇ ਨੱਸੇਂ ॥ ੧੦੯ ॥
ਏਹ ਗੁਰੂ ਦੇ ਸਿੰਘ ਪਯਾਰੇ ਨਹੀਂ ਚੋਰ ਨਹਿ ਯਾਰੇ।
ਜਿਸ ਮੁਖ ਸੇ ਤੂੰ ਚੋਰ ਬਤਾਵੇਂ ਸੋ ਅਗਨੀ ਸੇ ਜਾਰੇ ॥
ਆਪ ਧਾੜਵੀ ਚੋਰ ਹੋਇਕੇ ਖੇਤੀ ਪਿਆ ਉਜਾੜੇਂ।
ਖਾਕਰ ਮਾਲ ਬਿਗਾਨਾ ਪਾਪੀ ਅਪਨੀ ਜੜ੍ਹਾਂ ਉਖਾੜੇਂ ॥ ੧੧੦ ॥
ਉਲਟਾ ਚੋਰ ਇਨ੍ਹਾਂ ਨੂੰ ਆਖੇਂ ਸ਼ਰਮ ਨ ਕਰਦਾ ਰਾਇਓ।
ਲੈਕੇ ਪਤ ਮੁੜ ਜਾਹ ਪਿਛਾਹਾਂ ਨਾ ਕਰ ਤੂੰ ਬੁਰਿਆਈ ॥
ਕਰਨੀ ਦਾ ਫਲ ਭੋਗਨ ਪੈਂਦਾ ਸਭ ਕੋ ਬਦਲਾ ਲੈਂਦਾ।
ਖੇਤ ਉਜਾੜ ਗੁਵਾਇਓ ਘੋੜੀ ਹੁਣ ਕਿਉਂ ਉਲਟਾ ਪੈਂਦਾ ॥ ੧੧੧ ॥
ਜਿਸ ਪਰ ਫੇਰ ਪੈਂਚ ਮਨ ਰਿਸਕੇ ਕਹੀ ਟਲੋ ਹਠ ਕੋਲੋਂ।
ਅਪਨੀ ਜਬਾ ਸੰਭਾਲ ਜਰਾ ਮੁਖ ਮੇਰੇ ਸਨਮੁਖ ਬੋਲੋਂ ॥
ਕਿਆ ਮੈਂ ਚੋਰ ਧਾੜਵੀ ਆਹਾ ਅਰ ਇਹ ਹਨ ਬਿਨਦੋਸੇ।
ਜਿਨ ਕੇ ਬਦਲੇ ਮੇਰੇ ਤੁਮਨੇ ਧੀਆ ਪੁੱ ਕੋਸੇ। ੧੧੨ ॥
ਜਿਸ ਤੇ ਅਜੇ ਸਮਝ ਕਰ ਦੇਵੋ ਦੋਨੋਂ ਮੇਰੇ ਤਾਈਂ।
ਨਾਤਰ ਤੁਮਰੀ ਜਾਸੀ ਮੈਥੋਂ ਖੋਈ ਜਾਨ ਅਜਾਈਂ।
ਵਿੱਚ ਲਾਹੌਰ ਨਾਲ ਇਨ ਕੇਰੇ ਤੁਮ ਕੋ ਤੁਰਤ ਮੰਗਾਊਂ।
ਇਸ ਹਠ ਦਾ ਮੈਂ ਮਜਾ ਓਸ ਥਾਂ ਚੰਗਾ ਤੁਝੇ ਚਖਾਊਂ ॥ ੧੧੩ ॥

ਜਿਸ ਪਰ ਸੁੱਤੇ ਸਿੰਘ ਵਾਂਗ ਫਿਰ ਭਬਕ ਕਹਿਆ ਸੁਨ ਪਾਜ਼ੀ ।
ਕਰ ਓਹੋ ਅਬ ਸੰਗ ਹਮਾਰੇ ਜਿਸ ਪਰ ਹੈਂ ਤੂੰ ਰਾਜ਼ੀ ॥
ਆਪ ਜ਼ੁਲਮ ਤੂੰ ਕਰਦਾ ਜ਼ਾਲਮ ਲੋਕਾਂ ਨੂੰ ਦੁਖ ਦੇਵੇਂ ।
ਉਲਟਾ ਨਾਲ ਅਸਾਂ ਦੇ ਅੜਕੇ ਦੋਜ਼ਖ ਦੀ ਅੱਗ ਲੇਵੇਂ ॥ ੧੧੪॥
ਇਹ ਤਾਂ ਚੋਰ ਨਹੀਂ ਹਨ ਮੂਰਖ ਗੁਰ ਕੇ ਸਿੰਘ ਪਿਆਰੇ ।
ਜਿਨਕੋ ਕਹਕੇ ਚੋਰ ਆਪਨੀ ਆਪੇ ਜੜ੍ਹਾਂ ਉਖਾਰੇ ॥
ਪਰ ਉਪਕਾਰੀ ਪੁਰਖ ਹਠੀਲੇ ਜਤੀ ਸਤੀ ਸਤਵਾਦੀ ।
ਇਨਕੋ ਬੁਰਾ ਤਕਾਵਨ ਆਇਆ ਬੁਰਿਆਈ ਦੇ ਆਦੀ ॥ ੧੧੫॥
ਤੇਰੇ ਮਾਰੇ ਏਹ ਹੁਨ ਮਰਸਨ ਰਾਖਾ ਗੁਰ ਇਨ ਕੇਰਾ ।
ਜਿਸਨੂੰ ਰੱਖੇ ਸੱਚਾ ਸਾਹਿਬ ਉਨ ਪਰ ਜ਼ੋਰ ਨ ਤੇਰਾ ॥
ਅਰ ਜੇ ਮਰਨਾ ਹੱਥ ਤੁਸਾਂ ਦੇ ਹੱਥ ਜ਼ੁਲਮ ਦੇ ਆਕੇ ।
ਤਾਂ ਕਿਉਂ ਜੀਵਨ ਅਸੀਂ ਲੋੜੀਏ ਭਾਣਾ ਗੁਰੂ ਮਿਟਾਕੇ ॥ ੧੧੬ ॥
ਪਰ ਮੈਂ ਸਰਨ ਆਪਦੀ ਆਏ ਤੁਮਰੇ ਹੱਥ ਨ ਦੇਵਾਂ ।
ਏਸ ਪਾਪ ਦਾ ਤਿਲਕ ਸਿਆਹੀ ਅਪਨੇ ਸੀਸ ਨ ਲੇਵਾਂ ॥
ਸੂਰਬੀਰ ਹਠੀਆਂ ਦਾ ਭਾਈ ਕੰਮ ਨਹੀਂ ਇਹ ਹੋਵੇ ।
ਸਰਨ ਪਏ ਨੂੰ ਹੱਥੋਂ ਦੇਕੇ ਅਪਨਾ ਚਾ ਹਠ ਖੋਵੇ ॥ ੧੧੭ ॥
ਵਿਸ੍ਵਾਸ ਘਾਤ ਕਰਨੇ ਦੇ ਜੇਡਾ ਹੋਰ ਪਾਪ ਨਹਿ ਕੋਈ ।
ਲੋਕ ਪਰਲੋਕ ਵਿਖੇ ਤਿਸ ਤਾਈਂ ਮਿਲਦੀ ਮੂਲ ਨ ਢੋਈ ॥
ਫਿਰ ਕੁਲ ਘਾਤੀ ਪੁਰਖ ਭਲਾ ਕਦ ਜਗ ਅੰਦਰ ਸੁਖ ਪਾਂਦੇ ।
ਬਾਲਕ ਨਾਰ ਮਾਰਨੇ ਵਾਲੇ ਕਿਉਂ ਨਾ ਨਰਕੀ ਜਾਂਦੇ ॥ ੧੧੮ ॥
ਘਰ ਆਇਆ ਤਾਂ ਅੰਮਾਂ ਜਾਇਆ ਲੋਗ ਕਹਨ ਤਿਸ ਭਾਈ ।
ਕਿਸ ਦਿਲ ਨਾਲ ਕਰਾਂ ਮੈਂ ਇਨਕੇ ਸੰਗ ਭਲਾ ਬੁਰਿਆਈ ॥

ਫਿਰ ਇਸ ਅਪਨੇ ਸਿਰ ਦੀ ਖਾਤ੍ਰ ਇਨਕੋ ਚਾ ਪਕੜਾਵਾਂ।
ਕਰਕੇ ਪਾਪ ਅਜੇਹਾ ਭਾਰੀ ਗੁਰੂ ਦਾ ਸਿੰਘ ਸਦਾਵਾਂ॥ ੧੧੯॥
ਤਾਂਤੇ ਮੈਂ ਇਨਕੋ ਨਹਿ ਦੇਨਾ ਜੋ ਪ੍ਰਤੱਗਜਾ ਮੇਰੀ।
ਯਾਂਤੇ ਹੁਣ ਤੂੰ ਕਰਲੈ ਪਿਆਰੇ ਜੋ ਕੁਛ ਇੱਛਾ ਤੇਰੀ॥
ਦੁਖ ਸੁਖ ਸੀਸ ਸਹਾਰਾਂ ਸਾਰਾ ਨਾਲ ਜਾਨ ਦੇ ਰੱਖਾਂ।
ਧਰਮ ਹੇਤ ਜੋ ਬਣੇ ਮੁਸੀਬਤ ਸੋ ਸਿਰ ਧਰ ਕਰ ਚੱਖਾਂ॥ ੧੨੦॥
ਅਪਜਸ ਲੈਕੇ ਮਰਨਾ ਜੋਈ ਸੋ ਹੈ ਮਹਾਂ ਨਿਕਾਰਾ।
ਲੋਕ ਪਰਲੋਕ ਵਿਖੇ ਹੈ ਹੁੰਦਾ ਝੂਠੇ ਦਾ ਮੁਖ ਕਾਰਾ॥
ਅਰ ਤੇਰੇ ਡਰ ਦਿੱਤੇ ਮੈਨੂੰ ਰੰਚਕ ਨਾ ਦੁਖ ਭਾਈ।
ਓੜਕ ਸਿਰ ਤਕ ਹੀ ਹੈ ਬਾਜ਼ੀ ਸੋ ਹਮ ਪਹਿਲੇ ਲਾਈ॥ ੧੨੧॥
ਧਰਮ ਹੇਤ ਸਿਰ ਹਾਜ਼ਰ ਮੇਰਾ ਰੱਖਾ ਨਾਹਿ ਉਧਾਰੇ।
ਇੱਕ ਜਾਨ ਕਿਆ ਲੱਖਾਂ ਦੇਸਾਂ ਗੁਰ ਦੇ ਉੱਪਰ ਵਾਰੇ॥
ਤੁਰਕਾਂ ਦਾ ਡਰ ਦੇਕੇ ਸਾਨੂੰ ਤੂੰ ਜੋ ਪਿਆ ਡਰਾਵੇਂ।
ਦੇਖਾ ਜਾਇ ਤਦੋਂ ਉਹ ਵੇਲਾ ਜਦ ਕੇ ਤੂੰ ਚਾੜ੍ਹ ਲਿਆਵੇਂ॥੧੨੨॥
ਇਸ ਪਰ ਹੁੱਖਾ ਖਾਹੁ ਨ ਮੂਲੇ ਕਰ ਜੋਇ ਮਨ ਆਈ।
ਪਾਪ ਆਸਰੇ ਅਸੀਂ ਨ ਚਹੀਏ ਅਪਨੀ ਜਾਨ ਬਚਾਈ॥
ਬੇਸ਼ੱਕ ਜਾਕੇ ਲਿਆਉ ਤੁਰਕ ਦਾ ਮੇਰੇ ਪਰ ਦਲ ਸਾਰਾ।
ਹੋਰ ਕਰੋ ਜੋ ਕਰਨਾ ਚਾਹੋ ਕੌਤਕ ਜੀਉ ਤੁਮ੍ਹਾਰਾ॥ ੧੨੩॥
ਇਤਨੀ ਸੁਨ ਕਰ ਬਾਤ ਪੈਂਚ ਨੂੰ ਲੱਗੀ ਅਗਨ ਸਬਾਈ।
ਆਖਨ ਲੱਗਾ ਅੱਛਾ ਤੁਮਕੋ ਦੇਸਾਂ ਮਜ਼ਾ ਚਖਾਈ॥
ਤੇਰੇ ਏਸ ਘਮੰਡ ਪਨੇ ਨੂੰ ਪਲ ਵਿੱਚ ਪਕੜ ਉਤਾਰੂੰ।
ਨਾਲ ਜੁੱਤੀਆਂ ਕੇਸ ਸਾਸ ਦੇ ਫੜਕੇ ਚਾਇ ਉਤਾਰੂੰ॥੧੨੪॥

ਅਪਨੇ ਹੱਥੀਂ ਪੁੱਟ ਕੇਸ ਮੈਂ ਹੁਕੇ ਦਾ ਜਲ ਪਾਊਂ।
ਤਾਂ ਮੈਂ ਤੈਨੂੰ ਸਿਖੜੇ ਓਥੇ ਹਠ ਦਾ ਰੰਗ ਵਿਖਾਊਂ ॥
ਦੇਖਾਂਗਾ ਫਿਰ ਗੁਰੂ ਤੁਮ੍ਹਾਰਾ ਕਿਆ ਆ ਕਰਕੇ ਕਰਸੀ।
ਮੇਰੇ ਅੱਗੇ ਭੂਤ ਕੰਬਦੇ ਕਿਆ ਮਾਨਸ ਨਾ ਡਰਸੀ ॥ ੧੨੫ ॥
ਤੇਰੇ ਜੇਹੇ ਕਈ ਸਿੱਖ ਮੈਂ ਫੜਕੇ ਸਿੱਧੇ ਕੀਤੇ।
ਜੋ ਮਨ ਆਏ ਬਦਲੇ ਤਿਨਤੇ ਨਾਲ ਜ਼ੋਰ ਦੇ ਲੀਤੇ ॥
ਪਰ ਹੁਣ ਤੈਨੂੰ ਜਿਤਨਾ ਚਿਰ ਮੈਂ ਨਾਹੀਂ ਹੱਥ ਦਿਖਾਵਾਂ।
ਉਤਨਾ ਚਿਰ ਬਹ ਥਾਲੀ ਦੇ ਵਿੱਚ ਖਾਨਾ ਮੂਲ ਨ ਖਾਵਾਂ ॥੧੨੬॥
ਜਦ ਇਸ ਤਰ੍ਹਾਂ ਚੌਧਰੀ ਖੜਕੇ ਦੇਵਨ ਲੱਗਾ ਗਾਲੀ।
ਓਸੇ ਵੇਲੇ ਸਿੰਘਾਂ ਦੇ ਤਦ ਮੁਖ ਪਰ ਆਈ ਲਾਲੀ ॥
ਗੁੱਸਾ ਮਨ ਦਾ ਮਨ ਦੇ ਅੰਦਰ ਰੁਕਿਆ ਨਾ ਉਸ ਵੇਲੇ।
ਵਾਂਗ ਸ਼ੇਰ ਦੇ ਭਮਕ ਸਿੰਘ ਤਦ ਉਸ ਦੀ ਵੱਲੇ ਪੇਲੇ ॥ ੧੨੭ ॥
ਤਾਰਾਸਿੰਘ ਹਠੀ ਨੇ ਜਾਕੇ ਤੁਰਤ ਪਟਿਆਂ ਤੇ ਫੜਿਆ।
ਪੈਰੋਂ ਲਾਹਕੇ ਖੂਬ ਧੜਾਧੜ ਜੂਤਾ ਸਿਰ ਪਰ ਜੜਿਆ ॥
ਮਾਰ ਮਾਰ ਕੇ ਦੂੰਬਾ ਕੀਤਾ ਕਰਦਾ ਹਾਲ ਪੁਕਾਰੀ।
ਖੇਤ ਪਿਆ ਜਿਉਂ ਗਦਹਾ ਕੁਟੀਏ ਕੀਤੀ ਸੋਇ ਕਰਾਰੀ ॥ ੧੨੮॥
ਪਾਨੀ ਪਾਇ ਸੀਸ ਤਿਸ ਕੇਹੇ ਐਸੇ ਜੂਤੇ ਲਾਏ।
ਸਾਰੇ ਵਾਲ ਓਸਦੇ ਸਿਰ ਦੇ ਤੂਈਆਂ ਵਾਂਗ ਉਡਾਏ ॥
ਹੋਰ ਮਾਰ ਚਾ ਮਾਰੀ ਐਸੀ ਰਾਠ ਜ਼ੋਰ ਨੂੰ ਜੈਸੀ।
ਜੈਸੀ ਕਰਨੀ ਚਹੀ ਓਸਨੇ ਉਸ ਪਰ ਵਰਤੀ ਤੈਸੀ ॥ ੧੨੯ ॥
ਮਾਰ ਕੁੱਟ ਅਰ ਦੇਕਰ ਗਾਲੀ ਸਿੱਧਾ ਤਿਸਕੋ ਕੀਆ।
ਅਗਲਾ ਪਿਛਲਾ ਬਦਲਾ ਤਿਸ ਤੇ ਸਭ ਸਿੰਘਨ ਨੇ ਲੀਆ ॥

ਓੜਕ ਨੂੰ ਦੇ ਧੱਕੇ ਡੇਰਿਓਂ ਬਾਹਰ ਚਾਇ ਨਿਕਾਲਾ।
ਕਹੀ ਜਾਹੁ ਹੁਨ ਮੁੜ ਨਹਿ ਆਈਂ ਦੇਖ ਸਿੰਘ ਦਾ ਚਾਲਾ॥੧੩੦॥
ਜਦ ਸਿੰਘਾਂ ਨੇ ਮਾਰ ਚੌਧਰੀ ਡੇਰਯੋਂ ਬਾਹਰ ਕੀਨਾ ।
ਤਦ ਤਿਨ ਰੋਸ ਧਾਰ ਮਨ ਭਾਰੀ ਪੱਟੀ ਕੋ ਮੁਖ ਕੀਨਾ ॥
ਰੋਂਦਾ ਪਿਟਦਾ ਲੰਗਦਾ ਸੰਗਦਾ ਠਾਣੇ ਦੇ ਵਿੱਚ ਆਇਆ।
ਥਾਨੇ ਦਾਰ ਪਾਸ ਤਿਨ ਆਕੇ ਸਾਰਾ ਹਾਲ ਸੁਨਾਇਆ ॥ ੧੩੧ ॥
ਆਖੀਂ ਹਾਕਮ ਅਹੋਂ ਵਕਤ ਦਾ ਸੁਨ ਤੂੰ ਹਾਲ ਹਮਾਰਾ ।
ਭਾਰਾ ਸਿੰਘ ਸਿੱਖ ਨੇ ਮੈਨੂੰ ਬੁਰੇ ਤੌਰ ਸੇ ਮਾਰਾ ॥
ਨਾਲੇ ਮੇਰੀ ਘੋੜੀ ਚੋਰੀ ਨਾਲੇ ਭੰਨੇ ਗੋਡੇ।
ਏਹੋ ਜੇਹੀ ਮਾਰ ਨਾ ਮਾਰਿਆ ਕਰੇ ਹੱਡ ਜਿਨ ਬੋਡੇ ॥ ੧੩੨ ॥
ਕਿਵੇਂ ਕਿਵੇਂ ਮੈਂ ਜਾਨ ਬਚਾਕੇ ਉਨਤੇ ਏਥੇ ਆਇਆ।
ਉਨ੍ਹਾਂ ਜਲਾਦਾਂ ਹੱਥੋਂ ਮੈਨੂੰ ਅੱਲ੍ਹਾ ਚਾਇ ਬਚਾਇਆ ॥
ਹਨ ਉਹ ਮੌਤ ਫਰਸ਼ਤੇ ਕੋਈ ਨਹੀਂ ਦਿਸਾਵਨ ਬੰਦੇ।
ਨਾਲ ਜੁੱਤੀਆਂ ਬਾਲ ਉਖੇੜੇ ਅਰ ਮੁਖ ਬੋਲੇ ਮੰਦੇ ॥ ੧੩੩ ॥
ਜਿਸਤੇ ਪਾਸ ਤੁਸਾਂਦੇ ਆਇਆ ਕਰੋ ਨਿਆਉਂ ਸ਼ਿਤਾਬੀ ।
ਜੇ ਉਨਕੋ ਨਾ ਹੱਥ ਦਿਖਾਓ ਕਰਸਨ ਬਹੁਤ ਖਰਾਬੀ ॥
ਨਹੀਂ ਪਾਤਸ਼ਾਹ ਤੇ ਉਹ ਡਰਦੇ ਅਰ ਨਾ ਖੌਫ ਖੁਦਾਈ।
ਲੁੱਟ ਮਾਰ ਉਨ ਦੇਸ ਮਚਾਕੇ ਬੁਰਛਾ ਗਰਦੀ ਪਾਈ ॥ ੧੩੪ ॥
ਮਾੜੇ ਪੁਰਖਾਂ ਦਾ ਜੋ ਰਾਖਾ ਹਾਕਮ ਵਕਤ ਕਹਾਵੇ।
ਉਸ ਤੇ ਬਿਨਾਂ ਜਾਇ ਕੇ ਕਿਸਨੂੰ ਅਪਨਾ ਹਾਲ ਸੁਨਾਵੇ॥
ਜਿਸਤੇ ਲਾਜ ਅਸਾਂ ਦੀ ਰੱਖੋ ਅਰ ਘਰ ਵਸਦੇ ਰਹੀਏ।
ਕਿਥੋਂ ਤੀਕਰ ਸਿੱਖਾਂ ਦੇ ਹੁਣ ਜੁਲਮ ਅਜੇਹੇ ਸਹੀਏ ॥ ੧੩੫ ॥

ਬਾਦਸ਼ਾਹ ਤੇ ਬਿਨਾਂ ਉਨ੍ਹਾਂ ਦੇ ਸਨਮੁਖ ਅੜੈ ਨ ਕੋਈ।
ਜਿਸਤੇ ਸਾਰੇ ਡਰਕੇ ਬੈਠੇ ਅਪਨੇ ਸੋਸ ਲੁਕੋਈ॥
ਵੱਢਨ ਖੇਤ ਉਜਾੜਨ ਨਗ੍ਰਾਂ ਲੁੱਟ ਮਾਰਕੇ ਖਾਂਦੇ।
ਪੜ੍ਹਨ ਪੋਥੀਆਂ ਗਾਉਨ ਸ਼ਬਦਾਂ ਉਹੇ ਫਤੇ ਬੁਲਾਂਦੇ॥ ੧੩੬॥
ਹਿੰਦੂ ਮੁੱਸਲਮਾਨਾਂ ਵਾਲੀ ਇਨ ਮੈਂ ਰਸਮ ਨ ਕੋਈ।
ਅਪਨਾ ਹੀ ਅੜਵਿੰਗ ਚਲਾਉਨ ਮਨ ਵਿੱਚ ਆਵੈ ਜੋਈ॥
ਜਿਸਤੇ ਦੋਨੋਂ ਦੀਨ ਇਨ੍ਹਾਂ ਦੇ ਹੱਥੋਂ ਹੋ ਦੁਖਯਾਰੇ।
ਚੁੱਪ ਚੁਪਾਤੇ ਬੈਠੇ ਕਰਦੇ ਅਪਨੀ ਘਰੀ ਗੁਜ਼ਾਰੇ॥ ੧੩੭॥
ਤਾਂਤੇ ਜੇ ਪ੍ਰਜਾ ਦੇ ਮਾਲਕ ਹੋਕਰ ਤੁਮਨੇ ਰਹਿਣਾ।
ਤਾਂ ਨਾ ਦੇਰ ਕਰੋ ਇਸ ਵੇਲੇ ਮੰਨੋਂ ਮੇਰਾ ਕਹਿਣਾ॥
ਮੇਰਾ ਬਦਲਾ ਲੈਕੇ ਉਨਕੋ ਐਸੇ ਹੱਥ ਦਿਖਾਓ।
ਮੁੜਕੇ ਫੇਰ ਅਜੇਹਾ ਕਿੱਸਾ ਸੁਣਨੇ ਕਦੇ ਨ ਪਾਓ॥ ੧੩੮॥
ਜਿਸਤੇ ਗਿਰੀਆ ਜਾਰੀ ਸੁਨ ਕੇ ਹਾਕਮ ਪੱਟੀ ਕੇਰਾ।
ਨਾਲ ਕ੍ਰੋਧ ਦੇ ਚੜ੍ਹਨੇ ਲੱਗਾ ਮਨ ਵਿੱਚ ਹੋਇ ਦਲੇਰਾ॥
ਕੁਛਕ ਸਿਪਾਹੀ ਨਾਲ ਆਪਨੇ ਲੈਕੇ ਘੋੜੇ ਚੜ੍ਹਿਆ।
ਜਿਸ ਪਰ ਅੱਗੇ ਹੋਇ ਚੌਧਰੀ ਘੋੜੇ ਦਾ ਮੁਖ ਫੜਿਆ॥ ੧੩੯॥
ਆਖਨ ਲਗਾ ਥਾਨੇਦਾਰਾ ਇਹ ਕੀ ਕਰਦਾ ਚਾਲਾ।
ਨਾ ਤੈਂ ਫੌਜ ਨਾਲ ਕੁਝ ਲੀਤੀ ਨਾ ਹੈ ਸੰਗ ਰਸਾਲਾ॥
ਓਸ ਭੂਮਣੇ ਤਾਈਂ ਜਾਕੇ ਜਿਸ ਵੇਲੇ ਤੂੰ ਛੇੜੇਂ।
ਓਸ ਸਮਨ ਉਹ ਇੱਕ ਇੱਕ ਦੀ ਫੜ ਐਵੇਂ ਖੱਲ ਉਖੇੜੇਂ॥੧੪੦॥
ਤਾਂਤੇ ਮੰਤ੍ਰ ਕਰੋ ਉਨ੍ਹਾਂ ਦਾ ਕੀਲਨ ਤਾਈਂ ਚੰਗਾ।
ਉਸ ਜਾਗਾ ਦੇ ਜਾਨੇ ਪਰ ਹੋਸੀ ਭਾਰਾ ਦੰਗਾ।

ਅਰ ਤੁਸ ਦਿਨ ਕੋ ਜਾਹੁ ਨ ਮੂਲੇ ਜੇ ਉਹ ਇਹ ਸੁਨ ਪਾਵੈ।
ਆਇਆ ਹਾਕਮ ਫੜਨੇ ਤਾਂਈਂ ਭਾਗ ਸਭੇ ਤਬ ਜਾਵੈ ॥ ੧੪੧ ॥
ਜਿਸਤੇ ਛਾਪਾ ਮਾਰ ਰਾਤ ਨੂੰ ਪਵੋ ਦਲੇਰੀ ਕਰਕੇ।
ਆਪੇ ਆਇ ਜਾਨਗੇ ਕਾਬੂ ਰਾਤ ਸਮੇਂ ਵਿੱਚ ਡਰਕੇ ॥
ਅਰ ਕੁਛ ਫੌਜ ਪਿਆਦਾ ਲੈਕੇ ਅਰ ਅਸਵਾਰ ਚੜ੍ਹਾਓ।
ਨਾਲ ਬੰਦੂਕਾਂ ਅਤੇ ਬਰਛੀਆਂ ਉਨਕੀ ਅਲਖ ਚੁਕਾਓ ॥੧੪੨॥
ਨਾਲ ਉਨ੍ਹਾਂ ਦੇ ਲੜਨਾ ਖਾਂ ਜੀ ਨਾ ਕੁਛ ਹਾਸੀ ਖੇਲਾ।
ਇੱਕ ਇੱਕ ਪੰਜੇ ਸ਼ਸਤ੍ਰ ਰੱਖਦਾ ਤੇਗ਼ ਬੰਦੂਕਾਂ ਸੇਲਾ ॥
ਮਰਨ ਮਾਰਨੋਂ ਮੂਲ ਨ ਡਰਦੇ ਕਰਕੇ ਜੰਗ ਅਜੇਹਾ।
ਵਿੱਚ ਸ਼ਰ੍ਹਾ ਕੇ ਦੀਨਦਾਰ ਨੂੰ ਆਨ ਗ਼ਾਜ਼ੀ ਜੇਹਾ ॥ ੧੪੩ ॥
ਇੱਕ ਆਦਮੀ ਸਿੱਖ ਉਨ੍ਹਾਂ ਦਾ ਨਾਲ ਸਿਪਾਂ ਦੇ ਲੜਦਾ।
ਵਾਂਗ ਸ਼ੇਰ ਦੇ ਭਬਕ ਅਗੋਰੋਂ ਆਕੜ ਸਨਮੁਖ ਖੜਦਾ ॥
ਜਾਨ ਤਲੀ ਪਰ ਧਰਕੇ ਕਰਦਾ ਏਹੋ ਜੇਹਾ ਧਾਵਾ।
ਬਿਜਲੀ ਨੂੰ ਭੀ ਪਿੱਛੇ ਛੱਡੇ ਮਾਰੇ ਕਰਕੇ ਦਾਵਾ ॥ ੧੪੪ ॥
ਨਾ ਉਹ ਟੱਲੇ ਸਾਥੀ ਅਪਨਾ ਅਰ ਨਾ ਜਾਨ ਬਚਾਵੇ।
ਚਲਨ ਬੰਦੂਕਾਂ ਤੇਗ਼ਾਂ ਬਰਛੇ ਸਭ ਦੇ ਸਨਮੁਖ ਆਵੇ ॥
ਵਾਂਗ ਰੁੱਖ ਦੇ ਖੜਾ ਦੇਹ ਪਰ ਸ਼ਸਤ੍ਰ ਸੂਰਾ ਖਾਂਦਾ।
ਲੱਗੇ ਘਾਉ ਰੁਧਰ ਦੇ ਵਹਿੰਦੇ ਮੂਲ ਨ ਪੈਰ ਹਟਾਂਦਾ ॥ ੧੪੫ ॥
ਏਹੋ ਜੇਹੇ ਹਠੀਆਂ ਸਨਮੁਖ ਹਾਸੀ ਨਾਹੀਂ ਜਾਨਾ।
ਹੱਥ ਸ਼ੇਰ ਦੇ ਮੂੰਹ ਵਿੱਚ ਦੇਨਾ ਸੌਖੀ ਬਾਤ ਨ ਖਾਨਾ ॥
ਕਾਲੇ ਬਿਸੀਅਰ ਨਾਗਾਂ ਦੀ ਜੋ ਥਲਮੀ ਮੇਂ ਹੱਥ ਪਾਏ।
ਬਾਝੋਂ ਬਿਨਾਂ ਮਾਂਦਰੀ ਦੱਸੋ ਕੌਨ ਜੀਊਂਦਾ ਆਏ ॥ ੧੪੬ ॥

ਪਹਿਲੇ ਨਾਉਂ ਉਨ੍ਹਾਂ ਦੇ ਦੇਖੋ ਸਿੰਘ ਕਹਨ ਸਭ ਕੋਈ।
ਜਿਸ ਪਰ ਹੋਰ ਮ੍ਰਿਗ ਸਮ ਉਨ ਕੋ ਭਾਸਤ ਹੈ ਜਗ ਲੋਈ॥
ਤਾਂਤੇ ਕਰੋ ਸਮਾਨ ਅਜੇਹਾ ਫਤੇ ਜਾਸ ਤੇ ਪਾਈਏ।
ਕਰ ਸਾਮਾਨ ਸ਼ੇਰ ਦਾ ਤੁਰੀਏ ਗਿੱਦੜ ਮਾਰਨ ਜਾਈਏ॥ ੧੪੭॥
ਦੁਸ਼ਮਨ ਛੋਟਾ ਜਾਨੋਂ ਨਾਹੀਂ ਸਭ ਤੇ ਵੱਡਾ ਪਛਾਨੋਂ।
ਜਿਸ ਤੇ ਸ਼ਾਇਦ ਪਾਵੇ ਕੋਈ ਚਾਇ ਬਿੱਜ ਅਸਮਾਨੋਂ॥
ਭੂੰਡਾਂ ਦੀ ਓਹ ਖੱਖਰ ਭਾਰੀ ਨਾਲ ਜੁਗਤ ਦੇ ਲਾਹੋ।
ਚੁੱਪ ਚੁਪਾੜੇ ਨਾਲ ਜ਼ੋਰ ਦੇ ਵਾਂਗ ਕਬੂਤਰ ਫਾਹੋ॥ ੧੪੮॥
ਜਿਸ ਪਰ ਮੰਨ ਤੁਰਕ ਨੇ ਲੀਤਾ ਕੀਤਾ ਸੋਈ ਚਾਲਾ।
ਪਹਿਲੀ ਰਾਤ ਵਿੱਚ ਹੀ ਉਸ ਨੇ ਅਪਨਾ ਪੈਰ ਨਕਾਲਾ॥
ਕਈ ਸਇਆਂ ਦੀ ਪੈਦਲ ਕੀਤੀ ਨਾਲ ਫੌਜ ਜਿਨ ਚੰਗੀ।
ਔਰ ਰਸਾਲਾ ਨਾਲ ਸਮਾਲਾ ਜੋ ਸਨ ਜੋਧੇ ਜੰਗੀ॥ ੧੪੯॥
ਦਾਰੂ ਸਿੱਕਾ ਨਾਲ ਖਰਚ ਸਭ ਗੱਡੇ ਚਾਇ ਲਦਾਏ।
ਖਾਣਾ ਪੀਣਾ ਪੱਕਾ ਕਰਕੇ ਬੱਦਲ ਵਾਂਗਰ ਧਾਏ॥
ਔਝੜ ਰਸਤੇ ਚਲੇ ਸਗਲ ਹੀ ਚੁੱਪ ਕਰੀਤੇ ਐਸੇ।
ਭਾਦੋਂ ਦੇ ਬੱਦਲ ਚੜ੍ਹ ਰਾਤੀ ਪੈਨ ਸੁਰਾਟੇ ਜੈਸੇ॥ ੧੫੦॥
ਅੱਧੀ ਰਾਤ ਵਾਂਇ ਦੇ ਨੇੜੇ ਜਦ ਤਿਨ ਪੈਰ ਟਕਾਇਆ।
ਓਧਰ ਸਿੰਘਾਂ ਖਬਰ ਨ ਕੋਈ ਕਿਆ ਸਾਡੇ ਪਰ ਆਇਆ॥
ਪਰ ਬਘੇਲ ਸਿੰਘ ਵਾਂਗ ਬਾਘ ਦੇ ਮੁਖ ਤੇ ਬਾਣੀ ਪੜ੍ਹਦਾ।
ਗਿਆ ਸੁਚੇਤ ਹੋਨ ਦੇ ਕਾਰਨ ਦੇਖੋ ਫਿਰ ਓਹ ਲੜਦਾ॥ ੧੫੧।
ਇੱਕ ਹੱਥ ਦੇ ਵਿੱਚ ਗੜਵਾ ਉਸ ਦੇ ਦੂਜੇ ਨੇਜ਼ਾ ਭਾਰੀ।
ਮਾਨੋਂ ਦੋ ਮੁਖ ਵਾਲੀ ਲੀਤੀ ਕਰ ਮਹਿ ਨਾਗਨ ਕਾਰੀ॥

ਔਰ ਗਾੜ੍ਹੇ ਤੇਗ ਸੁਹਾਈ ਵਾਂਗ ਸ਼ੇਰ ਦੇ ਜਾਵੇ।
ਦੇਖ ਲਈ ਤਿੰਨ ਫੌਜ ਤੁਰਕ ਦੀ ਜੋ ਇਤ ਵੱਲ ਨੂੰ ਆਵੇ ॥੧੫੨॥
ਸੁਨਕੇ ਖੜਕ ਉਨ੍ਹਾਂ ਦਾ ਓਥੇ ਖੜ ਗਿਆ ਚੁੱਪ ਚੁਪਾਤਾ।
ਮਨ ਵਿੱਚ ਸਮਝ ਗਿਆ ਤਦ ਸਾਰੀ ਹੈ ਦਲ ਹਮ ਪਰ ਆਤਾ॥
ਇਹ ਸਭ ਓਸ ਚੌਧਰੀ ਵਾਲਾ ਹੈ ਗਲ ਪਿਆ ਪੁਆੜਾ।
ਜਿਸ ਪਰ ਹੁਨ ਇਹ ਆਏ ਪਾਪੀ ਮਾਰਨ ਕਾਰਨ ਧਾੜਾ॥ ੧੫੩॥
ਪਰ ਹੁਨ ਪਿਛਾਂ ਅਸਾਡਾ ਮੁੜਨਾ ਠੀਕ ਨਹੀਂ ਹੈ ਪਜਾਰੇ।
ਸਨਮੁਖ ਲੜਨਾ ਚਹੀਏ ਇਨ ਸੋਂ ਵਾਂਗ ਬਹਾਦਰ ਭਾਰੇ॥
ਅਰ ਜੇ ਡੇਰੇ ਖਬਰ ਦੇਨ ਹਿਤ ਜਾਵਾਂਗਾ ਇਸ ਵੇਲੇ।
ਸੁੱਤੇ ਸਿੰਘ ਪਏ ਹਨ ਸਾਰੇ ਅਪਨੀ ਜਗ੍ਹਾਂ ਇਕੇਲੇ॥ ੧੫੪॥
ਜਿਸ ਪਰ ਇਹ ਦਲ ਜਾਇ ਉਨ੍ਹਾਂ ਪਰ ਬਿਜਲੀ ਵਾਂਗਰ ਪਰਸੀ।
ਇੱਕ ਇੱਕ ਦੇ ਫੜ ਓਸੇ ਵੇਲੇ ਦੋ ਦੋ ਟੁਕੜੇ ਕਰਸੀ॥
ਮੈਨੂੰ ਏਸੇ ਜਾਗਾ ਇਨ੍ਹਾਂ ਸੇ ਲੜਨਾ ਪਿਆ ਜ਼ਰੂਰੀ।
ਜਿਸ ਪਰ ਇਕ ਮੁਰਾਦ ਮੁਝ ਦੀ ਹੋਵਹਿ ਗੀ ਅਤਿ ਪੂਰੀ॥੧੫੫॥
ਜਦ ਮੈਂ ਐਥੇ ਜੰਗ ਮਚਾਇਆ ਚਲੀਆਂ ਤੁਪਕ ਹਜ਼ਾਰਾਂ।
ਤਦ ਹੀ ਡੇਰੇ ਅੰਦਰ ਹੋਸੀ ਖਬਰ ਅਚਾਨਕ ਦਾਰਾਂ॥
ਲੈਕਰ ਸ਼ਸਤ੍ਰ ਅਸਤ੍ਰ ਸਾਰੇ ਸਿੰਘ ਤੁਰਤ ਹੀ ਆਉਨ।
ਜਿਤਨਾ ਹੋ ਸਕੇਗਾਂ ਅਪਨਾ ਸਾਰਾ ਹੀ ਬਲ ਲਾਉਨ॥ ੧੫੬॥
ਜਿਸ ਤੇ ਹੁਣ ਤਾਂ ਵਾਂਗ ਪਤੰਗੇ ਏਸ ਸ਼ਮਾਂ ਪਰ ਭਾਈ।
ਪੜਕੇ ਜਲਕੇ ਮਰਨਾ ਚਹੀਏ ਕਿਆ ਹੈ ਜਾਨ ਬਚਾਈ॥
ਇਤਨਾ ਸੋਚ ਲੋਚ ਮਨ ਦੰਗਾ ਉਚੇ ਚਾਇ ਪੁਕਾਰਾ।
ਕੌਣ ਤੁਸੀਂ ਹੋ ਕਿੱਥੇ ਜਾਂਦੇ ਦੇਖੋ ਹਾਥ ਹਮਾਰਾ॥ ੧੫੭॥

ਮੈਂ ਤਾਂ ਏਧਰ ਖੜਾ ਲੜਨ ਹਿਤ ਤੁਮ ਕਿਤ ਓਰੇ ਨੱਸੇ।
ਦੇਖੋ ਵਟ ਰਿਹਾ ਹਾਂ ਖੜਕੇ ਤੁਮਰੇ ਪੈੜੇ ਰੱਸੇ॥
ਜੇਕਰ ਹੈ ਕੁਛ ਜਾਨ ਤੁਸਾਂ ਵਿੱਚ ਤਾਂ ਇਤ ਓਰੇ ਆਓ।
ਨਹੀਂ ਪਾਜ਼ੀਆਂ ਵਾਂਗ ਨੱਸਕੇ ਅਪਨੀ ਜਾਨ ਬਚਾਓ॥ ੧੫੮॥
ਮੈਂ ਤਾਂ ਛੱਡਾਂ ਨਹੀਂ ਜੀਵੰਦੇ ਇੱਕ ਇੱਕ ਕਰਕੇ ਮਾਰਾਂ।
ਜਿਸ ਤੇ ਧਰਮ ਯੁੱਧ ਦੇ ਕਾਰਨ ਸਨਮੁਖ ਹੋਇ ਵਿਗਾਰਾਂ॥
ਚੋਰੀ ਲੜਨਾ ਕੰਮ ਚੋਰ ਦਾ ਧਰਮ ਯੁੱਧ ਇਹ ਨਾਹੀਂ।
ਤਾਂਤੇ ਆਓ ਨਾਲ ਜ਼ੋਰ ਦੇ ਪਰੇ ਜਾਵੰਦੇ ਕਾਹੀਂ॥ ੧੫੯॥
ਜਦ ਇਹ ਸ਼ਬਦ ਚੌਧਰੀ ਸੁਨਿਆ ਤਦ ਹੀ ਚੀਖਾ ਮਾਰੇ॥
ਕਹੈ ਉਪਾਧੀ ਮੂੰਵ ਇਹੋ ਹੈ ਸੁਨੀਏ ਖਾਨ ਵਿਚਾਰੇ॥
ਨਾਮ ਬਘੇਲ ਸਿੰਘ ਹੈ ਇਸਦਾ ਏਹੋ ਵੱਧ ਫਸਾਦੀ।
ਲੜਨ ਭਿੜਨ ਅਰ ਲੁੱਟ ਮਾਰਦਾ ਹੋਇ ਰਿਹਾ ਹੈ ਆਦੀ॥੧੬੦॥
ਜਦ ਇਹ ਨਾਮ ਤੁਰਕ ਨੇ ਸੁਨਿਆ ਤੁਰਤ ਉਸੇ ਵਲ ਆਇਆ।
ਨੇਜ਼ਾ ਹੱਥ ਸਮਾਲ ਕੋਪ ਸੋਂ ਤਰਫ਼ ਸਿੰਘ ਦੀ ਧਾਇਆ॥
ਹੋਰ ਫੌਜ ਭੀ ਧੂਹ ਮਿਆਨੋਂ ਚਮਕਦੀਆਂ ਤਲਵਾਰਾਂ।
ਚਾਹਨ ਨਾਲ ਖੂਨ ਦੇ ਭਰਨਾ ਤਿਨ ਕੀ ਤਿੱਖੀ ਧਾਰਾਂ॥ ੧੬੧॥
ਤੋੜੇ ਲਾਇ ਤੁਫੰਗਾਂ ਅੱਗੇ ਦਾਰੂ ਸਿੱਕਾ ਪਾਇਆ।
ਆਖਰ ਇੱਕ ਸ਼ਿਕਾਰ ਅਸਾਨੂੰ ਦੇਖੋ ਨਬੀ ਦਿਖਾਇਆ॥
ਇੱਕੋ ਵਾਰ ਗਏ ਕਰ ਹੱਲਾ ਸੀ ਜਹਿ ਸਿੱਖ ਅਕੱਲਾ।
ਪਰ ਉਸਨੇ ਭੀ ਤਰਫ਼ ਉਨ੍ਹਾਂ ਦੀ ਕੀਤਾ ਅਪਨਾ ਹੱਲਾ॥ ੧੬੨॥
ਭੇਡਾਂ ਵਿੱਚ ਭੇੜੀਆ ਪੈਂਦਾ ਚੀਰ ਚੀਰ ਜਿਉਂ ਸੁੱਟੇ।
ਤੈਸੇ ਸਿੰਘ ਪਕੜ ਕਰ ਤੁਰਕੀ ਕਈ ਸਿਪਾਹੀ ਕੁੱਟੇ॥

ਰਾਤ ਅੰਧੇਰੀ ਸਮਝ ਨ ਪੈਂਦੀ ਅਪਨੇ ਅਤੇ ਪਰਾਏ ।
ਜਿਸਤੇ ਰੋਹ ਭਰੇ ਸਭ ਤੁਰਕਾਂ ਅਪਨੇ ਹੀ ਮਰਵਾਏ ॥ ੧੬੩ ॥
ਚਲੀ ਬੰਦੂਕ ਤੇਗ ਅਰ ਬਰਛੀ ਛੁਰੀ ਕਟਾਰੀ ਭਾਰੀ ।
ਇੱਕ ਦੂਜੇ ਪਰ ਵਾਰ ਕਰੇਂਦਾ ਦੇਖੇ ਨਾਹਿ ਪਛਾਰੀ ॥
ਏਸੇ ਤਰ੍ਹਾਂ ਮਰਨ ਜਦ ਕਟਕੇ ਅਪਨੇ ਹੀ ਸਭ ਸਾਥੀ।
ਵਿੱਚ ਬਘੇਲ ਸਿੰਘ ਸੋ ਫਿਰਦਾ ਜਿਵੇਂ ਸਧੂਰਾ ਹਾਥੀ ॥ ੧੬੪ ॥
ਜਿਤ ਵਲ ਪੈਂਦਾ ਸੋ ਕਰ ਹੱਲਾ ਅੱਗੇ ਚਾਲਾ ਲੈਂਦਾ ।
ਮੱਤੇ ਕੇਹਰ ਵਾਂਗ ਭਭਕ ਕੇ ਉਨਕੇ ਉਪਰ ਪੈਂਦਾ ॥
ਨੱਸੇ ਜਾਣ ਬਚਾਕੇ ਜਾਨਾਂ ਸਨਮੁਖ ਅੜੇ ਨ ਕੋਈ ।
ਇੱਕ ਘੜੀ ਦੇ ਅੰਦਰ ਉਨਕੀ ਕਿਤਨੀ ਸੈਨਾ ਮੋਈ ॥ ੧੬੫ ॥
ਜਦ ਇਹ ਪੈਂਦਾ ਰੌਲਾ ਭਾਰੀ ਡੇਰੇ ਤੀਕਰ ਆਇਆ ।
ਤਾਰਾ ਸਿੰਘ ਹਠੀ ਨੇ ਤਦ ਹੀ ਸਿੰਘਾਂ ਚਾਇ ਜਗਾਇਆ ॥
ਕਹੀ ਖਾਲਸਾ ਸ਼ਸਤ੍ਰ ਪਹਿਰੋ ਚਲੋ ਦੇਰ ਨਹਿ ਕੀਜੇ ।
ਦੇਖੋ ਇਹ ਕੀ ਆਫਤ ਆਈ ਪਤਾ ਏਸਦਾ ਲੀਜੇ ॥ ੧੬੬ ॥
ਸੁਨਕੇ ਜਾਗ ਪਏ ਸਭ ਸੂਰੇ ਸ਼ਸਤ੍ਰ ਬਸਤ੍ਰ ਲਾਏ।
ਫਤੇ ਗਜਾਕੇ ਹੋਇ ਨਧਤ੍ਰਕੇ ਤਾਰਾ ਸਿੰਘ ਪਹਿ ਆਏ ॥
ਜਿਨ ਕੋ ਸਾਥ ਲਏ ਵਹੁ ਸੂਰਾ ਗਿਆ ਜੰਗ ਕੇ ਮਾਹੀਂ ।
ਜਿਉਂ ਮਿਰਗਾਂ ਪਰ ਸਿੰਘ ਧਾਂਵਦਾ ਸੰਕਾ ਮਨ ਵਿੱਚ ਨਾਹੀ॥੧੬੭॥
ਜਾਂਦੇ ਹੀ ਇੱਕ ਵਾਰ ਅਜੇਹੇ ਅਪਨੇ ਹੱਥ ਦਿਖਾਏ ।
ਮਾਰ ਮਾਰ ਕਰ ਤੁਰਕ ਸਿਪਾਹੀ ਘੱਟੇ ਵਿੱਚ ਮਲਾਏ ॥
ਫ਼ੌਜਦਾਰ ਜੋ ਹਾਕਮ ਦਾ ਸੀ ਸੱਕਾ ਤਹਾਂ ਭਤੀਜਾ ।
ਕਟਕੇ ਗਿਰਾ ਨ ਸੁਰਤ ਸੰਭਾਲੀ ਲੀਤਾ ਏਹ ਨਤੀਜਾ ॥ ੧੬੮॥

ਉਸ ਨੂੰ ਮੁਰਦਾ ਦੇਖ ਖਾਨ ਦੇ ਮਨ ਦੀ ਧੀਰਜ ਛੁੱਟੀ।
ਆਖੇ ਖੇਪ ਅਸਾਂ ਦੇ ਸੁਖ ਦੀ ਏਸ ਸਮੇਂ ਵਿੱਚ ਲੁੱਟੀ॥
ਜਿਸਦੀ ਲੋਥ ਦੇਖ ਕਰ ਅੱਗੇ ਹੋਇਆ ਦੂਜਾ ਭਾਈ।
ਜੀਵਨ ਜ਼ਹਿਰ ਪਛਾਤਾ ਉਸਨੇ ਮੌਤ ਲਖੀ ਭਲਿਆਈ॥੧੬੯॥
ਨਹੀਂ ਸਹਾਰ ਵਿਛੋੜਾ ਸਕਿਆ ਥਕਿਆ ਅੰਤ ਵਿਚਾਰਾ॥
ਆਇ ਪਿਆ ਸਿੰਘਾਂ ਪਰ ਸੋਈ ਕਰਕੇ ਜੀਵ ਕਰਾਰਾ॥
ਜਿਸ ਪਰ ਸਿੰਘਾਂ ਵਾਰ ਓਸਦੇ ਹਿਕਮਤ ਨਾਲ ਬਚਾਏ
ਫਿਰ ਉਸ ਉਪਰ ਕੋਪ ਖਾਇਕਰ ਐਸੇ ਘਾਉ ਚਲਾਏ॥੧੭੦॥
ਟੁਕੜੇ ਟੁਕੜੇ ਹੋਕਰ ਗਿਰਿਆ ਧਰਤੀ ਉਪਰ ਸੋਈ॥
ਨਾਲ ਆਪਨੇ ਭਾਈ ਦੇ ਸੀ ਗਿਆ ਅਗਾਰੀ ਜੋਈ॥
ਪਾਨੀ ਮੂਲ ਨ ਮੰਗਿਆ ਜਿਸਨੇ ਦਿੱਤੇ ਪ੍ਰਾਨ ਸ਼ਤਾਬੀ।
ਉਸ ਕੀਤੀ ਦਾ ਸੀ ਫਲ ਪਾਇਆ ਜੋ ਸੀ ਕਰੀ ਖਰਾਬੀ॥੧੭੧॥
ਜਦ ਇਹ ਦੋਨੋਂ ਸਕੇ ਭਤੀਜੇ ਮਰਗਏ ਬਹੁਤ ਅਜ਼ੀਜ਼ੇ।
ਫੇਰ ਸਿੰਘਾਂ ਦੇ ਬਲ ਪਰ ਹਾਕਮ ਅੱਖੀਂ ਦੇਖ ਪਤੀਜੇ॥
ਹੋਇ ਉਦਾਸ ਨਿਰਾਸ ਵਿਚਾਰੀ ਕਿਆ ਹੁਨ ਕਰਸਾਂ ਚਾਲਾ।
ਇਨ ਕੇ ਪਾਸੋਂ ਫਤੇ ਪਾਇਕੇ ਜਾਣਾ ਨਹੀਂ ਸੁਖਾਲਾ॥੧੭੨॥
ਜੇ ਇਹ ਏਸੇ ਤਰ੍ਹਾਂ ਲੜਦਿਆਂ ਸਾਥੋਂ ਬਾਜ਼ ਨ ਆਏ।
ਤਾਂ ਮੈਂ ਜਾਨ ਲਿਆ ਹੈ ਮਨ ਵਿੱਚ ਦੇਸਨ ਕਟਕ ਮੁਕਾਏ।
ਇੱਕ ਜੀਵੰਦਾ ਜਾਨ ਨ ਦੇਸਨ ਮਾਰਨ ਇੱਕ ਪਲ ਮਾਹੀਂ।
ਜਿਸਤੇ ਅਟਕਨ ਇਸ ਜਾਗ੍ਹਾ ਪਰ ਭਲਾ ਅਸਾਂਦਾ ਨਾਹੀ॥੧੭੩॥
ਇਤਨਾ ਸੋਚ ਕੋਪ ਫਿਰ ਭਰਕੇ ਨੈਨੀ ਲਹੂ ਵਗਾਇਆ।
ਆਖ ਦੇਖੋ ਕਿਸ ਕਰਨੀ ਦਾ ਮੈਂ ਹੈ ਬਦਲਾਂ ਪਾਇਆ॥

ਦੋਇ ਭਤੀਜੇ ਬੀਰ ਸਿਪਾਹੀ ਐਵੇਂ ਚਾ ਮਰਵਾਏ।
ਜਿਸਦੇ ਕਾਲਖ ਦਾ ਜੋ ਟਿੱਕਾ ਮੇਰਾ ਮੂਲ ਨ ਜਾਏ॥ ੧੭੪॥
ਇਤਨਾ ਸੋਚ ਰਿਹਾ ਸੀ ਮਨ ਵਿੱਚ ਹੋਇ ਦਲੇਰ ਖਲੋਤਾ।
ਇੱਕ ਨਾਲ ਬਰਛੀ ਦੇ ਤਿਸਨੇ ਸਿੰਘ ਬਘੇਲ ਪਰੋਤਾ॥
ਹੋਇ ਸ਼ਹੀਦ ਗਿਆ ਉਹ ਧਰਮੀ ਗਿਰਿਆ ਗਿਰਦੀ ਖਾਕੇ।
ਅੱਗੇ ਪੈਰ ਟਿਕਾ ਕੇ ਮਰਿਆ ਨਾ ਸੀ ਪੀਠ ਦਿਖਾਕੇ॥ ੧੭੫॥
ਜਿਸਦੇ ਗਿਰਨੇ ਨਾਲ ਖਾਲਸੇ ਗੁਰ ਦਾ ਭਾਣਾ ਜਾਤਾ।
ਪਰ ਇੱਕ ਵੇਰ ਗਜ਼ਬ ਵਿਚ ਆਦੇ ਮਰਨਾ ਭਲਾ ਪਛਾਤਾ॥
ਚੱਲੀ ਤੇਗ ਸਾਂਗ ਅਰ ਬਰਛੀ ਚਾਇ ਸੜਾ ਸੜ ਐਸੀ।
ਚੇਤ੍ਰ ਗੜੇ ਬਰਸ ਕਰ ਹੁੰਦੀ ਕੇਲੇ ਦੀ ਗਤ ਜੈਸੀ॥ ੧੭੬॥
ਮਾਰ ਮਾਰ ਮਭ ਮੁਖ ਤੇ ਬੋਲਨ ਆਖ ਅਕਾਲ ਅਕਾਲਾ।
ਇੱਕ ਸਨਮੁਖ ਤਲਵਾਰੀਂ ਲੜਕੇ ਇਕਨਾ ਦੇਕਰ ਢਾਲਾ॥
ਐਸਾ ਯੁੱਧ ਮਚਾਇਆ ਭਾਰਾ ਤੁਰਕ ਸਹਾਰ ਨ ਸੱਕੇ।
ਆਖਨ ਅਸੀਂ ਨ ਮੁੜਕੇ ਆਈਏ ਤੁਰ ਜਾਵਾਂਗੇ ਮੱਕੇ॥੧੭੭॥
ਓੜਕ ਨੱਸ ਗਏ ਸਭ ਓਥੋਂ ਅਪਨੀ ਪੀਠ ਦਿਖਾਕੇ।
ਆਖਨ ਕਹੋ ਨਫ਼ਾ ਕੀ ਲੀਤਾ ਸਿੰਘਾਂ ਉਪਰ ਆਕੇ॥
ਓੜਕ ਭਾਜ ਖਾਇਕੇ ਜਾਨਾ ਘਰ ਉੱਪਰ ਹੈ ਸਰਮਾਂ।
ਆਖਰ ਕਿਆ ਹੁਨ ਮੁਖੜਾ ਲੈਕੇ ਜਾਇ ਬਹੇਂਗੇ ਘਰਮਾਂ॥ ੧੭੮॥
ਐਸੀ ਮਾਰ ਕੁੱਟ ਜਦ ਖਾਧੀ ਹਾਕਮ ਪੱਟੀ ਕੇਰੇ।
ਮੁਰਦੇ ਛੱਡ ਜ਼ਖਮੀਆਂ ਲੈਕੇ ਮੁੜਿਆ ਵਿੱਚ ਹਨੇਰੇ॥
ਥਰ ਥਰ ਕੰਬੇ ਪਿਆ ਪੁਕਾਰੇ ਕੈਸੇ ਹਨ ਦੁਖਿਆਰੇ॥
ਭੂੰਡਾਂ ਦੀ ਖੱਖਰ ਸਮ ਪੈਂਦੇ ਕਰਕੇ ਜੀਊ ਕਰਾਰੇ॥ ੧੭੯॥

ਹਮ ਤੋ ਜਾਨਤ ਥੇ ਇਨ ਤਾਈਂ ਹੈਨ ਗਰੀਬ ਨਮਾਨੇਂ।
ਜਿਸ ਤੇ ਪਕੜ ਲਏਂਗੇ ਜਾਕੇ ਢਾਹੇ ਤਿਨੇਂ ਟਕਾਨੇ॥
ਪਰ ਇਹ ਤਾਂ ਕੁਛ ਹੋਰ ਤੌਰ ਹੀ ਹਮ ਕੋ ਨਜ਼ਰੀ ਆਏ।
ਮਾਰਨ ਆਏ ਮਾਰ ਖਾਇਕੇ ਮੁਰਦੇ ਭੀ ਤਜ ਆਏ॥ ੧੯੦॥
ਵਾਹੋ ਦਾਹ ਕਰੇਂਦਾ ਧਾਈ ਚੁੱਪ ਕਰੀਤਾ ਧਾਇਆ।
ਕੰਮੋਂ ਦੀ ਮਾੜੀ ਵਿੱਚ ਆਕੇ ਅਪਨਾ ਡੇਰਾ ਲਾਇਆ॥
ਥੱਕੇ ਮਾਂਦੇ ਭੁਖੇ ਪਿਆਸੇ ਸਾਂਭੇ ਸਭ ਸਪਾਹੀ।
ਕਿਤਨੇ ਜ਼ਖਮੀ ਹਾਇ ਹਾਇ ਕਰ ਦੇਂਦੇ ਜੰਗ ਗੁਵਾਈ॥ ੧੯੧॥
ਸਾਰਾ ਦਿਨ ਓਥੇ ਉਨ ਕੱਟੀ ਅਰ ਫਿਰ ਰਾਤ ਬਿਤਾਏ
ਲੈ ਸਾਮਾਨ ਥਹਿਆ ਜੋ ਬਾਕੀ ਪੱਟੀ ਦੇ ਵਿੱਚ ਆਏ॥
ਓਥੇ ਰਖ ਸਕਲ ਜੋ ਡੇਰਾ ਫਿਰ ਲਾਹੌਰ ਨੂੰ ਆਇਆ।
ਚਾਹੇ ਪਾਸ ਲਾਹੌਰੀ ਸੂਬੇ ਅਪਨਾ ਹਾਲ ਸੁਨਾਇਆ॥ ੧੯੨॥
ਓਧਰ ਏਹ ਗਿਆ ਫਰਯਾਦੀ ਏਧਰ ਸਿੰਘ ਰੰਗੀਲੇ।
ਚੜ੍ਹ ਗਈ ਖੁਸ਼ੀ ਜਕਾਰੇ ਬੋਲਨ ਜ਼ਰਾ ਨ ਸੀ ਮੁਖ ਪੀਲੇ॥
ਇੱਕ ਇੱਕ ਦੇ ਮਨ ਵਿੱਚ ਆਵੇ ਲੜਨੇ ਦੀ ਖੁਸ਼ਹਾਲੀ।
ਆਖਨ ਚਲੋ ਦੇਰ ਨਾ ਕਰੀਏ ਪੱਟੀ ਕਰ ਦੇ ਖਾਲੀ॥ ੧੯੩॥
ਤਾਰਾ ਸਿੰਘ ਪਾਸ ਸਭ ਆਕੇ ਕਹਨ ਕਰੇ ਹੁਨ ਧਾਈ।
ਏਸੇ ਵੇਲੇ ਤੁਰਕਾਂ ਦੀ ਹਮ ਦੇਸੈਂ ਜਾਨ ਮੁਕਾਈ॥
ਜਿਸ ਪਰ ਤਾਰਾ ਸਿੰਘ ਸੁਨਾਵੇ ਸੁਨੋ ਖਾਲਸਾ ਪਿਆਰੇ।
ਫਤੇ ਪਾਇਕੇ ਖੁਦੀ ਕਮਾਵਨ ਨਾਹੀਂ ਕੰਮ ਹਮਾਰੇ॥ ੧੯੪॥
ਜੰਗ ਕਰਨ ਅਰ ਮਾਰਨ ਮਰਨਾ ਇਹ ਹੈ ਕਾਮ ਹਮਾਰਾ।
ਇਸ ਪਰ ਹਾਨ ਲਾਭ ਦਾ ਕਰਨਾ ਝੂਠਾ ਮਾਨ ਤੁਮਾਰਾ॥

ਦਸਮ ਗੁਰੂ ਦੇ ਬਚਨ ਸਦਾ ਹਮ ਪਾਲਨ ਕਰਨੇ ਚਹੀਏ।
ਅੰਤ੍ਰ ਹਿਰਦੇ ਘੁੱਧ ਵਿਚਾਰੇ ਮੁਖ ਤੇ ਹਰ ਯਸ਼ ਕਹੀਏ॥ ੧੮੫॥
ਜਿਸ ਗੁਰ ਸਾਡੇ ਖਾਤ੍ਰ ਪਾਏ ਲੱਖਾਂ ਕਸ਼ਟ ਅਜੇਹੇ।
ਨੰਗ ਭੁੱਖ ਬਹੁ ਦੁਖ ਪਾਇਕੇ ਜੰਗ ਨ ਕੀਤੇ ਥੋਹੇ॥
ਲੱਖਾਂ ਸਿਦਕੀ ਸਿੰਘ ਲਗਾਏ ਅਰ ਸੁਤ ਅਪਨੇ ਪਿਆਰੇ।
ਧਰਮ ਹੇਤ ਜਿਨ ਮਹਲ ਆਪਨੇ ਕਰ ਦਿੱਤੇ ਸਨ ਨਿਆਰੇ॥੧੮੬॥
ਫਿਰ ਸਾਡੀ ਕਹੁ ਕਿਆ ਹੈ ਗਿਨਤੀ ਫੁੱਲ ਬਹੇ ਇਹ ਵੇਲੇ।
ਸਵਾ ਲੱਖ ਜੰਗੀ ਸੋਂ ਲੜਦੇ ਜਾਕਰ ਸਿੰਘ ਅਕੇਲੇ॥
ਇਹ ਸਮਰੱਥਾ ਗੁਰ ਦੀ ਪਿਆਰੇ ਨਹੀਂ ਅਸਾਂ ਦੀ ਰਾਈ।
ਤਾਂਤੇ ਇਹ ਸਭ ਗੁਰ ਦੀ ਸ਼ੋਭਾ ਨਾ ਸਾਡੀ ਵੱਡਿਆਈ॥ ੧੮੭॥
ਏਧਰ ਸਿੰਘ ਕਰਨ ਇਹ ਗੱਲਾਂ ਓਧਰ ਹਾਕਮ ਪੱਟੀ।
ਜਾਇ ਲਹੌਰ ਸ਼ਹਿਰ ਵਿਚ ਸੂਬੇ ਦੱਸੀ ਜੋ ਸੀ ਖੱਟੀ।
ਖਾਨ ਬਹਾਦਰ ਸੀ ਉਸ ਵੇਲੇ ਸੂਬਾ ਵੱਡਾ ਅਵੈੜਾ।
ਸਿੰਘਾਂ ਨਾਲ ਰਹੇ ਸਦ ਦੁਖਦਾ ਹੋਇ ਨ ਰਾਜ਼ੀ ਭੈੜਾ॥ ੧੮੮॥
ਉਸ ਦੇ ਅੱਗੇ ਜਾਕੇ ਉਸ ਨੇ ਸਾਰਾ ਹਾਲ ਸੁਨਾਇਆ।
ਕਿਤਨੇ ਜ਼ਖਮੀ ਨਾਲ ਸਪਾਹੀ ਉਨ ਕੋ ਚਾਇ ਦਿਖਾਇਆ॥
ਆਖੀ ਖੈਰ ਨਹੀਂ ਕੁਛ ਦਿਸਦੀ ਏਸ ਹਾਲ ਵਿੱਚ ਸ਼ਾਹਾ।
ਲੁੱਟ ਮਾਰ ਸਿੰਘਾਂ ਨੇ ਚਾਈ ਲੜਦੇ ਨਾਲ ਉਮਾਹਾ॥ ੧੮੯॥
ਨਾਲੇ ਕਰਨ ਚੋਰੀਆਂ ਰਾਤੀਂ ਮਾਲ ਲੁੱਟ ਦਾ ਖਾਂਦੇ।
ਜੇਕਰ ਪੁੱਛਨ ਜਾਂਦਾ ਕੋਈ ਅੱਗੋਂ ਲੜਨੇ ਧਾਂਦੇ॥
ਮਰਨ ਮਾਰਨੋਂ ਮੂਲ ਨ ਡਰਦੇ ਕਰਦੇ ਜੋ ਮਨ ਆਈ।
ਜਿਸ ਪਰ ਸਾਡੀ ਸੁਨੋ ਖਾਨ ਜੀ ਪੇਸ਼ ਨ ਜਾਂਦੀ ਕਾਈ॥ ੧੯੦॥

ਭਾਰਾ ਸਿੰਘ ਇੱਕ ਹੈ ਡਾਕੂ ਵਾਂਇ ਵਿੱਚ ਜੋ ਰਹਿੰਦਾ॥
ਲੁੱਟਨ ਤਾਈਂ ਓਹ ਖਜ਼ਾਨਾ ਪਾਤਸ਼ਾਹ ਦਾ ਕਹਿੰਦਾ॥
ਪਾਸ ਲੁਟੇਰੇ ਉਸਦੇ ਰਹਿੰਦੇ ਚੋਰੀ ਨਿੱਤ ਕਰਾਂਦਾ।
ਸਭਨਾਂ ਨੂੰ ਉਹ ਚਾਇ ਖਵਾਵੇ ਆਪ ਬੈਠਕੇ ਖਾਂਦਾ॥ ੧੯੧॥
ਉਸਦੇ ਹੱਥੋਂ ਤੰਗ ਆਇ ਸਭ ਕਰਨ ਸ਼ਕਾਇਤ ਭਾਰੀ।
ਪਰ ਉਸ ਆਕੜ ਖਾਂ ਪਰ ਨਾਹੀਂ ਚਲਦੀ ਵਾਹ ਹਮਾਰੀ॥
ਜਿਸਤੇ ਆਪ ਪਾਸ ਹਾਂ ਆਏ ਮਦਦ ਕਰੋ ਸ਼ਤਾਬੀ।
ਨਹੀਂ ਦੇਸ ਦੇ ਵਿੱਚ ਵਧੇਰੀ ਚੌਗਨ ਚਾਇ ਖਰਾਬੀ॥ ੧੯੨॥
ਜਿਸ ਨੂੰ ਸੁਨਦੇ ਖਾਨ ਬਹਾਦਰ ਲੌਹੂ ਨੈਨ ਭਰਾਏ।
ਆਖੇ ਸਿੰਘਾਂ ਨੇ ਹਨ ਸਾਡੇ ਗਲੀ ਪੁਆੜੇ ਪਾਏ॥
ਜ਼ਰਾ ਅਰਾਮ ਲੈਨ ਨਹਿੰ ਦੇਂਦੇ ਅਰ ਨਹਿੰ ਮਰਦੇ ਮਾਰੇ।
ਜਿਉਂ ਜਿਉਂ ਅਸੀਂ ਇਨ੍ਹਾਂਨੂੰ ਫੜਦੇ ਤਿਉਂ ਤਿਉਂ ਹੋਨਕਰਾਰੇ॥੧੯੩॥
ਅਸੀਂ ਮਾਰਦੇ ਥੱਕੇ ਇਨਕੋ ਏਹ ਨ ਮੁੱਕ ਮਰਕੇ।
ਲੱਖਾਂ ਦੇ ਸਿਰ ਚਾਇ ਉਤਾਰੇ ਖੂਹੇ ਚਰਖੀ ਧਰਕੇ॥
ਕਿਤਨੇ ਫੜਕੇ ਨਾਲ ਤੇਗ਼ ਦੇ ਪਲ ਵਿੱਚ ਅਸੀਂ ਮੁਕਾਏ।
ਪਰ ਇਹ ਸਗੋਂ ਦਿਨ ਦਿਨ ਦੂਗਨੇ ਵਧਦੇ ਨਜ਼ਰੀਂ ਆਏ॥੧੯੪॥
ਧਰਮ ਇਮਾਨ ਇਨ੍ਹਾਂ ਦਾ ਸਾਨੂੰ ਕੋਈ ਨਜ਼ਰ ਨ ਆਵੇ।
ਕਹਨ ਅਕਾਲ ਅਖੇ ਗੁਰ ਬੋਲਨ ਅਪਨਾ ਮਤਾ ਚਲਾਵੇ॥
ਹਿੰਦੂ ਮੁਸਲਮਾਨਾਂ ਤਾਈਂ ਕਾਫਰ ਕਰਕੇ ਮਾਰਨ।
ਵਸਦੇ ਨਗ੍ਰਾਂ ਨੂੰ ਇਹ ਜ਼ਾਲਮ ਕਰਕੇ ਜ਼ੋਰ ਉਜਾਰਨ॥ ੧੯੫॥
ਲੋਹੇ ਤੇ ਇਹ ਕਠਨ ਦਿਸਾਂਦੇ ਜਾਨ ਹਵਾ ਤੋਂ ਤਿੱਖੇ।
ਕਿਆ ਜਾਣੇ ਇਹ ਲੜਨ ਤਰੀਕਾ ਕਿਸ ਕੋਲੋਂ ਹਨ ਸਿੱਖੇ॥

ਇੱਕ ਨਜ਼ਰ ਨਹਿ ਪੈਂਦਾ ਜਿੱਥੇ ਓਥੇ ਹੋਨ ਹਜ਼ਾਰਾਂ।
ਜਿਸਤੇ ਵਿੱਚ ਦੇਸਦੇ ਪਈਆਂ ਹੱਥੋਂ ਇਨ੍ਹਾਂ ਪੁਕਾਰਾਂ ॥ ੧੯੬ ॥
ਕਰਾਮਾਤ ਹੈ ਇਸ ਵਿੱਚ ਕੋਈ ਜਿਸਤੇ ਮਰਦੇ ਨਾਹੀਂ।
ਕਿਆ ਜਾਨਾ ਹੈ ਕਿਹੜੀ ਗਲਦਾ ਗਰਬ ਇਨ੍ਹਾਂ ਮਨ ਮਾਹੀਂ ॥
ਪਾਤਸ਼ਾਹ ਸੁਲਤਾਨੋਂ ਇਨਕੇ ਮਨ ਅੰਦਰ ਡਰ ਨਾਹੀਂ।
ਹੋਰ ਮੌਤ ਦਾ ਖੌਫ ਨਹੀਂ ਹੈ ਰੱਤੀ ਇਨ ਮਨ ਮਾਹੀਂ ॥ ੧੯੭ ॥
ਪਰ ਹੁਣ ਏਹ ਪੁਆੜਾ ਗਲ ਤੇ ਲਾਹੁਨ ਪਿਆ ਜ਼ਰੂਰੀ।
ਜਿਸ ਦੇ ਕੀਤੇ ਬਾਝ ਅਸਾਡੀ ਕਦੇ ਨ ਪੈਸੀ ਪੂਰੀ ॥
ਤਾਂਤੇ ਫੌਜ ਭੇਜਕੇ ਚਹੀਏ ਉਨ ਕੀ ਅਲਖ ਚੁਕਾਈ।
ਜਿਸਤੇ ਅਮਨ ਦੇਸ ਵਿੱਚ ਹੋਸੀ ਅਰ ਆਵੇ ਵਡਿਆਈ ॥ ੧੯੮॥
ਇਤਨਾ ਸੋਚ ਕਚਹਰੀ ਲਾਈ ਸੂਰੇ ਸਭੀ ਬੁਲਾਏ।
ਸਭਨਾਂ ਤਾਈਂ ਪਾਸ ਬਠਾਕੇ ਸਾਰੇ ਹਾਲ ਸੁਨਾਏ ॥
ਆਖੇ ਸੁਨੋ ਬਹਾਦਰ ਪਯਾਰੇ ਤੁਸੀਂ ਖਾਨ ਹੋ ਜੰਗੀ।
ਬੀੜਾ ਚੁਕ ਲਵੋ ਇੱਕ ਕਰ ਮੇਂ ਤੇਗ਼ ਦੂਸਰੇ ਨੰਗੀ ॥ ੧੯੯॥
ਹੋਇ ਦਲੇਰ ਨ ਦੇਰ ਕਰੋ ਕੁਛ ਜਾਵੋ ਨਾਲ ਸ਼ਿਤਾਬੀ।
ਦੂਰ ਕਰੋ ਜੋ ਮੱਚੀ ਦੇਸ ਵਿੱਚ ਆਕੇ ਵੱਡੀ ਖਰਾਬੀ ॥
ਸਿੰਘਾਂਨੇ ਜੋ ਵਿੱਚ ਮੁਲਕ ਦੇ ਚਾਇ ਫਸਾਦ ਮਚਾਇਆ।
ਉਸ ਨੂੰ ਚਾਹਾਂ ਹਮੇਸ਼ਾਂ ਕਾਰਨ ਐਸੋ ਭਾਂਤ ਮਿਟਾਇਆ ॥ ੨੦੦ ॥
ਜਿਸਤੇ ਰੋਜ਼ ਕਿਆਮਤ ਤਾਈਂ ਫੇਰ ਨ ਮੁੜਕੇ ਜਾਗੇ।
ਸਿੰਘਾਂ ਦੀ ਚਾ ਅਲਖ ਚੁਕਾਉ ਕੋਇਨ ਰਹਸੀ ਆਗੇ ॥
ਕੌਨ ਬਹਾਦਰ ਏਸ ਬਾਤ ਦਾ ਬੀੜਾ ਅੱਜ ਉਠਾਏ।
ਏਸ ਮੁਲਕ ਥੋਂ ਸਿੰਘਾਂ ਦਾ ਜੋ ਨਾਉਂ ਨਸ਼ਾਨ ਮਿਟਾਏ ॥ ੨੦੧ ॥

ਸੁਨਦੇ ਸਾਰ ਹਠੀ ਇੱਕ ਭਾਰਾ ਮੋਮਨ ਖਾਂ ਸੀ ਸੂਰਾ।
ਲੜਨ ਭਿੜਨ ਅਰ ਰਾਜਨੀਤ ਵਿੱਚ ਰਹਿੰਦਾ ਸੀ ਅਤਿ ਪੂਰਾ॥
ਖੜਾ ਹੋਇ ਕਰ ਤੇਗ ਉਠਾਈ ਅਰ ਸਲਾਮ ਕਰ ਬੋਲਾ।
ਹੁਕਮ ਹਜ਼ੂਰੀ ਚਾਹਤ ਹੈ ਇਹ ਖੜਾ ਆਪ ਕਾ ਗੋਲਾ॥ ੨੦੨ ॥
ਕਿਆ ਹਨ ਸਿੰਘ ਜੰਗਲੀ ਐਸੇ ਜੋ ਜਿੱਤੇ ਨਹਿ ਜਾਉਨ।
ਦੇਖਾਂ ਗਾ ਉਹ ਮੇਰੇ ਅੱਗੇ ਕਿੰਕੁਰ ਜਾਨ ਬਚਾਉਨ॥
ਇਸ ਦੇਸ ਤੇ ਅੰਦ ਨਕਾਲੂੰ ਮੱਖਨ ਤੇ ਜਿਉਂ ਰੋਮਾਂ।
ਪੁੱਟ ਜੜ੍ਹਾਂ ਤੇ ਸੱਟੂ ਐਸੇ ਜਿਉਂ ਕਿਆਰੀ ਤੇ ਥੋਮਾਂ॥੨੦੩॥
ਨਮਕ ਖਾਇ ਸਰਕਾਰੋਂ ਕਰਸਾਂ ਅੱਜ ਹਲਾਲ ਚੰਗੇਰਾ।
ਜਿਸ ਪਰ ਆਪੇ ਦੇਖਨਾ ਜਾਸੀ ਕੰਮ ਅਹੇ ਜੋ ਮੇਰਾ॥
ਨੱਸੇ ਭੱਜੇ ਲੁਕੇ ਛਿਪੇ ਸਭ ਢੂੰਡ ਭਾਲ ਕੇ ਮਾਰੂੰ॥
ਕਿਤਨਿਆਂ ਦਾ ਫੜ ਕਲੀਆ ਕਰਸਾਂ ਕਿਤਨਿਆਂ ਸੂਲੀ ਚਾੜ੍ਹੂੰ॥੨੦੪॥
ਉਤਨਾ ਚਿਰ ਹੀ ਰਹੇ ਭੂਤ ਉਹ ਡਿੱਠੇ ਹੱਥ ਨ ਜੌ ਲੌਂ।
ਮੇਰੀ ਤੇਗ ਸਾਮ੍ਹਨੇ ਦੱਸੋ ਖੜੇ ਰਹਨ ਗੇ ਕੌਲੌਂ॥
ਜਿਸ ਤੇ ਥੋੜੇ ਦਿਨ ਦੇ ਅੰਦਰ ਖਤਮ ਕਰਾਂਗਾ ਸਾਰੇ।
ਸੁਖੀ ਦੇਸ ਨੂੰ ਕਰਕੇ ਹੁੰਮਾਂ ਆਕੇ ਕਦਮ ਤੁਮਾਰੇ॥ ੨੦੫॥
ਜਦ ਮੋਮਨ ਖਾਂ ਨਾਲ ਗਰਬ ਦੇ ਐਸੇ ਬਚਨ ਸੁਨਾਏ।
ਖਾਨ ਬਹਾਦਰ ਖੁਸ਼ੀ ਹੋਇਕਰ ਬੋਲਿਆ ਮਨ ਮੁਸਕਾਏ॥
ਕਿਉਂ ਨਾ ਕਰੇਂ ਕੰਮ ਤੂੰ ਐਸਾ ਹੋ ਪਠਾਨ ਕਾ ਬੇਟਾ।
ਅਕਸਰ ਹੈ ਮਾਈ ਨੇ ਜਾਇਆ ਨਾ ਸੂਰੀ ਦੇ ਪੇਟਾ॥੨੦੬॥
ਮੈਨੂੰ ਭੀ ਹੈ ਤੇਰੇ ਉੱਪਰ ਪੱਕਾ ਅੱਜ ਭਰੋਸਾ।
ਬਿਨਾਂ ਪਠਾਨ ਰੁਹੇਲੇ ਜੰਗੀ ਕੌਨ ਕਰੇ ਵੱਡ ਰੋਸਾ॥

ਤਾਂਤੇ ਜਾਹ ਖੁਦਾ ਦੇ ਉੱਪਰ ਕਰਕੇ ਖੂਬ ਯਕੀਨਾ।
ਅਪਨੀ ਬਾਂਹ ਉਨ੍ਹਾਂ ਪਰ ਪਿੱਛੇ ਰੱਖੀ ਚਾਇ ਰਤੀ ਨਾ ॥੨੦੭॥
ਇਤਨਾ ਕਹਕੇ ਥਾਪੀ ਦਿੱਤੀ ਅਰ ਸ਼ਾਬਾਸ ਸੁਨਾਈ।
ਚੰਗੀ ਫੌਜ ਜਰਾਰ ਓਸ ਦੇ ਸਾਰੀ ਹੱਥ ਫੜਾਈ॥
ਹੋਰ ਸਮਾਨ ਜੰਗ ਦਾ ਸਾਰਾ ਤੋਪ ਰਹਕਲੇ ਭਾਰੇ।
ਹਾਥੀ ਘੋੜੇ ਊਠ ਦਿਵਾਕੇ ਸ਼ਸਤ੍ਰ ਬਸਤ੍ਰ ਸਾਰੇ ॥ ੨੦੮ ॥
ਆਖੀ ਜਾਹੁ ਫਤੇ ਕਰ ਸਿੰਘਾਂ ਨਾਉਂ ਮਿਟਾ ਦੇ ਸਾਰਾ।
ਜਿਸ ਪਰ ਪਾਤਸ਼ਾਹ ਦੇ ਘਰ ਵਿੱਚ ਹੋਵੇ ਨਾਮ ਤੁਮਾਰਾ॥
ਸੁਨਦੇ ਸਾਰ ਹੌਂਸਲਾ ਵਧਿਆ ਮੋਮਨ ਖਾਂ ਤਦ ਤੁਰਿਆ।
ਸਾਵਨ ਦੀ ਘਟ ਕਾਲੀ ਲੈ ਦਲ ਸਿੰਘਾਂ ਉੱਪਰ ਘੁਰਿਆ॥੨੦੯॥
ਦੇਖ ਕਟਕ ਇੱਕ ਟਿੱਡੀ ਦਲ ਸਮ ਕੰਬ ਦੇਸ ਸਭ ਖਲਿਆ।
ਆਖਨ ਇਹ ਤਾਂ ਵਾਂਗ ਦਾਲ ਦੇ ਚਾਹੇ ਸਾਨੂੰ ਦਲਿਆ॥
ਥਾਲੀ ਦੇ ਪਾਣੀ ਸਮ ਸਭ ਦੇ ਕੰਬ ਕਲੇਜੇ ਜਾਂਦੇ।
ਜੋ ਤੁਰਕੀ ਦਲ ਆਵਨ ਸੰਦੀ ਜ਼ਰਾ ਖਬਰ ਸੁਨ ਪਾਂਦੇ॥ ੨੧੦ ॥
ਓਧਰ ਲੈਕੇ ਫੌਜ ਤੁਰਕ ਸੀ ਸਿੰਘਾਂ ਦੇ ਵੱਲ ਆਇਆ।
ਏਧਰ ਭੀ ਆ ਕਿਸੇ ਸਿੰਘ ਨੇ ਸਾਰਾ ਹਾਲ ਸੁਨਾਇਆ ॥
ਕਹੀ ਖਾਲਸਾ ਜੀ ਕਜਾ ਦੇਖੋਂ ਖਬਰ ਨਹੀਂ ਕੁਛ ਤੋਹੀ।
ਆਇਆ ਦਲ ਤੁਰਕਾਂ ਦਾ ਚੜ੍ਹਕੇ ਮਚੀ ਦੇਸ ਵਿੱਚ ਦੋਹੀ॥ ੨੧੧॥
ਆਪ ਨਚਿੰਤ ਪਏ ਹੋ ਸੁੱਤੇ ਜਿਵੇਂ ਸਿੰਘ ਹੋ ਬੇਲੇ।
ਉਸਦੀ ਵੱਲ ਧਿਆਨ ਨਾ ਕਰਦੇ ਜੋ ਆਏ ਵੜ ਸੇਲੇ॥
ਹੁਣ ਵੇਲਾ ਹੈ ਜੋ ਕੁਛ ਕਰਸੋ ਸੋ ਹੋ ਜਾਸੀ ਸਾਰਾ।
ਨਹੀਂ ਦਖਦੇ ਹੀ ਰਹ ਜਾਸੋ ਪਰਸੀ ਪੱਥਰ ਭਾਰਾ॥ ੨੧੨ ॥

ਇਤਨਾ ਸੁਨਤ ਸੁਨੇਹਾਂ ਉਸ ਦਾ ਸਿੰਘ ਵਿਚਾਰਾਂ ਕਰਦੇ।
ਕੀ ਕਰੀਏ ਹੁਨ ਏਸ ਬਲਾਉਂ ਅਸੀਂ ਅਜਾਈਂ ਮਰਦੇ॥
ਅਸੀਂ ਆਪਨਾ ਸਭ ਡਰ ਖੋਕੇ ਬੈਠੇ ਵਿੱਚ ਟਕਾਨੇ।
ਪਰ ਇਹ ਆਫਤ ਆਇ ਪਈ ਹੈ ਜੋ ਨਾ ਸ਼ਾਨ ਗੁਮਾਨੇ॥ ੨੧੩॥
ਜਿਸ ਪਰ ਕਿਸੇ ਸਿੰਘ ਨੇ ਆਕੇ ਤਾਰਾ ਸਿੰਘ ਸਮੀਪੇ।
ਆਖੀ ਦਾਹਵਾ ਮੂਲ ਨ ਪੁੱਜੇ ਸਾਡਾ ਨਾਲ ਮਹੀਪੇ॥
ਉਹ ਹਨ ਬਾਦਸ਼ਾਹ ਇਸ ਧਰਤੀ ਵੱਡੀ ਤਾਕਤ ਵਾਲੇ।
ਕੌਨ ਗਰੀਬ ਇਨ੍ਹਾਂ ਦੇ ਅੱਗੇ ਅਪਨਾ ਆਪ ਸਮਾਲੇ॥ ੨੧੪॥
ਤਾਂਤੇ ਬਾਤਾਂ ਦੋਇ ਕਰਨ ਵਿੱਚ ਦਿੱਸਦੀ ਹੈ ਭਲਿਆਈ।
ਯਾ ਮਿਲਨਾ ਲੈ ਕਰ ਨਜ਼ਰਾਨੇ ਯਾ ਨੱਸਨ ਸੁਖਦਾਈ॥
ਦੋਨਾਂ ਵਿੱਚੋਂ ਇੱਕ ਕਰੋ ਜੇ ਜੀਵਨ ਹੈ ਕੁਛ ਪਯਾਰਾ।
ਨਾਤਰ ਮਾਰ ਮੁਕਾਵਨ ਪਲ ਵਿੱਚ ਵਗਨ ਲਹੂ ਦੀ ਧਾਰਾ॥੨੧੫॥
ਸਗਤੇ ਨਾਲ ਬਰਾਬਰ ਜਗ ਵਿੱਚ ਕੌਨ ਉਤਰਦਾ ਆਇਆ।
ਜਿਸਤੇ ਨਾਲ ਸ਼ਾਹ ਦੇ ਚਹੀਏ ਨਾਹੀਂ ਦ੍ਵੰਦ ਮਚਾਇਆ॥
ਅਸੀਂ ਬਿਨਾਂ ਜ਼ਰ ਬਲ ਤੇ ਹੀਨੇ ਕਯਾ ਕਰਸੇ ਇਨ ਕੇਰਾ।
ਸਾਡਾ ਹੀ ਹੋਵੇ ਗਾ ਓੜਕ ਇਨਕੇ ਹਾਥ ਨਬੇਰਾ॥ ੨੧੬॥
ਜਦ ਇਹ ਕਾਇਰਤਾ ਦੇ ਆਖੇ ਬਚਨ ਸਿੰਘ ਪਹਿ ਆਕੇ।
ਤਾਰਾ ਸਿੰਘ ਸ਼ੇਰ ਦੇ ਵਾਂਗਰ ਬੋਲਿਆ ਚਾ ਭੁਵਕਾ ਕੇ॥
ਨਹੀਂ ਖਾਲਸਾ ਗੱਲ ਤੁਸਾਡੀ ਸਾਡੇ ਮਨ ਵਿੱਚ ਭਾਈ।
ਆਖੇ ਨਾਲ ਤੁਰਕ ਦੇ ਕਰੀਏ ਜਾਕੇ ਅਸਾਂ ਸਫਾਈ॥ ੨੧੭॥
ਕੰਮ ਸੂਰਮੇਂ ਦਾ ਨਹਿ ਏਹੀ ਸ਼ਰਨ ਰਿਪੂ ਦੀ ਜਾਣਾ।
ਉਸ ਤੇ ਅੱਛਾ ਹੁੰਦਾ ਹੈ ਜੋ ਸਨਮੁਖ ਹੋ ਮਰ ਜਾਣਾ॥

ਤਾਂਤੇ ਅਸੀਂ ਗੁਰੂ ਦੇ ਕਰਕੇ ਮਨ ਦੇ ਵਿੱਚ ਭਰੋਸੇ ।
ਨਾਲ ਇਨ੍ਹਾਂ ਦੇ ਜੰਗ ਕਰਾਂਗੇ ਅਰ ਲੈਸਾਂ ਇਨ ਖੋਸੇ ॥ ੨੧੮ ॥
ਜਦ ਇਹ ਤਾਰਾ ਸਿੰਘ ਹਠੀਲੇ ਅੱਗੋਂ ਚਾਇ ਸੁਨਾਇਆ ।
ਜਿਸ ਪਰ ਉਸੇ ਸਿੰਘ ਨੇ ਮੁੜਕੇ ਇਹ ਸੀ ਉੱਤ੍ਰ ਗਾਇਆ ॥
ਆਇ ਬਨੀ ਪਰ ਸ਼ਾਕਰ ਰਹਿਨਾ ਹੈ ਇਹ ਸਾਚੀ ਭਾਈ ।
ਪਰ ਆਫਤ ਤੇ ਬਚ ਕਰ ਰਹਨੇ ਮੇਂ ਹੈ ਕਿਆ ਬੁਰਿਆਈ॥੨੧੯॥
ਸਰਦੀ ਗਰਮੀ ਵਿੱਚ ਪੁਰਖ ਜਦ ਅਪਨੇ ਸੁਖ ਦੀ ਕਰਦਾ ।
ਫਿਰ ਹੋ ਪੌਨ ਵਗੇ ਜਦ ਤ੍ਰਿਖੀ ਤਿਸ ਥੋਂ ਓਹਲਾ ਕਰਦਾ ॥
ਅੱਗ ਲਗੀ ਤੇ ਘਰ ਨੂੰ ਤਜਦਾ ਭੁੱਖਾ ਖਾਵੇ ਖਾਣਾ ।
ਫਿਰ ਕਿਆ ਦੋਸ਼ ਇਸ ਵਿਚ ਦਿੱਸੇ ਭੀੜ ਪਰੀ ਭਜ ਜਾਣਾ ॥ ੨੨੦ ॥
ਲੜਨਾ ਮਰਨਾ ਹੈ ਜਿਮ ਨੀਤੀ ਤਿਉਂ ਪਾਸੇ ਹੋ ਜਾਵੇ ।
ਇਹ ਭੀ ਤਾਂ ਇੱਕ ਨੀਤੀ ਵਾਲਾ ਅੱਛਾ ਕੰਮ ਬਤਾਵੇ ॥
ਕਾਲ ਪਏ ਜਿਉਂ ਦੇਸ ਤਜੇ ਨਰ ਅਰ ਸੁਕਾਲ ਜਦ ਹੋਵੇ ।
ਮੁੜਕੇ ਸਾਂਭ ਲਵੇ ਉਹ ਜਾਗਾ ਕਿਆ ਇਸ ਮੇਂ ਦੁਖ ਜੋਵੇ॥੨੨੧॥
ਇਸੇ ਤਰ੍ਹਾਂ ਹੈ ਤੁਰਕੀ ਦਲ ਜੋ ਚੜ੍ਹ ਕਰ ਭਾਰੀ ਆਇਆ ।
ਜਿਸ ਦੇ ਅੱਗੇ ਅੜਨੇ ਜੋਗਾ ਕੋਇ ਨਹੀਂ ਹਮ ਪਾਇਆ ॥
ਫਿਰ ਇਸ ਸਮਜ ਜਾਇ ਕਰ ਜਾਗਾ ਜੇ ਹਮ ਸਮਾਂ ਬਿਤਾਈਏ ।
ਕਿਆ ਡਰ ਹੈ ਜੋ ਖਿੰਡ ਪੁੰਡ ਸਾਰੇ ਹੱਥ ਨ ਇਸਦੇ ਆਈਏ॥੨੨੨॥
ਮੇਰੇ ਮਨ ਵਿੱਚ ਇਹ ਸਮਾਉਂਦਾ ਜੇਕਰ ਸਭ ਨੂੰ ਭਾਵੇ ।
ਜਿਸ ਵੱਲ ਨੂੰ ਮਨ ਚਾਹੇ ਜਿਸਦਾ ਉਸ ਹੀ ਵਲ ਨੂੰ ਜਾਵੇ ॥
ਨਗ੍ਰ ਨਦੀ ਬਨ ਜੰਗਲ ਦੇ ਵਿੱਚ ਯਾ ਰਹ ਕਿਸੇ ਪਹਾੜਾਂ ।
ਸਮਾਂ ਬਿਤਾਇ ਬਹੁਰ ਮੁੜ ਆਵੇ ਰਹ ਕਰ ਸੰਘਨੇ ਝਾੜਾਂ ॥ ੨੨੩ ॥

ਰਹੇ ਜੀਵੰਦੇ ਤਾਂ ਫਿਰ ਬਦਲੇ ਮੁੜਕਰ ਇਨ ਤੇ ਲੇਵੇਂ ।
ਆਖਰ ਔਖੀ ਬਨੀਆਂ ਉੱਪਰ ਓੜਕ ਜਾਨਾਂ ਦੇਵੇਂ ॥
ਪਰ ਕਿਆ ਲਾਭ ਮਰਨ ਵਿਚ ਐਵੇਂ ਅੱਗੇ ਇਨਕੇ ਅੜਕੇ ।
ਰਹੇ ਅਮਨ ਜੇ ਪਾਸੇ ਹੋਇਆਂ ਤਾਂ ਕੀ ਲੈਣਾ ਲੜਕੇ ॥ ੨੨੪ ॥
ਜਦ ਇਹ ਬਾਤ ਕਹੀ ਉਸ ਭਾਈ ਡੇਰਾ ਛੱਡਨ ਕੇਰੀ ।
ਤਾਰਾ ਸਿੰਘ ਬੋਲਿਆ ਅੱਗੋਂ ਕਰਕੇ ਖੂਬ ਦਲੇਰੀ ॥
ਸੁਨੋ ਪਿਆਰੇ ਬਚਨ ਤੁਮਾਰੇ ਹੈ ਸਭ ਸੱਤ ਪਛਾਤੇ ।
ਪਰ ਇਹ ਕਦੇ ਨ ਸੁਨਿਆ ਜੰਗ ਮਹਿ ਸੂਰੇ ਭੀ ਭਜ ਜਾਤੇ ॥੨੨੫॥
ਨਾਮ ਜੰਗ ਦਾ ਸੁਨੇ ਕਾਨ ਮੇਂ ਚੜ੍ਹਦਾ ਰੰਗ ਸਵਾਇਆ ।
ਜਾਨ ਬਚਾਵਨ ਦਾ ਮਨ ਅੰਦਰ ਕਦੇ ਖਯਾਲ ਨ ਆਇਆ ॥
ਗਿੱਦੜ ਵਾਲੀ ਮੌਤ ਪਿਆਰੇ ਕਦੋਂ ਸਿੰਘ ਹਨ ਮਰਦੇ ।
ਸਨਮੁਖ ਚਲਦੀ ਗੋਲੀ ਦੇ ਜੋ ਸੀਨਾਂ ਅੱਗੇ ਕਰਦੇ ॥ ੨੨੬ ॥
ਨਾਉਂ ਸਿੰਘ ਅਰ ਕਾਇਰ ਹੋਕੇ ਨਸਕੇ ਜਾਨ ਬਚਾਵੇ ।
ਲੋਕ ਹਸਨ ਉਸ ਜਾਨ ਭਗੌੜਾ ਅੱਗੇ ਨਾ ਯਸ਼ ਪਾਵੇ ॥
ਜਾਨ ਤਲੀ ਪਰ ਧਰਕੇ ਸੂਰਾ ਸਨਮੁਖ ਰਣ ਜੋ ਜਾਂਦਾ ।
ਲੋਗ ਪ੍ਰਲੋਕ ਵਿਖੇ ਉਹ ਮਰਕੇ ਚੌਗਨ ਹੈ ਯਸ਼ ਪਾਂਦਾ ॥ ੨੨੭
ਤਾਂਤੇ ਸਾਡਾ ਐਥੋਂ ਜਾਨਾ ਠੀਕ ਨਹੀਂ ਹੈ ਭਾਈ ।
ਓਟ ਗੁਰੂ ਦੀ ਰੱਖ ਰਿਦੇ ਵਿੱਚ ਕਰਸਾਂ ਖੂਬ ਲੜਾਈ ॥
ਇੱਕੋ ਕਈ ਹਜ਼ਾਰਾਂ ਦਾ ਮੈਂ ਪਲ ਵਿੱਚ ਨਾਸ ਕਰਾਵਾਂ ।
ਜੇਕਰ ਆਇ ਬਨੀ ਹੈ ਸਿਰ ਪਰ ਤਾਂ ਸਨਮੁਖ ਮਰ ਜਾਵਾਂ ॥੨੨੮॥
ਮਰਨ ਜੀਵਨੇ ਦਾ ਤਾਂ ਮੇਰੇ ਮਨ ਵਿੱਚ ਖਯਾਲ ਨ ਕੋਈ ।
ਜੋ ਹੋਣੀ ਸੋ ਹੋਕੇ ਰਹਸੀ ਕਦੇ ਨ ਮਿਟਦੀ ਸੋਈ ॥

ਅਕਸਰ ਹੈ ਇਸ ਜਗ ਤੇ ਜਾਨਾ ਅੱਗੇ ਪਿੱਛੇ ਪਿਆਰੇ।
ਫਿਰ ਕਿਉਂ ਕਾਇਰ ਹੋਕੇ ਮਰੀਏ ਏਥੋਂ ਹੋਇ ਕਨਾਰੇ॥ ੨੨੯॥
ਸਿੰਘ ਹੋਇਕੇ ਲੜਨੋਂ ਡਰਨਾ ਹੈ ਇਹ ਬਾਤ ਅਨੀਤਾ।
ਸਨਮੁਖ ਹੋਕਰ ਮਾਰਨ ਮਰਨਾ ਮੁਝ ਕੋ ਭਾਵੇ ਮੀਤਾ॥
ਜਾਨ ਬਚਾਵਨ ਕਾਰਨ ਜਗ ਮਹਿ ਹੋਰ ਜੀਵ ਹਨ ਕੇਤੇ।
ਪਰ ਸੂਰੇ ਨੂੰ ਸ਼ਰਮ ਆਵੰਦੀ ਰਣ ਤਾਈਂ ਪਿਠ ਦੇਤੇ॥ ੨੩੦॥
ਗੁਰ ਦੇ ਸਿੰਘ ਸਦਾਇ ਭੁਲਾ ਕਦ ਡਰ ਕਰ ਪੀਠ ਦਿਖਾਵੈ।
ਚਾਰ ਦਿਨਾਂ ਦੇ ਜੀਵਨ ਕਾਰਨ ਛਪਕੇ ਜਾਨ ਬਚਾਵੈ॥
ਲਾਜ ਲਾਇਕਰ ਸੂਰਮਤਾ ਨੂੰ ਅਰ ਮਨ ਕਾਇਰ ਕਰਕੇ।
ਲਗੇ ਕਲੰਕ ਅਸਾਨੂੰ ਪਿਆਰੇ ਇਸ ਤੇ ਓੜਕ ਮਰਕੇ॥ ੨੩੧॥
ਖੰਡੇ ਦੇ ਅੰਮ੍ਰਿਤ ਨੂੰ ਛਕਕੇ ਖੰਡ ਕਰੇ ਦਿਲ ਤਾਈਂ।
ਫਿਰ ਕਿਆ ਮਾਤ ਜਨੇ ਉਸ ਜਗ ਵਿੱਚ ਜੇ ਮਨ ਲਾਜ ਨ ਆਈ॥
ਭਾਂਤੇ ਕੰਮ ਨਹੀਂ ਇਹ ਭਾਈ ਸਿੰਘ ਬਹਾਦਰ ਕੇਰਾ।
ਸਨਮੁਖ ਦੇਖ ਤੇਗ ਦੀ ਧਾਰਾ ਤਜ ਕਰ ਭਾਗੇ ਡੇਰਾ॥ ੨੩੨॥
ਜਿਸ ਜਿੰਦੜੀ ਦੇ ਪਾਲਨ ਕਾਰਨ ਮੈਂ ਇਹ ਕਾਰਜ ਕਰਦਾ।
ਤਜ ਕੇ ਹਠ ਅਰ ਸੂਰਮਤਾਈ ਚਲਿਆ ਜਾਵਾਂ ਡਰਦਾ॥
ਫਿਰ ਉਹ ਜਗ੍ਹਾ ਬਤਾਵੇ ਕੋਈ ਜਿੱਥੇ ਕਾਲ ਨ ਖਾਵੇ।
ਰਹੇ ਅਮਰ ਉਸ ਜਾਗਾ ਰਹਕਰ ਮੌਤ ਨ ਮੁੱਖ ਦਿਖਾਵੇ॥ ੨੩੩॥
ਐਸੀ ਜਗ੍ਹਾ ਜਗਤ ਮਹਿ ਕੋਈ ਮੈਂ ਨਹਿ ਦੇਖੀ ਪਿਆਰੇ।
ਜਿਸ ਪਰ ਕਾਲ ਨ ਹਾਥ ਦਿਖਾਵੇ ਨਹਿ ਜੀਵਾਂ ਨੂੰ ਮਾਰੇ॥
ਮੈਂ ਤਾਂ ਦੇਖਿਆ ਜਗਤ ਢੂੰਢ ਕੇ ਕਾਲ ਸਕਲ ਸਿਰ ਗਾਜੇ।
ਊਚ ਨੀਚ ਅਰ ਰਾਉ ਰੰਕ ਸਿਰ ਕੂਚ ਨਗਾਰਾ ਬਾਜੇ॥ ੨੩੪॥

ਤਾਂ ਤੇ ਜੇ ਮਰ ਜਾਣਾਂ ਭਾਈ ਫਿਰ ਕਿਉਂ ਭਾਗੇ ਜਾਈਏ।
ਸਨਮੁਖ ਹੋ ਕਰ ਡਰ ਨੂੰ ਤਜਕੇ ਕਿਉਂ ਨਾ ਜੰਗ ਮਚਾਈਏ॥
ਜੇਕਰ ਫਤੇ ਲਈ ਇਨ ਹਥਕੇ ਤੌ ਜਗ ਮਹਿ ਯਸ਼ ਹੋਵੇ।
ਅਰ ਜੇ ਮਰੇ ਤੁਰਕ ਦੇ ਹੱਥੋਂ ਧਰਮ ਜੁੱਧ ਤਬ ਜੋਵੇ॥ ੨੩੫॥
ਜੀਵਨ ਫਤੇ ਸ਼ਹੀਦੀ ਮਰਕੇ ਸਾਡੇ ਹੈ ਹੁਣ ਹਿੱਸੇ।
ਤਾਂ ਕਿਉਂ ਜਾਨ ਬਚਾਈਏ ਪਿਆਰੇ ਸੋਚ ਅਜੇਹੇ ਕਿੱਸੇ॥
ਅੰਤ ਕਾਲ ਨੇ ਸਭ ਨੂੰ ਲੈਣਾ ਜੇ ਨਾ ਬਚਸੀ ਕੋਈ।
ਤਾਂ ਕਿਉਂ ਮਰੇਂ ਮੌਤ ਫਿਰ ਐਸੀ ਜਿਸ ਥੋਂ ਮਿਲੇ ਨ ਢੋਈ॥੨੩੬॥
ਆਵਨ ਦੇਹੁ ਤੁਰਕ ਦਲ ਸਾਰਾ ਕਿਆ ਕਰ ਸਕੇ ਹਮਾਰਾ।
ਚੰਗੇ ਹਾਥ ਦਿਖਾਏ ਬਾਝੋਂ ਹੋਰ ਨ ਅਸਾਂ ਅਧਾਰਾ॥
ਫਤੇ ਪਾਇਕੇ ਜਾਨ ਗੁਵਾਈ ਰਹੂ ਜਗਤ ਮਹਿ ਗਾਥਾ।
ਏਸ ਸਮੈਂ ਜੋ ਧਰਮ ਹੇਤ ਇਨ ਕਰੀ ਹਮਾਰੇ ਸਾਥਾ॥ ੨੩੭॥
ਇਤਨਾ ਕਹਕੇ ਨਾਲ ਦਲੇਰੀ ਸ਼ਸਤ੍ਰ ਖੂਬ ਸਜਾਏ।
ਅਰ ਅਪਨੇ ਜੋ ਸੰਗੀ ਸਾਥੀ ਖੂਬ ਤਿਆਰ ਕਰਾਏ॥
ਦੇਗ ਛਕਾ ਕਰ ਤੇਗ ਉਠਾਈ ਬੇਗ ਪੌਨ ਸਮ ਕੀਆ।
ਜੋ ਜੋ ਜੋਗ ਅਹੇ ਜਿਸ ਕੇਰਾ ਸੋ ਸੋ ਤਿਸ ਕੋ ਦੀਆ॥ ੨੩੮॥
ਕਹੀ ਖਾਲਸਾ ਜੀ ਹੁਣ ਜਗ ਵਿੱਚ ਰਿਹਾ ਨ ਅੰਨ ਅਸਾਂਦਾ।
ਜਿਤਨਾ ਚਿਰ ਛਕਨਾ ਸੀ ਏਥੇ ਉਤਨਾ ਚਿਰ ਰਹ ਖਾਂਦਾ॥
ਤਾਂ ਤੇ ਸੀਸ ਤਲੀ ਪਰ ਧਰਕੇ ਕਰੋ ਤਿਆਰੀ ਭਾਰੀ।
ਜਿਸ ਨੂੰ ਦੇਖ ਤੁਰਕ ਦੀ ਸੈਨਾ ਦੇਵੇ ਸੁੱਧ ਵਿਸਾਰੀ॥ ੨੩੯॥
ਜਦ ਸਭ ਸਿੰਘ ਸਾਜ ਕਰ ਸ਼ਸਤ੍ਰ ਬਾਹਰ ਆਇ ਖਲੋਏ।
ਇੱਕ ਤੇ ਇੱਕ ਵਧੇਰੇ ਲੜਨੇ ਖਾਤਰ ਅੱਗੇ ਹੋਏ॥

ਦੇਖਨ ਰਸਤਾ ਮੋਮਨ ਖਾਂ ਦਾ ਕਦ ਉਹ ਸਨਮੁਖ ਆਏ।
ਨਾਲ ਅਸਾਂ ਦੇ ਹੋਲੀ ਵਾਂਗਰ ਮਿਲਕੇ ਜੰਗ ਮਚਾਏ ॥ ੨੪੦ ॥
ਇਤਨੇ ਮਹਿ ਤਾਰਾਸਿੰਘ ਸੂਰਾ ਲੈਕਰ ਗੜਵਾ ਡੋਰੀ।
ਲਿਆਯਾ ਨੀਰ ਖਾਲਸੇ ਕਾਰਨ ਛਕੋ ਪਜਾਸ ਹੋ ਥੋਰੀ ॥
ਜਿਸ ਪਰ ਇੱਕ ਸਿੰਘ ਨੇ ਆਖੀ ਹੇ ਧਰਮਾਤਮ ਸੂਰੇ।
ਦੇਵਹੁ ਟਹਲ ਦਾਸ ਨੂੰ ਕੋਈ ਮਨਸਾ ਮੇਰੀ ਪੂਰੇ ॥ ੨੪੧ ॥
ਜਿਸ ਪਰ ਦੇਖ ਕਹੀ ਤਿਸ ਤਾਈਂ ਤੇਰੀ ਟਹਲ ਪਜਾਰੇ।
ਏਸ ਸਮੇਂ ਦੇ ਕਰਨੇ ਲਾਇਕ ਕੋਇ ਨ ਪਾਸ ਹਮਾਰੇ ॥
ਤਾਂਤੇ ਏਹੋ ਕਰੀਏ ਸੇਵਾ ਤੇਗ ਹਾਥ ਮਹਿ ਲੀਜੇ।
ਸਨਮੁਖ ਹੋਕਰ ਤੁਰਕੀ ਦਲ ਦੇ ਜੰਗ ਭਲੇ ਅਬ ਕੀਜੇ ॥ ੨੪੨ ॥
ਜਿਸਦੇ ਜੇਡ ਔਰ ਜਗ ਅੰਦ੍ਰ ਕੋਇ ਨ ਕਾਮ ਘਨੇਰਾ।
ਜੀਵਤ ਭੁਗਤ ਔਰ ਯਸ ਦੇਵੇ ਮਰਨਾਂ ਮੁਕਤ ਵਸੇਰਾ ॥
ਸਗਲੇ ਤੀਰਥ ਔ ਜਪ ਤਪ ਦਾ ਮਿਲੇ ਮਹਾਤਮ ਤਾਂਕੋ।
ਸਤ੍ਰਨ ਸੋਂ ਲਰ ਸਨਮੁਖ ਮੁਖ ਪਰ ਲਾਗਤ ਘਾਵ ਸੁਜਾਂਕੋ ॥ ੨੪੩ ॥
ਜਿਸਨੇ ਇਹ ਰਨ ਕੋ ਰਸ ਖਾਧਾ ਸੋ ਨਹਿ ਭੁੱਖਾ ਹੋਵੇ।
ਜਨਮ ਜਨਮ ਕੇ ਪਾਪ ਆਪਨੇ ਰਣ ਮਹਿ ਸਿਰ ਦੇ ਖੋਵੇ ॥
ਕਾਸ਼ੀ ਕਰਵਤ ਕੋਟ ਕਰੇ ਤੇ ਨਾਂਹਿ ਮਹਾਤਮ ਐਸਾ।
ਸਨਮੁਖ ਜੂਝ ਜੰਗ ਮਹਿ ਪਜਾਰੇ ਮਰਨੇ ਦਾ ਫਲ ਜੈਸਾ ॥ ੨੪੪ ॥
ਜੋ ਰਨ ਦੇਖ ਡਰੇ ਮਨ ਅੰਦਰ ਸੋ ਹੈ ਕਾਇਰ ਪਾਜ਼ੀ।
ਕਿਆ ਸੁਤ ਜਨੇ ਮਾਤ ਤਿਸ ਤਾਈਂ ਜੋ ਨਹ ਸੂਰਾ ਗਾਜ਼ੀ ॥
ਹੋਨਾ ਅਰ ਨਾ ਹੋਨਾ ਤਿਸਕਾ ਸਮਸਰ ਹੈ ਜਗ ਮਾਹੀਂ।
ਤੇਗ ਉਠਾਇ ਜਿਸੇ ਨਿਜ ਕਰ ਮਹਿ ਮਾਰੇ ਸ਼ਸਤ੍ਰ ਨਾਹੀਂ ॥ ੨੪੫ ॥

ਤਾਂਤੇ ਇਹ ਸਰ ਆਹਿ ਸੁਧਾ ਦਾ ਕਰ ਇਸ਼ਨਾਨ ਸ਼ਿਤਾਬੀ।
ਇਸ ਪੁਰਬੀ ਤੇ ਖੁਝਿਆਂ ਭਾਈ ਹੋਵਤ ਬਹੁਤ ਖਰਾਬੀ ॥
ਪਕੜ ਤੇਗ ਅਰ ਢਾਲ ਹਾਥ ਮੇਂ ਚਲ ਸਨਮੁਖ ਅਰ ਕੇਰੋ।
ਜੀਤ ਹਾਰ ਕੀ ਸ਼ੰਕ ਨ ਕੀਜੇ ਫਤੇ ਆਇ ਕਰ ਤੇਰੋ ॥ ੨੪੬ ॥
ਇਤਨਾ ਸੁਨਕੇ ਸਿੰਘ ਸੂਰਮਾਂ ਲੈ ਕਰ ਮੇਂ ਤਲਵਾਰੇ।
ਛਾਲ ਮਾਰ ਕਰ ਗਿਆ ਅਗੇਰੇ ਬੋਲ ਮੁਖੋਂ ਜੈਕਾਰੇ॥
ਏਧਰ ਤਾਰਾ ਸਿੰਘ ਚੁਫੇਰੇ ਫਿਰਦਾ ਸਿੰਘਨ ਮਾਹੀਂ।
ਲਰਨੇ ਦੀ ਮਰਯਾਦਾ ਦੱਸੇ ਸ਼ੰਕ ਰਿਦੇ ਮਹਿ ਨਾਹੀਂ ॥ ੨੪੭ ॥
ਇਸੀ ਤਰ੍ਹਾਂ ਜਦ ਰਾਤ ਕੁਛਕ ਸੀ ਗੁਜ਼ਰ ਗਈ ਉਸ ਜਾਗਾ।
ਹਰ ਇੱਕ ਸਿੰਘ ਸੂਰਮੇਂ ਦਾ ਸੀ ਜਿਸ ਵੱਲ ਨੂੰ ਮਨ ਲਾਗਾ॥
ਤਦ ਤੁਰਕੀ ਦਲ ਦੀ ਕੁਛ ਸੈਨਾ ਆਗੇ ਆਵਤ ਹੇਰੀ।
ਜਿਸ ਕੋ ਦੇਖ ਖਾਲਸੇ ਮਨ ਮਹਿ ਵਧ ਗਈ ਆਇ ਦਲੇਰੀ ॥ ੨੪੮ ॥
ਸਾਰੇ ਹੋਏ ਇਕੱਤ੍ਰ ਉਸ ਜਾ ਆਗੇ ਵਧਨੇ ਲਾਗੇ।
ਦਾਰੂ ਸਿੱਕਾ ਕਰ ਤਿਆਰ ਸਭ ਤੋੜੇ ਅਪਨੇ ਦਾਗੇ॥
ਅਰ ਤਲਵਾਰਾਂ ਕਰ ਚਮਕਾਈਆਂ ਬਰਛੇ ਪੇਲੇ ਭਾਰੇ।
ਵਾਂਗ ਕੇਹਰੀ ਦੇ ਉਸ ਵੇਲੇ ਰਣ ਮੇਂ ਸਨ ਲਲਕਾਰੇ ॥ ੨੪੯ ॥
ਜਦ ਤਾਰਾ ਸਿੰਘ ਐਸ ਉਚਾਰੀ ਓਸ ਸਿੰਘਾਂ ਨੂੰ ਗਾਥਾ॥
ਲੈਕਰ ਸ਼ਸਤ੍ਰ ਜਾਇ ਖੜਾ ਵੁਹ ਅਪਨੀ ਸੰਗਤ ਸਾਥਾ॥
ਇਤਨੇ ਵਿੱਚ ਖਾਨ ਇੱਕ ਹੈਸੀ ਤਾਰਾ ਹਰ ਕਾ ਪਿਆਰਾ।
ਝਬਦੇ ਆਇ ਖਬਰ ਤਿਨ ਦਿੱਤੀ ਜੋ ਸੀ ਪਾਪ ਪਸਾਰਾ ॥ ੨੫੦ ॥
ਕਹੀ ਮੀਤ ਅਬ ਇਸ ਜਾਗਾ ਪਰ ਰਹਨਾ ਠੀਕ ਨ ਤੇਰਾ।
ਲੈਕਰ ਸਾਥੀ ਭਾਗ ਪਿਛਾਹਾਂ ਕਹਾ ਮਾਨ ਕਰ ਮੇਰਾ॥

ਮਾਨਸ ਜਨਮ ਅਮੋਲਕ ਖੋਣਾ ਨਾਹੀਂ ਬਾਤ ਸਿਆਣੀ।
ਵਕਤ ਲੰਘਾਇ ਲਏ ਕਰ ਹੀਲਾ ਜੋ ਹੈ ਚਾਤਰ ਪ੍ਰਾਣੀ ॥ ੧੫੧ ॥
ਕਈ ਹਜ਼ਾਰ ਤੁਰਕ ਹਨ ਆਏ ਮਾਰੋ ਮਾਰ ਪੁਕਾਰਨ।
ਇੱਕ ਪਲ ਅੰਦਰ ਪਕੜ ਤੁਸਾਨੂੰ ਵਾਂਗ ਤੂਤ ਦੇ ਝਾੜਨ ॥
ਫਿਰ ਕਿਆ ਹੱਥ ਤੁਸਾਂ ਦੇ ਆਊ ਐਵੇਂ ਜਾਨ ਗੁਵਾਕੇ।
ਬਿਨ ਆਈ ਮਰਨਾ ਚਾਹੋ ਇਨ ਕੇ ਸਨਮੁਖ ਆਕੇ ॥ ੧੫੨॥
ਜਿਸ ਦੀ ਬਾਤ ਸੁਨਦਿਆਂ ਆਖੀ ਤਾਰਾ ਸਿੰਘ ਹਠੀਲੇ।
ਅਹੋ ਖਾਨ ਕਿਉਂ ਆਇਆ ਹਮ ਪੈ ਮੁਖ ਕੋ ਕਰਕੇ ਪੀਲੇ ॥
ਕਹੇ ਭਾਜਕੇ ਕਰੋ ਕਿਤੇ ਵੱਲ ਰਣ ਤੇ ਤੁਸੀਂ ਕਨਾਰਾ ॥
ਕਾਇਰਤਾ ਦੀ ਬਾਤ ਸੁਨਾਵੇ ਹੋਕਰ ਮੀਤ ਹਮਾਰਾ ॥ ੧੫੩ ॥
ਤੇਰੀ ਇਸ ਹਮਦਰਦੀ ਪਰ ਹੈ ਧੰਨਯਵਾਦ ਹਮ ਕੀਆ।
ਜਿਸ ਪਰ ਖਬਰ ਆਇਕੇ ਕੀਨੀ ਅਰ ਹਮ ਸੇ ਯਸ਼ ਲੀਆ ॥
ਮਿੱਤ੍ਰਤਾ ਦੀ ਰਸਮ ਤੁਸਾਂ ਨੇ ਪੂਰੀ ਕੀਤੀ ਸਾਰੀ।
ਜਿਸਤੇ ਐਸੇ ਸਾਜਨ ਪਰ ਮੈਂ ਤਨ ਮਨ ਤੇ ਬਲਹਾਰੀ ॥੧੫੪॥
ਪਰ ਇੱਕ ਬਾਤ ਅਹੇ ਵਿੱਚ ਇਸ ਦੇ ਜੋ ਨਾ ਭਾਜ ਸਿਖਾਵੈ।
ਸਿੰਘ ਸੂਰਮਾਂ ਦੇਖ ਅਰੀ ਕੋ ਨਹਿ ਪਾਛੇ ਪਗ ਪਾਵੈ ॥
ਸਤੀ ਮਸਾਣੋਂ ਜੇ ਹਟ ਜਾਂਦੀ ਧਿਕ ਧਿਕ ਹੈ ਜਗ ਕਹਿੰਦਾ।
ਰਣ ਤੇ ਭਾਗੇ ਸੂਰੇ ਤਾਈਂ ਕੌਨ ਟਕਾਨਾ ਰਹਿੰਦਾ ॥ ੧੫੫ ॥
ਤਾਂਤੇ ਅਸੀਂ ਇਸੇ ਜਾ ਦੇਨੇ ਅਪਨੇ ਸੀਸ ਪਿਆਰੇ।
ਮੁੜਨਾ ਸ਼ਰਮ ਸੂਰਮੇਂ ਤਾਈਂ ਜੋ ਹੈ ਕਾਮ ਨਕਾਰੇ ॥
ਗੀਦੀ ਨਾਮ ਰਖਾਕੇ ਜਾਣਾ ਕਿਆ ਇਸ ਮਾਂਹਿ ਵਡਾਈ।
ਵਾਂਗ ਪਤੰਗ ਸ਼ਮਾਂ ਤੇ ਜਲਨਾ ਹੈ ਹਮਰੀ ਦ੍ਰਿੜਤਾਈ ॥ ੧੫੬ ॥

ਤਾਂਤੇ ਜਾਹੁ ਤੁਰਤ ਮੁੜ ਪਾਛੇ ਅਪਨੇ ਦਲ ਕੀ ਓਰੇ।
ਹਮ ਅਕਾਲ ਪਰ ਰੱਖ ਭਰੋਸਾ ਦਿਖਲਾਏਗੇ ਜ਼ੋਰੇ॥
ਸੀਸ ਤਲੀ ਪਰ ਅਸੀਂ ਟਿਕਾਏ ਤਾਂ ਇਸ ਜਾਗਾ ਆਏ।
ਫਿਰ ਕਹੁ ਕਾਣ ਕਿਸੇ ਦੀ ਕੇਹੀ ਜੇ ਮਨ ਖੌਫ ਗੁਵਾਏ॥ ੨੫੭॥
ਇਤਨਾ ਸੁਨਦੇ ਸਾਰ ਖਾਨ ਉਹ ਤੁਰਤ ਕੁਦਾਕੇ ਤਾਜ਼ੀ।
ਗਿਆ ਫੌਜ ਅਪਨੀ ਦੇ ਅੰਦਰ ਮਨ ਵਿੱਚ ਹੋਕੇ ਰਾਜ਼ੀ॥
ਕਹੇ ਸੂਰਮੇਂ ਵੱਡੇ ਬਹਾਦਰ ਜਾਨ ਨ ਕਰਦੇ ਪਿਆਰੀ।
ਐਸੇ ਲੋਗ ਭਿਸ਼ਤ ਵਿੱਚ ਜਾਂਦੇ ਲੈਨ ਨਜਾਤ ਵਿਚਾਰੀ॥ ੨੫੮॥
ਇਤਨੇ ਵਿੱਚ ਮੋਰਚੇ ਲਾਏ ਦੇਖ ਜਗ੍ਹਾ ਇੱਕ ਚੰਗੀ।
ਛਵੀਆਂ ਖੋਦ ਬਹੇ ਸਭ ਸੂਰੇ ਹਾਥ ਤੇਗ਼ ਲੈ ਨੰਗੀ॥
ਭਰੀ ਬੰਦੂਕਾਂ ਤੋੜੇ ਲਾਏ ਬੈਠ ਗਏ ਚੁਪ ਕੀਤੇ।
ਸਭਨਾਂ ਨੇ ਗੁਰ ਆਸ ਰਖਾਈ ਹਾਥ ਜਾਨ ਧੋ ਲੀਤੇ॥ ੨੫੯॥
ਲੈਕੇ ਏਹ ਜੁਵਾਬ ਸਿੰਘ ਦਾ ਤੁਰਤ ਖਾਨ ਫਿਰ ਮੁੜਦਾ।
ਓਸੇ ਫੌਜ ਆਪਨੀ ਅੰਦਰ ਜਾ ਕਰਕੇ ਸੋ ਜੁੜਦਾ॥
ਇਤਨੇ ਵਿੱਚ ਫੌਜ ਸਭ ਤੁਰਕੀ ਆਇ ਗਈ ਤਿਸ ਜਾਏ॥
ਜਿਸ ਜਾਗਾ ਪਰ ਸਿੰਘਾਂ ਨੇ ਸਨ ਠੀਕ ਮੋਰਚੇ ਲਾਏ॥ ੨੬੦॥
ਸੁਨਦੇ ਸਾਰ ਖਾਲਸੇ ਕੇਰੀ ਜੋ ਬੈਠਾ ਇਸ ਜਾਗਾ।
ਤੁਰਤ ਤੁਰਕ ਦਲ ਨੇ ਕਰ ਧਾਈ ਤੋੜਾ ਤਿਨ ਪਰ ਦਾਗਾ॥
ਚਮਕ ਪਲੀਤਾ ਰਾਤ ਵਿਖੇ ਸੀ ਮਨ ਨੂੰ ਐਸ ਡਰਾਵੇ।
ਜਿਉਂ ਕਾਲੇ ਦਲ ਵਿੱਚ ਬਿਜਲੀ ਰਾਤ ਸਮੇਂ ਚਮਕਾਵੇ॥ ੨੬੧॥
ਲੱਗੀ ਬਰਸਨ ਗੋਲੀ ਓਥੇ ਸਾਵਨ ਬੱਦਲ ਵਾਂਗੂੰ।
ਚਾਰੇ ਪਾਸਿਓਂ ਐਉਂ ਦਲ ਆਏ ਜਿਉਂ ਪਾਣੀ ਦੀ ਕਾਂਗੂੰ॥

ਮਾਰੋ ਮਾਰ ਬਕਨ ਸਭ ਮੁਖ ਤੇ ਅਰ ਰਣ ਬਜੇ ਨਗਾਰਾ।
ਏਸ ਸਮਜ ਪਰ ਆਖਨ ਕਰਨਾ ਡਟਕੇ ਜੰਗ ਕਰਾਰਾ॥ ੨੬੨॥
ਇਧਰ ਸਿੰਘ ਰੰਗੀਲੇ ਅੜਕੇ ਬੈਠੇ ਧਰਨਾ ਲਾਈ।
ਮਾਰਨ ਤੁਰਤ ਦੁਗਾੜੇ ਭਰਕੇ ਉਤ ਵਲ ਚਾਈਂ ਚਾਈਂ॥
ਮਨ ਵਿੱਚ ਚੜ੍ਹੇ ਹੁਲਾਸ ਜੰਗ ਦੇ ਅਰ ਰੋਹੇ ਸਮ ਸ਼ੇਰਾ।
ਮੌਤੋਂ ਪਾਰ ਕਰਿਆ ਜਿਨ ਜਾਕੇ ਵਿੱਚ ਸ਼ਹੀਦੀ ਡੇਰਾ॥ ੨੬੩॥
ਸਾਰੇ ਭਰੇ ਬੀਰ ਰਸ ਅੰਦਰ ਖਰੇ ਛਕੇ ਹਨ ਛੋਹੂ।
ਮਹਿੰਦੀ ਵਾਂਗ ਰੰਗ ਕਰ ਅਪਨੇ ਬਸਤ੍ਰ ਭਿੱਨੇ ਲੋਹੂ॥
ਮਾਰਨ ਤਕ ਤਕ ਪਏ ਦੁਗਾੜੇ ਡਿੱਡੇ ਕਈ ਹਜ਼ਾਰਾਂ।
ਕਿਤਨਿਆਂ ਦੇ ਸਿਰ ਧਰਤੀ ਸੁੱਟੇ ਨਾਲ ਤੇਜ਼ ਤਲਵਾਰਾਂ॥ ੨੬੪॥
ਖਾਕੇ ਫੀਮ ਨਸ਼ੇ ਵਿੱਚ ਮੱਤੇ ਸਾਂਗਾਂ ਪਕੜ ਸਿਧਾਏ।
ਸੈਫਾਂ ਨਾਲ ਕਰੇ ਧਰ ਟੁਕੜੇ ਕਿਤਨੇ ਤੁਰਕ ਖਪਾਏ॥
ਭਰੇ ਜੋਸ਼ ਵਿੱਚ ਚਾ ਲਲਕਾਰਨ ਬੋਲ ਮੁਖੋਂ ਜੈਕਾਰਾ।
ਜਿਸ ਨੂੰ ਸੁਨਕੇ ਕੰਬ ਜਾਵੰਦਾ ਤੁਰਕਾਂ ਦਾ ਦਲ ਸਾਰਾ॥ ੨੬੫॥
ਹੋਕਰ ਰਸ ਵਿਖੇ ਮਤਵਾਲੇ ਸਾਰੇ ਯੁੱਧ ਕਰਾਉਨ।
ਆਖਨ ਅਖੇ ਮਾਰ ਇਨ ਲੀਤਾ ਯਾ ਇਹ ਅਸਾਂ ਮੁਕਾਉਨ॥
ਭਰ ਭਰ ਬਾਨ ਕਮਾਨ ਚਲਾਏ ਨਿਕਲ ਦੁਸਾਰ ਸਧਾਏ।
ਜਿਸ ਦੇ ਲਗਨੇ ਸਾਰ ਧਰਨ ਤੇ ਬਹੁਰ ਨ ਨਰ ਉਕਸਾਏ॥ ੨੬੬॥
ਜਿਉਂ ਜਿਉਂ ਜ਼ੋਰ ਯੁੱਧ ਦਾ ਪੈਂਦਾ ਤਿਉਂ ਮੱਥੇ ਨੂਰਾਨੀ।
ਚੜ੍ਹਦੀ ਆਇ ਖਾਲਸੇ ਸੇਤੀ ਸਮਝ ਲਿਆ ਜਗ ਫਾਨੀ॥
ਪਰਬਤ ਵਾਂਗ ਅਚਲ ਖੜੇ ਨਹਿ ਹੱਲਨ ਇਕ ਪਗ ਪਾਛੇ।
ਉਸ ਵੇਲੇ ਸਨ ਤੁਰਕਾਂ ਤਾਈਂ ਹੱਥ ਦਿਖਾਏ ਆਛੇ॥ ੨੬੭॥

ਲੋਥਾਂ ਰੁਲਨ ਧਰਤ ਪਰ ਪਈਆਂ ਅਰ ਘਾਇਲ ਕੁਰਲਾਵਨ।
ਆਖਨ ਅੱਜ ਕਾਲ ਹੈ ਆਇਆ ਸਾਡੇ ਹੋਤ ਮੁਕਾਵਨ॥
ਟੁੱਟੇ ਹੱਥ ਪੈਰ ਅਰ ਗੋਡੇ ਫੁੱਟੇ ਮਾਥੇ ਐਸੇ।
ਸ਼ੀਸ਼ਾ ਚੂਰ ਜਿਵੇਂ ਹੈ ਹੁੰਦਾ ਪੱਥਰ ਲੱਗੇ ਜੈਸੇ॥ ੨੬੮॥
ਬਜਨ ਨਗਾਰੇ ਢੋਲ ਕਰਾਰੇ ਅਰ ਰਣ ਤੂਰਾ ਭਾਰੀ।
ਮਾਨਹੁ ਗਰਜ ਮੇਘ ਹਿਤ ਆਈ ਸਾਵਨ ਦੀ ਘੱਟ ਕਾਰੀ॥
ਮਾਰੋ ਮਾਰ ਦਸੋ ਦਿਸ ਹੋਵੇ ਪਿੱਛੇ ਹਟੇ ਨ ਕੋਈ।
ਅਪਨੀ ਅਪਨੀ ਜਿੱਤ ਚਾਹੁੰਦੇ ਮੂਲ ਨ ਡਰਦੇ ਸੋਈ॥ ੨੬੯॥
ਕੜ ਕੜ ਗੋਲੀ ਚੱਲਨ ਲੱਗੀ ਸੜ ਸੜ ਤੀਰ ਵਰ੍ਹਾਏ।
ਕਿਤਨੇ ਜੁਆਨ ਮਾਰ ਕਰ ਜਿਨ ਸੋਂ ਧਰਤੀ ਚਾਇ ਲਿਟਾਏ॥
ਤੋੜਨ ਛਾਤੀ ਜਿਵੇਂ ਚੁਪਾਸੀ ਨਿਕਲ ਦੁਸਾਰ ਸਧਾਵੇ।
ਇੱਕ ਵੇਰ ਦਾ ਫਟਿਆ ਸੀਨਾ ਮੁੜਕੇ ਹੋਸ਼ ਨ ਆਵੇ॥ ੨੭੦॥
ਕਿਤਨੇ ਇੱਕੋ ਵੇਰ ਗਏ ਮਰ ਮੂਲ ਨ ਮੰਗਦਾ ਪਾਣੀ।
ਕਿਤਨੇ ਘਾਇਲ ਤੜਫਨ ਧਰਤੀ ਲੋਹੂ ਕਰਕੇ ਘਾਣੀ॥
ਕਿਤਨੇ ਘੋੜੇ ਖਾਲੀ ਫਿਰਦੇ ਜਿਨ ਕੋ ਸਿੰਘ ਸੰਭਾਲਨ।
ਹੋਇ ਸਵਾਰ ਤਿਨ੍ਹਾਂ ਦੇ ਉੱਤੇ ਤੁਰਕਾਂ ਦੀ ਜੜ੍ਹ ਗਾਲਨ॥ ੨੭੧॥
ਕਿਤਨੇ ਤਾਜ਼ੀ ਖਾਕਰ ਬਾਜ਼ੀ ਗਿਰੇ ਧਰਤ ਤੜਫਾਂਦੇ।
ਲੱਗਨ ਤੀਰ ਗੋਲੀਆਂ ਐਸੀ ਜਿਉਂ ਘਨ ਗੜੇ ਵਸਾਂਦੇ॥
ਜਿਸ ਪਰ ਰੋਹ ਤੁਹੇਲੇ ਕਰਦੇ ਹੱਲਾ ਇੱਕੋ ਵੇਰੀ।
ਪੈਨ ਆਇਕਰ ਸਿੰਘਾਂ ਉੱਤੇ ਕਰਕੇ ਖੂਬ ਦਲੇਰੀ॥ ੨੭੨॥
ਜਦੋਂ ਸਿੰਘ ਭਰ ਤੁਰਤ ਬੰਦੂਕਾਂ ਇੱਕੋ ਵੇਰ ਚਲਾਉਨ।
ਵਾਂਗ ਕਾਕੜੇ ਬੇਰਾਂ ਦੇ ਫੜ ਧਰ ਧਰ ਧਰਤ ਗਿਰਾਉਨ॥

ਜਿਸ ਪੁਰ ਹੋਇ ਲਚਾਰ ਤੁਰਕ ਦਲ ਫਿਰ ਪਿੱਛੇ ਹਟ ਜਾਂਦਾ।
ਦਸਮ ਗੁਰੂ ਦੇ ਲਾਡਲਿਆਂ ਤੇ ਹਟਕੇ ਜਾਨ ਬਚਾਂਦਾ॥ ੨੭੩ ॥
ਇਸੇ ਤਰ੍ਹਾਂ ਜਦ ਕਰਦਿਆਂ ਹੱਲੇ ਮਿਲ ਗਏ ਆਪਸ ਮਾਹੀਂ।
ਰਾਤ ਅੰਧੇਰੀ ਵਿੱਚ ਪਤਾ ਕੁਛ ਲਗਦਾ ਤਿਨਕੋ ਨਾਹੀਂ॥
ਜਿਸਤੇ ਤੁਰਕ ਲੜੇ ਸਭ ਮਿਲਕੇ ਆਪਸ ਅੰਦਰ ਭਾਰੇ।
ਅਪਨੇ ਹੀ ਬੇਗਾਨੇ ਸਮਝਨ ਸ਼ਸਤ੍ਰ ਤਿਨ ਪਰ ਝਾਰੇ॥ ੨੭੪ ॥
ਮਾਰਨ ਸਿੰਘਾਂ ਦੇ ਹੀ ਬਦਲੇ ਅਪਨੇ ਬੀਰ ਕਰਾਰੇ।
ਰੋਸ ਚੜ੍ਹੇ ਵਿੱਚ ਖਬਰ ਨ ਰਹੀਆ ਕੋ ਹੈ ਪਾਸ ਹਮਾਰੇ॥
ਜਦ ਕਰ ਜ਼ੋਰ ਧਰਨ ਪਗ ਅੱਗੇ ਸਿੰਘਾਂ ਦੇ ਢਿਗ ਆਉਨ।
ਅੱਗੋਂ ਸਿੰਘ ਬੰਦੂਕਾਂ ਭਰਕੇ ਸਨਮੁਖ ਤਿਨ੍ਹਾਂ ਚਲਾਉਨ। ੨੭੫ ॥
ਦੋਨੋਂ ਪਾਸੇ ਇੱਕੋ ਜੇਹੇ ਲੜਨ ਮੁਕਾਬਲ ਦੋਏ।
ਆਖਨ ਦੇਖੋ ਓੜਕ ਵੇਹੀ ਫਤੇ ਕਿਨ੍ਹਾਂ ਦੀ ਹੋਏ॥
ਪਰ ਜਦ ਸਿੰਘਾਂ ਨਾਲ ਜ਼ੋਰ ਦੇ ਅਪਨੇ ਹੱਥ ਦਿਖਾਏ।
ਸਾਰੇ ਤੁਰਕ ਮੁਏ ਤਦ ਡਰਕੇ ਤੋਬਾ ਤੋਬਾ ਗਾਏ॥ ੨੭੬ ॥
ਪਰ ਇਹ ਥੋੜੇ ਸਿੰਘ ਭੁਜੰਗੀ ਉਹ ਬੇਗਿਨਤ ਰੁਹੇਲੇ।
ਵਾਂਗਰ ਖੂਨੀ ਹਾਥੀ ਦੇ ਜੋ ਸਿੰਘਾਂ ਉੱਪਰ ਪੇਲੇ॥
ਚਾਰੇ ਪਾਸਯੋਂ ਘੇਰਾ ਪਾਕੇ ਸਿੰਘ ਘੇਰ ਜਿਨ ਲਿੱਤੇ।
ਜਿਸ ਪਰ ਸਿੰਘਾਂ ਨੇ ਫੜ ਤੇਗਾਂ ਦੰਦ ਖੱਟੇ ਕਰ ਦਿੱਤੇ॥ ੨੭੭ ॥
ਪਰ ਉਹ ਕਿੱਥੋਂ ਤੀਕ ਮੁਕਾਵਨ ਜੋ ਟਿੱਡੀ ਦਲ ਭਾਰਾ।
ਇੱਕੋ ਵੇਰ ਪਿਆ ਕਰ ਧਾਵਾ ਵਾਂਗ ਮੇਘ ਦੀ ਧਾਰਾ॥
ਮਾਰ ਮਾਰ ਦੇ ਮੁਕ ਗਏ ਜਦ ਸਿੰਘਾਂ ਦਾਰੂ ਸਿੱਕੇ।
ਜੋ ਵਰਸਾ ਕੇ ਕੀਤੇ ਸਨਮੁਖ ਤੁਰਕੀ ਦਲ ਮੁਖ ਫਿੱਕੇ॥ ੨੭੮ ॥

ਅਰ ਤਰਗਸ ਕਰ ਤੀਰੋਂ ਖਾਲੀ ਹੱਥ ਕਮਾਨਾਂ ਰਹੀਆਂ ।
ਜਿਨ ਕੋ ਮਾਰਾਂ ਵਾਂਗ ਨਾਗ ਦੇ ਤੁਰਕਾਂ ਛਾਤੀ ਸਹੀਆਂ ॥
ਓੜਕ ਨੂੰ ਫਿਰ ਪਕੜ ਬਰਛੀਆਂ ਅਰ ਤਲਵਾਰਾਂ ਸਾਂਗਾਂ।
ਜਾਇ ਪਏ ਵਿੱਚ ਵਾਂਗ ਸ਼ੇਰ ਦੇ ਮਾਰ ਉਚੇਰੇ ਚਾਂਗਾਂ ॥ ੧੮੯ ॥
ਮਾਰੋ ਮਾਰ ਪੁਕਾਰਨ ਸੂਰੇ ਭਰੇ ਬੀਰ ਰਸ ਸਾਰੇ ।
ਮਾਰਨ ਹੱਥ ਉਭਾਰਨ ਦੋਏ ਬੋਲ ਮੁਖੋਂ ਜੈਕਾਰੇ।
ਨਾਲ ਬਰਛੀਆਂ ਸੀਨੇ ਵਿੰਧੇ ਜਿਉਂਕਰ ਸੀਖ ਕਬਾਬਾਂ ।
ਦੇਖ ਲੜਾਈ ਸਿੰਘਾਂ ਦੀ ਨੂੰ ਹੋਸ਼ ਨ ਰਹੀ ਨਵਾਬਾਂ॥੧੯੦॥
ਮਾਰਨ ਤੇਗਾ ਸੀਸ ਪਰ ਬਲ ਕਰ ਦੋ ਟੁਕੜੇ ਕਰ ਚੀਰੋ ।
ਜਿਉਂ ਕਰਵਤ ਕਾਸ਼ੀ ਵਿੱਚ ਲੈਕੇ ਮਰਦੇ ਚੀਰ ਸਰੀਰੋ ॥
ਤੋੜ ਸੰਜੋਇ ਢਾਲ ਨੂੰ ਭੰਨੇ ਕਰ ਦੇਂਦੇ ਸਿਰ ਬੰਨੇ।
ਜੈਸੇ ਪੱਥਰ ਬਰਸ ਕਹਿਰ ਦਾ ਤੋੜੇ ਬਾਲੀ ਛੰਨੇ ॥ ੧੯੧ ॥
ਦੋਨੋਂ ਓਰ ਜੂਝ ਕਰ ਮਰਦੇ ਲਰਦੇ ਹੋਇ ਅਗੇਰੇ।
ਚਹੁਨ ਤੁਰਕ ਬਲ ਨਾਲ ਆਪਨੇ ਸਿੰਘਾਂ ਤਾਈਂ ਘੇਰੇ ॥
ਪਰ ਇਹ ਹੱਲਾ ਕਰਨ ਅਜੇਹਾ ਤੋੜ ਘਾਤ ਤਿਨ ਦੇਵਨ ।
ਜਿਤ ਵੱਲ ਪੈਨ ਉਤੇ ਵੱਲ ਦਲ ਨੂੰ ਅੱਗੇ ਚਾ ਧਰ ਲੇਵਨ॥੧੯੨।
ਕਿਤਨੇ ਕਾਇਰ ਹੋਇ ਨਕਾਰੇ ਨੱਸ ਗਏ ਰਣ ਤਜਕੇ ।
ਅਪਨੀ ਜਾਨ ਬਚਾਉਨ ਸੂਝੀ ਇਸ ਮੌਕੇ ਤੇ ਭਜਕੇ ॥
ਮੁੜਕੇ ਮੁਖ ਨ ਕਰਦੇ ਉਤ ਵਲ ਆਖਨ ਕਹਿਰ ਖੁਦਾਈ ।
ਇਹ ਆਫਤ ਕਿਉਂ ਬੈਠਿਆਂ ਹਮਨੇ ਅਪਨੇ ਗਲ ਵਿਚ ਪਾਈ।੧੯੩
ਜਦ ਇਹ ਹਾਲ ਜੰਗ ਵਿੱਚ ਹੋਇਆ ਕਟ ਕਟ ਮਰਦੇ ਸੂਰੇ ।
ਲੈਨ ਸ਼ਹੀਦੀ ਧਰਮ ਯੁੱਧ ਮਹਿੰ ਜਪ ਤਪ ਹਠ ਮਹਿੰ ਪੂਰੇ ॥

ਤਦ ਤਾਰਾ ਸਿੰਘ ਮਤਾ ਪਕਾਕੇ ਕਿਤਕ ਸਿੰਘ ਲੈ ਸੰਗਾ।
ਜਾਇ ਪਿਆ ਜਿਉਂ ਬਿਜਲੀ ਪੈਂਦੀ ਧਰ ਮਨ ਅਧਕ ਉਮੰਗਾ।੧੯੪
ਸੂਰਾ ਸਿੰਘ ਖਾਲਸੇ ਵਾਲੇ ਐਸੇ ਸ਼ਸਤ੍ਰ ਮਾਰੇ।
ਅੱਜ ਤੀਕ ਜੋ ਦੁੱਸਮਨ ਖੁਬੀ ਜੋ ਸੀ ਤਿਨ੍ਹਾਂ ਮਝਾਰੇ॥
ਲਖਮੀ ਸਿੰਘ ਲਾਖ ਪਰ ਭਾਰੀ ਲਰਦਾ ਹੋਇ ਅਗਾਰੀ।
ਹਠੀ ਸਿੰਘਾਂ ਤੁਰਕਾਂ ਦੀ ਜਿਸ ਨੇ ਫੜਕੇ ਪਾਣ ਉਤਾਰੀ॥ ੧੯੫॥
ਮਾਲੀ ਸਿੰਘ ਹੋਇ ਸਮ ਮਾਲੀ ਮਾਲੀ ਕੀਤੀ ਐਸੀ।
ਮਾਰ ਕੰਸ ਦੇ ਮੱਲ ਜਿਵੇਂ ਸੀ ਕਿਸ਼ਨ ਲਈ ਪਤ ਜੈਸੀ॥
ਫਿਰ ਗੁਰਬਖਸ਼ ਸਿੰਘ ਵਡ ਭਾਗੀ ਵੱਡਾ ਬਹਾਦਰ ਜੰਗੀ।
ਜਾਇ ਪਿਆ ਕਰ ਧਾਈ ਤਿਨ ਪਰ ਹਾਥ ਤੇਗ ਲੈ ਨੰਗੀ॥੧੯੬॥
ਭੀਮ ਸਿੰਘ ਇੱਕ ਵਾਂਗ ਭੀਮ ਦੇ ਗਦਾ ਉਠਾ ਕਰ ਧਾਇਆ।
ਜਿਸਨੇ ਮਾਰ ਤੁਰਕ ਦੇ ਦਲ ਨੂੰ ਖਿਨ ਮਹਿ ਚਾਇ ਖਪਾਇਆ॥
ਗਰਜ ਮੇਘ ਜਿਉਂ ਮੇਘ ਸਿੰਘ ਨੇ ਐਸੇ ਹਾਥ ਦਿਖਾਏ।
ਜਿਸ ਕੇ ਮਾਰੇ ਮੁੜ ਕਰ ਸੂਰੇ ਬਹੁਰ ਨ ਉਕਸਨ ਪਾਏ॥੧੯੭॥
ਹਾਤਾ ਸਿੰਘ ਹਤੇ ਫੜ ਕੇਤੇ ਜਿਉਂ ਤੀਤਰ ਕੋ ਬਾਜ਼ੇ।
ਐਸੇ ਘਾਉ ਲਗਾਏ ਜਿਸਨੇ ਰਹੇ ਸਦਾ ਹੀ ਤਾਜ਼ੇ॥
ਹੋਰ ਬੁਲਾਕਾ ਸਿੰਘ ਬੁਲਾਕੇ ਮਾਰਤ ਕਰਕੇ ਧਾਈ।
ਜਿਸ ਦੇ ਅੱਗੇ ਕਿਸੇ ਬੀਰ ਦੀ ਚਲਦੀ ਨਾ ਚਤੁਰਾਈ॥ ੧੯੮॥
ਇਸੇ ਤਰ੍ਹਾਂ ਮਿਲ ਹੋਰ ਖਾਲਸੇ ਕੀਤਾ ਜੰਗ ਅਜੇਹਾ।
ਜਿਸ ਸੇ ਗਰਬ ਤੁਰਕ ਦੇ ਮਨ ਵਿੱਚ ਰੰਚਕ ਨਾਹੀਂ ਰੇਹਾ।
ਆਖੇ ਸਾਨੂੰ ਖਬਰ ਨ ਇਨਕੀ ਹੈਂ ਇਹ ਐਸੇ ਸੂਰੇ।
ਅਸੀਂ ਜਾਨਦੇ ਸਾਂ ਇਹ ਹੋਸਨ ਲੋਗ ਜੰਗਲੀ ਮੂਰੇ॥ ੧੯੯॥

ਜਦ ਕੁਛ ਦਿਨ ਚੜ੍ਹਨੇ ਪਰ ਆਇਆ ਲਗੇ ਪਛਾਨਨ ਸਾਰੇ।
ਤਬ ਤੁਰਕਾਂ ਨੇ ਕਰਕੇ ਹੱਲਾ ਝੰਡੇ ਖੂਬ ਉਭਾਰੇ॥
ਧੌਂਸਾ ਮਾਰ ਚੜ੍ਹਾਈ ਕੀਤੀ ਹੋਕਰ ਅਧਕ ਦਲੇਰਾ।
ਘੱਤਿਯਾ ਚਾਹੁਨ ਸਿੰਘਾਂ ਤਾਈਂ ਚਾਰ ਚੁਫੇਰਜੋਂ ਘੇਰਾ॥ ੨੯੦॥
ਜਦ ਇਹ ਹਾਲ ਖਾਲਸੇ ਦੇਖਿਆ ਪਾਸ ਦਮਾਮਾਂ ਨਾਹੀਂ।
ਇਸ ਦੇ ਬਿਨਾਂ ਲੜਨ ਦਾ ਸਿੰਘਾਂ ਹੌਸਲ ਨਹਿ ਮਨ ਮਾਹੀਂ॥
ਤਦ ਫੜ ਇੱਕ ਬੱਕਰਾ ਓਥੇ ਪਲ ਅੰਦਰ ਝਟਕਾਇਆ।
ਭੰਨ ਮੱਟ ਦੇ ਕੰਢੇ ਉਸ ਦੇ ਉੱਪਰ ਚਾਇ ਮੜ੍ਹਾਇਆ॥ ੨੯੧॥
ਦੇਕੇ ਧੂਪ ਬਜਾਇਆ ਐਸਾ ਜਿਉਂ ਪਰਬਤ ਹੈ ਗਿਰਦਾ।
ਸੁਨਕੇ ਡੌਂ ਡੌਂ ਸ਼ਬਦ ਜਿਸੇ ਦਾ ਮਨ ਤੁਰਕਾਂ ਦਾ ਘਿਰਦਾ॥
ਓਸੇ ਵੇਲੇ ਲੈ ਇੱਕ ਡੰਡਾ ਲੰਬਾ ਵਡਾ ਕਰਾਰਾ।
ਚਾੜ੍ਹ ਗਲੇਫ ਉਸੇ ਸੁਰਮਈਆ ਫਰਰਾ ਖੂਬ ਸਵਾਰਾ॥ ੨੯੨॥
ਝੰਡਾ ਚਾਇ ਬਨਾਇਆ ਪਲ ਵਿੱਚ ਖੂਬ ਹੁਲਾਰੇ ਲੈਂਦਾ।
ਓਸੇ ਵੱਲ ਫਤੇ ਕਰ ਡਾਰੇ ਜਿਤ ਵੱਲ ਜਾਕੇ ਪੈਂਦਾ॥
ਵਜੇ ਨਗਾਰਾ ਝੂਲੇ ਝੰਡਾ ਚਲਦਾ ਖੰਡਾ ਭਾਰੀ।
ਜਿਸਦੇ ਸਨਮੁਖ ਤੁਰਕੀ ਦਲਦੀ ਅਕਲ ਗਈ ਸਭ ਮਾਰੀ॥੨੯੩॥
ਸੁੱਕੇ ਮੁਖੜੇ ਜ਼ਰਦੀ ਛਾਏ ਨੈਨੋਂ ਉਡ ਗਈ ਲਾਲੀ।
ਮੁੱਕੇ ਸਭ ਸਮਜਾਨ ਜੰਗ ਦੇ ਤਰਗਸ ਹੋਤੇ ਖਾਲੀ॥
ਪਾਣੀ ਬਾਝੋਂ ਮਰਨ ਤਿਹਾਏ ਅਰ ਪੇਟੋਂ ਸਭ ਭੁੱਖੇ।
ਤੋਬਾ ਤੋਬਾ ਬੋਲਨ ਮੁਖ ਤੇ ਸੀਨੇ ਡਾਢੇ ਦੁੱਖੇ॥ ੨੯੪॥
ਅੱਗੇ ਹੱਥ ਨ ਉਠਦੇ ਮੂਲੇ ਪੈਰ ਪਿਛਾਹਾਂ ਜਾਂਦੇ।
ਅੱਗੋਂ ਸਿੰਘ ਦਿੱਸਨ ਜਮ ਮੂਰਤ ਮਾਨੋਂ ਫੜਕੇ ਖਾਂਦੇ॥

ਜਿਉਂ ੨ ਸਿੰਘ ਹਾਲ ਏਹ ਦੇਖਨ ਤਿਉਂ ਤਿਉਂ ਹੋਨ ਸਵਾਏ।
ਧਰਮ ਯੁੱਧ ਦਾ ਮਨ ਵਿੱਚ ਜਿਨਕੇ ਵਧਗਿਆ ਅਤਹੀ ਚਾਏ।੨੯੫॥
ਜੈਸਾ ਜੰਗ ਕਰਨ ਭਲ ਮਾਨੇ ਐਸੀ ਖੁਸ਼ੀ ਨ ਕੋਈ।
ਵਿੱਚ ਬਿਵਾਹਾਂ ਦੇ ਭੀ ਕਦ ਹੀ ਨਾ ਸੂਰਿਆਂ ਨੂੰ ਹੋਈ॥
ਓਸੇ ਸਮੇਂ ਯੁੱਧ ਦੀ ਬਾਨੀ ਉੂਚੇ ਪੜ੍ਹ ਪੜ੍ਹ ਗਾਉਨ।
ਯੁੱਧ ਦਸਮ ਗੁਰ ਜੀ ਦੇ ਸਾਰੇ ਕਹਿਕੇ ਖੂਬ ਸੁਨਾਉਨ॥ ੨੯੬॥
ਜਿਸ ਪਰ ਚੜ੍ਹੇ ਸਵਾਈ ਲਾਲੀ ਅਰ ਸੂਰਮਤਾ ਆਵੇ।
ਜਿਉਂ ਕਰ ਸ਼ੇਰ ਮ੍ਰਿਗ ਪਰ ਜਾਂਦਾ ਇਉਂ ਤੁਰਕਾਂ ਪਰ ਧਾਵੇ॥
ਜਦ ਦੇਖਿਆ ਤੁਰਕੀ ਦਲ ਮਰਦਾ ਨਾਲ ਪਿਆਸ ਦੁਖਾਰੀ।
ਅਰ ਤਿਨ ਕੋ ਨਾ ਖਬਰ ਨੀਰ ਕੀ ਹੈ ਕਿਸ ਜਗ੍ਹਾ ਮਝਾਰੀ॥੨੯੭॥
ਤਬ ਸਿੰਘਨ ਨੇ ਮਤਾ ਪਕਾ ਕੇ ਤਾਲ ਕਨਾਰੇ ਜਾਈ।
ਅੱਗੇ ਹੀ ਜਾ ਧਰੇ ਮੋਰਚੇ ਡੇਰਾ ਦਯੋ ਲਗਾਈ॥
ਫੂਲ ਗਏ ਇਮ ਦੇਖ ਯੁੱਧ ਨੂੰ ਜਿਉਂ ਨਿੱਧ ਪਾਕਰ ਕੋਈ।
ਮਾਨਹੁ ਆਜ ਜਗਤ ਦੀ ਦੌਲਤ ਮਿਲੀ ਅਸਾਨੂੰ ਸੋਈ ॥ ੨੯੮॥
ਬੋਲ ਗੁਰੂ ਕੀ ਫਤੇ ਲਗਾਇਆ ਤਾਲ ਕਨਾਰੇ ਡੇਰਾ।
ਪਾਠ ਕਰਨ ਗੁਰਬਾਨ ਕੇਰਾ ਚੜ੍ਹਦਾ ਰੂਪ ਘਨੇਰਾ॥
ਰੁੱਖਾ ਸੁੱਖਾ ਖਾਇ ਅੰਨ ਤਬ ਹੋਇ ਦਲੇਰ ਖਲੋਏ।
ਓਧਰ ਤੁਰਕ ਪਿਆਸੇ ਭੁੱਖੇ ਦੁਖੀ ਹੋਇਕਰ ਮੋਏ॥ ੨੯੯॥
ਇੱਕ ਨਾ ਪਾਣੀ ਅੰਨ ਨਾ ਦੂਜਾ ਤੀਜਾ ਨੀਂਦ ਥਕੇਵਾਂ।
ਚੌਥਾ ਜੰਗਲ ਦਾ ਸੀ ਲੜਨਾ ਕਿਆ ਉਪਮਾਂ ਤਿਸ ਦੇਵਾਂ॥
ਜਦ ਇਹ ਹਾਲ ਤੁਰਕ ਦਾ ਹੋਇਆ ਹਾਰ ਗਿਆ ਦਲ ਸਾਰਾ।
ਆਖਨ ਇਸ ਉਜਾੜ ਮਝਾਰੀ ਕੈਸਾ ਰਹਿਨ ਹਮਾਰਾ ॥ ੩੦੦॥

ਅਪਨੀ ਅਪਨੀ ਜਾਨਾਂ ਦੇ ਤਦ ਫ਼ਿਕਰ ਸਭੀ ਨੂੰ ਹੋਏ ।
ਕਿਤਨੇ ਮਰੇ ਖਾਇਕਰ ਤੇਗਾਂ ਕਿਤਨੇ ਪਿਆਸੇ ਮੋਏ ॥
ਇਧਰ ਸਿੰਘ ਅਰਾਮ ਕਰਨ ਪਰ ਹੋਗਏ ਚੌਗੁਣ ਜੋਧੇ ।
ਮੁੱਛਾਂ ਨੂੰ ਚਾ ਤਾਓ ਚੜ੍ਹਾਉਨ ਮਨ ਵਿੱਚ ਭਰੇ ਕ੍ਰੋਧੇ ॥ ੨੦੧ ॥
ਚੜ੍ਹੀ ਲਾਲੀਆਂ ਚਿਹਰੇ ਉੱਪਰ ਅਰ ਕਬਜ਼ੀਂ ਹੱਥ ਪਾਏ ।
ਜੈਕਾਰੇ ਦੇ ਜੋਸ਼ ਨਾਲ ਸੀ ਤੁਰਕੋ ਮਾਨ ਗੁਵਾਏ ॥
ਤਾਰਾ ਸਿੰਘ ਹਠੀਲਾ ਅਪਨੇ ਕਰ ਵਿੱਚ ਲੈਕੇ ਬਾਟਾ ।
ਹਰ ਇੱਕ ਸਿੰਘ ਹੇਤ ਤਿਨ ਭਰਕੇ ਸੀ ਸੀਤਲ ਜਲ ਬਾਟਾ ।੨੦੨।
ਪੀਕੇ ਸਭਨਾਂ ਦੇ ਮਨ ਤਾਜ਼ੇ ਹੋਇ ਲੜਨ ਨੂੰ ਚਾਹੁਨ ।
ਇੱਕ ਤੇ ਦੂਜਾ ਹੋਇ ਅਗੇਰੇ ਸੂਰੇ ਹੱਥ ਦਿਖਾਉਨ ॥
ਇਸ ਕਾਰਜ ਨੂੰ ਦੇਖ ਸਿੱਖ ਇੱਕ ਆਕੇ ਖੜਾ ਅਗਾਰੀ ।
ਤਾਰਾ ਸਿੰਘ ਹਠੀਲੇ ਤਾਈਂ ਜਿਸ ਨੇ ਬਾਤ ਉਚਾਰੀ ॥ ੨੦੩ ॥
ਕਹੀ ਆਪ ਜਲ ਮੂਲ ਨਾ ਢੋਵੋ ਮੈਂ ਕਰਸਾਂ ਇਹ ਸੇਵਾ ।
ਆਪ ਜਾਇਕਰ ਫੌਜ ਸੰਭਾਲੋ ਜੋ ਹੋਇਆ ਹੱਥ ਲੇਵਾ ॥
ਸੁਨਦੇ ਸਾਰ ਕਹੀ ਸੁਨ ਪਜਾਰੇ ਮੈਂ ਸੇਵਕ ਗੁਰ ਕੇਰਾ ।
ਪੱਖਾ ਕਰਨਾ ਪਾਣੀ ਢੋਣਾ ਇਹ ਕਾਰਜ ਹੈ ਮੇਰਾ ॥ ੨੦੪ ॥
ਟਹਿਲੋਂ ਮਹਿਲ ਪਰਾਪਤ ਹੋਸਨ ਸੋ ਕਿਉਂ ਮੈਂ ਤਜ ਦੇਵਾਂ।
ਝੂਠੀ ਮਾਨ ਵਡਾਈ ਅਪਨੇ ਸਿਰ ਬੋਝਾ ਧਰ ਲੇਵਾਂ ॥
ਤਾਂਤੇ ਮੈਂ ਇਸ ਟਹਲੇ ਤਾਈਂ ਨਾਲ ਖੁਸ਼ੀ ਦੇ ਕਰਸਾਂ ।
ਧੰਨ ਭਾਗ ਜੇ ਸੇਵਾ ਕਰਦਿਆਂ ਇਸ ਜਾਗਾ ਪਰ ਮਰਸਾਂ ॥ ੨੦੫॥
ਜਨਮ ਸਫਲ ਅਰ ਤਨ ਹੈ ਸਫਲਾ ਮਨ ਸਫਲਾ ਸੌ ਭਾਈ ।
ਸੇਵਾ ਕਰਦਿਆਂ ਇਸ ਜਗ ਉਤੋਂ ਜੇਕਰ ਹਮਰਾ ਜਾਈ ॥

ਐਸਾ ਸਮਾਂ ਪਵਿੱਤ੍ਰ ਮੈਨੂੰ ਹੋਰ ਨ ਮਿਲਸੀ ਕੋਈ।
ਜਦ ਸਿੰਘਾਂ ਦੀ ਔਖੇ ਵੇਲੇ ਸੇਵਾ ਕਰਸਾਂ ਕੋਈ॥ ੨੦੬ ॥
ਏਹ ਮਹਾਤਮ ਅੱਜ ਹੱਥ ਹੈ ਆਇਆ ਉਮਰ ਮਝਾਰੀ।
ਜਿਸ ਨੂੰ ਤਜਕੇ ਪਰੇ ਹੋਵਨਾ ਹੈ ਯਹ ਕਾਮ ਗੁਵਾਰੀ॥
ਮੁਕਤ ਭੁਗਤ ਇਸ ਜਗ ਮਹਿ ਮਿਲਦੀ ਸਿੰਘਨ ਸੇਵ ਕਰਾਏ।
ਫਿਰ ਮੈਂ ਚਾਰ ਪਦਾਰਥ ਦਾਤੀ ਬੈਠਾਂ ਟਹਲ ਭੁਲਾਏ॥ ੨੦੭॥
ਜੁੱਧ ਜੰਗ ਮਹਿ ਕੰਮ ਭਲਾ ਹੈ ਜਲ ਅਰ ਅੰਨ ਛਕਾਨਾ।
ਜਿਸ ਪਰ ਇਸ ਜਿੰਦੜੀ ਦਾ ਰਹਸੀ ਸਦ ਹੀ ਮੀਤ ਟਕਾਨਾ॥
ਜਦ ਇਹ ਬਾਤ ਸਿੰਘ ਨੇ ਆਖੀ ਅਰ ਦੂਜੇ ਸੁਨ ਪਾਈ।
ਕਹੀ ਪੁਕਾਰ ਧੰਨ ਤੂੰ ਜਗ ਮਹਿ ਤਾਰਾ ਹਰਿ ਹੇ ਭਾਈ॥ ੨੦੮ ॥
ਐਸੇ ਸਿਦਕੀ ਧਰਮਾਤਮ ਦਾ ਨਾਓਂ ਜਗਤ ਰਹਿ ਜਾਊ।
ਬੇ ਸਿਦਕਿਆਂ ਨੂੰ ਸਿਦਕ ਦਿਵਾਕੇ ਗੁਰ ਕੇ ਚਰਨੀਂ ਲਾਊ॥
ਦਸਮ ਗੁਰੂ ਜਦ ਜੰਗ ਸਮੇਂ ਵਿੱਚ ਅਪਨੇ ਕਰ ਧਰ ਪਿਆਲਾ।
ਭਰ ਭਰ ਨੀਰ ਆਪਨੇ ਸਿੱਖਾਂ ਸੀ ਹਸ ਹਸ ਕੇ ਪਿਆਲਾ॥੨੦੯॥
ਤਾਂ ਇਹ ਕਾਰਜ ਜੋ ਹੈ ਤੁਮਰਾ ਸੋ ਕਿਉਂ ਬੁਰਾ ਠਰਾਵਾਂ।
ਮੈਂ ਤਾਂ ਇਸਦੇ ਬਦਲੇ ਤੇਰਾ ਸੁਫਲਾ ਜਨਮ ਬਤਾਵਾਂ॥
ਏਧਰ ਸਿੰਘ ਹੋਇ ਕਰ ਤਕੜੇ ਬੈਠੇ ਸਿਰ ਤਲ ਧਰਕੇ।
ਓਧਰ ਮੋਮਨ ਖਾਂ ਮਨ ਰੋਹਿਆ ਚੜ੍ਹਿਆ ਹੱਲਾ ਕਰਕੇ॥ ੨੧੦॥
ਦੋਇ ਹਜ਼ਾਰ ਸੰਗ ਲੈ ਸੂਰਾ ਜੰਗੀ ਖਾਨ ਬਹਾਦਰ।
ਪਿਆ ਆਇਕੇ ਇੱਕੋ ਵੇਰੀ ਲਖਕੇ ਅਧਕ ਨਰਾਦਰ॥
ਲਾਲੀ ਭਖਦੀ ਚਿਹਰੇ ਉੱਪਰ ਅਰ ਮਨ ਕ੍ਰੋਧ ਤਪਾਇਆ।
ਆਖੇ ਦੇਖੋ ਇਨ ਸਿੰਘਾਂ ਨੇ ਮੇਰਾ ਕਟਕ ਮੁਕਾਇਆ॥ ੨੧੧॥

ਇਸ ਦਾ ਬਦਲਾ ਲੈਸਾਂ ਜਬ ਮੈਂ ਤਬ ਭੋਜਨ ਮੁਖ ਪਾਊਂ ।
ਨਾਂਤਰ ਮੁੜਕੇ ਬਾਦਸ਼ਾਹ ਨੂੰ ਮੂਲ ਨਾ ਮੁਖ ਦਿਖਲਾਊਂ।
ਕਹੇ ਪੁਕਾਰ ਸੁਨੋ ਹੋ ਜੰਗੀ ਕਾਬਲ ਕਦਰ ਪਠਾਨੋਂ ।
ਇਨ ਕਾਫਰ ਬੇਦੀਨਾਂ ਤਾਈਂ ਤੁਰਤ ਮੁਕਾਵੋ ਜਾਨੋਂ ॥ ੨੧੨ ॥
ਫ਼ਤਹ ਕਰੋ ਅਰ ਨਾਹਰਾ ਮਾਰੋ ਚਾਇ ਅਲੀ ਦਮ ਭਰਕੇ ।
ਜਿਸ ਦੇ ਸੁਨਦਿਆਂ ਨਾਲ ਜਾਨਗੇ ਆਪੇ ਐਥੋਂ ਡਰਕੇ ॥
ਜਦ ਇਹ ਗਜ਼ਬ ਨਾਕ ਹੋ ਆਖੀ ਅਰ ਸੁਨ ਲਈ ਪਠਾਨਾਂ।
ਘੋੜੇ ਚਾਇ ਕੁਦਾਏ ਸਭਨਾਂ ਅਪਨੇ ਵਿੱਚ ਮਦਾਨਾਂ ॥ ੨੧੩ ॥
ਜਿਸ ਪਰ ਇਕ ਪਠਾਨ ਪਜਾਰਾ ਤਾਰਾ ਸਿੰਘ ਸਨੇਹੀ ।
ਆਇਆ ਧਾਇ ਫੇਰ ਤਿਸ ਪਾਸੇ ਦੇਨ ਖਬਰ ਇਹ ਤੇਹੀ ॥
ਸੁਨੋ ਖਾਲਸਾ ਤਾਰਾ ਹਰ ਜੀ ਕਿਉਂ ਤੁਮ ਜਾਨ ਗਵਾਵੋ ।
ਇੱਕ ਪਲ ਪਾਛੇ ਹਟਕੇ ਅਪਨੀ ਕਿਉਂ ਨਾ ਜਾਨ ਬਚਾਵੋ ॥ ੨੧੪॥
ਮੋਮਨ ਖਾਂ ਦਾ ਗੁੱਸਾ ਭਾਰਾ ਹੁਣ ਨਹਿ ਜਾਇ ਸਹਾਰਾ ।
ਹੈ ਇਹ ਹਠੀ ਬਹਾਦਰ ਭਾਰਾ ਕਿਆ ਬਲ ਕਰੇ ਤੁਮਾਰਾ ॥
ਜਾਨ ਨਾਲ ਹੀ ਧਰਮ ਪਿਆਰਾ ਅਰ ਜਗ ਦੇ ਸੁਖ ਸਾਰੇ ।
ਮੋਇਆਂ ਮਗਰੋਂ ਕੌਣ ਜਾਨਦਾ ਕਿਆ ਕਰਸੀ ਕਰਤਾਰੇ ॥ ੨੧੫॥
ਤਾਂਤੇ ਮੈਂ ਸਭ ਆਇ ਸੁਨਾਇਆ ਜੋ ਹੈ ਹਾਲ ਚੰਗੇਰਾ ।
ਅੱਗੇ ਕਰਨਾ ਅਰ ਨਾ ਕਰਨਾ ਹੈ ਸਭ ਕਾਰਜ ਤੇਰਾ ॥
ਜਿਸ ਪਰ ਤਾਰਾ ਸਿੰਘ ਉਸ ਨੂੰ ਕਹੀ ਖਾਨ ਸੁਨ ਭਾਈ ।
ਸੂਰਾ ਰਣ ਤੇ ਕਦੇ ਨਾ ਮੁੜਦਾ ਦੇਂਦਾ ਜਾਨ ਅਜਾਈ ॥ ੨੧੬ ॥
ਵੇਖ ਪਤੰਗ ਜੀਵ ਜੋ ਮਰਦਾ ਜਾਇ ਸ਼ਮਾਂ ਪਰ ਗਿਰਕੇ ।
ਫਿਰ ਕਹੁ ਕਦੋਂ ਲੈਨ ਯਸ ਸੂਰੇ ਜੁੱਧ ਮਦਾਨੋਂ ਫਿਰਕੇ ॥

ਜੀਵਨ ਮਰਨਾ ਅਸਾਂ ਨਾ ਜਾਤਾ ਅਰ ਨਾ ਲੋੜ ਹਮਾਰੇ ।
ਫਿਰ ਕਿਆ ਕਰਸਨ ਆਕਰ ਹਮਰਾ ਇਹ ਜੋ ਲੋਗ ਨਿਕਾਰੇ॥੨੧੭॥
ਅਸੀਂ ਮਰਨ ਤੇ ਪਹਿਲਾਂ ਮੂਏ ਭਾਵ ਦੂਸਰੇ ਖੋਇ ।
ਜੋ ਹੋਣੀ ਸੋ ਆਪੇ ਹੋਸੀ ਦੇਖ ਨਾ ਗਿਰੀਏ ਟੋਏ ॥
ਜੀਤ ਹਾਰ ਦੀ ਹੌਂਸ ਨਾ ਸਾਨੂੰ ਅਰ ਨਾ ਧਨ ਦੀ ਆਸਾ ।
ਅਸੀਂ ਜਾਨ ਤਾਂ ਜਾਨ ਲਈ ਜਿਉਂ ਪਾਣੀ ਵਿੱਚ ਪਤਾਸਾ॥੨੧੮॥
ਕੈ ਦਿਨ ਜੀਵਨ ਕਾਰਨ ਕਰੀਏ ਅਸੀਂ ਬਖੇੜੇ ਐਸੇ ।
ਕਾਇਰ ਕਰਨ ਜਗਤ ਵਿੱਚ ਜੋਈ ਜੀਵਨ ਕਾਰਨ ਜੈਸੇ ॥
ਤਾਂਤੇ ਅਸੀਂ ਸ਼ਹੀਦ ਹੋਇਕੇ ਜਗ ਅੰਦਰ ਜਸ ਲੈਣਾ ।
ਇਨ ਕੇ ਡਰਤੇ ਮੂਜ਼ੀ ਹੋਕੇ ਅਸੀਂ ਨਾ ਰਸਤੇ ਪੈਣਾ ॥ ੨੧੯ ॥
ਜਿਸ ਤੇ ਓੜਕ ਵਾਲੀ ਸਾਡੀ ਫਤੇ ਸਮਝ ਹੁਨ ਪਿਆਰੇ ।
ਜਾਕੇ ਦਲ ਅਪਨੇ ਵਿੱਚ ਦੇਖੀਂ ਜੋ ਕੁਛ ਹਾਥ ਹਮਾਰੇ ॥
ਇਤਨਾ ਕਹਿਕੇ ਵਿਦਾ ਕਰਾਯਾ ਅਰ ਸਿੰਘਾਂ ਸਮਝਾਇਆ ।
ਐਸਾ ਵੇਲਾ ਸੂਰਮਿਆਂ ਨੂੰ ਕਦੇ ਨਹੀਂ ਮੁੜ ਆਯਾ ॥ ੨੨੦ ॥
ਤਾਂਤੇ ਧਰਮ ਜੁੱਧ ਵਿੱਚ ਪਿਆਰੇ ਲੇਵੋ ਚਾਇ ਸ਼ਹੀਦੀ ।
ਮਰੋ ਮਾਰ ਕੇ ਕਈ ਸਇਆਂ ਨੂੰ ਹੋਣਾ ਮੂਲ ਨਾ ਗੀਦੀ ॥
ਦੋਨੋਂ ਪਾਸਿਆਂ ਦੇ ਦਲ ਜੁੱਟੇ ਯੁੱਧ ਭੂਮ ਵਿੱਚ ਆਕੇ ।
ਚਾਹੁਨ ਸੀਨਾਂ ਸੀਤਲ ਕੀਤਾ ਦੁਸ਼ਮਨ ਹੋੜ ਮੁਕਾਕੇ ॥ ੨੨੧ ॥
ਚਲੀ ਤੇਗ਼ ਕਹਰ ਦੀ ਭਾਰੀ ਬਰਸੇ ਗੋਲੀ ਤੀਰੇ ।
ਲੱਗ ਦੁਸਾਰ ਜਾਇ ਜਿਸ ਵੱਲੇ ਗਿਰਸਨ ਧਰਤੀ ਹੀਰੇ ॥
ਪਰ ਤੁਰਕੀ ਦਲ ਆਪਸ ਅੰਦਰ ਕਟ ਕਟ ਬਹੁਤਾ ਮਰਦਾ ।
ਅਪਨਾ ਅਤੇ ਬਿਗਾਨਾ ਕੋਈ ਸੂਝ ਨ ਰਣ ਵਿੱਚ ਪਰਦਾ ॥੨੨੨॥

ਦੋਨੋਂ ਪਾਸਯੋਂ ਚੜੀ ਚੌਗਨੀ ਮੁਖ ਪਰ ਐਸੀ ਲਾਲੀ ।
ਆਖਨ ਅੱਜ ਇੱਕ ਕਰ ਦੇਨੀ ਦੁਨੀਆਂ ਹੋਸੀ ਖਾਲੀ ॥
ਰੁੱਖਾਂ ਵਾਂਗ ਖੜੇ ਮੱਲ ਜਾਗਾ ਮੂਲ ਨ ਪੈਰ ਹਟਾਂਦੇ ।
ਸਨਮੁਖ ਤੇਗਾਂ ਬਰਛੇ ਸੂਰੇ ਸੀਨਜ਼ਾਂ ਉੱਪਰ ਖਾਂਦੇ ॥ ੧੨੩ ॥
ਮਾਰਨ ਬਾਂਹ ਉਲਾਰ ਜ਼ੋਰ ਤੇ ਚੀਰ ਦੁਸਾਰੇ ਜਾਵੇ ।
ਮੁੜਕੇ ਧਰਤੀ ਤੇ ਨਾ ਉਠਦਾ ਜੋ ਇੱਕ ਵੇਰ ਗਿਰਾਵੇ ॥
ਜਿਉਂ ਜਿਉਂ ਚੜ੍ਹਦਾ ਸੀ ਦਿਨ ਚੰਗਾ ਤਿਉਂ ਮਚਦਾ ਬਹੁ ਦੰਗਾ ।
ਤਕ ਤਕ ਮਾਰਨ ਦੁਸ਼ਮਨ ਤਾਈਂ ਮਨ ਮਹਿ ਹੋਇ ਨਸੰਗਾ ॥੧੨੪॥
ਪਰ ਕਿਆ ਕਰਨ ਪੇਸ਼ ਨਹਿ ਜਾਂਦੀ ਪਏ ਕਲੀਲੀ ਖਾਂਦੇ ।
ਜਿਸ ਪਰ ਧਰਮ ਹੇਤ ਲੜ ਸੂਰੇ ਰਣ ਨ ਪੀਠ ਦਿਖਾਂਦੇ ॥
ਵੱਜੇ ਢੋਲ ਨਗਾਰਾ ਭਾਰਾ ਕੜਕੇ ਤੁਪਕ ਕਰਾਲੀ ।
ਤੀਰਾਂ ਦੀ ਬਰਖਾ ਨੇ ਕੀਤੇ ਸੂਰਿਆਂ ਦੇ ਪਿੜ ਖਾਲੀ ॥ ੧੨੫ ॥
ਬੱਦਲ ਵਾਂਗ ਚੜੇ ਦਲ ਤੁਰਕੀ ਘੇਰ ਖਾਲਸਾ ਲੀਆ ।
ਚਾਰ ਚੁਫੇਰਿਯੋਂ ਵਾਰ ਜਿਨ੍ਹਾਂ ਨੇ ਸਿੰਘਨ ਉੱਪਰ ਕੀਆ ॥
ਸ਼ੇਰਾਂ ਵਰਗੇ ਮੁਗਲ ਆਇਕਰ ਸੇਲੇ ਖੂਬ ਘੁਮਉਨ ।
ਹੋਰ ਪਠਾਨ ਹਠੀਲੇ ਭਾਰੀ ਅਪਨੀ ਤੇਗ਼ ਚਲਾਉਨ ॥ ੧੨੬ ॥
ਪਰ ਇਧਰ ਭੀ ਸਿੰਘ ਗੁਰੂ ਦੇ ਕਰਨ ਜੋਇ ਮਨ ਭਾਈ ।
ਖਾਇ ਤੇਗ਼ ਫਿਰ ਪਿਛਾਂ ਨ ਹਟਦੇ ਜਾਂਦੇ ਤਿਸ ਪਰ ਧਾਈ ॥
ਕਈ ਕਈ ਦੇ ਸੀਸ ਲਾਹਕੇ ਹੋਨ ਸ਼ਹੀਦ ਹਠੀਲੇ ।
ਦੇਖ ਹੱਥ ਜਿਨਕੇ ਵੱਡ ਭਾਰੇ ਭਏ ਤੁਰਕ ਮੁਖ ਪੀਲੇ ॥ ੧੨੭ ॥
ਜਿਉਂ ਜਿਉਂ ਤੁਰਕ ਕਰਨ ਮਿਲ ਹੱਲੇ ਲੈ ਕਰ ਕਰ ਮਹਿੰ ਭੱਲੇ ।
ਤਿਉਂ ਤਿਉਂ ਸਿੰਘ ਪੈਨ ਕਰ ਧਾਈ ਪੈਰੋਂ ਮੂਲ ਨਾ ਹੱਲੇ ॥

ਨਿਕਲ ਮੋਰਚਿਆਂ ਤੋਂ ਹੋ ਅੱਗੇ ਲੱਗੇ ਕਰਨ ਲੜਾਈ।
ਦੇਖ ਜੰਗ ਦੇ ਹੱਥ ਤੁਰਕ ਮਨ ਰਹਿਗਈ ਹੌਂਸ ਨ ਕਾਈ ॥੩੨੮॥
ਸਤਿ ਸ੍ਰੀ ਅਕਾਲ ਬੋਲਕੇ ਮਾਰਨ ਕੱਸਕੇ ਕਾਨੀ।
ਸੀਨਾ ਤੋੜ ਫੋੜ ਕਰ ਹੱਡਾਂ ਖਬਰ ਦਵੇ ਅਸਮਾਨੀ।
ਜਿਤ ਵਲ ਪੈਨ ਹੋਇ ਕਰ ਕੱਠੇ ਅੱਗੇ ਚਾਲਾ ਲੈਂਦੇ।
ਭੱਜਨ ਮੁਗਲ ਚੁਗਲ ਦੇ ਪਿੱਠਾਂ ਯਾ ਮਰਕੇ ਧਰ ਪੈਂਦੇ ॥ ੨੨੯ ॥
ਜਿਵੇਂ ਪਿੰਜਰੇ ਅੰਦਰ ਗੱਜੇ ਸਿੰਘ ਕੇਹਰੀ ਭਾਰਾ।
ਤਿਉਂ ਤੁਰਕਾਂ ਦੇ ਘੇਰੇ ਅੰਦਰ ਸਿੰਘ ਕਰਨ ਜੈਕਾਰਾ॥
ਤਨਕੇ ਗੋਲ ਬੋਲਕੇ ਨਾਹਰਾ ਇੱਕ ਇੱਕ ਜਾਂਦਾ ਐਸੇ।
ਡਾਰ ਮਿਰਗਾਂ ਦੀ ਉੱਪਰ ਛੁਟਦਾ ਚੀਤਾ ਜੰਗਲ ਜੈਸੇ॥ ੩੩੦॥
ਮਾਰ ਮਾਰ ਕੇ ਧਰਤ ਲੁਟਾਏ ਜੋ ਥੇ ਖਾਨ ਰੁਹੇਲੇ।
ਮਾਨੋਂ ਸਿਰ ਸਿਰ ਬਾਜ਼ੀ ਲਾਕੇ ਸੇ ਮਿਲ ਜੂਆ ਖੇਲੇ॥
ਵੱਗੇ ਧਾਰ ਲਹੂ ਦੀ ਐਸੇ ਫੁੱਟਨ ਜਿਵੇਂ ਪੁਹਾਰੇ।
ਸੂਹੀ ਧਰਤੀ ਰੰਗ ਕਸੁੰਭੇ ਹੋਇ ਗਈ ਤਦ ਸਾਰੇ॥ ੩੩੧ ॥
ਗਿਰਝਾਂ ਕਾਗ ਸ੍ਵਾਨ ਮਨ ਭਾਇਆ ਖਾਨ ਮਾਸ ਮਿਲ ਸਾਰੇ।
ਮਾਨਹੁ ਦੇਗ ਭਲੀ ਵਰਤਾਉਨ ਆਇ ਬਹਾਦਰ ਭਾਰੇ॥
ਗਿਰਝਾਂ ਉੜਨ ਅਕਾਸ ਮਾਸ ਲੈ ਅਰ ਨਭ ਮਹਿ ਕੁਰਲਾਵਨ।
ਮਾਨਹੁ ਗਾਇ ਜੰਗ ਦੀ ਗਾਥਾ ਸੂਰਿਆਂ ਮਨ ਪਰਚਾਉਨ॥ ੩੩੨॥
ਜਿਉਂ ਜਿਉਂ ਸਿੰਘ ਕਰਨ ਬਲ ਭਾਰੀ ਤਿਉਂ ਤਿਉਂ ਮੋਮਨਖਾਂ ਨੇ।
ਘੋੜਾ ਫੇਰ ਦਲੇਰੀ ਦਿੱਤੀ ਕਰਕੇ ਜ਼ੋਰ ਧਿਗਾਨੇ॥
ਕਹੇ ਬਹਾਦਰ ਤੁਰਕ ਪਠਾਣੋਂ ਕਿਉਂ ਤੁਮ ਮਨ ਘਬਰਾਏ।
ਅੱਜ ਮੁਕਾਬਲ ਹੋਕੇ ਇਨਕੇ ਚਾਹਤ ਹੂੰ ਅਜ਼ਮਾਏ॥ ੩੩੩ ॥

ਜਬ ਤਕ ਮਾਰ ਇਨ੍ਹਾਂ ਕੋ ਤੁਮਨੇ ਨਾ ਧਰਤੀ ਪਰ ਮਾਰਾ।
ਤਬ ਲਗ ਸਨਮੁਖ ਸੂਬੇ ਕੇ ਹੈ ਜਾਨਾ ਕਠਨ ਤੁਮ੍ਹਾਰਾ॥
ਲਾਜ ਲਗੇ ਗੀ ਤੁਮਰੇ ਤਾਈਂ ਜੇਕਰ ਇਸ ਜਾ ਹਾਰੋ।
ਕਿਸ ਮੁਖ ਨਾਲ ਖਾਨ ਦੇ ਅੱਗੇ ਅਪਨੀ ਸ਼ੇਖੀ ਮਾਰੋ॥ ੩੨੪॥
ਤਾਂਤੇ ਕਰੋ ਜੰਗ ਹੁਨ ਐਸਾ ਅਲੀ ਕਰਾ ਥਾ ਜੈਸਾ।
ਮਾਰ ਕਾਫਰਾਂ ਕਟਕ ਮੁਕਾਇਆ ਤੁਮ ਕੋ ਚਾਹੀਏ ਤੈਸਾ॥
ਰੱਖੋ ਯਾਦ ਅਲੀ ਨੂੰ ਮਨ ਵਿੱਚ ਅਰ ਕਲਮੇਂ ਦੇ ਕਾਰਨ।
ਜਾਨਾਂ ਵੇਚ ਦੀਨ ਪਰ ਮੁੱਏ ਕਰ ਮੁਖ ਨਬੀ ਉਚਾਰਨ॥ ੩੨੫॥
ਥੋੜੇ ਜੇਹੇ ਕਾਫਰ ਤੁਮ ਤੇ ਮਰਨ ਨ ਜੇ ਇਸ ਵਾਰੀ।
ਤਾਂ ਕਾਲਖ ਇਸ ਸ਼ਰਮ ਤੁਸਾਂ ਨੂੰ ਕਰਨੀ ਬਹੁਤ ਖੁਆਰੀ॥
ਚਾਰੇ ਓਰ ਤੋਰਕੇ ਘੋੜਾ ਕਹਿੰਦਾ ਮਨ ਦੁਖ ਸਹਿੰਦਾ।
ਦੇਖੋ ਕਿਹਾ ਬਖੇੜਾ ਪਾਇਆ ਮਨ ਵਿਚ ਦੁਖਕੇ ਕਹਿੰਦਾ॥ ੩੨੬॥
ਏਧਰ ਸਿੰਘ ਦੇਖ ਕਰ ਤੁਰਕਾਂ ਚੜ੍ਹਕੇ ਕ੍ਰੋਧ ਸਵਾਏ।
ਜਿਉਂ ਹਸਤੀ ਨੂੰ ਦੇਖ ਸਿੰਘ ਬਨ ਘਨ ਵਾਂਗੁਰ ਗਰਜਾਏ॥
ਤਾਰਾ ਸਿੰਘ ਫਿਰੇ ਚੌਤਰਫੇ ਆਖੇ ਧੰਨ ਪਿਆਰੇ।
ਨਾਮ ਗੁਰੂ ਦੇ ਉੱਪਰ ਹੋਏ ਤੁਮ ਹੋ ਸਭ ਬਲਹਾਰੇ॥੩੨੭॥
ਮਾਰੋ ਤੁਰਕਾਂ ਮਾਨ ਗੁਵਾਵੋ ਝਾੜੋ ਭੰਗ ਬਨਾਕੇ।
ਛੱਡੋ ਹੋਸ਼ ਨ ਮਨ ਵਿੱਚ ਕੋਈ ਗੁਰ ਕੇ ਚਰਨ ਮਨਾਕੇ॥
ਲੇਹੁ ਸ਼ਹੀਦੀ ਮਾਰ ਇਨ੍ਹੋਂ ਕੋ ਅਰ ਜੀਵੋ ਜਸ਼ ਪਾਵੋ।
ਪਰ ਇਸ ਧਰਮ ਕਾਜ ਵਿੱਚਪਿਆਰੇ ਨਿਜਕੋਲਾਜ ਨ ਲਾਵੋ।੩੨੮॥
ਐਸਾ ਜੁਧ ਭਿਆਨਕ ਹੋਇਆ ਤਦ ਸਿੰਘਾਂ ਦੇ ਹੱਥੋਂ।
ਕਰਕੇ ਬਲ ਉਹ ਜਾਨ ਬਚਾਉਨ ਤੁਰਕੀ ਦਲ ਆਗੱਥੋਂ॥

ਮਾਰ ਮਾਰ ਕੇ ਥੱਕ ਗਏ ਸਨ ਸਿੰਘ ਤੁਰਕ ਦਲ ਭਾਈ।
ਪਰ ਉਹ ਕਿੱਥੋਂ ਤੀਕ ਮੁਕਾਵਨ ਜੋ ਗਿਣਨੇ ਮੇਂ ਨਾਹੀਂ ॥ ੨੩੯॥
ਓੜਕ ਤੀਰ ਗੋਲੀਆਂ ਸਿੰਘਾਂ ਸਭ ਹੀ ਚਾਇ ਚਲਾਏ।
ਖਾਲੀ ਪਾਸ ਬੰਦੂਕਾਂ ਰਹੀਆਂ ਯਾ ਸਨ ਧਨੁਖ ਸਬਾਏ।
ਜਿਸ ਪਰ ਹਾਰ ਹੱਥ ਧਰ ਕਬਜ਼ੀਂ ਧੂਹ ਲਈ ਤਲਵਾਰੇ।
ਜਾਇ ਪਏ ਦੁਰਜਨ ਦੇ ਉੱਤੇ ਜਿਉਂ ਕਰ ਉੱਡੇ ਗੁਬਾਰੇ ॥ ੨੪੦॥
ਸੇਲੇ ਨੇਜ਼ੇ ਬਰਛੇ ਪਰਸੇ ਜੋ ਜਿਸ ਦੇ ਹੱਥ ਆਏ।
ਸੋਈ ਲੈਕੇ ਸਨਮੁਖ ਤੁਰਕਾਂ ਹੋਇ ਬਹਾਦਰ ਧਾਏ॥
ਜਿਤ ਵਲ ਵੇਖਨ ਤਿਤ ਵਲ ਮਾਰਨ ਕਰਦੇ ਸੋਚ ਨ ਰਾਈ।
ਕਰ ਕਰ ਟੁਕੜੇ ਧਰਤੀ ਸੁੱਟਨ ਜਿਉਂਕਰ ਧਰੇ ਕਸਾਈ ॥ ੨੪੧॥
ਕਰਕੇ ਹੱਲਾ ਜਾਇ ਪਏ ਸਭ ਇਕ ਵੇਰੇ ਹੀ ਐਸੇ।
ਭੁੱਖੇ ਬਾਜ ਪੈਨ ਜਿਉਂ ਕੂੰਜਾਂ ਸਿੰਘ ਗੁਰੂ ਦੇ ਤੈਸੇ॥
ਕਟਾ ਕੱਟ ਕਰ ਸਟ ਸਟ ਮਾਰਨ ਕਰ ਕਰ ਬਲ ਮਨ ਭਾਏ।
ਵਡੇ ਬਹਾਦਰ ਸੇ ਜੋ ਦੁਸ਼ਮਨ ਫੜਕੇ ਚਾਇ ਮੁਕਾਏ ॥ ੨੪੨ ॥
ਐਸਾ ਜੁੱਧ ਘੋਰ ਜਦ ਮਚਿਆ ਰਹੀ ਨਾ ਕੁਝ ਸੰਭਾਰਾ।
ਦੋਨੋਂ ਪਾਸੇ ਵਧ ਵਧ ਲੜਦੇ ਵਜਦਾ ਖੂਬ ਨਗਾਰਾ॥
ਤੁਰਕ ਬਾਂਧ ਕਰ ਟੋਲਾ ਆਵਨ ਸਿੰਘ ਪਿਛਾਹਾਂ ਮੋੜਨ।
ਏਸੇ ਤਰ੍ਹਾਂ ਦੁਸ਼ਮਨਾਂ ਸੰਗੇ ਲੜਕੇ ਤੇ ਮਦ ਤੋੜਨ ॥ ੨੪੩ ॥
ਦੇਖ ਹਾਲ ਇਹ ਸਿੰਘਾਂ ਦਾ ਤਦ ਤਕੀ ਬੇਗ ਇੱਕ ਸੂਰਾ।
ਹੁਤਾ ਮੁਗਲ ਓਹ ਹਾਥੀ ਦੂਨੀ ਅਪਨੇ ਬਲ ਮਹਿੰ ਪੂਰਾ।
ਗੁੱਸਾ ਖਾਇ ਕੁਦਾਕੇ ਘੋੜਾ ਗਾਲ਼ੀ ਕਢਦਾ ਆਯਾ।
ਆਖੇ ਅਜੇ ਤੀਕ ਨ ਫੜਕੇ ਭਾਰਾ ਸਿੰਘ ਮੁਕਾਯਾ ॥ ੨੪੪ ॥

ਘੋੜੇ ਉੱਪਰ ਚੜ੍ਹਕੇ ਉਸਨੇ ਦਿੱਤਾ ਚੱਕ੍ਰ ਭਾਰਾ ॥
ਆਇ ਮਦਾਨ ਗਰਜ ਕੇ ਉਸਨੇ ਸੀ ਇਮ ਬਚਨ ਉਚਾਰਾ ॥
ਤਾਰਾ ਸਿੰਘ ਕਹੋ ਹੈ ਕਿੱਥੇ ਉਸਨੂੰ ਹੱਥ ਦਿਖਾਵਾਂ ।
ਮਾਰ ਤੀਰ ਛਾਤੀ ਜਿਸ ਭੰਨਾਂ ਲੋਹੂ ਉਸਦੇ ਨ੍ਹਾਵਾਂ ॥ ੨੪੫ ॥
ਜਿਸਦੀ ਧਮਕੀ ਸੁਨਕਰ ਅੱਗੋਂ ਤਾਰਾ ਸਿੰਘ ਪੁਕਾਰਾ ।
ਆਗੇ ਆਓ ਮੁਗਲ ਕਿਆ ਬੋਲੇਂ ਕਹਾਂ ਦੇਤ ਲਲਕਾਰਾ ॥
ਓਧਰ ਮੁਗਲ ਅਗੇਰੇ ਹੋਇਆ ਇਤ ਤਾਰਾ ਹਰਿ ਧਾਇਆ ।
ਦੋਨਾਂ ਸਨਮੁਖ ਹੋਕੇ ਅਪਨਾ ਧਰਤੀ ਪਗ ਅਟਕਾਇਆ ॥ ੨੪੬ ॥
ਫਿਰ ਉਸ ਮੁਗਲ ਸੁਨਾਕੇ ਆਖੀ ਤਾਰਾ ਸਿੰਘ ਬਹਾਦਰ ।
ਪਹਿਲੇ ਕਰ ਤੂੰ ਵਾਰ ਮੁਗਲ ਤੇ ਮੈਂ ਕਰਸਾਂ ਤੁਹਿ ਆਦਰ ॥
ਪਹਿਲੇ ਚੜ੍ਹ ਕਰ ਆਏ ਤਾਈਂ ਕਰਨਾ ਸੀ ਸਤਕਾਰਾ ।
ਜਿਸਤੇ ਮੈਂ ਸਨਮੁਖ ਹੋ ਖਾਊਂ ਜੋ ਹੈ ਵਾਰ ਤੁਮ੍ਹਾਰਾ ॥ ੨੪੭ ॥
ਜਿਸਨੂੰ ਸੁਨਕੇ ਤਕੀ ਬੇਗ ਨੇ ਬੇਗ ਤੀਰ ਗਹਿ ਕਾਢਾ ।
ਮਾਨਹੁ ਇੰਦ੍ਰ ਧਨਖ ਮਾਂਹਿ ਸੇ ਉਤਰਾ ਪਰਬਤ ਬਾਢਾ ॥
ਖੈਂਚ ਕਮਾਨ ਤਕਾਇ ਸਿੰਘ ਪਰ ਐਸਾ ਚਾਇ ਚਲਾਇਆ ।
ਲਗਦੇ ਸਾਰ ਪਲਕ ਨਹਿ ਲਾਵੇ ਚਾਹੇ ਤੁਰਤ ਮੁਕਾਇਆ॥੨੪੮॥
ਵਾਂਗ ਨਾਗ ਬਿਸੀਅਰ ਦੇ ਧਾਇਆ ਮਾਨਹੁ ਪੰਖ ਲਗਾਕੇ ।
ਲੱਗਾ ਜਾਇ ਸੀਸ ਪਰ ਉਸਦੇ ਮਾਨਹੁ ਜਗ੍ਹਾ ਤਕਾਕੇ ॥
ਪਰ ਉਸਦੇ ਸਿਰ ਸਜਾ ਦੁਮਾਲਾ ਅਰ ਚੱਕ੍ਰ ਸਿਰ ਤੋੜੇ ।
ਲਗਦੇ ਸਾਰ ਚੁਭਨ ਨਹਿ ਪਾਯਾ ਗਿਰਿਆ ਧਰ ਪਰ ਮੋੜੇ॥੨੪੯॥
ਰੱਤੀ ਭਰ ਭੀ ਤਾਰਾ ਹਰਿ ਨੂੰ ਖਬਰ ਨਾ ਉਸਦੀ ਹੋਈ ।
ਜਿਸ ਪਰ ਕਹੀ ਮੁਗਲ ਨੂੰ ਮੁੜਕੇ ਤੇਰੀ ਵਾਰੀ ਹੋਈ ॥

ਹੁਣ ਮੇਰੀ ਹੈ ਬਾਰੀ ਪਿਆਰੇ ਸਨਮੁਖ ਹੋਕੇ ਸਹਿਲੈ।
ਜੋ ਮਨ ਆਈ ਬਾਤ ਆਪਨੇ ਸੋ ਸਭ ਪਹਿਲੇ ਕਹਿਲੈ ॥੩੫੦॥
ਇਤਨਾ ਆਖ ਸ਼ੇਰ ਜਿਉਂ ਧਾਇਆ ਤੇਗ ਹਾਥ ਮਹਿ ਧਾਰੀ।
ਚਾਹੇ ਜਿਸਦੇ ਨਾਲ ਮੁਗਲ ਦੀ ਮੁੰਡੀ ਧੜੋਂ ਉਤਾਰਾਂ ॥
ਪਰ ਉਸਦੇ ਚੌਤਰਫ਼ੋਂ ਦੇਖੀ ਜਦੋਂ ਸੰਜੋਇ ਸਜਾਈ।
ਮੁਖਤੋਂ ਬਿਨਾ ਠੌਰ ਜੋ ਨੰਗੀ ਦਿਸਦੀ ਨਾਹੀਂ ਕਾਈ॥ ੩੫੧ ॥
ਫਿਰ ਤਿਸ ਸੂਰੇ ਹਠੀ ਸਿੰਘ ਨੇ ਐਸੀ ਚਮਕ ਦਿਖਾਈ।
ਸਿੱਧੀ ਤੇਗ ਪਕੜ ਜਿਉਂ ਬਰਛੋ ਮੁਖਦੇ ਵਿਚ ਚੁਭਾਈ॥
ਲੱਗੀ ਜਾਇ ਹਲਕ ਵਿੱਚ ਐਸੀ ਦੰਦ ਤੋੜ ਧਰ ਮਾਰੇ।
ਖਾ ਕੇ ਮੁੜਿਆ ਚਾਇ ਪਿਛਾਂਹਾਂ ਲੋਹੂ ਵਗਨ ਪ੍ਰਹਾਰੇ॥ ੩੫੨ ॥
ਉਡ ਗਈ ਹੋਸ਼ ਪਿੱਪਲਾ ਖਾਕੇ ਭਰੇ ਰੁਧਰ ਮੁਖ ਸਾਰਾ।
ਜਿਸਕੋ ਆਵਤ ਦੇਖ ਹਸਿਓ ਤਬ ਮੋਮਨ ਖਾਂ ਮਨ ਭਾਰਾ॥
ਲੱਗਾ ਕਹਿਨ ਪਾਸ ਦਿਆਂ ਮੁਗਲਾਂ ਦੇਖੋ ਯਾਰੋ ਸਾਰੇ।
ਤਕੀ ਬੇਗ ਆਇਆ ਮੁੜ ਲੜਨੋਂ ਖਾਕੇ ਪਾਨ ਕਰਾਰੇ ॥੩੫੩॥
ਜਦ ਇਹ ਹਾਂਸੀ ਕਰੀ ਓਸਨੇ ਅਰ ਸਾਥੀ ਹਸ ਬੋਲੇ।
ਕਿਆ ਮੀਆਂ ਜੋ ਪਾਨਾਂ ਬੀੜਾ ਤੁਮ ਮੁਖ ਮਾਂਹਿ ਪਪੋਲੇ॥
ਜਿਸ ਪਰ ਗੁਸਾ ਖਾਇ ਕਹੀ ਫਿਰ ਤਕੀ ਬੇਗ ਨੇ ਐਸੇ।
ਆਗੇ ਜਾਉ ਭਾਰਾ ਸਿੰਘ ਦੇਂਦਾ ਤੁਮ ਕੋ ਬੀੜੇ ਕੈਸੇ ॥ ੩੫੪ ॥
ਦੂਰ ਖੜੇ ਕਿਆ ਬਾਤਾਂ ਕਰਦੇ ਅਰ ਡਰਦੇ ਮਨ ਮਾਹੀਂ।
ਹੋਇ ਦਲੇਰ ਕਰੋ ਕੁਛ ਹਿੰਮਤ ਖਾਲੀ ਆਵੋਂ ਨਾਹੀਂ॥
ਜਦ ਇਹ ਬਾਤ ਓਸਨੇ ਆਖੀ ਤਬ ਸਭ ਨੂੰ ਰਿਸ ਆਈ।
ਮਾਨਹੁ ਬਰਛੀ ਵਿਚ ਕਲੇਜੇ ਓਸ ਮੁਗਲ ਨੇ ਲਾਈ॥ ੩੫੫ ॥

ਬੋਲਿਓ ਮੋਮਨ ਖਾਂ ਹੈ ਕੋਈ ਜੋ ਇਸ ਵੇਲੇ ਧਾਵੇ।
ਤਾਰਾ ਸਿੰਘ ਬਹਾਦਰ ਦਾ ਲੈ ਸੀਸ ਹਾਥ ਪਰ ਆਵੇ॥
ਅਰ ਇਸ ਮਿਰਜ਼ੇ ਤਾਈਂ ਮੁੜਕੇ ਕਰ ਦੇਵੇ ਸ਼ਰਮਿੰਦਾ।
ਖੇਲ ਜਾਨ ਦੀ ਬਾਜ਼ੀ ਦੋ ਜੋ ਖੇਲੇ ਜਾਨ ਪਸਿੰਦਾ॥ ੩੫੬॥
ਸੁਨਦੇ ਸਾਰ ਏਲਚੀ ਉਸਦਾ ਠੌਰ ਦੌੜ ਤਬ ਬੋਲਾ।
ਹੁਕਮ ਹਜ਼ੂਰ ਕਰੇਗਾ ਪੂਰਾ ਇਹ ਬਿਨ ਦੰਮਾਂ ਗੋਲਾ॥
ਪਕੜ ਕੇਸ ਤੇ ਤਾਰਾ ਹਰਿਕੋ ਨਾਲ ਤੇਗ਼ ਸਿਰ ਲਾਹੂੰ।
ਕਦਮਾਂ ਵਿੱਚ ਰਖਕੇ ਮਗਰੋਂ ਖੁਸ਼ੀ ਆਪ ਦੀ ਚਾਹੂੰ॥ ੩੫੭॥
ਹੈ ਕਿਆ ਚੀਜ਼ ਸਿੱਖ ਇਕ ਦੱਸੋ ਅੱਗੇ ਮੁਗਲ ਪਠਾਨਾਂ।
ਅੱਗੇ ਸ਼ੇਰ ਬੱਕਰਾ ਜੈਸੇ ਹੁੰਦਾ ਉਸਦਾ ਖਾਨਾ॥
ਕਿਆ ਹੋਇਆ ਜੇ ਮੁਗਲ ਨੱਸਕੇ ਆਇ ਗਿਆ ਸਭ ਹਾਰੇ।
ਕਿੱਥੇ ਨੱਸ ਜਾਇ ਉਹ ਕਾਫਰ ਅੱਗੇ ਤੇਗ ਹਮਾਰੇ॥ ੩੫੮॥
ਤਾਂਤੇ ਆਪ ਤਸੱਲੀ ਰੱਖੋ ਇਕ ਵੇਰੀ ਮੈਂ ਜਾਵਾਂ।
ਉਸ ਦੁਸ਼ਮਨ ਦਾ ਸੀਸ ਕੱਟਕੇ ਪਲ ਭੀਤਰ ਹੀ ਲਿਆਵਾਂ॥
ਜਿਸਦੇ ਬਚਨ ਸੁਨਦਿਆਂ ਮਨ ਵਿੱਚ ਧੀਰਜ ਉਸਦੇ ਆਇਓ।
ਆਖੀ ਕਰੋ ਪਿਆਰੇ ਸੋਈ ਜੋ ਮੁਖਤੇ ਫਰਮਾਇਓ॥ ੩੫੯॥
ਓਸੇ ਵੇਲੇ ਤਦ ਮੁਰੇਦਖਾਂ ਗਰਜ ਸਿੰਘ ਸਮ ਆਇਆ।
ਹਾਥੀ ਪਰ ਅਸਵਾਰ ਹੋਇ ਕਰ ਤੁਰਤ ਸਿੰਘ ਪਰ ਧਾਇਆ॥
ਕਹੀ ਮਹਾਵਤ ਤਾਈਂ ਐਸੀ ਸੁਨਰੇ ਬਾਤ ਹਮਾਰੀ।
ਤਾਰਾ ਸਿੰਘ ਵੱਲ ਇਸ ਪੇਲੋ ਜਾਇ ਮਿਲੇ ਇੱਕ ਵਾਰੀ॥ ੩੬੦॥
ਨਾਲ ਗਰੂਰ ਦੂਰ ਤੇ ਧਾਇਆ ਆਇਆ ਹਿੰਮਤ ਕਰਕੇ।
ਵੇਖੋ ਕਾਲ ਏਸ ਦਾ ਸਿਰ ਪਰ ਵਾਂਗ ਬਾਜ਼ ਦੇ ਫੜਕੇ॥

ਹਾਥੀ ਮਸਤ ਸਧੂਰਿਆ ਆਵੇ ਮਨੋਂ ਪਹਾੜ ਉਡਾਇਆ।
ਜਿਸਨੂੰ ਦੇਖ ਸਭਨ ਦੇ ਮਨ ਵਿੱਚ ਆਕੇ ਤੇ ਡਰ ਛਾਇਆ ॥੩੬੧॥
ਤਾਰਾ ਸਿੰਘ ਭਾਲਦਾ ਫਿਰਦਾ ਅਰ ਤਿਸ ਏਹ ਉਚਾਰੀ।
ਆਓ ਤਾਰਾ ਸਿੰਘ ਅਗੇਰੇ ਦੇਖੋ ਝਪਟ ਹਮਾਰੀ॥
ਇਤਨੀ ਕਹਕੇ ਭੀਮ ਸਿੰਘ ਨੇ ਕਹੀ ਰਜ਼ਾਲੇ ਕਜਾਰੇ।
ਬੋਲਤ ਹੈ ਹਾਥੀ ਪਰ ਬੈਠਾ ਸਨਮੁਖ ਹੋਹ ਹਮਾਰੇ ॥ ੩੬੨॥
ਪਹਿਲੇ ਨਾਲ ਅਸਾਂਦੇ ਕਰਲੈ ਦੋਇ ਹੱਥ ਤੂੰ ਭਾਈ।
ਮਗਰੋਂ ਤਾਰਾ ਸਿੰਘ ਨਾਲ ਜਾ ਲਾਈਂ ਅਪਨੀ ਸਾਈ॥
ਜਿਸ ਪਰ ਸੁਨਕੇ ਆਗ ਬਬੂਲਾ ਹੋਇ ਏਲਚੀ ਬੋਲਾ।
ਤੂੰ ਹੀ ਦੇਖ ਹੱਥ ਹੁਨ ਮੇਰੇ ਕਿਹਾ ਗੁਵਾਊਂ ਵੇਲਾ ॥ ੩੬੩ ॥
ਜਿਸ ਪਰ ਹਾਥੀ ਤੁਰਤ ਝੁਕਾਇਆ ਅਰ ਮਾਰਨ ਨੂੰ ਚਾਹਾ।
ਉਸ ਹੀ ਵੇਲੇ ਸਿੰਘ ਕੋਪ ਹੋ ਬੋਲਿਆ ਨਾਲ ਉਮਾਹਾ॥
ਤੂੰ ਕਿਆ ਮਾਰਨ ਚਾਹੇਂ ਮੈਨੂੰ ਅਪਨਾ ਆਪ ਬਚਾਈਂ।
ਏਸ ਗੁਰੂ ਦੇ ਸੇਵਕ ਕੋਲੋਂ ਖੈਰ ਨਾਲ ਘਰ ਜਾਈਂ ॥ ੩੬੪ ॥
ਇਤਨੀ ਆਖ ਚਲਾਇਆ ਸੇਲਾ ਉਸਦੇ ਸਿਰ ਦੀ ਓਰਾ।
ਬਚ ਗਿਆ ਮੁਗਲ ਮੁਹਾਵਤ ਦਾ ਜਿਨ ਸੀਸ ਟਿੰਡ ਸਾ ਫੋਰਾ॥
ਸੇਲੇ ਨਾਲ ਉਠੰਬ ਮੁਹਾਵਤ ਚਾਇ ਧਰਾ ਪਰ ਮਾਰਾ।
ਮਗਰੋਂ ਹਾਥੀ ਪਕੜ ਕਾਨ ਤੇ ਧਰ ਪਰ ਚਾਇ ਬਠਾਰਾ ॥੩੬੫॥
ਇਤਨੇ ਚਿਰ ਵਿਚ ਲਖਮੀ ਹਰਿ ਨੇ ਦੇਖਦਿਆਂ ਇਹ ਚਾਲਾ।
ਸਮਝਿਆ ਸਮਾਂ ਅਸਾਂ ਨੂੰ ਕੋਈ ਨਾਹੀਂ ਹੋਰ ਨਿਰਾਲਾ॥
ਗਤਕੇ ਬਾਜ਼ ਸਿੰਘ ਸੀ ਸੂਰਾ ਪਕੜ ਤੇਗ ਚਮਕਾਈ।
ਚੜ੍ਹ ਹਾਥੀ ਪਰ ਗੁਰਜ ਮਾਰਕੇ ਸੀਸ ਗੁਲਾਮ ਲਗਾਈ ॥ ੩੬੬ ॥

ਜਿਉਂ ਕੁਮਿਹਾਰ ਚੱਕ ਤੇ ਭਾਂਡਾ ਲਾਹ ਧਰਾ ਪਰ ਧਰਦਾ।
ਤਿਉਂ ਲੈ ਸੀਸ ਤੁਰਕ ਦਾ ਸੂਰਾ ਹਸਕੇ ਸੀ ਇਹ ਰਰਦਾ॥
ਦੇਖਨਾ ਕੇਹਾ ਚੰਦ ਦਿਖਾਇਆ ਤੂੰ ਦੇਖਤ ਹਰਿ ਤਾਰਾ।
ਇਕਤੇ ਦੋਇ ਬਨਾਇ ਦਿਖਾਏ ਕਰੀਏ ਸ਼ੁਕਰ ਹਮਾਰਾ ॥ ੧੬੭ ॥
ਜਦ ਹਾਥੀ ਖਾਲੀ ਕਰ ਦੀਨਾ ਮਾਰ ਏਲਚੀ ਭਾਰਾ।
ਤਬ ਤਿਸ ਊਪਰ ਧਾਵਾ ਕਰਕੇ ਆਇ ਪਿਆ ਦਲ ਸਾਰਾ॥
ਬੱਦਲ ਵਾਂਗ ਗਰਜ ਕਰ ਆਏ ਚੱਲੀ ਤੇਗ ਸਵਾਈ।
ਮਾਨੋ ਚਮਕ ਦਮਕ ਕਰ ਬਿਜਲੀ ਚਾਹੇ ਜਾਨ ਖਪਾਈ ॥ ੧੬੮ ॥
ਮੋਮਨ ਖਾਂ ਨੇ ਆਪ ਹੱਥ ਲੈ ਬਰਛਾ ਤਦੋਂ ਉਭਾਰਾ।
ਲਖਮੀ ਸਿੰਘ ਓਰ ਪਿਖ ਬਲ ਸੇ ਬਹੁਰ ਤਿਸੀ ਨੇ ਮਾਰਾ॥
ਬਚ ਗਯੋ ਸਿੰਘ ਵਾਰ ਜਬ ਖਾਲੀ ਗਯੋ ਤੁਰਕ ਕਾ ਐਸਾ।
ਨਿਰਧਨ ਪੁਰਖ ਮਨੋਰਥ ਖਾਲੀ ਜਾਵਤ ਹੈ ਜਗ ਜੈਸਾ ॥ ੧੬੯ ॥
ਓੜਕ ਫਿਰ ਤਿਨ ਝੰਡਾ ਫੜਕੇ ਉੱਚੇ ਬੋਲ ਹਲਾਇਆ।
ਹੱਲਾ ਕਰੋ ਡਰੋ ਨਹਿ ਮੂਲੇ ਸਭ ਨੂੰ ਕੂਕ ਸੁਨਾਇਆ॥
ਅਮਰ ਸਿੰਘ ਤਬ ਤਮਕ ਖਾਇਕੇ ਜਾਇ ਪਿਆ ਕਰ ਧਾਈ।
ਆਖੀ ਤੈਨੂੰ ਮੁਗਲ ਚੁਗਲ ਮੈਂ ਦੇਸਾਂ ਹਾਥ ਦਿਖਾਈ॥ ੧੭੦ ॥
ਜਿਸ ਪਰ ਮੋਮਨ ਖਾਂ ਦੇ ਸਨ ਦੋ ਪੂਰਬੀਏ ਵਡ ਜੰਗੀ।
ਮਨਸਾ ਰਾਮ ਇੱਕ ਦਾ ਨਾਮੂ ਭਰੇ ਨੈਨ ਜਿਹ ਰੰਗੀ॥
ਦਯਾ ਰਾਮ ਸੀ ਨਾਮ ਦੂਸਰਾ ਵਡਾ ਜੁਆਨ ਧਠੀਲਾ।
ਰੋਕਨ ਆਏ ਸਿੰਘ ਬੀਰ ਨੂੰ ਕਰਕੇ ਤੇ ਵਡ ਹੀਲਾ॥ ੧੭੧ ॥
ਤੇਗਾਂ ਦੀ ਚਾ ਮਚੀ ਲੜਾਈ ਕੜ ਕੜ ਤੜ ਤੜ ਵੱਜੇ।
ਦੇਖੋ ਧਰਮ ਪਾਲਨੇ ਕਾਰਨ ਸੂਰੇ ਰਣ ਵਿੱਚ ਗੱਜੇ॥

ਗਤਕੇ ਬਾਜ਼ੀ ਖੇਲ ਚਲਾਈ ਮਰ ਗਯੋ ਧੁੰਧੂ ਕਾਰਾ।
ਜਿਨਕੇ ਗਿਰਦੇ ਹੋਇ ਖੜਾ ਸੀ ਤੁਰਕਨ ਟੋਲਾ ਭਾਰਾ॥ ੧੭੨॥
ਆਖਨ ਦੇਖੋ ਅੱਜ ਫਤੇ ਹੈ ਲੈਂਦਾ ਕੌਨ ਬਹਾਦਰ।
ਪਾਵਨ ਆਇ ਪੱਛਰਾਂ ਕਿਸ ਪਰ ਫਰਨੇ ਕਾਰਨ ਚਾਦਰ॥
ਲੱਗ ਘਾਉ ਭਰੇ ਸਨ ਲੋਹੂ ਵਗਦਾ ਵਾਂਗ ਫੁਹਾਰੇ।
ਜਿਸਨੂੰ ਖਾਇ ਲੜਨ ਹੋ ਅੱਗੇ ਇੱਕ ਦੂਜੇ ਲਲਕਾਰੇ॥ ੧੭੩॥
ਓੜਕ ਨੂੰ ਸਿਰ ਤ੍ਰਿੰਨ ਉੱਡ ਗਏ ਇੱਕੋ ਵਾਰ ਅਜੇਹੇ।
ਗਿਰੇ ਦਲੇਰ ਬਿਰਖ ਤੋਂ ਜੈਸੇ ਲੋਟ ਧਰਾ ਪਰ ਰੇਹੇ॥
ਓਧਰ ਪੂਰਬੀਏ ਦੁਇ ਭਾਈ ਗਏ ਮੌਤ ਦੇ ਪਾਸਾ।
ਇਤਵਲ ਸਿੰਘ ਸ਼ਹੀਦ ਹੋਇਕਰ ਗੁਰਪੁਰ ਕੀਆ ਨਿਵਾਸਾ॥ ੧੭੪
ਦੇਖ ਹਾਲ ਇਹ ਉਨ ਕਾ ਮੋਮਨ ਮੁਖ ਵਿਚ ਅੰਗੁਲ ਪਾਈ।
ਆਖੇ ਤੋਬਾ ਦੇਖੋ ਕੈਸੀ ਕਰਦੇ ਸਿੰਘ ਲੜਾਈ॥
ਜਿਸ ਪਰ ਬਹੁਰ ਕਹਿਰ ਭਰ ਆਖੀ ਅੱਗੇ ਵਧੋ ਵਧੇਰੇ।
ਚਾਰੇ ਪਾਸਿਓਂ ਇੱਕ ਵੇਰ ਹੀ ਘੱਤ ਲਵੋ ਸਭ ਘੇਰੇ॥ ੧੭੫॥
ਫਿਰ ਕਰ ਜ਼ੋਰ ਘੱਤ ਕਰ ਘੇਰਾ ਲੱਗੇ ਤੇਗ ਚਲਾਉਨ।
ਜਿਨਕੋ ਸਿੰਘ ਮਾਰ ਕਰ ਬਰਛੇ ਪਿੱਛੇ ਚਾਇ ਹਟਾਉਨ॥
ਕਈ ਹਜ਼ਾਰਾਂ ਤੁਰਕ ਭਲਾ ਕਦ ਮੁਕਦਾ ਉਨ੍ਹਾਂ ਮੁਕਾਇਆ।
ਕਈ ਸਿਆਂ ਦਾ ਸਿੰਘਾਂ ਨੇ ਸੀ ਓਥੇ ਆਹੂ ਲਾਇਆ॥ ੧੭੬॥
ਏਸ ਤਰਾਂ ਸਨ ਰੋਹ ਭਰੇ ਸਭ ਪਿਛਾਂ ਨ ਮੁੜਦਾ ਕੋਈ।
ਲੋਹੂ ਭਰੇ ਬਦਨ ਫਿਰ ਲੜਦੇ ਮੌਤੋਂ ਡਰੇ ਨ ਸੋਈ॥
ਇੱਕ ਵੱਲ ਦੁਨੀਆਂ ਤੇਗ ਚਲਾਵੇ ਧਰਮ ਦੂਸਰੀ ਓਰੋ।
ਲੜਦਾ ਜੀਵਨ ਆਸ ਗੁਵਾਕੇ ਓਟ ਗੁਰੂ ਦੀ ਦੋਰੇ॥ ੧੭੭॥

ਮਾਰੋ ਮਾਰ ਮੁਖੋਂ ਸਭ ਬੋਲਨ ਯਾ ਨਾਰੇ ਜੈਕਾਰੇ।
ਦੋਨਾਂ ਪਾਸਿਆਂ ਦੇ ਵੱਡ ਜੋਧੇ ਮਰਨ ਅਰਨ ਕੋ ਮਾਰੇ॥
ਓਧਰ ਮੋਮਨ ਖਾਂ ਲਲਕਾਰੇ ਘੋਰ ਸੋਰ ਭਾਰਾ ਹਰਿ ਜੀ।
ਦੇਖ ਦੇਖ ਕਰ ਜੁੱਧ ਘੋਰ ਨੂੰ ਤੁਰਕੀ ਸੈਨਾ ਲਰਜੀ॥ ੩੭੮॥
ਏਸੇ ਹੱਲੇ ਗੁੱਲੇ ਅੰਦਰ ਸਿੰਘਾਂ ਹੱਥ ਦਿਖਾਏ।
ਤਿੰਨਕੁ ਸੈ ਤੁਰਕਾਂ ਦੇ ਪਲ ਵਿੱਚ ਜਿਨ ਨੇ ਸੀਸ ਉਡਾਏ॥
ਮਾਰਨ ਤੇਗ਼ ਆਇ ਜੋ ਸਨਮੁਖ ਅਪਨਾ ਜ਼ੋਰ ਦਿਖਾਵੈ।
ਟੁਕੜੇ ਹੋਇ ਧਰਾ ਪਰ ਗਿਰਦਾ ਮੁੜਕੇ ਨਜ਼ਰ ਨ ਆਵੈ॥ ੩੭੯॥
ਭੰਨੇ ਖੋਲ ਸੰਜੋਇ ਤੋੜਕੇ ਚੀਰ ਕਰੇਂ ਦੋ ਟੋਟੇ।
ਜਿਉਂ ਤਰਖਾਨ ਧਰੇ ਜਦ ਆਰਾ ਚੀਰੇ ਥੰਭ ਸੁ ਮੋਟੇ॥
ਕਿਤਨਿਆਂ ਦੇ ਸਿਰ ਰੁਲਨ ਜ਼ਿਮੀਂ ਪਰ ਜਿਉ ਪੱਕੇ ਖਰਬੂਜੇ।
ਕੱਟੇ ਹੱਥ ਕੰਨ ਅਰ ਬਾਹਾਂ ਤੜਫਨ ਘਾਇਲ ਦੂਜੇ॥ ੩੮੦॥
ਘੋੜਿਆਂ ਦੇ ਅਸਵਾਰ ਗਿਰੇ ਜਿਨ ਪੈਰ ਰਕਾਬੀਂ ਪਾਏ।
ਉਲਟੇ ਵਾਂਗ ਮਸ਼ਕ ਦੇ ਜੋਧੇ ਤਾਜ਼ੀ ਪਰ ਲਟਕਾਏ।
ਕਿਤਨੇ ਗਿਰੇ ਤੁਰੰਗਾਂ ਸੰਗੇ ਇੱਕੋ ਵੇਰ ਲੁਟਾਕੇ।
ਮੂਲ ਨ ਮੰਗਿਆ ਪਾਣੀ ਮੁੜਕੇ ਜਿਨ ਰੰਚਕ ਉਕਸਾਕੇ॥ ੩੮੧॥
ਕਿਤਨੇ ਹਾਥੀ ਦੇ ਅਸਵਾਰੇ ਗਿਰੇ ਗਿਰਦਨੀ ਖਾਈ।
ਜਿਉਂ ਬਾਜ਼ੀਗਰ ਹੇਠਾਂ ਆਵੇ ਛਾਲ ਉਪੁੱਠੀ ਲਾਈ॥
ਕਿਤਨੇ ਉੱਪਰ ਵਿੱਚ ਹੌਦਿਆਂ ਸੁੱਤੇ ਨੀਂਦ ਘਨੇਰੀ।
ਮੁੜਕੇ ਜਾਗਨ ਤਾਈਂ ਜਿਨ ਨੇ ਨਾਸੀ ਅੱਖ ਉਘੇੜੀ॥ ੩੮੨॥
ਕਿਤਨੇ ਘੋੜੇ ਅਰ ਹਸਤੀ ਭੀ ਖਾਲੀ ਪਏ ਫਿਰਾਉਨ।
ਕਹੁ ਅਸਵਾਰ ਉਨ੍ਹਾਂ ਦੇ ਮੁੜਕੇ ਕਦ ਚੜ੍ਹਨੇ ਨੂੰ ਆਉਨ॥

ਜਿਸ ਪਰ ਬਹੁਤ ਰੁਧਰ ਦੀਆਂ ਧਾਰਾਂ ਤਨ ਪਰ ਸਨ ਵਰਸਾਂਦੇ।
ਮਾਨਹੁ ਧਰਤੀ ਸਿੰਜਨ ਕਾਰਨ ਇਹ ਬਾਦਲ ਦਲ ਆਂਦੇ॥੩੯੩॥
ਨਾਲ ਰੁਧਰ ਦੇ ਰੰਗ ਜ਼ਿਮੀਂ ਦਾ ਰੰਨੇ ਕਾਗਆ ਹੋ ਸਾਰਾ।
ਜੈਸੇ ਹੋਲੀ ਖੇਲਨ ਹਾਰੇ ਪਾਉਨ ਰੰਗ ਅਪਾਰਾ॥
ਭਾਵੇਂ ਸਿੰਘਾਂ ਨਾਲ ਤੁਰਕ ਦੇ ਕੀਤੀ ਦਿਸ਼ਾ ਅਜੇਹੀ।
ਅੱਜ ਤੀਕ ਹੈ ਤਾਜ਼ੀ ਦਿਸਦੀ ਕਦੇ ਨ ਹੋਸੀ ਬੇਹੀ॥੩੯੪॥
ਲੋਹੂ ਮਿੱਝ ਘਾਣ ਸਾ ਮਚਿਆ ਕਰਨ ਬਹਾਦਰ ਘਾਣੀ।
ਅਪਨੀ ਪਿਆਰੀ ਜਾਨਾਂ ਦਾ ਖੁਸ਼ ਹੁੰਦੇ ਦੇਕਰ ਪਾਣੀ॥
ਓੜਕ ਸਿੰਘ ਮਾਰ ਕਰ ਤੁਰਕਾਂ ਲੀਤੀ ਆਪ ਸ਼ਹੀਦੀ।
ਸਨਮੁਖ ਲੜੇ ਧੜੇ ਪਰ ਅੜਕੇ ਮਰੇ ਨ ਹੋਕਰ ਗੀਦੀ॥੧੯੫॥
ਜਿਸ ਪਰ ਓੜਕ ਤਾਰਾ ਹਰ ਪਰ ਤੁਰਕਾਂ ਹਮਲਾ ਕੀਨਾ।
ਚਾਰੇ ਪਾਸਿਆਂ ਤੇ ਉਹ ਸੂਰਾ ਘੇਰ ਜਿਨ੍ਹਾਂ ਨੇ ਲੀਨਾ॥
ਕਈ ਸਿਆਂ ਦੇ ਵਿੱਚ ਅਕੇਲਾ ਵਧ ਕੇ ਲੜਦਾ ਐਸੇ।
ਮੱਤੇ ਹਾਥੀ ਟੋਲੇ ਮੈਂ ਜਿਉਂ ਕੇਹਰ ਲੜਦਾ ਜੈਸੇ॥
ਓੜਕ ਨੂੰ ਜਦ ਮਾਰ ਮੁਕਾਏ ਜਿਤਨੇ ਸਨਮੁਖ ਆਏ।
ਫਿਰ ਹੋ ਆਪ ਸ਼ਹੀਦ ਗਿਆ ਸਾ ਗੁਰ ਕੀ ਫਤੇ ਗਜਾਏ॥
ਲੇਟ ਗਿਆ ਧਰਤੀ ਪਰ ਸੂਰਾ ਅਪਨੇ ਤਨ ਨੂੰ ਦੇਕੇ।
ਗਿਆ ਆਤਮਾ ਹੋਇ ਵਿਦਾ ਤਦ ਰੁਖਸਤ ਤਨ ਥੋਂ ਲੈਕੇ॥੧੯੭॥
ਤਾਰਾ ਸਿੰਘ ਬਹਾਦਰ ਰਣ ਵਿੱਚ ਹੋਇ ਸ਼ਹੀਦ ਗਯੋਈ।
ਹੋਕਰ ਸਨਮੁਖ ਬਲੀਦਾਨ ਜਦ ਅਪਨਾ ਸੀਸ ਦਯੋਈ॥
ਤਦ ਤੁਰਕਾਂ ਨੇ ਹੱਲਾ ਕਰਕੇ ਹਿੰਮਤ ਚਾਇ ਦਿਖਾਈ।
ਬੇਰਹਿਮਾਂ ਨੇ ਮੁਰਦਿਆਂ ਉੱਪਰ ਅਪਨੀ ਤੇਗ ਚਲਾਈ॥੧੯੮॥

ਕੱਟ ਕੱਟ ਸਿਰ ਸਿੰਘਾਂ ਦੇ ਫਿਰ ਬੋਰੇ ਚਾਇ ਭਰਾਏ।
ਊਠਾਂ ਊਪਰ ਲੱਦ ਤੁਰਤ ਹੀ ਜ਼ਾਇ ਲਾਹੌਰ ਪਠਾਏ॥
ਅਪਨੇ ਮੁਰਦੇ ਸਾਂਭ ਤੁਰਤ ਹੀ ਧਰਤੀ ਖੋਦ ਦਬਾਏ।
ਬਾਕੀ ਸਿੰਘ ਰਹੇ ਜੋ ਪਿੱਛੇ ਲੋਕਾਂ ਦਾਹੁ ਕਰਾਏ॥ ੩੮੯॥
ਦੇਖ ਦੇਖ ਸਭ ਜੰਗ ਖਾਲਸੇ ਮਨ ਅੰਦਰ ਇਹ ਕਹਿੰਦੇ।
ਧੰਨ ਜਨਮ ਹੈ ਇਨ ਕਾ ਭਾਈ ਜੋ ਸ਼ਸਤਰ ਸਿਰ ਸਹਿੰਦੇ॥
ਜਾਇ ਲਹੌਰ ਬਜਾਇਆ ਧੌਂਸਾ ਫਤੇ ਅਸਾਂ ਕਰ ਆਏ।
ਲੇਵਹੁ ਸੀਸ ਸਾਂਭ ਇਹ ਹਜ਼ਰਤ ਜੋ ਹਮ ਸਾਥ ਲਿਆਏ॥੩੯੦॥
ਸੁਨਦੇ ਸਾਰ ਆਇਕਰ ਸੂਬੇ ਬੋਰੇ ਚਾਇ ਖੁਲ੍ਹਾਏ।
ਮੋਮਨ ਖਾਂ ਨੇ ਅਪਨੇ ਹੱਥੀਂ ਸਾਰੇ ਪਕੜ ਦਿਖਾਏ॥
ਦੇਖ ਉਨ੍ਹਾਂ ਦੇ ਭਾਰੇ ਚਿਹਰੇ ਅਰ ਜੋ ਗਦ ਗਦ ਕਰਦੇ।
ਮਾਨਹੁ ਚੰਦ ਚੌਧਵੀਂ ਵਾਲੇ ਗਿਣ ਗਿਣ ਧਰ ਪਰ ਧਰਦੇ॥੩੯੧॥
ਜਦ ਤਾਰਾ ਮਰਗਿੰਦ ਦੇਖਿਆ ਸੂਬੇ ਮੁਖ ਤੇ ਗਾਇਆ।
ਹੈ ਇਹ ਕੌਨ ਬਹਾਦਰ ਭਾਰਾ ਜੋ ਨਹਿੰ ਛਪੇ ਛਪਾਇਆ॥
ਤਦ ਮੋਮਨ ਖਾਂ ਕਹੀ ਇਹੋ ਹੈ ਤਾਰਾ ਸਿੰਘ ਹਠੀਲਾ।
ਜਿਸ ਨੇ ਸ਼ਾਹੀ ਲਸ਼ਕਰ ਦਾ ਸੀ ਰੰਗ ਬਨਾਇਆ ਪੀਲਾ॥੩੯੨॥
ਦੋਨਾਂ ਹੱਥਾਂ ਵਿੱਚ ਸਿੰਘ ਦਾ ਸੀਸ ਖਾਨ ਨੇ ਲੀਤਾ।
ਅਪਨੇ ਮੁਖ ਤੇ ਵਾਹ ਵਾਹ ਜਿਨ ਨਾਲ ਪ੍ਰੇਮ ਦੇ ਕੀਤਾ॥
ਅਰ ਸੁਨ ਕਰਕੇ ਜੰਗ ਕਹਾਨੀ ਮੁਖ ਮਹਿ ਅੰਗੁਲ ਪਾਈ।
ਆਖੇ ਇਸ ਦੀ ਸੂਰਤ ਦੱਸੇ ਜੈਸੀ ਕਰੀ ਲਰਾਈ॥੩੯੩॥
ਵਾਂਗ ਸ਼ੇਰ ਦੇ ਦਹਸ਼ਤ ਆਵੇ ਇਸ ਦੇ ਸਿਰ ਥੋਂ ਪਿਆਰੇ।
ਹੈਸੀ ਇਹ ਪਰਤਾਪੀ ਕੋਈ ਜੈਸੇ ਵਲੀ ਹਮਾਰੇ॥

ਜਿਸ ਪਰ ਲਿਖ ਪਰਵਾਨਾ ਉਸ ਨੇ ਦਿੱਲੀ ਚਾਇ ਪਠਾਇਆ।
ਦਿੱਤੀ ਖਬਰ ਅਸੀਂ ਸਿੰਘਾਂ ਦਾ ਵਡਾ ਸਰਦਾਰ ਮੁਕਾਇਆ।।੩੯੪।।
ਅਰ ਅਪਨੇ ਦਲ ਦਾ ਜੋ ਹੋਇਆ ਹਾਲ ਬੁਰਾ ਉਸ ਵੇਲੇ।
ਸੁਨ ਸੁਨ ਨਾਮ ਜੰਗ ਦਾ ਕੰਬਨ ਜਿਉਂ ਅੰਧੀ ਮਹਿ ਕੇਲੇ॥
ਅਰ ਮੁਰਦੇ ਸਭ ਦਫਨ ਕਰਾਏ ਘਾਇਲ ਜ਼ਖਮ ਸਿਵਾਉਨ।
ਕਿਤਨੇ ਐਸੇ ਜ਼ਖਮੀ ਹੋਏ ਨਾ ਪੀਵਨ ਨਾ ਖਾਉਨ ॥ ੩੯੫ ॥
ਤੁਰਕਾਂ ਦੇ ਘਰ ਪਏ ਸਿਆਪੇ ਰੋਵਨ ਰੰਡੀ ਨਾਰਾਂ।
ਅਰ ਮਾਵਾਂ ਬਹਿ ਰੋਵਨ ਪੁੱਤਾਂ ਬਖਸ਼ਨ ਥੱਤੀ ਧਾਰਾਂ॥
ਵੀਰ ਵੀਰ ਕਰ ਭੈਣਾਂ ਰੋਸਨ ਖੋਸਨ ਸਿਰ ਦੇ ਕੇਸਾਂ।
ਲਾਹ ਸੀਂਗਾਰ ਖਫਨੀਆਂ ਤਨ ਪਰ ਪਹਿਰੀ ਸਮ ਦਰਵੇਸ਼ਾਂ॥੩੯੬॥
ਏਧਰ ਸਿੰਘਾਂ ਦੇ ਅਸਵਾਰੇ ਸੁਨ ਕਰ ਵਾਇ ਮਝਾਰੇ।
ਕਰਨ ਕੜਾਹੁ ਛਕਾਉਨ ਸਿੰਘਾਂ ਬੋਲ ਮੁਖੋਂ ਜੈਕਾਰੇ॥
ਕਰਨ ਪਾਠ ਗੁਰ ਗ੍ਰੰਥ ਪਰੇਮ ਸੇ ਅਰ ਸ਼ਬਦਾਂ ਧੁਨ ਲਾਈ।
ਜਿਸ ਪਰ ਰੋਗ ਸੋਗ ਸਭ ਖੋਕੇ ਘਰ ਘਰ ਭਈ ਵਧਾਈ॥੩੯੭॥
ਮਾਝੇ ਵਿੱਚ ਮਝੈਲ ਬਹਾਦਰ ਗਰਜਨ ਸ਼ੇਰਾਂ ਜੈਸੇ।
ਕਹਨ ਧੰਨ ਹੈ ਸਾਡਾ ਭਾਈ ਲਈ ਸ਼ਹੀਦੀ ਕੈਸੇ॥
ਜਿਸ ਪਰ ਤਨ ਭਿਸਦੇ ਨੂੰ ਓਥੇ ਕਰ ਸਿਸਕਾਰ ਸੁਹਾਵਾ।
ਸ਼ਹੀਦਗੰਜ ਫਿਰ ਕਰਨਾ ਚਾਹਾ ਧਰ ਇੱਟਾਂ ਦਾ ਆਵਾ॥੩੯੮॥
ਅੱਜ ਤੀਕ ਓਹ ਡੇਰਾ ਸੁੰਦਰ ਵਸਦਾ ਹੈ ਸੁਖ ਸੰਗੇ।
ਜਿੱਥੇ ਕਈ ਘਾਲਨਾ ਘਾਵਨ ਬਸਕਰ ਭੁੱਖੇ ਨੰਗੇ।
ਬਾਣੀ ਦਾ ਪ੍ਰਵਾਹ ਰਹੇ ਨਿੱਤ ਅਰ ਲੰਗਰ ਹੈ ਜਾਰੀ।
ਸੇਵ ਕਰਨ ਉਸ ਧਰਮੀ ਦੀ ਮਿਲ ਸਗਲੇ ਹੀ ਨਰ ਨਾਰੀ॥੩੯੯॥

ਐਸੇ ਸਿੰਘ ਬਹਾਦਰ ਸੇ ਜਿਨ ਧਰ ਪਰ ਸਾਕੇ ਕੀਨੇ ।
ਰੱਖਿਆ ਧਰਮ ਆਪਨਾ ਕਾਇਮ ਹਸ ਹਸ ਕੇ ਸਿਰ ਦੀਨੇ ॥
ਜਿਨ ਕੇ ਨਾਮ ਅੱਜ ਹਨ ਲੈਂਦੇ ਹਠੀ ਤਪੀ ਮੁਖ ਕਹਕੇ ।
ਜੋ ਇਸ ਜਗ ਥੋਂ ਚਾਇ ਸਿਧਾਏ ਮੁਖ ਪਰ ਤੇਗਾਂ ਸਹਕੇ ॥ ੪੦੦ ॥
ਐਜ ਕੱਲ ਦੇ ਸਿੰਘ ਸਦਾਉਨ ਅਰ ਆਕੜ ਖਾਂ ਭਾਰੇ ।
ਪਰ ਧਰਮੋਂ ਕਰਮੋਂ ਹਨ ਵੰਜੇ ਗੁਰਮਤ ਜਿਨ੍ਹਾਂ ਵਿਸਾਰੇ ॥
ਜਿਸ ਤੇ ਦਸਮ ਗੁਰੂ ਦੀ ਸ਼ਕਤੀ ਮਨ ਤੇ ਚਾਇ ਵਿਸਾਰੀ ।
ਅੰਨਮਤਾਂ ਦੇ ਹੋ ਗਏ ਮੂਰਖ ਦੇਖੋ ਚਾਇ ਵਿਗਾਰੀ ॥ ੪੦੧ ॥
ਤੂੰ ਤੇ ਦੇਖ ਖਾਲਸਾ ਪਿਆਰੇ ਕਿਆ ਇਹ ਸਨ ਵੱਡ ਭਾਗੀ ।
ਜਿਨ ਨੇ ਧਰਮ ਆਪਨੇ ਕਾਰਨ ਖਿਨ ਮਹਿ ਦੇਹ ਤਿਆਗੀ ॥
ਤੂੰ ਕਿਉਂ ਸੋਇ ਗਿਆ ਹੈਂ ਪਿਆਰੇ ਜਾਗ ਜ਼ਰਾ ਹੁਨ ਭਾਈ ।
ਦਿੱਤ ਹਰੀ ਦੀ ਏਹੁ ਬੇਨਤੀ ਮਨ ਤੇ ਨਾਂਹਿ ਭੁਲਾਈ ॥ ੪੦੨ ॥

ਇਤੀ

ਬੋਤਾ ਸਿੰਘ ਵਡ ਸੂਰਮੇ ਤਜ ਦਿੱਤੇ ਸਨ ਪ੍ਰਾਨ ।
ਸਿਦਕ ਨਾ ਛੋਡਿਆ ਗੁਰਾਂ ਪਰ ਧਰਮ ਨਾ ਕੀਤੀ ਹਾਨ ॥

# ਭਾਈ ਬੋਤਾ ਸਿੰਘ ਦੀ ਸ਼ਹੀਦੀ

੧ ੴ ਸਤਿਗੁਰ ਪ੍ਰਸਾਦਿ ॥

# ਭਾਈ ਬੋਤਾ ਸਿੰਘ ਦੀ ਸ਼ਹੀਦੀ

ਦੋਹਿਰਾ

ਪਹਿਲੇ ਕਲਗੀਧਰ ਦੇ ਚਰਨੀਂ ਅਪਨਾ ਸੀਸ ਨਵਾਵਾਂ ।
ਫਿਰ ਬੋਤਾ ਸਿੰਘ ਹਠੀ ਸਿੰਘ ਦਾ ਸਾਰਾ ਹਾਲ ਸੁਨਾਵਾਂ ॥
ਕਰਕੇ ਜੰਗ ਓਸ ਨੇ ਲੀਤੀ ਰਣ ਵਿੱਚ ਜਿਵੇਂ ਸ਼ਹੀਦੀ ।
ਧੰਨਯ ਜਨਮ ਜੋ ਮਰਿਆ ਨਾਹੀਂ ਹੋ ਕਰ ਕਾਇਰ ਗੀਦੀ ॥ ੧ ॥
ਨਾਮ ਅਜੇਹੇ ਸਿੰਘਾਂ ਦਾ ਜੇ ਉੱਠ ਸਵੇਰੇ ਲਈਏ ।
ਅਪਨੇ ਮਨ ਦੇ ਦੁੱਖ ਪਜਾਰੇ ਉਸੇ ਸਮਯ ਹਰ ਦਈਏ ॥
ਕੈਸੇ ਸੈਨ ਬਹਾਦ੍ਰ ਪੂਰੇ ਜੋ ਸਿਦਕੀ ਗੁਰ ਕੇਰੇ ।
ਸਿਰ ਤੇ ਪਾਰ ਕਰੇ ਸੇ ਜਿਨ ਨੇ ਜੀਵੰਦਿਆਂ ਹੀ ਡੇਰੇ ॥ ੨ ॥
ਜਦ ਮੈਸਾ ਰੰਘੜ ਸੀ ਮਾਰਯਾ ਸਿੰਘ ਮਤਾਬ ਹਠੀਲੇ ।

ਤਦ ਥੋਂ ਤੁਰਕਾਂ ਦੇ ਰੰਗ ਹੋਏ ਵਾਂਗ ਕੇਸੂਆਂ ਪੀਲੇ ॥
ਰਾਤ ਅੰਧੇਰੇ ਤ੍ਰੁਹਨ ਨ ਡਰਦੇ ਝਾੜ ਅੱਕ ਦੇ ਬੂਟੇ।
ਨਜ਼ਰ ਆਂਵਦੇ ਸਿੰਘ ਉਨ੍ਹਾਂ ਨੂੰ ਪਕੜ ਮਨੋਂ ਤਿਨ ਲੂਟੇ ॥ ੩ ॥
ਰਾਤੀਂ ਨੀਂਦ ਨ ਆਵੇ ਤੁਰਕਾਂ ਅਰ ਦਿਨ ਪਏ ਤਕਾਵਨ।
ਕਿਆ ਜਾਣੇ ਇਹ ਸਿੰਘ ਫਰਿਸ਼ਤੇ ਕਿਹੜੀ ਵੱਲੋਂ ਆਵਨ।
ਧਨ ਦੌਲਤ ਅਰ ਨਾਰੀ ਲੜਕੇ ਸਮਝਨ ਸਦਾ ਪਰਾਏ।
ਆਖਨ ਉਤਨਾ ਚਿਰ ਹਨ ਸਾਡੇ ਸਿੰਘ ਨ ਜਦ ਤਕ ਆਏ ॥ ੪ ॥
ਅਸੀਂ ਵਾਂਗ ਹਰਨਾਂ ਦੇ ਹੋਏ ਅਰ ਉਹ ਸ਼ੇਰ ਕਰਾਰੇ।
ਪਕੜ ਵੱਡੇ ਸ੍ਰਦਾਰ ਅਸਾਡੇ ਬੇ ਰਹਮੀ ਸੇ ਮਾਰੇ ॥
ਸ਼ਾਹੀ ਫੌਜ ਮੁਕਾਇ ਇਨ੍ਹਾਂ ਨੂੰ ਬੈਠ ਗਈ ਪਤ ਖੋਕੇ।
ਪਰ ਇਹ ਮੁਕਦੇ ਮੂਲ ਨ ਭਾਰੇ ਦਿੱਸਨ ਚੌਗੁਣ ਹੋਕੇ ॥ ੫ ॥
ਕੌੜੀ ਵੇਲ ਵਾਂਗ ਹਨ ਵਧ ਦੇ ਦਿਨ ਦਿਨ ਆਪ ਸਵਾਏ।
ਲੱਖਾਂ ਲਸ਼ਕਰ ਸ਼ਾਹੀ ਤੇ ਭੀ ਮੁਕਦੇ ਨਹੀਂ ਮੁਕਾਏ ॥
ਸਗੋਂ ਸਾਡਾ ਕਾਲ ਇਨ੍ਹਾਂ ਦੇ ਹੱਥੋਂ ਆਵੇ ਧਾਰੇ।
ਅਜ਼ਰਾਈਲ ਫਰਿਸ਼ਤੇ ਆਏ ਭੇਜੇ ਰੱਬ ਗੁਫਾਰੋਂ ॥ ੬ ॥
ਕਿਸੇ ਰੋਜ਼ ਦੇ ਅਸੀਂ ਪਜਾਰੇ ਹਾਂ ਮਹਮਾਨ ਵਿਚਾਰੇ।
ਓੜਕ ਫੈਲ ਜਾਨਗੇ ਏਹੋ ਇਸ ਧਰਤੀ ਪਰ ਸਾਰੇ ॥
ਜਿਸ ਤੇ ਜਾਨ ਮਾਲ ਇਹ ਸਾਡਾ ਹੈ ਸਭ ਠੀਕ ਪਰਾਇਆ।
ਓਹੋ ਅਪਨਾ ਤੁਸੀਂ ਪਛਾਨੋਂ ਜਿਤਨਾ ਪਹਨਾ ਖਾਇਆ ॥ ੭ ॥
ਹਿੰਦੂ ਮੁਸਲਮਾਨ ਦੁਹਾਂ ਤੇ ਇਹ ਆਕੀ ਹੋ ਲੜਦੇ।
ਡਰਤੇ ਨਹੀਂ ਦੇਖ ਦਲ ਸਾਡੇ ਸਨਮੁਖ ਹੋਕਰ ਖੜਦੇ ॥
ਜਿਸ ਤੇ ਪ੍ਰਾਣ ਬਚਾਵਨ ਭਾਈਂ ਜਾਨਨ ਕਾਇਰਤਾਈ।

ਹੋਨ ਸ਼ਹੀਦ ਕਹਨ ਹੁਨ ਮੁਕਤੀ ਅਸੀਂ ਗੁਰੂ ਤੇ ਪਾਈ ॥ ੮ ॥
ਮੁੱਲ ਖਰੀਦਨ ਮੌਤ ਆਇਕੇ ਅਪਨੇ ਸਿਰ ਦੇ ਵੱਟੇ।
ਵਡੇ ਵਡੇ ਖਾਨਾਂ ਦੇ ਕੀਤੇ ਦੰਦ ਜਿਨ੍ਹਾਂ ਨੇ ਖੱਟੇ ॥
ਫਿਰ ਕਿਆ ਆਸ ਅਸਾਨੂੰ ਬਾਕੀ ਸਦਾ ਮੌਜ ਸੇ ਰਹੀਏ।
ਕਿਆ ਜਾਣੇ ਇਨ ਸਿੰਘਾਂ ਹੱਥੋਂ ਕਿਤਨੇ ਦੁਖ ਸਿਰ ਸਹੀਏ ॥ ੯॥
ਉਧਰ ਏਹ ਹਾਲ ਜਦ ਡਿੱਠਾ ਨਾਜ਼ਮ ਅਪਨੇ ਭਾਈਆਂ।
ਬਿਨ ਮੌਤੋਂ ਹੀ ਮਰਦੇ ਲਾਉਨ ਨਾਲ ਕਬਰ ਦੇ ਸਾਈਆਂ॥
ਲੱਗਾ ਸੋਚ ਕਰਨ ਬਹ ਮੰਨ ਵਿੱਚ ਕਿਆ ਕਰਨਾ ਅਬ ਕਹੀਏ।
ਜਿਸਤੇ ਅਪਨੀ ਇੱਜ਼ਤ ਲੈਕੇ ਬੈਠ ਟਕਾਣੇ ਰਹੀਏ ॥ ੧੦ ॥
ਓੜਕ ਹੋਇ ਲਚਾਰ ਖਾਨ ਨੇ ਮਨ ਵਿੱਚ ਏਹੁ ਵਿਚਾਰੀ।
ਕਰਣੀ ਚਹੀਏ ਸਿੰਘਾਂ ਤਾਈਂ ਇਸਤੇ ਅਧਕ ਖੁਆਰੀ ॥
ਦੇਸ ਪੰਜਾਬ ਵਿੱਚ ਨਾ ਰਹਸੀ ਇਨਕਾ ਤੁਖਮ ਜਦੋਂ ਹੀ।
ਹੋਸੀ ਅਮਨ ਦੇਸ ਵਿੱਚ ਸਾਰਾ ਸਮਝੋ ਆਪ ਤਦੋਂ ਹੀ ॥ ੧੧ ॥
ਪਰ ਇਤਨੀ ਮੈਂ ਫੌਜ ਕਥਾਹੋਂ ਕੱਠੀ ਕਰਕੇ ਤੋਰਾਂ।
ਜਿਸ ਤੇ ਕਾਬੂ ਆਵਨ ਨਾਹੀਂ ਨਾਲ ਅਸਾਡੇ ਜ਼ੋਰਾਂ ॥
ਤਾਂਤੇ ਕਰਾਂ ਏਹੁ ਹੁਨ ਹੀਲਾ ਸਭ ਤੇ ਚੰਗਾ ਜੋਈ।
ਸੱਪ ਮਰੇ ਅਰ ਲਾਠੀ ਬਚ ਸੀ ਹੋਵੇ ਦੁਖ ਨ ਕੋਈ ॥ ੧੨ ॥
ਲਏ ਬੁਲਾਇ ਪੈਂਚ ਸਭ ਨਗਰਾਂ ਕਹੀ ਸੁਨੋ ਹੇ ਗੁਾਰੋ।
ਜਿਸ ਜਾਗਾ ਪਰ ਸਿੰਘ ਵਸਾਵੇ ਉਸ ਨੂੰ ਤੁਰਤ ਉਜਾਰੋ ॥
ਕਹੋ ਖਾਨ ਦਾ ਹੁਕਮ ਹਠੀਲਾ ਜਿਸ ਤੇ ਰਹਨ ਨ ਦਈਏ।
ਪਕੜ ਲਿਆਉ ਜੀਵੰਦਾ ਏਥੇ ਫਿਰ ਅਨਾਮ ਮਿਲ ਲਈਏ॥੧੩॥
ਜਿਸ ਦੀ ਆਗਿਆ ਪਾਇ ਨਗਰ ਦੇ ਰਹਨੇ ਵਾਲੇ ਸਾਰੇ।

ਢੂੰਡਣ ਕਰ ਸਿੰਘਾਂ ਤਾਈਂ ਕਰਦੇ ਪਕੜ ਖੁਆਰੇ ॥
ਜਿਸ ਜਾਗਾ ਪਰ ਘਰ ਕੋ ਦੇਖਨ ਵਸਦਾ ਸਿੰਘ ਵਿਚਾਰਾ ।
ਉਸੇ ਸਮੇਂ ਫਿਰ ਅਗਨੀ ਲਾਕੇ ਜਾਲ ਭਸਮ ਕਰ ਡਾਰਾ ॥ ੧੪ ॥
ਢਾਹਨ ਪਕੜ ਹੱਥ ਵਿੱਚ ਕਸੀਆਂ ਪਲ ਵਿੱਚ ਮੂਲ ਗੁਵਾਉਨ ।
ਪਕੜ ਸਿੰਘ ਨੂੰ ਨਾਜ਼ਮ ਅੱਗੇ ਤੁਰਤ ਲਾਹੌਰ ਪੁਚਾਵਨ ॥
ਦੇਂਦੇ ਦੁਖ ਖੁਆਰੀ ਕਰਦੇ ਹੋ ਬੇਦਰਦ ਕਸਾਈ ।
ਦੁਖ ਦੇਂਦਿਆਂ ਦੇ ਮਨ ਵਿੱਚ ਦੇਖੋ ਰੰਚਕ ਦਿਆ ਨ ਆਈ ॥ ੧੫ ॥
ਇਤਨਾ ਕਹਿਰ ਦੇਸ ਵਿੱਚ ਚਾਇਆ ਨਿਰ ਦੋਸਿਆਂ ਪਰ ਆਕੇ ।
ਗਾਜਰ ਮੂਲੀ ਵਾਂਗ ਕੱਟਦੇ ਵਿੱਚ ਉਜਾੜ ਲਿਜਾਕੇ ॥
ਪਰ ਉਹ ਸਿਦਕੀ ਮਨ ਵਿੱਚ ਧਰਕੇ ਆਸ ਗੁਰੂ ਦੀ ਭਾਰੀ ।
ਉਸ ਦੇ ਨਾਮ ਉਪਰੋਂ ਕਰਦਾ ਜਾਨ ਅਪਨੀ ਵਾਰੀ ॥ ੧੬ ॥
ਕਿਤਨੇ ਸਿੰਘ ਪਕੜ ਕਰ ਲੋਗਾਂ ਵਿੱਚ ਲਾਹੌਰ ਪੁਚਾਏ ।
ਕਿਤਨੇ ਆਪ ਪਕੜ ਕਰ ਤਿਨ ਨੇ ਅਪਨੇ ਹੱਥੀਂ ਘਾਏ ॥
ਮੰਨਨ ਹੁਕਮ ਪਾਤਸ਼ਾਹ ਕੇਰਾ ਨਮਕ ਹਲਾਲੀ ਕਰਦੇ ।
ਪਰ ਪਰਮੇਸ਼ੂਰ ਭਾਣੇ ਤੇ ਓਹ ਮੂਲ ਨਹੀਂ ਡਰ ਧਰਦੇ ॥ ੧੭ ॥
ਜਿਸ ਤੇ ਦੇਖ ਸਿੰਘ ਇਹ ਚਾਲਾ ਮਨ ਵਿੱਚ ਕਰਨ ਵਿਚਾਰਾਂ ।
ਇਹ ਆਫ਼ਤ ਕਿਉਂ ਪਈ ਅਸਾਂ ਪਰ ਜਿਸ ਦੀ ਖਬਰ ਨ ਸਾਰਾਂ ॥
ਤਾਂਤੇ ਇਸ ਅਗਨੀ ਦੇ ਅੰਦਰ ਜਲਨਾ ਚੰਗਾ ਨਾਹੀਂ ।
ਛੱਡੋ ਚਲੋ ਇਹ ਦੇਸ ਜਲਾਦਾਂ ਇਹ ਸੋਚਨ ਮਨ ਮਾਹੀਂ ॥ ੧੮ ॥
ਜਿਸ ਤੇ ਕਈ ਮਰੇ ਬਿਨ ਮੌਤੋਂ ਕਿਤਨੇ ਬੰਦੀ ਖਾਨੇ ।
ਕਿਤਨੇ ਗਏ ਛੱਡ ਘਰ ਅਪਨੇ ਪਹੁੰਚੇ ਕਿਸੇ ਟਕਾਨੇ ॥
ਥੋੜੇ ਹੀ ਚਿਰ ਅੰਦਰ ਕੋਈ ਸਿੰਘ ਨ ਦਿਸਦਾ ਅੱਖੀਂ ॥

ਦੇਖੀ ਅੱਗ ਜ਼ੁਲਮ ਦੀ ਭੜਕੀ ਜਿਉਂਕਰ ਪੈਕੇ ਕੱਖੀਂ ॥ ੧੯ ॥
ਜਾਇ ਜੰਗਲਾਂ ਵਿੱਚ ਵਿਚਾਰੇ ਬੈਠੇ ਗੜ੍ਹੇ ਖੁਦਾਕੇ।
ਯਾ ਨਦੀਆਂ ਦੇ ਜਾਇ ਕਨਾਰੇ ਰਹਿੰਦੇ ਗੁਫਾ ਬਨਾਕੇ ॥
ਕੋਈ ਜਾਇ ਪਹਾੜਾਂ ਦੇ ਵਿੱਚ ਛਪਕੇ ਸਮਾਂ ਬਤਾਵੇ।
ਚੁਪ ਚਪਾਤਾ ਬੈਠ ਅਕੱਲਾ ਗੁਰ ਦਾ ਨਾਮ ਧਿਆਵੇ ॥ ੨੦ ॥
ਇਹੋ ਜੇਹਾ ਹਾਲ ਜਦੋਂ ਸੀ ਇਸ ਦੇਸ਼ ਵਿੱਚ ਹੋਇਆ।
ਨਾਜ਼ਮ ਯਤਨ ਕਰੇ ਦਿਨ ਰਾਤੀ ਬੀਜ ਖ਼ਾਲਸੇ ਖੋਇਆ ॥
ਝਾੜੋ ਝਾੜ ਵੈਰ ਸੋ ਕਰਦਾ ਨਾ ਸੰਗੀ ਨਾ ਸਾਥੀ।
ਫਿਰਨ ਢੂੰਡ ਦੇ ਮੁਗ਼ਲ ਜੰਗਲੀ ਜੈਸੇ ਬੂਰੇ ਹਾਥੀ ॥ ੨੧ ॥
ਇਸ ਬਿਪਦਾ ਵਿੱਚ ਜਦੋਂ ਖ਼ਾਲਸੇ ਅਪਨਾ ਰਸਤਾ ਲੀਤਾ।
ਫਿਰ ਮੁੜਕੇ ਨਾ ਕਿਸੇ ਬਹਾਦਰ ਜੰਗ ਜਦਲ ਸੀ ਕੀਤਾ ॥
ਜਿਸ ਪਰ ਦੇਖ ਹਾਲ ਇਹ ਤਿਨਕਾ ਬਾਦਸ਼ਾਹ ਖੁਸ਼ ਹੋਇਆ ॥
ਆਖੇ ਹੁਨ ਤਾਂ ਪੰਥ ਖਾਲਸਾ ਹੈ ਦੁਨੀਆਂ ਤੇ ਮੋਇਆ ॥ ੨੨ ॥
ਸ਼ੁਕਰ ਖੁਦਾਦਾ ਇਹ ਜੋ ਆਫਤ ਜ਼ਰਾ ਅਰਾਮ ਨ ਦੇਂਦੀ ॥
ਜਿਤ ਵੱਲ ਦੇਖੋ ਤਿਤ ਵੱਲ ਚੜ੍ਹਕੇ ਲੁੱਟ ਦੇਸ਼ ਨੂੰ ਲੈਂਦੀ ॥
ਸੋ ਸਭ ਵਾਂਗ ਸੁੱਸਰੀ ਸੁੱਤੀ ਅਰ ਹੈ ਅਮਨ ਘਨੇਰਾ।
ਜਿਸਨੂੰ ਸੁਨਕੇ ਅੱਜ ਪਜਾਰੋ ਸੀਨਾ ਠੰਡਾ ਮੇਰਾ ॥ ੨੩ ॥
ਏਧਰ ਨਾਜ਼ਮ ਖਬਰ ਭੇਜਕੇ ਸੁਖ ਦੀ ਨੀਂਦਰ ਸੋਇਆ।
ਆਖੇ ਸਾਰਾ ਉੱਦਮ ਮੇਰਾ ਹੈ ਹੁਨ ਸਫਲਾ ਹੋਇਆ ॥
ਸੱਦ ਪੈਂਚ ਸਭ ਦੇ ਵਡਿਆਈ ਵਿਦਾ ਕਰੇ ਹੱਸ ਹੱਸਕੇ।
ਕਹੀ ਤੁਸੀਂ ਬਹੁ ਮੁਦਤ ਦਿੱਤੀ ਗਲ ਲਾਇਆ ਕੱਸ ਕੱਸਕੇ ॥੨੪
ਪਰਜਾ ਧਰਮ ਇਹੋ ਹੈ ਭਾਈ ਕਰਨੀ ਨਮਕ ਹਲਾਲੀ।

ਅਪਨੇ ਮਾਲਕ ਥੋਂ ਨਾ ਚਾਹੀਏ ਲੈਣੀ ਕੁਝ ਦਲਾਲੀ ॥
ਸਿੰਘ ਨਹੀਂ ਦੁਸ਼ਮਨ ਕੁਛ ਸ਼ਾਹੀ ਹਨ ਇਹ ਦੁਸ਼ਮਨ ਲੋਗਾਂ ।
ਜਿਸ ਤੇ ਨਗਰ ਉਜਾੜਨ ਵੱਸਦੇ ਹਨ ਮੂਰਤ ਵੱਡ ਸੋਗਾਂ ॥ ੨੫ ॥
ਇਨਕਾ ਮਾਰਨ ਦੇਸ਼ ਵਾਸਤੇ ਹੈ ਸੁਖਦਾਈ ਭਾਰਾ ।
ਜਿਸਤੇ ਬੈਠੇ ਕਰੋ ਘਰਾਂ ਵਿੱਚ ਸੁਖ ਸੇ ਆਪ ਗੁਜ਼ਾਰਾ ॥
ਅਸੀਂ ਆਪਨੀ ਫੌਜ ਮਰਾਈ ਅਰ ਖਰਚਨਾ ਧਨ ਭਾਰਾ ।
ਸੋ ਸਭ ਪਰਜਾ ਖਾਤ੍ਰ ਹੈ ਸੁਖ ਜੋ ਸੋਂ ਕਰੇ ਗੁਜ਼ਾਰਾ ॥ ੨੬ ॥
ਪਾਤਸ਼ਾਹ ਪਰਜਾ ਦਾ ਪਾਲਕ ਪਰਜਾ ਖੇਤੀ ਤਿਸ ਦੀ ।
ਕਦੋਂ ਅਰਾਮ ਹੋਇਗਾ ਮਨ ਵਿਚ ਉਜੜੇ ਖੇਤੀ ਜਿਸਦੀ ॥
ਤਾਂਤੇ ਜਾਹੁ ਘਰੀਂ ਹੁਣ ਖੁਸ਼ ਹੋ ਬੈਠੇ ਢੋਲਾ ਗਾਓ ।
ਨਜ਼ਰ ਪਵੇ ਜੇ ਸਿੰਘ ਕਿਤੇ ਵੱਲ ਓਥੇ ਜਾਇ ਮੁਕਾਓ ॥ ੨੭ ॥
ਇਤਨਾ ਸੁਨਕੇ ਕਰ ਸਲਾਮ ਸਭ ਗਏ ਘਰਾਂ ਵਿੱਚ ਸਾਰੇ ।
ਆਖਨ ਅਸੀਂ ਸੁਭਾਗ ਭਏ ਹਾਂ ਸੂਬਾ ਸੰਗ ਹਮਾਰੇ ॥
ਸਿੰਘਾਂ ਤੇ ਕੀ ਲੈਣਾ ਦੱਸੋ ਜੋ ਹਨ ਧੱਕਲ ਹੁੰਦੇ ।
ਸੁਖ ਪਾਏਂਗੇ ਦੁਨੀਆਂ ਉੱਪਰ ਨਾਲ ਹਾਕਮਾਂ ਗੀਟੇ ॥ ੨੮ ॥
ਪਾਤਸ਼ਾਹ ਦੀ ਹਾਂ ਸਭ ਰਈਯਤ ਸਾਨੂੰ ਕਿਹਾ ਬਖੇੜਾ ।
ਹੁਕਮ ਮੰਨਣਾ ਕੰਮ ਅਸਾਡਾ ਹੋਰ ਨ ਚਹੀਏ ਝੇੜਾ ॥
ਏਹ ਸਿੰਘ ਹਨ ਵੱਡੇ ਲੁਟੇਰੇ ਅਰ ਜੰਗਲ ਦੇ ਵਾਸੀ ।
ਛੱਡ ਇਨ੍ਹਾਂ ਦਾ ਸੰਗ ਅਸੀਂ ਹਾਂ ਪਾਈ ਅੱਜ ਖਲਾਸੀ ॥ ੨੯ ॥
ਇਤਨਾ ਸੋਚ ਗਏ ਸਭ ਘਰ ਨੂੰ ਅਪਨੇ ਨਗਰ ਮਝਾਰੇ ।
ਸਭ ਲੋਗਾਂ ਨੂੰ ਜਾਇ ਸੁਨਾਏ ਹੁਕਮ ਪਾਤਸ਼ਾਹ ਵਾਰੇ ॥
ਅਮਨ ਚੈਨ ਸਭ ਥਾਈਂ ਹੋਈ ਅੱਗੋਂ ਅੜੇ ਨ ਕੋਈ ।

ਓਹ ਜੋ ਅੱਗ ਗਦਰ ਦੀ ਬਲਦੀ ਬੁਝਕੇ ਠੰਡੀ ਹੋਈ ॥ ੩੦ ॥
ਜਦ ਇਹ ਹਾਲ ਦੇਸ਼ ਵਿੱਚ ਹੋਇਆ ਦਿਸਦਾ ਸਿੰਘ ਨ ਕੋਈ।
ਅਪਨਾ ਅਤੇ ਬਿਗਾਨਾ ਤਿਨ ਕੋ ਦੇਂਦਾ ਮੂਲ ਨ ਢੋਈ ॥
ਜਦ ਸਭ ਪਾਸਤੋਂ ਸੁੰਨ ਸਾਨ ਅਰ ਅਮਨ ਅਜੇਹਾ ਹੋਇਆ।
ਜਾਨ ਲਿਆ ਨਾਜ਼ਮ ਨੇ ਐਸਾ ਪੰਥ ਜਗਤ ਤੇ ਮੋਇਆ ॥ ੩੧ ॥
ਕਰ ਆਰਾਮ ਬੈਠਿਆ ਘਰ ਵਿੱਚ ਅਰ ਦਿੱਲੀ ਪਰਵਾਨਾ।
ਲਿਖਕੇ ਭੇਜਿਆ ਪਾਤਸ਼ਾਹ ਪਹਿ ਹੇ ਆਦਲ ਮਿਹਰਵਾਨਾ ॥
ਕਾਜ ਆਪਦੇ ਸੁਧਰੇ ਸਾਰੇ ਪਕੜ ਸਿੰਘ ਸਭ ਮਾਰੇ।
ਰਾਜਾ ਰੈਨ ਚੈਨ ਹੈ ਪ੍ਰਜਾ ਸਾਰੇ ਖੌਫ ਉਤਾਰੇ ॥ ੩੨ ॥
ਜਿਸ ਨੂੰ ਪੜ੍ਹਕੇ ਬਾਦਸ਼ਾਹ ਨੇ ਸ਼ੁਕਰ ਖੁਦਾ ਦਾ ਲੀਤਾ।
ਆਖੀ ਓੜਕ ਨੂੰ ਸਭ ਕਾਰਜ ਸਿੱਧ ਖੁਦਾ ਨੇ ਕੀਤਾ ॥
ਦੇਖੋ ਇਹ ਜੋ ਸਿੰਘ ਸਦਾਉਨ ਕੈਸੇ ਹਨ ਹਠ ਵਾਲੇ।
ਨੰਗੇ ਭੁੱਖੇ ਦੁਖ ਸੁਖ ਅਪਨੇ ਸਿਰ ਪਰ ਬੈਠੇ ਝਾਲੇ ॥ ੩੩ ॥
ਨਹੀਂ ਮੌਤ ਦਾ ਡਰ ਇਨ ਤਾਈਂ ਅਰ ਨਾ ਖੌਫ ਖੁਦਾਈ।
ਪਾਤਸ਼ਾਹ ਤੇ ਮੂਲ ਨ ਰੁਕਦੇ ਕਰਨ ਅਚਾਨਕ ਧਾਈ ॥
ਕਿਆ ਜਾਨਾ ਇਹ ਕੌਨ ਬਲਾਈਂ ਆਇ ਦੇਸ਼ ਮਹਿ ਪਈਆਂ।
ਜਿਸ ਨੇ ਸਾਡੇ ਕਈ ਬਹਾਦਰ ਦੀ ਹਨ ਜਾਨਾਂ ਲਈਆਂ ॥ ੩੪ ॥
ਪਰ ਹੁਨ ਸੁਖ ਦਾ ਸ੍ਵਾਸ ਅਸਾਂ ਨੇ ਭਰੇ ਜਦੋਂ ਹਨ ਮੁੱਕੇ।
ਬੂਟੇ ਜੋ ਸਨ ਸੁਖ ਦੇ ਦਾਤੇ ਅੱਜ ਜੜ੍ਹਾਂ ਥੋਂ ਸੁੱਕੇ ॥
ਇਕ ਫੋੜਾ ਭੀ ਤਨ ਪਰ ਹੁੰਦਾ ਦੇਂਦਾ ਦੁਖ ਅਪਾਰਾ।
ਇਹ ਤਾਂ ਕਈ ਹਜਾਰਾਂ ਦਾ ਹੈ ਬਣਿਆ ਜੱਥਾ ਭਾਰਾ ॥ ੩੫ ॥
ਇਤਨਾ ਸੋਚ ਖੁਸ਼ੀ ਹੋ ਮਨ ਵਿੱਚ ਨਾਜ਼ਮ ਤਾਈਂ ਬਹਕੇ।

ਹੁਕਮ ਲਿਖਾਇਆ ਆਪ ਜ਼ਬਾਨੋਂ ਐਸਾ ਮਨ ਤੇ ਕਹਕੇ ॥
ਮੈਂ ਹਾਂ ਬਹੁਤ ਅਨੰਦ ਤੁਧ ਪਰ ਅਰ ਤੈਂ ਕੀਤਾ ਜੋਈ ।
ਜੋ ਤੈਨੂੰ ਹੀ ਲਾਇਕ ਹੈ ਸੀ ਦੂਜਾ ਕਰੇ ਨ ਕੋਈ ॥ ੩੬ ॥
ਲਾਇਕ ਹਾਕਮ ਪਾਤਸ਼ਾਹ ਦੇ ਕਰਦੇ ਕੰਮ ਚੰਗੇਰੇ ।
ਜਿਸ ਤੇ ਅੱਜ ਦੇਖ ਖਤ ਤੇਰਾ ਨੇਤ੍ਰ ਠੰਡੇ ਮੇਰੇ ॥
ਇਸ ਤੇ ਮੈਂ ਹਾਂ ਤੇਰੇ ਉੱਪਰ ਬਹੁਤ ਖੁਸ਼ੀ ਦੇ ਨਾਲੇ ।
ਕੀਤਾ ਕੰਮ ਬਹਾਦਰ ਵਾਲਾ ਦੇਸ਼ੋਂ ਸਿੰਘ ਨਿਕਾਲੇ ॥ ੩੭ ॥
ਪਰ ਦੁਸ਼ਮਨ ਨੂੰ ਛੋਟਾ ਜਾਤੇ ਕੰਮ ਨ ਚੰਗਾ ਪਜਾਰੇ ।
ਕਿਆ ਜਾਣਾ ਉਹ ਕਿਸ ਵੇਲੇ ਪਰ ਕਰਸੀ ਸਾਕੇ ਭਾਰੇ ॥
ਛੋਟਾ ਜਿਹਾ ਚਿੰਗਾੜਾ ਅਗਨੀ ਜੰਗਲ ਜਾਲ ਦਖਾਵੇ ।
ਇੱਕ ਦੀਵੇ ਦੀ ਅੱਗ ਭੜਕ ਕੇ ਨੱਗਰਾਂ ਭਸਮ ਕਰਾਵੇ ॥ ੩੮ ॥
ਤਾਂਤੇ ਸਵਾਧਾਨ ਤੁਮ ਰਹਨਾ ਸੌਣਾ ਨਾ ਡਰ ਖੋਕੇ ।
ਕਿਆ ਜਾਣੇ ਉਹ ਆਇ ਪੈਨ ਗੇ ਜਾਨ ਵੱਲੋਂ ਹੱਥ ਧੋਕੇ ॥
ਚੁੱਪ ਚੁਪਾਤਜਾਂ ਮਾਰ ਮੁਕਾਉਨ ਵਸਦੇ ਸ਼ਹਿਰ ਉਜਾੜਨ ।
ਕਈ ਸਾਲ ਦੀ ਅਮਨ ਵੇਲ ਨੂੰ ਇੱਕ ਪਲ ਵਿੱਚ ਉਖਾੜਨ ॥੩੯
ਰਾਜ ਨੀਤ ਹੈ ਦਸਦੀ ਏਹੋ ਦੁਸ਼ਮਨ ਭਲਾ ਨ ਛੋਟਾ ।
ਕੀੜੀ ਦੇ ਹੱਥੋਂ ਹੈ ਮਰਦਾ ਦੇਖੋ ਹਾਥੀ ਮੋਟਾ ॥
ਤਾਂਤੇ ਹੋਇ ਸੁਚੇਤ ਸਦਾ ਮਨ ਨਾਲ ਬਹਾਦਰਤਾਈ ।
ਸਦਾ ਨ ਅਪਨੇ ਸਿਰ ਪਰ ਜਾਨੋਂ ਇਹ ਹੈ ਆਫਤ ਆਈ ॥ ੪੦ ॥
ਜਦ ਇਹ ਸਮਝ ਤੁਰਕ ਮਨ ਅਪਨੇ ਬੈਠੇ ਨਾਲ ਤਸੱਲੀ ।
ਕਰਨ ਯਾਦ ਇੱਕ ਸੁਪਨੇ ਵਾਂਗਰ ਜੋ ਸੀ ਬਿਪਦਾ ਝੱਲੀ ॥
ਹੋਰ ਨਗਰ ਦੇ ਲੋਗ ਖਾਲਸੇ ਢੂੰਡ ਭਾਲ ਕਰ ਹਾਰੇ ।

ਹੱਥ ਨ ਆਵੇ ਕਿਸੇ ਵਿਸਾ ਤੇ ਜੋ ਪਕੜਾ ਕੇ ਮਾਰੇ ॥ ੪੧॥
ਤਦ ਇਸ ਸਮਜ ਵਿੱਚ ਇੱਕ ਸੂਰਾ ਗਰਜਿਆ ਵਾਂਗਰ ਸ਼ੇਰਾਂ।
ਪਾਈ ਹਲ ਚਲ ਫੇਰ ਅਜੇਹੀ ਝਾਂਜਾ ਜਿਉਂ ਕਰ ਬੇਰਾਂ ॥
ਬੋਤਾ ਸਿੰਘ ਨਾਮ ਸੀ ਉਸ ਦਾ ਰਹਿੰਦਾ ਰੱਖ ਮਝਾਟੇ।
ਪੱਤ੍ਰ ਕੰਦ ਮੂਲ ਚੁਨ ਖਾਕੇ ਕਰਦਾ ਬੈਠ ਗੁਜ਼ਾਰੇ ॥ ੪੨ ॥
ਕਦੇ ਕਦੇ ਜਦ ਦਾਉ ਲੱਗਦਾ ਨੱਗਰ ਦੇ ਵਿੱਚ ਆਵੇ।
ਮਿਲੇ ਇਨਾਜ ਅੰਨ ਜੋ ਚੋਰੀ ਸੋ ਲੇ ਜਾਕੇ ਖਾਵੇ॥
ਇਸੇ ਤਰ੍ਹਾਂ ਜੇ ਕਲ ਦੁਕੱਲਾ ਮਿਲਦਾ ਰਾਹੀ ਜਾਂਦਾ।
ਉਸ ਦੇ ਪਾਸੋਂ ਲੁੱਟ ਪੁੱਟ ਕੇ ਸੀ ਉਹ ਪੀਂਦਾ ਖਾਂਦਾ ॥ ੪੩ ॥
ਮੰਗਣਾ ਦੇ ਨ ਕੋਈ ਉਸ ਨੂੰ ਨਾ ਕਰ ਸੱਕੇ ਕੁਮਾਈ।
ਜਿਸ ਪਰ ਕੁਛਕ ਮਹੀਨੇ ਉਸ ਨੇ ਐਸੀ ਕਰੀ ਕੁਮਾਈ ॥
ਜਿਸ ਤੇ ਇਕ ਦਿਨ ਪੰਜ ਚਾਰ ਸਨ ਜ਼ਿਮੀਂਦਾਰ ਮਗ ਜਾਂਦੇ।
ਜੰਗਲ ਦੇ ਵਿੱਚ ਕਿਸੇ ਨੱਗਰ ਨੂੰ ਬਾਤਾਂ ਖੂਬ ਚਲਾਂਦੇ ॥ ੪੪ ॥
ਸੁਨਕੇ ਬੋਤਾ ਸਿੰਘ ਤਦੋਂ ਤਿਨ ਦੇਖਨ ਲਗਾ ਵਿਚਾਰਾ।
ਜੇ ਸੱਕਾਂ ਤਾਂ ਛਾਪਾ ਉਨ ਪਰ ਚਹੀਏ ਛਪਕੇ ਮਾਰਾ ॥
ਪਰ ਜਦ ਦੇਖੇ ਬਹੁਤ ਆਦਮੀ ਅਰ ਹਥਿਆਰਾਂ ਵਾਲੇ।
ਚੁਪਕੇ ਹੀ ਫਿਰ ਅਪਨੇ ਰਸਤੇ ਮੁੜਕੇ ਸਿੰਘ ਸਮਾਲੇ ॥ ੪੫ ॥
ਜਾਇ ਛਿਪਾਂ ਵਿੱਚ ਓਸੇ ਵੇਲੇ ਤਿਨ ਕੋ ਦੇਇ ਦਿਖਾਈ।
ਜਿਸ ਪਰ ਵੇਖ ਦਿਆਂ ਹੋ ਲੋਗਾਂ ਐਸੀ ਬਾਤ ਚਲਾਈ ॥
ਬਹੁਤ ਦਿਨਾਂ ਦੇ ਮਗਰੋਂ ਸਾਨੂੰ ਸਿੰਘ ਨਜ਼ਰ ਹੈ ਆਇਆ।
ਕਿਆ ਜਾਣੇ ਇਹ ਕਿਹੜੀ ਗੱਲੋਂ ਨਾਜ਼ਮ ਨਹੀਂ ਮੁਕਾਇਆ॥੪੬
ਨਹੀਂ ਸਿੰਘ ਦਾ ਨਾਮ ਰਿਹਾ ਹੈ ਇਸ ਦੇਸ਼ ਵਿੱਚ ਭਾਈ।

ਹੁਨ ਕਿਆ ਜਾਣੇ ਇਸ ਨੇ ਕਿੱਥੋਂ ਸੂਰਤ ਆਨ ਦਖਾਈ ॥
ਅਰ ਇਹ ਛੁਪਕਾ ਕਿਉਂ ਹੈ ਰਹਿੰਦਾ ਕਰਦਾ ਨਾ ਕੁਝ ਕਾਰਾ ।
ਸਿੰਘਾਂ ਜੈਸਾ ਦਿਸਦਾ ਨਾਹੀਂ ਇਸ ਦਾ ਜੋਉ ਕਰਾਰਾ ॥ ੪੭ ॥
ਇਤਨਾ ਸੁਨਕੇ ਕਹੀ ਦੂਸਰੇ ਇਹ ਨਾਹੀਂ ਸਿੰਘ ਭਾਈ ।
ਸਿੰਘਾਂ ਤੇ ਕਦ ਹੁੰਦੀ ਇਤਨੀ ਰਹਕੇ ਜਗਤ ਸਮਾਈ ॥
ਇਹੀ ਤਾਂ ਹੈਗਾ ਕੋਈ ਗੀਦੀ ਜਿਸ ਤੇ ਛਪਕੇ ਰਹਿੰਦਾ ।
ਏਹੋ ਜੇਹੇ ਮਾਨਸ ਤਾਈਂ ਸਿੰਘ ਕਵੋਂ ਕੋ ਕਹਿੰਦਾ ॥ ੪੮ ॥
ਸਿੰਘ ਸੂਰਮੇਂ ਲੜਨਾ ਭਿੜਨਾ ਸਮਝਨ ਅਪਨੇ ਕਾਜਾ ।
ਇਹ ਤਾਂ ਲੁਕਿਆ ਫਿਰਦਾ ਕਾਇਰ ਮੂਲ ਨ ਕਰਦਾ ਲਾਜਾ ॥
ਤਾਂਤੇ ਇਸ ਨੂੰ ਨਹੀਂ ਚੜੀ ਹੈ ਸਿੰਘਾਂ ਵਾਲੀ ਰੰਗਤ ।
ਜਿਸਤੇ ਕੰਮ ਬਹਾਦਰ ਪਣ ਤੇ ਮਨ ਇਸ ਦਾ ਹੈ ਸੰਗਤ ॥ ੪੯ ॥
ਨੱਸ ਗਿਆ ਇਹ ਦੇਖਿ ਅਸਾਨੂੰ ਡਰਦਾ ਮਾਰਿਆ ਐਸੇ ।
ਦੇਖ ਸ਼ੇਰ ਨੂੰ ਹਰਨ ਚੌਂਕੜੀ ਮਾਰ ਭਗੇ ਹੈ ਜੈਸੇ ॥
ਨਾਮ ਸਿੰਘ ਫਿਰ ਐਸਾ ਡਰਨਾ ਸ਼ਰਮ ਕਰਨ ਦਾ ਜਾਗਾ ।
ਜਿਸ ਤੇ ਹੁਨ ਤਕ ਦਾਗ਼ ਅਜੇਹਾ ਸਿੰਘਾਂ ਨੂੰ ਨਹਿ ਲਾਗਾ ॥ ੫੦ ॥
ਜਦ ਇਹ ਕਹੀ ਉਨ੍ਹਾਂ ਨੇ ਹਸਕੇ ਬੋਲੀ ਵਡੀ ਦੁਖਾਰੀ ।
ਤਦੋ ਸਿੰਘ ਦੇ ਸੀਨੇ ਦੇ ਵਿੱਚ ਕਾਤੀ ਵੱਗੀ ਕਾਰੀ ॥
ਸੋਚਨ ਲੱਗਾ ਮਨ ਵਿੱਚ ਅਪਨੇ ਮੈਂ ਹਾਂ ਵਡਾ ਨਕਾਰਾ ।
ਜਿਸ ਤੇ ਲੋਗਾਂ ਗੀਦੀ ਕਹਕੇ ਮੈਨੂੰ ਅੱਜ ਪੁਕਾਰਾ ॥ ੫੧ ॥
ਮੇਰੇ ਭਾਈ ਸੂਰਮਤਾਈ ਕਰਕੇ ਯਸ਼ ਜਗ ਮੂਏ ।
ਮੈਂ ਨਾਮਰਦੀ ਦੇ ਵਸ ਹੋਕੇ ਡਿਗਯਾ ਅਪਯਸ਼ ਕੂਏ ॥
ਤਾਂਤੇ ਹੁਨ ਤਾਂ ਜੀਵਨ ਮੇਰਾ ਮੁਸ਼ਕਲ ਛਿਪਕੇ ਰਹਿਨਾ ।

ਕਿਆ ਸਿੱਖਯਾ ਦੇਂਦਾ ਹੈ ਮੈਨੂੰ ਇਨ ਜੱਟਾਂ ਕਾ ਕਹਿਨਾ ॥ ੫੨ ॥
ਬਾਤ ਸੱਚ ਹੈ ਝੂਠ ਨਾ ਕੋਈ ਸਿੰਘ ਹੋਇਕੇ ਡਰਨਾ ।
ਬਾਤ ਸ਼ਰਮ ਦੀ ਹੈ ਵਡ ਭਾਰੀ ਬੁਰੀ ਪਛਾਨੇ ਮਰਨਾ ॥
ਓੜਕ ਨੂੰ ਤਾਂ ਇਸ ਜਗਤ ਤੇ ਜਾਣਾ ਹੋਗ ਜ਼ਰੂਰੀ ।
ਪਰ ਗੁਰ ਸਿੱਖਾਂਦੀ ਜੋ ਰੀਤੀ ਕਰਨੀ ਚਹੀਏ ਪੂਰੀ ॥ ੫੩ ॥
ਬੇਲੇ ਵਿੱਚ ਸ਼ੇਰ ਕਦ ਲੁਕਦੇ ਅਰ ਕੱਖਾਂ ਵਿੱਚ ਅਗਨੀ ।
ਥੋੜੀ ਜੇਹੀ ਪੌਨ ਲਗਨ ਪਰ ਆਖਰ ਨੂੰ ਹੈ ਜਗਨੀ ॥
ਤਾਂਤੇ ਮੈਂ ਭੀ ਜਨਮ ਅਪਨਾ ਸਫਲਾ ਕਰਸਾਂ ਭਾਈ ।
ਧਰਮ ਹੇਤ ਸਿਰ ਦੇਨਾ ਜਗ ਵਿੱਚ ਸਫਲੀ ਅਹੇ ਕੁਮਾਈ ॥ ੫੪ ।
ਮਨੀ ਸਿੰਘ ਤੇ ਮੈਂ ਨਾ ਚੰਗਾ ਅਰ ਨ ਸਿਦਕੀ ਭਾਰਾ ।
ਜਦ ਓਹ ਗਏ ਧਰਮ ਪਰ ਸਦਕੇ ਤਾਂ ਮੈਂ ਕੌਨ ਵਿਚਾਰਾ ॥
ਇਸ ਤਨ ਰੱਖਨ ਨਾਲੋਂ ਚੰਗਾ ਧਰਮ ਰੱਖਨਾ ਪਿਆਰੇ ।
ਲੋਕ ਪ੍ਰਲੋਕ ਵਿਖੇ ਜਿਸ ਬਦਲੇ ਹੋਸੀ ਸ਼ੋਭਾ ਸਾਰੇ ॥ ੫੫ ॥
ਇਹ ਦੁਨੀਆ ਦਿਨ ਚਾਰ ਤੁਮਾਸ਼ਾਂ ਸਦਾ ਨ ਰਹਨੇ ਹਾਰੀ ।
ਰਾਜਾ ਰੰਕ ਸਭੀ ਤੁਰ ਜਾਸੀ ਅਪਨੀ ੨ ਵਾਰੀ ॥
ਭਲੇ ਬੁਰੇ ਜੋ ਮਾਨਸ ਜਗ ਵਿੱਚ ਸੋ ਨਾ ਰਹਨੇ ਪਾਏ ।
ਓੜਕ ਨੂੰ ਫੜ ਕੇਸੋਂ ਸਗਲੇ ਯਮ ਨੇ ਅੱਗੇ ਲਾਏ ॥ ੫੬ ॥
ਜਿਸ ਦੇ ਅੱਗੇ ਜ਼ੋਰ ਨ ਚਲਦਾ ਸਭ ਤੇ ਵਲੀ ਬਹਾਦਰ ।
ਜਿਸ ਦੇ ਘਰ ਵਿੱਚ ਸਭ ਦਾ ਦਿਸਦਾ ਇੱਕੋ ਜੇਹਾ ਆਦਰ ॥
ਮਨ ਦੇ ਸਭੋ ਮਨੋਰਥ ਰਹਿੰਦੇ ਮਨ ਦੇ ਵਿੱਚ ਪਿਆਰੇ ।
ਜਦ ਯਮ ਆਕੇ ਏਸ ਪੁਰਖ ਨੂੰ ਅਪਨੀ ਸ਼ਕਲ ਦਿਖਾਰੇ ॥ ੫੭ ॥
ਸਕੇ ਸਨੇਹੀ ਮਾਤਾ ਪਿਤਾ ਅਰ ਪੁੱਤ੍ਰ ਧੀਆਂ ਭਾਈ ।

ਓੜਕ ਵੇਲੇ ਚਲਦਿਆਂ ਇਸ ਦੇ ਕੋਇ ਨ ਹੋਇ ਸਹਾਈ ॥
ਘੋੜੇ ਹਸਤੀ ਫੌਜ ਖ਼ਜ਼ਾਨੇ ਸਭ ਏਥੇ ਤਜ ਜਾਂਦਾ।
ਵਾਂਗ ਗੁਲਾਮਾਂ ਹੱਥ ਮੌਤ ਦੇ ਪਏ ਨ ਕੋਈ ਛੁਡਾਂਦਾ ॥ ੫੮ ॥
ਪਰ ਇਸ ਜਗ ਵਿੱਚ ਕੰਮ ਕਰੇ ਜੋ ਚੰਗੇ ਮੰਦੇ ਕੋਈ।
ਓਸੇ ਤਰ੍ਹਾਂ ਓਸ ਦੀ ਜਗ ਵਿੱਚ ਨਿੰਦਾ ਉਸਤਤ ਹੋਈ ॥
ਜਿਸ ਤੇ ਯਾਦਗਾਰ ਹੈ ਚੰਗੀ ਕਰਨੀ ਠੀਕ ਕੁਮਾਈ।
ਇਸ ਤੇ ਬਿਨਾਂ ਸਦਾ ਦੀ ਸ਼ੋਭਾ ਕਿਸ ਨੇ ਹੈ ਜਗ ਪਾਈ ॥ ੫੯ ॥
ਤਾਂਤੇ ਮੈਂ ਕਿਉਂ ਛਿਪਿਆ ਬੈਠਾਂ ਗੁਰ ਦਾ ਸਿੰਘ ਸਦਾਕੇ।
ਉਸ ਸੱਚੇ ਪਾਤਸ਼ਾਹ ਸਾਮ੍ਹਨੇ ਕਿਆ ਆਖੂੰਗਾ ਜਾਕੇ ॥
ਜਿਸ ਦੇ ਅੰਮ੍ਰਿਤ ਸਿੰਘ ਸਜਾਇਆ ਮੈਨੂੰ ਬਰਕਤ ਦਿੱਤੀ।
ਉਸ ਦੀ ਜੋ ਸੀ ਸਾਰ ਪਿਆਰੇ ਮੈਂ ਨਾ ਮੁੜਕੇ ਲਿੱਤੀ ॥ ੬੦ ॥
ਚਲੋ ਨਾਲ ਤੁਰਕਾਂ ਦੇ ਕਰੀਏ ਜੰਗ ਨਸੰਗ ਹਠੀਲਾ।
ਸੂਰੇ ਸਿੰਘ ਨ ਕਰਦੇ ਕਦ ਹੀ ਜੰਗ ਵਿਖੇ ਮੁਖ ਪੀਲਾ ॥
ਕੈ ਤੁਰਕਨ ਕੋ ਮਾਰ ਮਾਲ ਲੈ ਪੰਥ ਸੁਖਾਲਾ ਕਰਸਾਂ।
ਯਾ ਤਿਨ ਕੇ ਹੱਥੋਂ ਮੈਂ ਅਪਨਾ ਸੀਸ ਤਲੀ ਪਰ ਧਰਸਾਂ ॥ ੬੧ ॥
ਇਸ ਲੁਕਨੇ ਤੇ ਉਹ ਮਸ਼ਹੂਰੀ ਵੱਡੀ ਅਚੰਭੇ ਵਾਲੀ।
ਉੱਤਮ ਦਿਸਦੀ ਹੈ ਜਗ ਮੈਨੂੰ ਜੋ ਨਾ ਧਰਮੋਂ ਖਾਲੀ ॥
ਧਰਮੋਂ ਜਾਨ ਪਿਆਰੀ ਕਰਨੀ ਨਹੀਂ ਚੰਗੇਰੀ ਪਿਆਰੇ।
ਧਰਮ ਗਿਆ ਫਿਰ ਹੱਥ ਨ ਆਵੇ ਜਨਮ ਬਾਰ ਹੀ ਬਾਰੇ ॥ ੬੨ ॥
ਤਾਂਤੇ ਸੋਚ ਛੋਡ ਕਰ ਸਾਰੀ ਚਲੋ ਨਸੰਗ ਅਗੇਰੇ।
ਚਹੀਏ ਕਰਨੇ ਅੱਜ ਅਸਾਨੂੰ ਪਰੇ ਸੀਸ ਤੇ ਡੇਰੇ ॥
ਦੇਖ ਪਤੰਗ ਨ ਛਿਪਦਾ ਦੀਵੇ ਸਨਮੁਖ ਜਾਨ ਗੁਵਾਂਦਾ।

ਜਿਸ ਦੇ ਸਿਦਕ ਭਰੋਸੇ ਪਿੱਛੇ ਜਗ ਉਸ ਦਾ ਯਸ਼ ਗਾਂਦਾ ॥ ੬੩ ॥
ਇਤਨਾ ਸੋਚ ਤੇਗ ਹੱਥ ਲੀਤੀ ਬਣ ਤੇ ਬਾਹਰ ਆਇਆ।
ਨਾਲ ਸਿੰਘ ਇੱਕ ਰੰਘਰੇਟਾ ਅਪਨੇ ਸੰਗ ਮਿਲਾਇਆ ॥
ਉਹ ਭੀ ਸਾ ਇੱਕ ਸਿੰਘ ਹਠੀਲਾ ਧਰਮ ਕਰਮ ਵਿੱਚ ਪੂਰਾ।
ਜਤੀ ਸਤੀ ਹਠ ਤਪ ਦਾ ਮਾਲਕ ਤੇਗ ਬਹਾਦਰ ਸੂਰਾ ॥ ੬੪ ॥
ਜਿਸ ਨੂੰ ਕਹੀ ਖਾਲਸਾ ਪਿਆਰੇ ਇਹ ਜੀਵਨ ਦਿਨ ਚਾਰੇ ॥
ਓੜਕ ਨੂੰ ਹੋ ਜਾਣੇ ਸਾਡੇ ਤਨ ਤੇ ਪਰਾਨ ਨਿਆਰੇ ॥
ਆਓ ਕਰੇ ਕੰਮ ਕੁਛ ਗੁਰ ਦਾ ਧਰਮ ਆਪਨੇ ਕਾਰਨ।
ਜਿਸ ਤੇ ਸਿੰਘਾਂ ਤਾਈਂ ਲਿਖ੍ਯਾ ਮਰਨਾ ਦੁਸ਼ਮਨ ਮਾਰਨ ॥ ੬੫ ॥
ਜਦ ਦੋਨੋਂ ਹਮ ਇੱਕ ਹੋਇਕੇ ਕਰਸੇਂ ਜੰਗ ਕਰਾਰੇ।
ਸਮਝ ਲਵੇ ਫਿਰ ਕੋਈ ਜ਼ਾਲਮ ਸਨਮੁਖ ਕਹਾਂ ਹਮਾਰੇ ॥
ਅਗਨੀ ਨਾਲ ਪੌਨ ਜਿਉਂ ਮਿਲਕੇ ਸਾੜੇ ਘਰ ਬਣ ਜੈਸੇ।
ਮੈਂ ਅਰ ਤੁਸੀਂ ਕਰੇਂਗੇ ਐਸੀ ਨਾਮ ਰਹੇ ਜਗ ਜੈਸੇ ॥ ੬੬ ॥
ਜੀਵਨ ਜਗਤ ਸਦਾ ਨਹੀਂ ਭਾਈ ਓੜਕ ਨੂੰ ਤੁਰ ਜਾਨਾ।
ਦੱਸੋ ਕਿਸ ਨੇ ਕੀਤਾ ਜਗ ਵਿੱਚ ਸਦ ਹੀ ਚਾਇ ਟਿਕਾਣਾ ॥
ਪਰ ਜੋ ਭਲੇ ਬੁਰੇ ਹਨ ਕਾਰਜ ਕਰਦੇ ਲੋਗ ਹਠੀਲੇ।
ਸੋ ਸਦ ਰਹਨ ਜਗਤ ਵਿੱਚ ਕਾਇਮ ਯਸ ਦੇ ਨਾਲ ਰੰਗੀਲੇ॥੬੭॥
ਅਸੀਂ ਸਿੰਘ ਤਾਂ ਮਰਨੋਂ ਅੱਗੇ ਹੱਥ ਜਾਨ ਤੇ ਧੋਤੇ।
ਗੁਰ ਦੇ ਉਨ੍ਹਾਂ ਸ਼ਹੀਦਾਂ ਅੰਦਰ ਮਨਕੇ ਵਾਂਗ ਪਰੋਤੇ ॥
ਜਿਸ ਤੇ ਹੁਨ ਕ੍ਯਾ ਦੇਰ ਅਸਾਂ ਨੂੰ ਕਰਨੀ ਹੈ ਸੁਨ ਭਾਈ।
ਜਦ ਉਸ ਕਰਤੇ ਵੱਲੋਂ ਸਾਨੂੰ ਏਹ ਦਲੇਰੀ ਆਈ ॥ ੬੮ ॥
ਕੰਮ ਕਰੇਂਗੇ ਅਸੀਂ ਆਪ ਦਾ ਸੂਰਬੀਰ ਜਦ ਹੋਕੇ।

ਓੜਕ ਨੂੰ ਜਾਵਾਂਗੇ ਜਗ ਤੇ ਕਈ ਜ਼ੁਲਮ ਨੂੰ ਖੋਕੇ ॥
ਤਾਂਤੇ ਦੇਰ ਕਰਨ ਨਹੀਂ ਚੰਗੀ ਕਰਨੀ ਬਨੇ ਦਲੇਰੀ।
ਪਰ ਏਹ ਗਵਾਹੀ ਦੇਂਦੀ ਅਕਲ ਪਜਾਰੇ ਮੇਰੀ ॥ ੬੯ ॥
ਜਿਸ ਨੂੰ ਸੁਨਕੇ ਓਸ ਸਿੰਘ ਨੇ ਕਹੀ ਸੁਨੋਂ ਮਮ ਮੀਤਾ।
ਮੈਂ ਤਾਂ ਤਨ ਮਨ ਅਪਨਾ ਸਾਰਾ ਗੁਰ ਦੇ ਅਰਪਨ ਕੀਤਾ॥
ਇਸ ਦੁਨੀਆਂ ਤੇ ਮੈਂ ਕਜਾ ਲੈਣਾ ਜੋ ਹੈ ਦੁਖਦਾ ਕਾਰਨ।
ਸੌਰਾ ਪਦ ਪਾਵੇਂਗੇ ਅੱਗੇ ਕਰਕੇ ਦੁਸ਼ਟ ਵਿਦਾਰਨ ॥ ੭੦॥
ਕਿਆ ਮੈਂ ਨਹੀਂ ਸਿੰਘ ਹਾਂ ਗੁਰਦਾ ਯਾ ਸਿਦਕੋਂ ਹਾਂ ਖਾਲੀ।
ਜਿਸ ਤੇ ਜਾਨ ਬਚਾਇਆ ਲੋੜਾਂ ਜੋ ਕਾਇਰ ਦੀ ਚਾਲੀ॥
ਤਾਂਤੇ ਮੇਰੇ ਭਾਣੇ ਤਾਂ ਹੈ ਜਗਤ ਉਜਾੜ ਪਿਆਰੇ।
ਓਹੋ ਸਿਦਕ ਮੌਤ ਦਾ ਦੇਖਨ ਦਿਸਦਾ ਬਾਗ ਬਹਾਰੇ॥੭੧॥
ਤਾਂਤੇ ਚਲੋ ਦੇਰ ਨਹੀਂ ਕਰੀਓ ਬਾਤਾਂ ਤੇ ਕਿਆ ਹੋਸੀ।
ਕਰੋ ਜ਼ੁਲਮ ਇਸ ਦੇਸੋਂ ਬਾਹਰ ਜਾਨ ਧਰਾ ਨਿਰਦੋਸੀ॥
ਓਟ ਗੁਰੂ ਦੀ ਇੱਕ ਅਸਾਨੂੰ ਹੋਰ ਕਹੋ ਕਿਆ ਮੰਗੇ।
ਐਵੇਂ ਖਾਕੇ ਧਰਮ ਵਿਹੂਣੇ ਮਰ ਜਾਣਾ ਨਾ ਚੰਗੇ ॥ ੭੨ ॥
ਆਪਸ ਦੇ ਵਿੱਚ ਕਰ ਇਹ ਬਾਤਾਂ ਸਿਦਕ ਅਤੇ ਹਠ ਵਾਲੀ।
ਸਤ ਪੁਰਖਾਂ ਦੇ ਬਚਨ ਜਗਤ ਵਿੱਚ ਕਦੇ ਨ ਜਾਂਦੇ ਖਾਲੀ॥
ਦੋਨਾਂ ਨੇ ਫਿਰ ਫਤੇ ਗਜਾਈ ਅਰ ਸ਼ਸਤ੍ਰ ਕਰ ਲੀਤੇ।
ਸਿਰ ਤੇ ਪਰੇ ਪਜਾਰਿਆਂ ਨੇ ਸੀ ਡੇਰੇ ਅਪਨੇ ਕੀਤੇ ॥ ੭੩ ॥
ਨਿਕਲ ਮਦਾਨੋਂ ਗਏ ਨਗਰ ਮਹਿ ਜੋ ਚਾਹੇ ਸੋ ਪਾਇਆ।
ਦੇਖ ਭਯਾਨਕ ਸੂਰਤ ਸਿੰਘਾਂ ਕਿਨੇ ਨ ਹੱਥ ਉਠਾਇਆ॥
ਜਿਸ ਪਰ ਨਿੱਤ ਕਰਨ ਇਹ ਹੀਲਾ ਜਿੱਥੇ ਦੁਸ਼ਟ ਨਿਹਾਰਨ।

ਚੁਪ ਚੁਪਾਤੇ ਜਾਇ ਓਸ ਨੂੰ ਪਕੜ ਮਾਲ ਸਭ ਝਾਰਨ ॥ ੭੪ ॥
ਇਸੀ ਤਰ੍ਹਾਂ ਰਸਤੇ ਸਭ ਰੋਕੇ ਅਰ ਨਗਰ ਚਾ ਘੇਰੇ।
ਜੋ ਚਾਹੁੰਨ ਸੋ ਤੁਰਤ ਦਖਾਉਨ ਕੋਈ ਨਹੀਂ ਮੁਖ ਫੇਰੇ ॥
ਓੜਕ ਜਾਇ ਤਰਨਤਾਰਨ ਜੀ ਕਰ ਇਸ਼ਨਾਨ ਸੁਹਾਵਾ।
ਜੋ ਕੁਛ ਪਾਸ ਨਕਦ ਸੀ ਰੱਖੜਾ ਕੀਤਾ ਚਾਇ ਚੜ੍ਹਾਵਾ ॥ ੭੫ ॥
ਕਰੇ ਕੜਾਹ ਅਤੇ ਅਰਦਾਸੇ ਹੋਰ ਬਿਹੰਗਮ ਸਾਰੇ ।
ਦਿੱਤੇ ਗੱਫੇ ਸਨ ਮਨ ਭਾਇਐ ਨਾਲ ਮੁਹੱਬਤ ਸਾਰੇ॥
ਓੜਕ ਨੂੰ ਜਾ ਜੰਗਲ ਦੇ ਵਿੱਚ ਸੀ ਸਰਾਇ ਇੱਕ ਚੰਗੀ।
ਬੈਠੇ ਮੱਲ ਓਸ ਨੂੰ ਐਵੇਂ ਬਿਨ ਪੁੱਛੇ ਹੀ ਜੰਗੀ ॥ ੭੬ ॥
ਜਿਸ ਵਿੱਚ ਬੈਠ ਲਗੇ ਇਹ ਕਰਨੇ ਜੋ ਰਾਹੀ ਸੀ ਜਾਂਦਾ।
ਸੋਇ ਜੁਗਾਤ ਉਨ੍ਹਾਂ ਦੀ ਭਰਕੇ ਅੱਗੇ ਪੈਰ ਟਕਾਂਦਾ ॥
ਦੇਨ ਲੋਕ ਹੱਸ ਹੱਸ ਕੇ ਜ਼ਰਾ ਨਹੀਂ ਦਮ ਮਾਰਨ।
ਸੂਬੇ ਨਾਲੋਂ ਤੇਜ਼ ਉਨ੍ਹਾਂ ਦਾ ਬਹੁਤਾ ਮਨ ਵਿੱਚ ਧਾਰਨ ॥ ੭੭ ॥
ਨੂਰਦੀਨ ਦੀ ਨਾਮ ਇੱਕ ਸੀ ਬਨੀ ਸਰਾਇ ਚੰਗੇਰੀ।
ਸਾਂਭ ਲਈ ਦੋਨਾਂ ਨੇ ਜਾਕੇ ਕਰਕੇ ਖੂਬ ਦਲੇਰੀ ॥
ਨਾਲ ਕਹੀ ਦੇ ਖੰਦਕ ਕਰਕੇ ਅਪਨੀ ਹੱਦ ਠਰਾਈ।
ਜੋ ਉਸ ਅੰਦਰ ਆਵੇ ਉਸਤੇ ਲੈਨ ਜੁਗਾਤ ਧਰਾਈ ॥ ੭੮ ॥
ਪੈਸਾ ਖੋਤਾ ਆਨਾਂ ਗੱਡਾ ਊਠ ਲੈਨ ਦੋ ਪੈਸੇ।
ਬੈਠੇ ਮੱਲ ਜੁ ਠਾਣਾਂ ਅਪਨਾ ਹਾਕਮ ਹੁੰਦੇ ਜੈਸੇ ॥
ਅਰ ਜੋ ਸੁਨਨ ਤੁਰਕ ਹੈ ਜ਼ਾਲਮ ਸਿੰਘਾਂ ਨੂੰ ਦੁਖ ਦੇਂਦਾ।
ਬੁਰਾ ਕਰੇ ਅਰ ਬਦਲਾ ਪਾਪੀ ਬੁਰੀ ਤਰ੍ਹਾਂ ਹੈ ਲੈਂਦਾ ॥ ੭੯ ॥
ਤਦ ਓਥੇ ਹੀ ਰਾਤ ਸਮੇਂ ਉਹ ਕਰਦੇ ਧਾਵਾ ਐਸੇ।

ਭੁੱਖੇ ਸ਼ੇਰ ਡਾਰ ਮ੍ਰਿਗਾਂ ਪਰ ਜਾਕੇ ਪੈਂਦੇ ਜੈਸੇ ॥
ਮਾਰਨ ਧਾੜੇ ਕਰਨ ਪੁਆੜੇ ਸੁਖ ਨਾ ਸੌਣੇ ਦੇਵਨ।
ਇੱਕ ਇੱਕ ਤੇ ਉਹ ਗਿਣਕੇ ਸੂਰੇ ਚੌਗੁਨ ਬਦਲੇ ਲੇਵਨ ॥ ੯੦ ॥
ਪਰ ਜਦ ਧਨ ਹੋ ਜਾਂਦਾ ਬਹੁਤਾ ਤਦ ਇਹ ਕਰਦੇ ਜੰਗੀ।
ਭੁੱਖੇ ਨੰਗੇ ਸਿੰਘਾਂ ਭਾਈਆਂ ਦੇਨ ਦਰਬ ਬਿਨ ਮੰਗੀ ॥
ਗੁਰਦੁਆਰਿਆਂ ਦਾ ਟਹਲਾ ਕਰਦੇ ਮਿਲਕੇ ਚਾਈਂ ਚਾਈਂ।
ਪਾਸ ਨ ਰਖਦੇ ਧੇਲਾ ਅਪਨੇ ਖੋਂਦੇ ਨਹੀਂ ਅਜਾਈਂ ॥ ੯੧ ॥
ਇਤਨਾ ਧੁੰਦ ਮਚਿਆ ਉਸ ਵੇਲੇ ਥਰ ੨ ਕੰਬਨ ਸਾਰੇ।
ਅੱਗੇ ਉਨ੍ਹਾਂ ਬਹਾਦਰ ਸਿੰਘਾਂ ਕੌਨ ਕਦੇ ਦਮ ਮਾਰੇ ॥
ਕਿਤਨੇ ਲੋਗ ਡਰਦਿਆਂ ਕਰਦੇ ਆਪੇ ਆਕਰ ਸੇਵਾ।
ਕਹਨ ਅਸਾਂ ਪਰ ਕ੍ਰਿਪਾ ਕਰਨੀ ਹੇ ਸਿੰਘੋ ਸੁਖ ਦੇਵਾ ॥ ੯੨ ॥
ਕੱਢੀ ਕਾਰ ਮੀਲ ਦੋ ਅੰਦਰ ਅਪਨੀ ਮੱਲ ਬਨਾਈ।
ਜੋ ਲੰਘੇ ਉਸ ਜਾਗਾ ਪਰ ਸੋ ਭਰੇ ਜੁਗਾਤ ਬਨਾਈ ॥
ਖਾਲੀ ਜਾਨ ਨਾ ਪਾਵੇ ਕੋਈ ਅਰ ਨਾ ਆਕੜ ਦੱਸੇ।
ਜੇ ਕੁਛ ਕਰੇ ਹਾਰ ਯਾ ਹੁਜੱਤ ਤਾਂ ਸਭ ਕੁਛ ਹੀ ਖੱਸੇ ॥ ੯੩ ॥
ਨਗਰ ਨਗਰ ਵਿੱਚ ਚਰਚਾ ਹੋਇਆ ਇਸੇ ਬਾਤ ਦਾ ਸਾਰੇ।
ਡਰਦੇ ਲੋਗ ਨ ਲੰਘਨ ਉਤਵਲ ਜਾਂਦੇ ਹੋਇ ਕਨਾਰੇ ॥
ਇਤਨਾ ਧਨ ਸਿੰਘਾਂ ਨੇ ਕੀਤਾ ਕੱਠਾ ਸੀ ਉਸ ਵੇਲੇ।
ਤਰਨਤਾਰਨ ਦਰਬਾਰ ਸਾਹਿਬ ਦੇ ਚੰਗੇ ਭਰਦੇ ਮੇਲੇ ॥ ੯੪ ॥
ਕਈ ਅਨਾਥ ਸਿੰਘ ਸਨ ਹੋਏ ਲੈ ਧਨ ਚਾਇ ਸੁਖਾਰੇ।
ਕਿਤਨੇ ਨੰਗੇ ਭੁੱਖੇ ਹੋਏ ਦੌਲਤਵੰਦ ਵਿਚਾਰੇ ॥
ਕਿਤਨੀ ਮਾਈਆਂ ਦੇਨ ਦੁਆਈਆਂ ਲੈ ਗੱਫੇ ਮਨ ਭਾਏ।

ਇਸੀ ਤਰ੍ਹਾਂ ਇਸ ਬੋਤਾ ਹਰਿ ਨੇ ਬਹੁਤੇ ਲਾਭ ਪੁਚਾਏ ॥ ੮੫ ॥
ਕੱਖਾਂ ਵਿੱਚ ਅੱਗ ਕਦ ਲੁਕਦੀ ਜੇ ਸੌ ਪਿਆ ਲੁਕਾਏ।
ਇਸ਼ਕ ਮੁਸ਼ਕ ਅਰ ਖੁਰਕ ਖੂਨ ਕਦ ਗੁੱਝੇ ਭੁਲਾ ਰਹਾਏ॥
ਤਿਵੇਂ ਬਹਾਦਰ ਕਦੋਂ ਜਗਤ ਵਿੱਚ ਛਿਪਕੇ ਰਹਿੰਦੇ ਭਾਈ।
ਓੜਕ ਨੂੰ ਹੁਨ ਵਾਰੀ ਇਨ ਕੀ ਪ੍ਰਗਟ ਦੀ ਹੈ ਆਈ ॥ ੮੬ ॥
ਮਚੀ ਜਦੋਂ ਹਲਾਚਲ ਭਾਰੀ ਜਿਤਨੇ ਰਾਹੀ ਪਾਂਧੀ।
ਡਰਦੇ ਪੈਰ ਨ ਪਟਦੇ ਅੱਗੇ ਦਿਸਦੀ ਚਲਦੀ ਆਂਧੀ॥
ਓੜਕ ਨੂੰ ਜਾ ਬਹੁਤਿਆਂ ਲੋਗਾਂ ਵਿੱਚ ਲਹੌਰ ਪੁਕਾਰਾ।
ਸੂਬੇ ਪਾਸ ਰੋਇਕੇ ਅਪਨਾ ਸਾਰਾ ਹਾਲ ਉਚਾਰਾ ॥ ੮੭ ॥
ਓੜਕ ਨੂੰ ਜਾ ਕਿਤਨਿਆਂ ਲੋਗਾਂ ਨਾਜ਼ਮ ਨੂੰ ਇਹ ਕੂਕੀ।
ਸੁੱਤੀ ਪਈ ਅੱਗ ਜੋ ਉਸ ਦੇ ਮੁੜ ਕੇ ਤਨ ਨੂੰ ਫੂਕੀ॥
ਕਹੀ ਆਪ ਹੋ ਸੁੱਤੇ ਸੁਖ ਤੇ ਬਾਹਰ ਜੋ ਕੁਛ ਹੋਵੇ।
ਖਬਰ ਨਹੀਂ ਕਿਛ ਰਖਦੇ ਸਾਹਿਬ ਕੋ ਜੀਵੇ ਕੋ ਮੋਵੇ॥ ੮੮ ॥
ਸਾਰਾ ਏਹੁ ਇਲਾਕਾ ਸਾਡਾ ਤੰਗ ਭਯਾ ਹੈ ਐਸਾ।
ਲੱਖਾਂ ਡਾਕੂ ਸ਼ੇਰਾਂ ਤੇ ਭੀ ਦੁਖ ਨ ਹੁੰਦਾ ਜੈਸਾ॥
ਦੋਇ ਸਿੰਘ ਹਨ ਆਇ ਗਏ ਨਾ ਖਬਰ ਸੁ ਕਿਹੜੀ ਵੱਲੋਂ।
ਬਚਨਾ ਸਾਨੂੰ ਹੋਯਾ ਔਖਾ ਇਸ ਭਾਰੀ ਥਰਥੱਲੋਂ ॥ ੮੯ ॥
ਲੁੱਟ ਮਾਰ ਹਨ ਕਰਦੇ ਦੋਨੋਂ ਲੈਨ ਜੁਗਾਤ ਬਜਾਕੇ।
ਜੇਕਰ ਆਕੜ ਕਰਦਾ ਕੋਈ ਕਰਦੇ ਕੈਦ ਲਜਾਕੇ॥
ਖਾਲੀ ਕੋਇ ਨ ਜਾਂਦਾ ਉਨਤੇ ਭਰਦਾ ਟਕੇ ਵਿਚਾਰਾ।
ਜਿਸ ਤੇ ਔਖਾ ਹੋਯਾ ਸਾਨੂੰ ਕਰਨਾ ਖਾਨ ਗੁਜ਼ਾਰਾ ॥ ੯੦ ॥
ਅੰਮ੍ਰਿਤਸਰ ਤੇ ਤਰਨ ਤਾਰਨ ਦੇ ਹਨ ਵਿਚਕਾਰ ਲੁਟੇਰੇ।

ਕਈ ਕਈ ਕੋਹਾਂ ਤੇ ਜਿਨ ਨੇ ਜਾਇ ਮੁਸਾਫਰ ਘੇਰੇ ॥
ਮਰਨ ਮਾਰਨੋਂ ਮੂਲ ਨ ਡਰਦੇ ਕਰਦੇ ਜੋ ਮਨ ਭਾਈ।
ਅਪਨੀ ਹੀ ਜਿਨ ਖੁਦ ਮੁਖਤਿਆਰੀ ਚੰਗੀ ਤਰ੍ਹਾਂ ਕੁਮਾਈ ॥ ੯੧ ॥
ਜੇਕਰ ਏਹੋ ਜੇਹਾ ਰਹਸੀ ਕੁਛਕ ਦਿਨਾਂ ਤਕ ਖਾਨਾਂ।
ਤਾਂ ਤੂੰ ਸਮਝ ਅਸਾਡਾ ਨਾਹੀਂ ਓਥੇ ਕੁਝ ਟਿਕਾਨਾਂ ॥
ਨਾਲ ਉਨ੍ਹਾਂ ਦੇ ਵਾਹ ਨ ਸਾਡੀ ਹਨ ਉਹ ਆਫਤ ਭਾਰੀ।
ਕੰਬਨ ਦੇਖ ਫਰਿਸ਼ਤੇ ਜਿਨ ਸੇ ਖਲਕਤ ਕੌਨ ਵਿਚਾਰੀ ।। ੯੨ ॥
ਇਤਨਾ ਸੁਨਕੇ ਨਾਜ਼ਮ ਦੇ ਤਦ ਮਨ ਵਿੱਚ ਰੋਹੁ ਉਪਾਇਆ।
ਲੱਗਾ ਆਖਨ ਦੇਖੋ ਯਾਰੋ ਇਨ ਕਯਾ ਭੌਜਲ ਪਾਇਆ ॥
ਗ਼ਦਰ ਦੇਸ਼ ਦੇ ਵਿੱਚ ਮਚਾਕੇ ਕੀਤੀ ਚਾਇ ਖੁਆਰੀ।
ਪਾਤਸ਼ਾਹ ਨੂੰ ਐਸਾ ਸਮਝਨ ਜੈਸਾ ਹੋਇ ਵਿਗਾਰੀ ॥ ੯੩ ॥
ਛੋਟਾ ਭੀ ਜੇ ਕਰੇ ਖੁਆਰੀ ਸੋ ਵਡਿਆਂ ਦੁਖ ਦੇਵੇ।
ਘਰ ਵਿੱਚ ਮਸਤ ਜਾਇ ਜੇ ਚੂਹਾ ਸੋ ਭੀ ਸੌਨ ਨ ਦੇਵੇ।
ਕਿਆ ਇੱਕ ਛੋਟੀ ਜੂੰਇ ਨਿਕਾਰੀ ਪਰ ਇਤਨਾ ਦੁਖ ਦੇਂਦੀ।
ਸੁਖ ਸੇ ਸੌਣ ਨੀਂਦ ਪੁਰਖ ਦੀ ਪਲ ਭੀਤਰ ਹਰ ਲੈਂਦੀ ॥ ੯੪ ॥
ਇਸੇ ਤਰ੍ਹਾਂ ਇਹ ਸਿੱਖ ਦੋਇ ਹਨ ਕਿਆ ਕੁਛ ਬਾਦਰ ਭਾਈ।
ਪਰ ਇਤਨੇ ਵਿੱਚ ਹੀ ਤੁਮ ਦੇਖੋ ਕੈਸੀ ਧੂਮ ਮਚਾਈ ॥
ਕੁਛ ਦਿਨ ਤੀਕਰ ਅਮਨ ਰਿਹਾ ਸੀ ਸਿੰਘ ਨ ਨਜ਼ਰੀ ਆਇਆ।
ਸ਼ਾਹੀ ਫ਼ੌਜ ਢੂੰਡਕੇ ਦੇਸੋਂ ਬਲ ਦੇ ਨਾਲ ਖਪਾਇਆ ॥ ੯੫ ॥
ਪਰ ਇਹ ਮੂੰਢ ਸਿਆਪੇ ਦੇ ਹਨ ਕਿੱਥੋਂ ਆਏ ਦੋਏ।
ਜਿਨ ਕੇ ਹੱਥੋਂ ਲੋਗ ਵਿਚਾਰੇ ਐਸੇ ਦੁਖੀਏ ਹੋਏ ॥
ਮਾਰ ਧਾੜ ਕਰ ਲੋਗਾਂ ਨੂੰ ਹਨ ਐਵੇਂ ਪਏ ਸਤਾਂਦੇ ॥

ਜ਼ਰਾ ਨਾ ਖੌਫ ਬਾਦਸ਼ਾਹ ਕੇਰਾ ਦਿਲ ਉੱਪਰ ਹਨ ਲਿਆਂਦੇ ॥੯੬॥
ਜਿਸ ਤੇ ਰਹਮ ਕਰਨ ਨਹਿ ਚੰਗਾ ਇਨ ਪਰ ਸੁਨੀਏ ਪਜਾਰੇ।
ਨਾਲ ਬਿਰਹਮੀ ਪਕੜ ਇਨ੍ਹਾਂ ਨੂੰ ਅਬ ਹੀ ਚਹੀਏ ਮਾਰੇ ॥
ਪਰ ਇੱਕ ਵੇਰ ਭੇਜ ਕਰ ਕੋਈ ਅਪਨਾ ਖਾਸ ਸਪਾਈ।
ਕਹਨਾ ਚਹੀਏ ਛੱਡੋ ਦੋਨੋਂ ਕਰਨੀ ਏਹੁ ਬੁਰਾਈ ॥ ੯੭ ॥
ਜੇਕਰ ਸਮਝ ਗਏ ਮਨ ਅੰਦਰ ਗਏ ਕਿਤੇ ਵਲ ਦੋਏ।
ਮੁੜਕੇ ਫੇਰ ਇਨ੍ਹਾਂ ਦੀ ਵਲੋਂ ਐਸੇ ਕੰਮ ਨ ਹੋਏ ॥
ਤਾਂ ਤਾਂ ਗਈ ਬਲਾਇ ਗਲੇ ਥੋਂ ਆਪੇ ਚੁੱਪ ਚੁਪਾਤੀ।
ਜਿਸਦੇ ਦੁਖ ਦੇ ਸਾੜੇ ਕੋਲੋਂ ਸੀਤਲ ਹੋਸੀ ਛਾਤੀ ॥ ੯੮ ॥
ਜੇ ਕਰ ਨਾਂਹਿ ਟਲੇ ਇਹ ਪਾਪੀ ਤਾਂ ਫਿਰ ਪਕੜ ਲਿਆਵੇ।
ਮੇਰੇ ਸਨਮੁਖ ਨਾਲ ਤੇਗ ਦੇ ਉਨਕੇ ਸੀਸ ਉਡਾਵੇ ॥
ਅਮਨ ਵਿੱਚ ਜੋ ਖਲਲ ਪਾਵਸੀ ਸੋ ਰਹਨਾ ਨਾ ਚੰਗਾ।
ਕੌਨ ਕਰੇਗਾ ਨਿੱਤ ਇਨ੍ਹਾਂ ਸੇ ਚਾਇ ਨਵੇਂ ਦਿਨ ਦੰਗਾ ॥ ੯੯ ॥
ਤਾਂਤੇ ਜਾਹੁ ਸ਼ਤਾਬੀ ਪਜ਼ਾਰੇ ਤੁਰਤ ਉਨ੍ਹਾਂ ਸਮਝਾਵੇ।
ਇਸ ਹਰਕਤ ਤੇ ਇਸ ਹੀ ਵੇਲੇ ਬਾਜ਼ ਤੁਸੀਂ ਆਜਾਵੇ ॥
ਨਹੀਂ ਸਜ਼ਾ ਫਿਰ ਮਿਲਸੀ ਐਸੀ ਤੁਮਰੀ ਕਰਨੀ ਜੈਸੀ।
ਬੁਰੇ ਪੁਰਖ ਪਰ ਮਿਹਰ ਭਲਾ ਕਹੁ ਕਰਨੀ ਚਾਹੀਏ ਕੈਸੀ ॥੧੦੦॥
ਪਾਤਸ਼ਾਹ ਅਰ ਰੱਬ ਦੋਇ ਹਨ ਮਾਲਕ ਪ੍ਰਜਾ ਕੇਰੇ।
ਉਹ ਆਲਮ ਦਾ ਮਾਲਕ ਸੱਚਾ ਇਹ ਹਨ ਓਸ ਅਗੇਰੇ ॥
ਜੇ ਕਰ ਰੱਬ ਜ਼ਾਲਮਾਂ ਤਾਈਂ ਦਿੰਦਾ ਅਜਰ ਸੁਆਇਆ।
ਜਿਸਤੇ ਕਹਨ ਜੱਬਾਰ ਓਸ ਨੂੰ ਅਰ ਕਹਾਰ ਕਹਾਇਆ ॥ ੧੦੧ ॥
ਫਿਰ ਸਾਨੂੰ ਭੀ ਇਸਦੇ ਅੰਦਰ ਕਜਾ ਹੋਸੀ ਬੁਰਯਾਈ।

ਜਦ ਉਨ ਦੋਨਾਂ ਕਰਨੀ ਪਿੱਛੇ ਸਜ਼ਾ ਅਸਾਂ ਤੋਂ ਪਾਈ ॥
ਤਾਂਤੇ ਜਾਹੁ ਸ਼ਤਾਬ ਤਿਨਾਂ ਢਿਗ ਮੇਰਾ ਹੁਕਮ ਸੁਨਾਵੇ ।
ਕਹੀ ਬਾਤ ਇਹ ਸੂਬੇ ਤੁਧ ਨੂੰ ਇਸ ਬਾਤੋਂ ਹਟ ਜਾਵੇ ॥ ੧੦੨ ॥
ਲੈਕੇ ਹੁਕਮ ਖਲੀਫੇ ਵਾਲਾ ਡਾਢਾ ਇੱਕ ਸਪਾਹੀ ।
ਉਸੇ ਵੇਲੇ ਹੋਇ ਗਿਆ ਉਹ ਸਿੰਘਾਂ ਵਲ ਦਾ ਰਾਹੀ ॥
ਜਿਸ ਪਰ ਆਇ ਗਿਆ ਉਸਜਾਗ੍ਹਾ ਜਿੱਥੇ ਸਿੰਘ ਹਠੀਲੇ ।
ਲੱਗਾ ਕਹਨ ਹੁਕਮ ਤਦ ਕਰਕੇ ਨੇਤ੍ਰ ਨੀਲੇ ਪੀਲੇ ॥ ੧੦੩ ॥
ਸੁਨੋ ਸਿੰਘ ਖਾਲਸਾ ਬਹਕੇ ਜੋ ਮੈਂ ਹੁਕਮ ਲਿਆਇਆ ॥
ਨਾਜ਼ਮ ਨੇ ਤੁਧ ਤਾਂਈਂ ਦੇਖੋ ਇਹ ਹੈਗਾ ਫੁਰਮਾਇਆ ॥
ਤੁਸੀਂ ਮੁਲਕ ਵਿੱਚ ਦੁੰਦ ਮਚਾਇਆ ਬਹੁਤੇ ਲੋਗ ਸਤਾਏ ।
ਜਿਸ ਪਰ ਦੁਖੀਏ ਹੋ ਕਰ ਬਹੁਤੇ ਨਾਜ਼ਮ ਦੇ ਢਿਗ ਆਏ ॥ ੧੦੪॥
ਕੀਤੀ ਚਾ ਫਰਯਾਦ ਉਨ੍ਹਾਂ ਨੇ ਜ਼ੁਲਮ ਤੁਸਾਡੇ ਕੇਰੀ ।
ਬਿਨਾਂ ਗੁਨਾਹਾਂ ਦੀ ਜੋ ਤੁਮਨੇ ਇਜ਼ਤ ਹਰੀ ਵਧੇਰੀ ॥
ਆਪੇ ਬਨਕੇ ਪਾਤਸ਼ਾਹ ਤੁਮ ਲਈ ਜੁਗਾਤ ਡਰਾਕੇ ।
ਜਿਸ ਪਰ ਚਾਹੁਨ ਬਦਲਾ ਇਸਦਾ ਸੂਬੇ ਦੇ ਢਿਗ ਜਾਕੇ ॥੧੦੫॥
ਜਿਸਤੇ ਸੂਬੇ ਸੁਨਕੇ ਉਨਕਾ ਦੁਖੜਾ ਅਤਿ ਦੁਖਦਾਈ ।
ਤੁਮਕੋ ਤਾਈਂ ਮੇਰੇ ਜ਼ਰੀਏ ਹੈ ਇਹ ਬਾਤ ਸੁਨਾਈ ॥
ਤੁਜਕੇ ਏਹ ਟਕਾਨਾ ਅਪਨਾ ਹੋਰ ਕਿਤੇ ਵੱਲ ਜਾਓ ।
ਮੁੜਕੇ ਏਸ ਸਰਾਇ ਵਿਖੇ ਤੁਮ ਮੁਖੜਾ ਨਾਂਹਿ ਦਖਾਓ ॥ ੧੦੬ ॥
ਜਾਕੇ ਕਿਸੇ ਦੇਸ਼ ਦੇ ਅੰਦ੍ਰ ਬੈਠੋ ਚੁਪ ਚੁਪਾਤੇ ।
ਅਮਨ ਪਿਆਸੇ ਜੋ ਨਰ ਚੰਗੇ ਮੂਲ ਨ ਕਿਸੇ ਦੁਖਾਤੇ ॥
ਜੇਕਰ ਰਹੋ ਇਸੇ ਜਾ ਭਾਈ ਰਖੋ ਯਾਦ ਹਮਾਰੀ ।

ਧਾੜਵੀਆਂ ਦੇ ਵਾਂਗਰ ਹੋਸੀ ਤੁਮਕੋ ਬਹੁਤ ਖੁਆਰੀ ॥ ੧੦੭ ॥
ਜਦ ਇਹ ਕਹੀ ਸਪਾਹੀ ਸਾਰੀ ਜੋ ਸੂਬੇ ਫੁਰਮਾਈ।
ਦੱਸਿਆ ਸੀਸ ਤੂੰਧ ਦੇ ਮੁੜ ਕਰ ਫਿਰ ਹੋਣੀ ਹੈ ਆਈ ॥
ਜਿਸਤੇ ਬਚਨਾ ਨੱਸ ਜਾਨ ਹੈ ਰਹਨਾ ਫਸਕੇ ਮਰਨਾ।
ਇਸ ਲੇਖੇ ਹੈ ਵਖਤ ਤੁਸਾਡਾ ਕਰ ਲੋ ਜੋ ਕੁਛ ਕਰਨਾ ॥ ੧੦੮ ॥
ਜਿਸ ਨੂੰ ਸੁਨਕੇ ਬੋਤਾ ਸਿੰਘ ਜੀ ਜੋਸ਼ ਵਿਖੇ ਸਨ ਆਏ।
ਲੱਗੇ ਕਹਨ ਅਸੀਂ ਨਾ ਡਰਦੇ ਤੇਰੇ ਕਹੇ ਡਰਾਏ ॥
ਕਿਆ ਸੂਬਾ ਹੈ ਅੱਗੋ ਸਾਡੇ ਸਿਦਕ ਅਸਾਂ ਦਾ ਤੋੜੇ।
ਜੰਗ ਬਹਾਦਰ ਕਦੋਂ ਭਲਾ ਕਹੁ ਮਰਨੇ ਤੇ ਮੁਖ ਮੋੜੇ ॥ ੧੦੯ ॥
ਅਸੀਂ ਮਰਨ ਤੇ ਪਹਲੇ ਭਾਈ ਮਰ ਚੁੱਕੇ ਹਾਂ ਐਸੇ।
ਸਤੀ ਤਪੀ ਦੇ ਨਾਲ ਆਪਨਾ ਸਿਰ ਦੇਂਦੀ ਹੈ ਜੈਸੇ ॥
ਦੁਖ ਸੁਖ ਜਗ ਦੇ ਅਸੀਂ ਨ ਜਾਣੇ ਜਾਣਾ ਗੁਰ ਦਾ ਭਾਣਾ।
ਖਾਇ ਲਿਆ ਇਸ ਜਗ ਤੇ ਹਮ ਭੀ ਜੋ ਸਾ ਪੀਣਾ ਖਾਣਾ ॥ ੧੧੦ ॥
ਸੱਚੇ ਸਿਦਕ ਜਿਨ੍ਹਾਂ ਦੇ ਹੁੰਦੇ ਸੋ ਕਿਉਂ ਮੁੜਸਨ ਮੋੜੇ।
ਜਿਸਤੇ ਤਜਕੇ ਆਪਾ ਜਿਨ ਨੇ ਕਹਤੇ ਸੋਂ ਮਨ ਜੋੜੇ ॥
ਸੀਸ ਤਲੀ ਪਰ ਅਸੀਂ ਟਕਾਕੇ ਗੁਰ ਦੀ ਓਟ ਤਕਾਈ।
ਕੱਲ ਮਾਰਦਾ ਸੂਬਾ ਸਾਨੂੰ ਹੁਨ ਹੀ ਮਾਰੇ ਭਾਈ ॥ ੧੧੧ ॥
ਪਿੱਛੇ ਕਹੋ ਕਿਨੇ ਸੁਖ ਪਾਇਆ ਸੱਚੇ ਮਾਰਗ ਜਾਂਦੇ।
ਵਡੇ ਵਡੇ ਜੋ ਪੀਰ ਪਕੰਬਰ ਗਏ ਦੁਖੋਂ ਕੁਰਲਾਂਦੇ ॥
ਅਸੀਂ ਜ਼ੁਲਮ ਦਾ ਬੂਟਾ ਏਥੋਂ ਪੁੱਟਨ ਕਾਰਨ ਆਏ।
ਅਪਨੇ ਪੁੱਤ ਪਜਾਰੇ ਕਰਕੇ ਦਸਮੇਂ ਗੁਰੂ ਪਠਾਏ ॥ ੧੧੨ ॥
ਜਾਕੇ ਕਹੋ ਨਸੰਗ ਅਸਾਡਾ ਨਾਜ਼ਮ ਪਾਸ ਪਿਆਰੇ।

ਸਾਰਾ ਹਾਲ ਨਸੰਗ ਪਣੇ ਦਾ ਅਸੀਂ ਨ ਟਲੀਏ ਟਾਰੇ॥
ਜੇਕਰ ਨਾਜ਼ਮ ਨਾਲ ਅਸਾਡੇ ਤੰਗੀ ਕਰਸੀ ਕੋਈ।
ਤਾਂ ਫਿਰ ਅਸੀਂ ਕਰੇਂਗੇ ਐਸੀ ਜੈਸੀ ਕਦੇ ਨ ਹੋਈ॥ ੧੧੩॥
ਨਾਲ ਤੁਰਕ ਦੇ ਮੱਥਾ ਡਾਇਆ ਫਿਰ ਕਿਤ ਵਲ ਨੂੰ ਜਾਈਏ।
ਯਾ ਮਰ ਗਏ ਸੀਸ ਚੜ੍ਹ ਉਸ ਦੇ ਯਾ ਚਾ ਓਸ ਮੁਕਾਈਏ।
ਸ਼ਾਡਾ ਜੀਵਨ ਮਰਨਾ ਭਾਈ ਪਰਾਰਬਧ ਪਰ ਸਾਰਾ।
ਫਿਰ ਛਿਪ ਕਰ ਕਹੁਕਦ ਹੈ ਹੁੰਦਾ ਸਾਥੋਂ ਭਲਾ ਗੁਜ਼ਾਰਾ॥ ੧੧੪॥
ਚੋਰ ਯਾਰ ਅਰ ਠੱਗ ਲੋਗ ਹਨ ਛਪਦੇ ਡਰਦੇ ਮਾਰੇ।
ਕਦੇਂ ਬਹਾਦਰ ਡਰਕੇ ਨੱਸਨ ਬਣਕੇ ਜੀਵ ਨਕਾਰੇ॥
ਨਾਲ ਚੋਟ ਧੌਂਸੇ ਦੀ ਲੈਣਾ ਕਰ ਹੈ ਰਈਯਤ ਕੋਲੋਂ।
ਜਿਸ ਪਰ ਜ਼ੋਰ ਅਸਾਂ ਦਾ ਭਾਰਾਂ ਡਰੀਏ ਮੂਲ ਨ ਗੋਲੋਂ॥ ੧੧੫॥
ਖਾਲਕ ਦੀ ਖਲਕਤ ਹੈ ਸਾਰੀ ਜਿਸ ਚਾਹੇ ਤਿਸ ਦੇਵੇ।
ਕੀੜੀ ਤੇ ਹਾਥੀ ਮਰਵਾਏ ਜੇ ਇੱਛਾ ਕਰ ਲੇਵੇ॥
ਉਸ ਦੇ ਜੋੜ ਨਹੀਂ ਕੋ ਦੂਜਾ ਜਿਸ ਦੇ ਹਾਂ ਹਮ ਬੰਦੇ।
ਬਾਝੋਂ ਗੁਰੂ ਅਕਾਲ ਪੁਰਖ ਦੇ ਸਭ ਪਾਨੀ ਹਨ ਗੰਦੇ॥ ੧੧੬॥
ਜਿਸ ਤੇ ਅਸੀਂ ਨਹੀਂ ਹੈਂ ਜਾਨੋ ਰਹਨਾ ਹੈ ਬਲ ਧਰਕੇ।
ਯਾ ਸੂਬੇ ਨੂੰ ਮਾਰ ਮੁਕਾਇਆ ਯਾ ਹਮ ਮੁੱਕੇ ਮਰਕੇ॥
ਇਹੁ ਅਖੀਰੀ ਬਾਤ ਅਸਾਡੀ ਜਾਕੇ ਤੂੰ ਸਮਝਾਈਂ।
ਦੂਜੀ ਵੇਰੇ ਪਾਸ ਅਸਾਂ ਦੇ ਮੁੜਕੇ ਫੇਰ ਨ ਆਈਂ॥ ੧੧੭॥
ਸੁਨਕੇ ਇਹ ਜਵਾਬ ਸਪਾਹੀ ਗਿਆ ਤੁਰਤ ਹੀ ਐਸੇ।
ਧਨ ਸੰਪਦ ਦੇ ਆਉਨ ਕੋਲੋਂ ਬਿਪਦਾ ਜਾਂਦੀ ਜੈਸੇ॥
ਪਹੁੰਚਾ ਆਇ ਲਹੌਰ ਸ਼ਹਿਰ ਵਿੱਚ ਕਰਕੇ ਆਪਨੀ ਧਾਈ।

ਸੂਬੇ ਪਾਸ ਬਾਤ ਉਨ ਸਗਰੀ ਚੰਗੀ ਤਰ੍ਹਾਂ ਸੁਨਾਈ ॥੧੧੮॥
ਅਹੋ ਸ਼ਾਹ ਇਹ ਹੁਕਮ ਤੁਹਾਡੇ ਓਥੇ ਚਲਨੇ ਨਾਹੀਂ ।
ਉਹ ਤਾਂ ਆਕੜ ਰੱਖਨ ਐਸੇ ਸ਼ਾਹ ਜਿਵੇਂ ਮਨ ਮਾਹੀਂ ॥
ਆਖਨ ਅਸੀਂ ਨ ਸੂਬੇ ਤਾਈਂ ਜਾਵੇ ਕਜਾ ਹੈ ਪਿਆਰੇ ।
ਅਰ ਨਾ ਹੁਕਮ ਓਸ ਦੇ ਸੁਨਨਾ ਹੈ ਸਾਡਾ ਅਧਿਕਾਰੇ ॥ ੧੧੯ ॥
ਅਸੀਂ ਸ਼ਾਹ ਦੇ ਨੌਕਰ ਨਾਹੀਂ ਨਾ ਰਈਯਤ ਨਾ ਚੇਰੇ ।
ਫਿਰ ਕਿਉਂ ਉਸ ਦੇ ਕਹੇ ਭਲਾ ਹਮ ਇਸ ਬਾਤੋਂ ਮਨ ਫੇਰੇ ॥
ਅਸੀਂ ਸਿੰਘ ਹਾਂ ਗੁਰ ਸੱਚੇ ਦੇ ਜਿਸਤੇ ਧਰਮ ਅਸਾਂਦਾ ।
ਲੜਨਾ ਭਿੜਨਾ ਧਰਮ ਫੈਲਾਨਾ ਨਾ ਡਰ ਕਰਨ ਤੁਸਾਂਦਾ॥੧੨੦॥
ਇਹ ਡਰ ਵਾਲੀ ਬਾਤਾਂ ਜਾਕੇ ਹੋਰ ਕਿਸੇ ਨੂੰ ਕਹੀਓ ।
ਏਥੇ ਨਹੀਂ ਟਕਾਣਾ ਤੁਮਰਾ ਚਾਇ ਕਿਤੇ ਵੱਲ ਰਹੀਓ ॥
ਮੁੜਕੇ ਹੁਕਮ ਅਜੇਹਾ ਨਾਹੀਂ ਫੇਰ ਲਿਆਵੇ ਭਾਈ ।
ਨਹੀਂ ਤੁਸਾਂਦੇ ਨਾਲ ਅਸਾਂ ਥੋਂ ਹੋਨੀ ਨਹੀਂ ਭਲਾਈ ॥ ੧੨੧ ॥
ਐਸੇ ਸੁਖਨ ਉਨ੍ਹਾਂ ਨੇ ਕੀਤੇ ਜੋ ਮੈਂ ਕਹਾਂ ਨ ਸਾਰੇ ।
ਜਿਨ ਦੇ ਸੁਨਦਿਆਂ ਅੱਗ ਲੱਗ ਸੀ ਡਾਢੀ ਰਿਦੇ ਤੁਮਾਰੇ ॥
ਨਹੀਂ ਖੌਫ ਮਨ ਵਿੱਚ ਉਨਾਂਦੇ ਰੱਤੀ ਭਰ ਭੀ ਸ਼ਾਹਾ ।
ਸੱਗੋਂ ਸੁਨਕਰ ਨਾਮ ਜੰਗ ਦਾ ਮਨ ਵਿੱਚ ਵਧੇ ਉਮਾਹਾ ॥ ੧੨੨ ॥
ਇਹ ਮੈਂ ਹਾਲ ਉਨ੍ਹਾਂ ਦਾ ਦੱਸਿਆ ਤੈਨੂੰ ਜੋ ਕੁਛ ਭਾਇਆ ।
ਅੱਗੇ ਕਰੋ ਜੋਇ ਮਨ ਭਾਈ ਅਰ ਸਮਝੋ ਸੁਖ ਦਾਇਆ ॥
ਇਸ ਬਾਤੋਂ ਉਹ ਰੁਕੇ ਨ ਰਹਸਨ ਅਰ ਨਾ ਮੰਨਨ ਆਖੀ ।
ਓੜਕ ਨੂੰ ਇਹ ਪਏ ਕੱਢਨੀ ਪਈ ਦੁੱਧ ਵਿੱਚ ਮਾਖੀ ॥ ੧੨੩ ॥
ਅਰ ਇਤਨੀ ਹੈ ਅਰਜ਼ ਅਸਾਡੀ ਜੇ ਕਰ ਕਰੋ ਨਾ ਹੀਲਾ ।

ਤਾਂ ਪਰ ਜਾਂਦੇ ਪਾਸ ਨ ਛੱਡਨ ਇੱਕ ਰੱਤੀ ਭਰ ਤੀਲਾ ॥
ਉਹ ਤਾਂ ਹੈਨ ਫਰਿਸਤੇ ਜ਼ਾਲਮ ਨਾਲ ਗਰਬ ਦੇ ਮੱਤੇ।
ਸੁਨਕੇ ਸੁਖਨ ਉਨ੍ਹਾਂ ਦੇ ਸਾਡੇ ਭੁਲ ਗਈਆਂ ਸਨ ਮੱਤੇ ॥ ੧੨੪॥
ਡਾਢੇ ਗੁਰ ਦੇ ਹਨ ਉਹ ਸੇਵਕ ਜਿਸਨੇ ਕੁਝ ਖੁਵਾਇਆ।
ਜਿਸ ਦੇ ਬਲ ਕਰ ਮਨ ਵਿੱਚ ਇਨਕੇ ਰੱਤੀ ਨਹੀਂ ਡਰ ਆਇਆ ॥
ਤੁਸੀਂ ਇਨ੍ਹਾਂ ਦੇ ਨਾਲ ਕਰੋ ਜੋ ਕਰਨੀ ਪਏ ਜ਼ਰੂਰੀ।
ਟਾਲ ਵਾਲ ਦੇ ਕਰਨੇ ਕਰਕੇ ਕਦੇ ਨ ਪੈਸੀ ਪੂਰੀ ॥ ੧੨੫ ॥
ਜਦ ਇਹ ਸੁਖਨ ਸੁਨੇ ਉਸ ਨਾਜ਼ਮ ਤਦ ਇਹ ਕਹੀ ਪੁਕਾਰੇ।
ਨਹੀਂ ਛੱਡਨੇ ਚਹੀਏ ਐਸੇ ਪੁਰਖ ਵਡੇ ਹਤਿਆਰੇ ॥
ਜਿਸ ਤੇ ਘੱਲੋ ਫੌਜ ਉਨ੍ਹਾਂ ਵਲ ਕਰੇ ਪਕੜ ਕਰ ਜ਼ੋਰਾ।
ਜਿਵੰਦਿਆਂ ਨੂੰ ਕੈ ਫੜ ਲਿਆਵੇ ਕੈ ਕਰ ਦਏ ਨਬੇਰਾ ॥ ੧੨੬ ॥
ਜੈਸੇ ਤਾਈਂ ਤੈਸਾ ਬਣਕੇ ਦੇਣੀ ਬਨੇ ਦਖਾਈ।
ਬਾਤਾਂ ਨਾਲ ਅਗਨ ਜੋ ਭੜਕੀ ਆਖੋ ਕਿਨੇ ਬੁਝਾਈ ॥
ਜਿਨ੍ਹਾਂ ਅਜਿਹਾ ਦੁੰਦ ਮਚਾਇਆ ਅਰ ਨ ਮੁੜਦੇ ਮੋੜੇ।
ਤਾਂਤੇ ਸਾਨੂੰ ਚਹੀਏ ਪਜਾਰੇ ਗਰਭ ਉਨ੍ਹਾਂ ਦੇ ਤੋੜੇ ॥ ੧੨੭ ॥
ਸੋਟਾ ਹੈ ਉਸਤਾਦ ਉਨ੍ਹਾਂ ਦਾ ਜੋ ਹਨ ਬਿਨਾਂ ਮੁਹਾਰੇ।
ਆਕੜ ਭੰਨ ਦਏ ਇੱਕ ਪਲ ਵਿੱਚ ਕਰਕੇ ਹੱਥ ਕਰਾਰੇ ॥
ਇਸ ਮਾਰੋਂ ਤਾਂ ਜਿੰਨ ਭੂਤ ਭੀ ਡਰ ਜਾਂਦੇ ਹਨ ਭਾਈ।
ਫਿਰ ਇਸ ਪੁਰਖ ਇੱਕਲੇ ਦੀ ਕਹੁ ਕਿਆ ਰਹਸੀ ਵੱਡਿਆਈ॥੧੨੮।
ਹਾਥੀ ਮਸਤ ਫਿਰੇ ਬਨ ਅੰਦਰ ਜੋ ਨਾ ਵਿਦ ਦਾ ਰਾਈ।
ਪਰ ਅੰਕਸ ਦੇ ਅੱਗੇ ਉਸ ਨੇ ਸਾਰੀ ਅਕਲ ਭੁਲਾਈ ॥
ਮੱਤਾ ਝੋਟਾ ਅਤੇ ਬੈਲ ਭੀ ਜਦ ਸੋਟੇ ਨੂੰ ਦੇਖਨ।

ਚੁਪ ਚੁਪਾਤੇ ਸਿੱਧੇ ਹੁੰਦੇ ਰੋਕੇ ਅਪਨੇ ਲੇਖਨ ॥ ੧੨੯ ॥
ਸੱਪ ਸ਼ੇਰ ਅਰ ਬਾਘ ਬਘੇਰੇ ਇਸ ਸੋਟੇ ਥੋਂ ਜਾਂਦੇ।
ਵਡੇ ਵਡੇ ਜੋ ਹੋਨ ਘਮੰਡੀ ਤੁਰਕੇ ਨਜ਼ਰ ਨ ਆਂਦੇ ॥
ਤਾਂਤੇ ਸੋਟਾ ਹੀ ਹਨ ਦੱਸਦੇ ਮੁਰਸ਼ਦ ਇਨ੍ਹਾਂ ਗੁਵਾਰਾਂ।
ਜਿਸ ਦੇ ਅੱਗੇ ਤੁਰਦੇ ਹੋਕੇ ਊਠਾਂ ਵਾਂਗ ਕਤਾਰਾਂ ॥ ੧੩੦ ॥
ਕਹੋ ਭਲਾ ਇਸ ਸੋਟੇ ਨੇ ਨਾ ਕਿਸ ਦੀ ਅਕਲ ਭੁਲਾਈ।
ਅਰ ਜੋ ਆਕੜ ਫਾਕੜ ਨਾਹੀਂ ਨੱਸੀ ਸੁਣ ਚਤੁਰਾਈ ॥
ਜੋ ਕੁਛ ਜਿਸ ਦੀ ਹੋਇ ਦਵਾਈ ਓਹੋ ਚੰਗੀ ਲੱਗੇ।
ਦੇ ਕਾਪੂਰ ਆਨ ਜੋ ਧਰੀਏ ਦੱਸੋ ਕਾਂਵਾਂ ਅੱਗੇ ॥ ੧੩੧ ॥
ਤਾਂਤੇ ਸਮਝ ਲਵੋ ਮਨ ਅੰਦਰ ਹੋ ਇਲਾਜ ਨ ਕੋਈ।
ਸੋਟਾ ਹੀ ਹੈ ਪੀਰ ਇਨ੍ਹਾਂ ਦਾ ਸਿੱਧੇ ਕਰਸੀ ਸੋਈ ॥
ਤਾਂਤੇ ਜਾਕੇ ਖੂਬ ਦਖਾਓ ਅਪਨੇ ਹੱਥ ਕਰਾਰੇ।
ਜਿਸ ਪਰ ਵਾਂਗ ਬੈਲਦੇ ਤੁਰਸਨ ਅੱਗੇ ਆਪ ਤੁਮਾਰੇ ॥ ੧੩੨ ॥
ਜਦ ਨਵਾਬ ਨੇ ਗੁੱਸੇ ਹੋਕੇ ਐਸਾ ਹੁਕਮ ਸੁਨਾਇਆ।
ਨਾਲ ਜ਼ੋਰ ਦੇ ਸਿੰਘਾਂ ਉੱਪਰ ਭਾਰਾ ਕਟਕ ਚੜ੍ਹਾਇਆ ॥
ਜਿਸ ਤੇ ਲੈ ਸਰਦਾਰ ਫੌਜ ਇੱਕ ਚੜ੍ਹਿਆ ਕਰਕੇ ਧਾਈ।
ਆਖੇ ਅੱਜ ਤੁਸੀਂ ਸਭ ਜਾਣੋ ਲੇਸਾਂ ਜਾਨ ਮੁਕਾਈ ॥ ੧੩੩ ॥
ਤੁਰਤ ਲਾਹੌਰੋਂ ਕੂਚ ਕਰਾਕੇ ਗਏ ਉਸੇ ਜਦ ਜਾਗਾ।
ਮਨ ਵਿੱਚ ਸੋਚ ਕਰੀ ਤਦ ਤੁਰਕਨ ਸਿੰਘ ਨ ਜਾਵੇਂ ਵਾਗਾ ॥
ਤਾਂਤੇ ਚਾਰ ਚੁਫੇਰੇ ਘੇਰੇ ਪਾਓ ਨਾਲ ਦਲੇਰੀ।
ਛਰਨਾ ਮੂਲ ਨ ਚਾਹੀਏ ਧਜਾਰੇ ਇਹ ਆਗਜਾ ਹੈ ਮੇਰੀ ॥ ੧੩੪ ॥
ਰਾਖੋ ਘੇਰ ਚੁਫੇਰ ਤਿਨ੍ਹਾਂ ਨੂੰ ਨੱਸਨ ਮੂਲ ਨ ਦੇਵੋ।

ਇਨਾਂ ਕੋਲੋਂ ਲੁੱਟ ਮਾਰ ਦਾ ਸਾਰਾ ਬਦਲਾ ਲੇਵੇ ॥
ਜਿਸਤੇ ਅਸੀਂ ਪਕੜ ਕਰ ਤਿਨਕੋ ਪਾਸ ਨਵਾਬ ਲਜਾਈਏ।
ਮਨਸਬ ਵਧੇ ਅਸਾਡਾ ਦੂਗਨਾ ਅਰ ਮੰਗਜਾ ਵਰ ਪਾਈਏ॥੧੩੫॥
ਪਰ ਉਹ ਹੈਨ ਜੁਆਨ ਸੁਣੀਦੇ ਵੱਡੇ ਬਹਾਦਰ ਪੂਰੇ।
ਨਾਲ ਜਿਨ੍ਹਾਂ ਦੇ ਲੜਨੇ ਤਾਈਂ ਨਿਕਲਨ ਗੇ ਵਡ ਸੂਰੇ ॥
ਦੇਖਾਂ ਗਾ ਅੱਜ ਕੌਨ ਬਹਾਦਰ ਹੋਇ ਪਠਾਨ ਦਲੇਰਾ।
ਨਾਲ ਉਨ੍ਹਾਂ ਦੇ ਸਨਮੁਖ ਹੋਕੇ ਕਰ ਹੈ ਦਾਓ ਘਨੇਰਾ ॥ ੧੩੬ ॥
ਅੱਜ ਤੀਕ ਸਨਮੁਖ ਜਿਨ ਕੇਰੇ ਨਹੀਂ ਪੁਰਖ ਕੋ ਹੋਇਆ।
ਅਰ ਜੋ ਅੜਿਆ ਸੋਈ ਝੜਿਆ ਇੱਕ ਪਲ ਅੰਦਰ ਮੋਇਆ ॥
ਜਿਸਤੇ ਸਿਰਾਂ ਧੜਾਂ ਦੀ ਬਾਜ਼ੀ ਲਾਉਨ ਦੀ ਹੈ ਵਾਰੀ।
ਫਤੇ ਕਰਨ ਕੈ ਉਹ ਦੋ ਜੰਗੀ ਕੈ ਹੈ ਜੀਤ ਹਮਾਰੀ ॥ ੧੩੭ ॥
ਪਰ ਮਨ ਅੰਦਰ ਏਸ ਬਾਤ ਦਾ ਰੱਖੋ ਖਯਾਲ ਪਿਆਰੇ।
ਵੈਰੀ ਛੋਟਾ ਜਾਨਨ ਵਾਲਾ ਓੜਕ ਨੂੰ ਜਗ ਹਾਰੇ ॥
ਜਿਸਤੇ ਗਿੱਦੜ ਮਾਰਨ ਜਾਈਏ ਤਾਂ ਭੀ ਸਭ ਸਮਯਾਨਾ।
ਚਾਹੀਏ ਕਰਨਾ ਸ਼ੇਰ ਦਾ ਭਾਈ ਨੀਤੀ ਦਾ ਫੁਰਮਾਨਾ ॥ ੧੩੮ ॥
ਤਾਂਤੇ ਇਹ ਨਾ ਮਨ ਵਿੱਚ ਸਮਝੋ ਹੈਨ ਉਹ ਦੋਇ ਨਤਾਣੇਂ।
ਹੈ ਉਹ ਇੱਕ ਸਭਨ ਪਰ ਭਾਰੀ ਜੋ ਮੰਨੇ ਗੁਰ ਭਾਣੇਂ ॥
ਤਾਂਤੇ ਜਿੱਤ ਸਦਾ ਉਹ ਲੈਂਦਾ ਜੋ ਸਿਰ ਤਲੀ ਟਕਾਂਦਾ।
ਜਾਨ ਬਚਾਵਨ ਹਾਰ ਪ੍ਰਾਣੀ ਆਖਰ ਸਿਰ ਕਟਵਾਂਦਾ ॥ ੧੩੯ ॥
ਇਕੋ ਸ਼ੇਰ ਦਲੇਰ ਹੋਇਕੇ ਪੈਂਦਾ ਜਦ ਭਵਕਾ ਕੇ।
ਭਾਰੇ ਹਾਥੀ ਭੀ ਪਰ ਦੇਂਦੇ ਉਸ ਕੋਲੋਂ ਡਰ ਖਾਕੇ ॥
ਕੋਈ ਹਜ਼ਾਰਾਂ ਪਰ ਹੈ ਭਾਰੀ ਜਿਸ ਨੇ ਮੌਤ ਕਬੂਲੀ।

ਇਸੇ ਵਾਸਤੇ ਹਸ ਕਰ ਚੜ੍ਹਦੇ ਸੱਚੇ ਆਸ਼ਕ ਸੂਲੀ ॥ ੧੪੦ ॥
ਦੀਨੀ ਅਤੇ ਜਹਾਨੀ ਬੰਦੇ ਦੇਖਨ ਨੂੰ ਸਮ ਭਾਈ।
ਪਰ ਪਰਮੇਸ਼ੂਰ ਵੱਲੋਂ ਹੀ ਕੁਝ ਹੁੰਦੀ ਹੈ ਵਡਿਆਈ॥
ਗੁਰੂ ਜਿਨ੍ਹਾਂ ਦਾ ਦਸਮਾਂ ਦੇਖੋ ਨਾ ਸੀ ਰਾਜਾ ਕੋਈ।
ਫਿਰ ਭੀ ਦੇਖੋ ਉਸ ਦੇ ਹੱਥੋਂ ਕਿਆ ਗਤ ਤੁਰਕਾਂ ਹੋਈ ॥ ੧੪੧ ॥
ਇਸੇ ਵਾਸਤੇ ਇਹ ਜੋ ਸੂਰੇ ਹਾਸੀ ਖੇਲ ਨ ਜਾਨੋ।
ਉਸੇ ਗੁਰੂ ਦੀ ਬਰਕਤ ਇਨ ਮਹਿ ਅੱਛੀ ਤਰ੍ਹਾਂ ਪਛਾਨੋ॥
ਭਾਵੇਂ ਅਸੀਂ ਜਗਤ ਦੇ ਕੀੜੇ ਲਖ ਉਠਾਈਏ ਬੀੜੇ।
ਪਰ ਫਿਰ ਭੀ ਉਸ ਗੰਨਿਆਂ ਵਾਂਗਰ ਪਕੜ ਅਸਾਂ ਨੂੰ ਪੀੜੇ।੧੪੨।
ਜਦੋਂ ਪਠਾਨਾਂ ਮਿਲਕੇ ਕੀਤਾ ਏਹੋ ਮਤਾ ਪਕਾਕੇ ।
ਘੇਰ ਲਈ ਤਦ ਸੀ ਉਹ ਜਾਗ੍ਹਾ ਚਾਰ ਚੁਫੇਰਿਓਂ ਜਾਕੇ॥
ਲੱਗੇ ਕਹਨ ਸੁਨੋ ਹੇ ਸਿੰਘੋ ਨਿਕਲੋ ਬਾਹਰ ਦੋਏ।
ਨਾਲ ਅਸਾਡੇ ਅੱਜ ਹੋਨਗੇ ਹੱਥ ਤੁਸਾਂ ਦੇ ਦੋਏ॥ ੧੪੩॥
ਅੱਜ ਤੋਕ ਨ ਤੁਧ ਨੂੰ ਮਿਲਜਾ ਕੋਈ ਜੰਗ ਬਹਾਦਰ।
ਜਿਸਤੇ ਕਰਦੇ ਰਹੇ ਤੁਸੀਂ ਹੋ ਲੋਗਾਂ ਬਹੁਤ ਨਿਰਾਦਰ॥
ਅਪਨੇ ਜਾਣੇ ਬਣਕੇ ਸੂਰੇ ਬੈਠ ਰਹੇ ਹੋ ਆਕੀ।
ਜਿੱਕਰ ਅਹਮਕ ਦਬਕੇ ਬਹਿੰਦਾ ਬਾਦਸ਼ਾਹ ਦੀ ਬਾਕੀ॥ ੧੪੪॥
ਪਰ ਇਹ ਕਹੋ ਕਦੋਂ ਤਕ ਰਹਸੋ ਛਿਪਯਾ ਭੇਤ ਤੁਮਾਰਾ।
ਓੜਕ ਨੂੰ ਸੀ ਹੋਣਾ ਭਾਈ ਇੱਕ ਦਿਨ ਮੇਲਾ ਹਮਾਰਾ॥
ਤਾਂਤੇ ਆਓ ਡਰੋ ਨ ਮੂਲੇ ਵਿੱਚ ਮਦਾਨ ਖਲੋਵੋ।
ਜੋ ਕੁਛ ਹੈ ਸਮਰੱਥਾ ਤੁਮਾਰੀ ਸੋ ਸਭ ਆਕੇ ਢੋਵੋ॥ ੧੪੫॥
ਛਿਪਨਾਂ ਕੰਮ ਨ ਸੂਰੇ ਦਾ ਹੈ ਲੜਨਾ ਜਿਸ ਦਾ ਪੇਸ਼ਾ।

ਚੜ੍ਹਦਾ ਚਾਉ ਲੜਾਈ ਸੁਨਕੇ ਜਿਉਂ ਹੋ ਬਯਾਹ ਸੰਦੇਸ਼ਾ ॥
ਇੱਕੋ ਜੇਹੇ ਮਿਲਕੇ ਕਰਦੇ ਜਦ ਹਨ ਜੰਗ ਰੰਗੀਲੇ।
ਹੁੰਦੇ ਲਾਲ ਰੰਗ ਤਦ ਮੁਖਦੇ ਕਾਇਰ ਸੰਦੇ ਪੀਲੇ ॥ ੧੪੬ ॥
ਇਤਨਾ ਸ਼ਬਦ ਜਦੋਂ ਹੋ ਅੱਗੇ ਕਹਿਆ ਖਾਨ ਨੇ ਆਕੇ।
ਸੁਨਦੇ ਸਾਰ ਹੋਇ ਮਨ ਗੁੱਸੇ ਸਿੰਘ ਉਠੇ ਭਬਕਾ ਕੇ ॥
ਜਿਸ ਤੇ ਰੱਤੀ ਭਰ ਭੀ ਨਾਹੀਂ ਆਇਆ ਡਰ ਮਨ ਮਾਹੀਂ।
ਦੇਖ ਫੌਜ ਦਾ ਧਾਵਾ ਅਪਨਾ ਚਿੱਤ ਡੁਲਾਇਆ ਨਾਹੀਂ ॥ ੧੪੭ ॥
ਤਾਂਤੇ ਲੜਨਾ ਨਾਲ ਇਨ੍ਹਾਂ ਦੇ ਮੂਲ ਨਹੀਂ ਹੈ ਚੰਗਾ।
ਨਾਲ ਪ੍ਰੀਤ ਕਾਜ ਜੋ ਸੌਰੇ ਤਾਂ ਕਿਉਂ ਕਰੀਏ ਦੰਗਾ ॥
ਚੰਗਾ ਹੋਵੇ ਜੇਕਰ ਸਾਡੀ ਸੁਲ੍ਹਾ ਹੋਇ ਬਿਨ ਲੜਿਆਂ।
ਕਹੋ ਹੱਥ ਕੀ ਆਇ ਅਸਾਡੇ ਇਨ ਦੋਨਾਂ ਦੇ ਫੜਿਆਂ ॥ ੧੪੮ ॥
ਇਤਨਾ ਕਹ ਕਰ ਤਦ ਲਲਕਾਰੇ ਕਹੀ ਸੁਨੋ ਹੇ ਭਾਈ।
ਅਸੀਂ ਨ ਚਹੀਏ ਨਾਲ ਤੁਸਾਂ ਦੇ ਕਰਨੀ ਅੱਜ ਲੜਾਈ ॥
ਨਾਲ ਬਹਾਦਰ ਲੋਗਾਂ ਦੇ ਹਨ ਕਰਨ ਬਹਾਦਰ ਪ੍ਰੀਤੀ।
ਬਿਨ ਦੋਸਿਆਂ ਨੂੰ ਮਾਰਨ ਤੇ ਹੈ ਹੁੰਦੀ ਬਹੁਤ ਅਨੀਤੀ ॥ ੧੪੯ ॥
ਤਾਂਤੇ ਅਸੀਂ ਸਭੇ ਹਾਂ ਭਾਈ ਕਿਆ ਲੈਣਾ ਹੈ ਲੜਕੇ।
ਕੋਈ ਦਿਵਸ ਲੰਘਾਵੋ ਐਥੇ ਚੁਪ ਗੁਜ਼ਾਰਾ ਕਰਕੇ।
ਜੇਕਰ ਲੜੇ ਅਸਾਂ ਦੇ ਸੰਗੇ ਤਾਂ ਮਰ ਜਾਸੋਂ ਪਲ ਮੈਂ।
ਕਿਆ ਗਿਨਤੀ ਹੈ ਕਹੋ ਤੁਸਾਡੀ ਇਤਨੇ ਭਾਰੀ ਦਲ ਮੈਂ ॥੧੫੦॥
ਨਾਜ਼ਮ ਨਾਲ ਤੁਸਾਂ ਦੇ ਰੱਖਦਾ ਦਿਲ ਤੇ ਵੈਰ ਕਰਾਰਾ।
ਪਰ ਸਾਡੇ ਮਨ ਅੰਦ੍ਰ ਆਇਆ ਬਚਨਾ ਭਲਾ ਤੁਮਾਰਾ ॥
ਅਸੀਂ ਓਸ ਨੂੰ ਜਾਕੇ ਕਹਿਸੇਂ ਉਨ ਨੇ ਕਰੀ ਅਤਾਇਤ ।

ਜਿਸ ਤੇ ਬਾਕੀ ਕੋਇ ਨ ਰਹਸੀ ਮੁੜਕੇ ਹੋਰ ਸ਼ਕਾਇਤ ॥ ੧੫੧ ॥
ਸੁਨਕੇ ਉਸ ਨੂੰ ਧੀਰਜ ਹੋਸੀ ਮੁੜਕੇ ਜੰਗ ਨ ਕਰਸੀ।
ਨਾ ਉਸ ਵੱਲੋਂ ਕਦੇ ਤੁਸਾਂ ਦਾ ਮਨ ਰੰਚਕ ਭੀ ਡਰਸੀ॥
ਸ਼ਾਂਤੀ ਨਾਲ ਗੁਜ਼ਾਰਾ ਕਰਸੋਂ ਚਾਰ ਦਿਹਾੜੇ ਜਗ ਵਿੱਚ।
ਕੀ ਲੈਨਾ ਹੈ ਵਰੋਧ ਕਮਾਕੇ ਇਸ ਦੁਨੀਆਂ ਦੇ ਮਗ ਵਿੱਚ॥੧੫੨॥
ਲੜਨੇ ਨਾਲੋਂ ਮਿਲਨੇ ਦੇ ਵਿੱਚ ਲਾਭ ਵੱਡਾ ਹੈ ਭਾਰੀ।
ਜੇ ਗੁੜ ਦਿੱਤੇ ਕੰਮ ਸੌਰਦਾ ਕਿਉਂ ਵਿਖ ਦਈਏ ਖਾਰੀ॥
ਨਾਲ ਮੁਹੱਬਤ ਕਾਰਜ ਸੌਰੇ ਤਾਂ ਕਿਉਂ ਜੰਗ ਕਰਾਈਏ।
ਹਾਰ ਮੰਨਿਆਂ ਕਜਾ ਹੈ ਘਟਦਾ ਜੇ ਜੀਵਨ ਫਲ ਪਾਈਏ॥ ੧੫੩॥
ਤਾਂਤੇ ਤੁਸੀਂ ਕਹੋ ਇਹ ਮੁਖ ਤੇ ਹਨ ਹੈਂ ਰਈਯਤ ਸ਼ਾਹੀ।
ਇਸ ਦੇ ਆਖਿਆਂ ਕਿਆ ਘਟ ਜਾਸੀ ਦੂਰ ਹੋਇ ਬਦਰਾਹੀ॥
ਸਮਾਂ ਟਪਾਕੇ ਕਰਨ ਗੁਜ਼ਾਰਾ ਜੋ ਹਨ ਆਕਲ ਸਿਆਣੇ॥
ਮੂਰਖ ਅਪਨੀ ਜ਼ਿਦੇ ਚੜ੍ਹ ਕਰ ਪਾਉਨ ਦੁਖ ਧਿਗਾਣੇ ॥ ੧੫੪ ॥
ਤਾਂਤੇ ਦੇਹੁ ਅਸਾਨੂੰ ਅਪਨੇ ਜੋ ਹਥਿਆਰ ਲਗਾਏ।
ਅਰ ਜੋ ਮਾਲ ਪਾਸ ਹੈ ਤੁਧਦੇ ਸੋ ਭੀ ਦੇਹੁ ਮੰਗਾਏ॥
ਆਪ ਅਮਨ ਦੇ ਨਾਲ ਬੈਠਕੇ ਕਰਨਾ ਦਿਵਸ ਗੁਜ਼ਾਰਾ।
ਅਸੀਂ ਜਾਇਕੇ ਨਾਜ਼ਮ ਦੇ ਢਿਗ ਕਹਸੇਂ ਹਾਲ ਤੁਮਾਰਾ ॥ ੧੫੫ ॥
ਸੁਨਕੇ ਮਨ ਵਿੱਚ ਉਸ ਦੇ ਹੋਸੀ ਬਹੁਤ ਖੁਸ਼ੀ ਮਨ ਭਾਈ।
ਜਿਸ ਤੇ ਦੇਵੇਗਾ ਤੁਧ ਆਦਰ ਅਰ ਮਨਸਬ ਸੁਖਦਾਈ॥
ਏਹੁ ਅਸਾਂ ਦੀ ਮਤ ਪਿਆਰੇ ਜੋ ਦਿੱਤੀ ਹੈ ਆਕੇ।
ਜੇ ਨਾ ਮੰਨੋਗੇ ਇਸ ਤਾਈਂ ਮਰਜਾਸੋਂ ਪਛਤਾਕੇ॥ ੧੫੬॥
ਛੇਤੀ ਕਰੋ ਨਬੇੜਾ ਇਸ ਦਾ ਕੀ ਕਰਨਾ ਹੈ ਅੱਗੇ।

ਲੜਨਾ ਭਿੜਨਾ ਹੈ ਕੇ ਨਾਹੀਂ ਸਾਡੇ ਆਖੇ ਲੱਗੇ॥
ਦੋਨੋਂ ਬਾਤਾਂ ਅਸੀਂ ਤੁਸਾਨੂੰ ਕਹੀਆਂ ਹਨ ਸਮਝਾ ਕੇ।
ਅੱਗੇ ਕਰੋ ਜੋਇ ਮਨ ਭਾਈ ਸੋਚ ਲਵੋ ਹਿਤ ਲਾਕੇ॥ ੧੫੭॥
ਸੁਨਦੇ ਸਾਰ ਬਾਤ ਸਿੰਘ ਸੂਰੇ ਗਰਜ ਗਰਜ ਕਰ ਬੋਲੇ।
ਇਹ ਕਿਆ ਲੱਗੇ ਦੇਨ ਅਸਾਨੂੰ ਮੱਤ ਸੁਨੋ ਹੇ ਗੋਲੇ॥
ਅਸੀਂ ਮਹੱਬਤ ਕਰਨ ਨ ਚਾਹੀਏ ਜੋ ਹਨ ਜ਼ਾਲਮ ਪਾਜ਼ੀ।
ਧਰਮ ਹੇਤ ਸਿਰ ਵਾਰਨ ਭਾਈਂ ਹਮ ਤੋ ਹੈ ਸਦ ਰਾਜ਼ੀ॥ ੧੫੮॥
ਕਿਉਂ ਕਰ ਹਾਰ ਮੰਨੀਏ ਦੱਸੋ ਅਸੀਂ ਉਸਦੇ ਅੱਗੇ।
ਜਿਸ ਦੇ ਹੱਥੋਂ ਕਈ ਹਜ਼ਾਰਾਂ ਸਿੰਘਾਂ ਦੇ ਸਿਰ ਲੱਗੇ॥
ਸਾਡੀ ਜਾਨ ਨ ਐਸੀ ਉੱਤਮ ਜੈਸੀ ਸਾਡੇ ਭਾਈਆਂ।
ਜਿਸ ਤੇ ਆਨ ਸਖਾਵੇ ਸਾਨੂੰ ਏਹੁ ਕੁਮੱਤ ਸੁਦਾਈਆਂ॥ ੧੫੯॥
ਅਸੀਂ ਅਕਾਲ ਪੁਰਖ ਦੀ ਪੂਜਾ ਜਿਸ ਦੇ ਸਭ ਹਨ ਬੰਦੇ।
ਉਸ ਦੇ ਅੱਗੇ ਨਾਜ਼ਮ ਜੇਹੇ ਕਜਾ ਚਰਾ ਸਕਦੇ ਗੰਦੇ॥
ਸਮਾਂ ਟਪਾਵਨ ਕਾਰਨ ਭਾਈ ਅਸੀਂ ਜਨਮ ਵਿੱਚ ਆਏ।
ਅਸੀਂ ਧਰਮ ਦੇ ਕਾਰਨ ਚਾਹੀਏ ਅਪਨੇ ਸੀਸ ਲਗਾਏ॥ ੧੬੦॥
ਸੂਰਬੀਰ ਹਠ ਕਦੇ ਨ ਛੱਡਦੇ ਜੋ ਦੁਖ ਨੂੰ ਸੁਖ ਕਰਦੇ।
ਹਰਦਮ ਅੰਦੂ ਓਸ ਈਸ ਦੇ ਭਾਨੇ ਪਰ ਹਨ ਰਹਿੰਦੇ॥
ਹਨ ਹਥਿਆਰ ਮਾਲ ਜੋ ਸਾਡਾ ਸੋ ਹੈ ਗੁਰ ਦਾ ਭਾਈ।
ਉਸ ਦੇ ਵਿੱਚੋਂ ਹੱਥ ਤੁਸਾਂ ਦੇ ਨਹੀਂ ਆਵੇਗੀ ਰਾਈ॥ ੧੬੧॥
ਨਾਜ਼ਮ ਨੂੰ ਖੁਸ਼ ਕਰਕੇ ਦੱਸੋ ਅਸਾਂ ਭਲਾ ਕਿਆ ਲੈਣਾ।
ਉਸ ਦੇ ਖਿਝਿਆਂ ਸੁਕ ਨ ਜਾਸੀ ਸਾਡਾ ਬੀਜਿਆ ਸੈਣਾ॥
ਤਾਂਤੇ ਮਤ ਤੁਸਾਂ ਦੀ ਨਾਹੀਂ ਕੰਮ ਅਸਾਂ ਦੇ ਪਜਾਰੇ।

ਆਵੇ ਕਰੇ ਹੱਥ ਦੋ ਮਿਲਕੇ ਜੋ ਹਨ ਕੌਲ ਤੁਮਾਰੇ ॥ ੧੬੨ ॥
ਜਦ ਸਿੰਘਾਂ ਦੇ ਬਚਨ ਅਜਿਹੇ ਸੁਣੇ ਪਠਾਨ ਦੁਰਾਨੀ ।
ਲਗੀ ਤਦੋਂ ਜਿਗਰ ਦੇ ਅੰਦਰ ਮਾਨੋਂ ਭਾਢੀ ਕਾਨੀ ॥
ਜਿਸਤੇ ਹੋਇ ਨਰਾਸ ਬੋਲਿਆ ਸੁਣੋ ਪਠਾਨ ਬਹਾਦਰ ।
ਹੁਨ ਤਾਂ ਪਈ ਜ਼ਰੂਰਤ ਲਾਹੁਨੀ ਜੋ ਲੱਜਾ ਦੀ ਚਾਦਰ ॥ ੧੬੩ ॥
ਤਾਂਤੇ ਨਿਕਲੋ ਵਿੱਚ ਮਦਾਨੇ ਕਰੋ ਜੰਗ ਅਸ ਭਾਰਾ ।
ਜਿਸਦੇ ਅੱਗੇ ਸਿੰਘਨ ਦਾ ਹੋ ਦੂਰ ਜਾਇ ਮਦ ਸਾਰਾ ॥
ਇਤਨਾ ਕਹਕੇ ਕਹੀ ਖਾਲਸਾ ਹੁਨ ਤਕੜੇ ਹੋ ਜਾਵੋ ।
ਨਾਲ ਬਹਾਦਰ ਇਨ੍ਹਾਂ ਪਠਾਣਾਂ ਅਪਣੇ ਹੱਥ ਦਿਖਾਵੋ ॥ ੧੬੪ ॥
ਹੁਨ ਤਾਂ ਨਾਲ ਸ਼ਸਤ੍ਰਾਂ ਹੋਣਾ ਮੇਲਾ ਅਸਾਂ ਪਿਆਰੇ ।
ਨਹੀਂ ਜਾਵੰਦੀ ਨਰਮੀ ਕੀਤਿਆਂ ਅੱਗੇ ਵਾਹੁ ਤੁਮਾਰੇ ॥
ਜਿਸ ਪਰ ਕਹੀ ਖਾਲਸੇ ਨੇ ਫਿਰ ਮੁੜਕੇ ਸੁਣੋ ਫੌਜ ਸਰਦਾਰੇ ।
ਦੇਖਨ ਚਾਹੇਂ ਹੱਥ ਅਸਾਂ ਦੇ ਜੇ ਕਦ ਠੀਕ ਕਰਾਰੇ ॥ ੧੬੫ ॥
ਤਾਂ ਕਰ ਧਰਮ ਜੁੱਧ ਹਮ ਸੰਗੇ ਜਿਸਤੇ ਬਲ ਦਖਲਾਈਏ ।
ਵਾਂਗ ਸ਼ੇਰ ਦੇ ਹੋਕਰ ਤਕੜੇ ਤੇਰੀ ਫੌਜ ਨਸਾਈਏ ॥
ਗੋਲੀ ਮੂਲ ਨ ਚਲਨੀ ਪਾਵੇ ਅਰ ਨਾ ਤੀਰ ਚਲਾਓ ।
ਲੈ ਤਲਵਾਰਾਂ ਅਤੇ ਬਰਛੀਆਂ ਸਾਡੇ ਸਨਮੁਖ ਲਾਓ ॥ ੧੬੬ ॥
ਪਾਸ ਅਸਾਡੇ ਸ਼ਸਤ੍ਰ ਨਾਹੀਂ ਅਰ ਨਾ ਤੁਪਕ ਕਟਾਰੀ ।
ਜੰਗਲ ਦੇ ਰੁੱਖਾਂ ਦੇ ਹੋਸੀ ਲੱਠ ਅਸਾਂ ਪਹਿ ਭਾਰੀ ॥
ਜਿਸਦੇ ਨਾਲ ਲੜੇਂਗੇ ਐਸੇ ਜੈਸੇ ਲੜਨਾ ਚਾਹੀਏ ।
ਤੇਰੇ ਦਲ ਤੇ ਇੱਕ ਕਦਮ ਭੀ ਮੂਲ ਨ ਪਿੱਛੇ ਰਹੀਏ ॥ ੧੬੭ ॥
ਜਦ ਸਿੰਘਾਂ ਨੇ ਲਰਨੇ ਦਾ ਸੀ ਢੰਗ ਨਵਾਂ ਬਤਲਾਇਆ ।

ਤਦ ਸੁਨ ਕਰ ਸਭ ਮੁਗ਼ਲ ਪਠਾਨਾਂ ਮਨ ਅੰਦ੍ਰ ਡਰ ਖਾਇਆ ॥
ਇੱਕ ਦੂਜੇ ਦੀ ਵੱਲ ਤਕਾਵਨ ਕੰਬਨ ਦਿਲ ਸਭ ਕੇਰੇ।
ਸਮਝਨ ਅੱਜ ਨ ਜਾਸੇਂ ਮੁੜਕੇ ਏਸ ਲੜਾਈਓਂ ਡੇਰੇ ॥ ੧੬੮ ॥
ਕਰੇ ਖੁਦਾਇ ਅੱਜ ਕੁਝ ਮੱਦਦ ਜਾਨ ਅਸਾਡੀ ਰੱਖੇ।
ਮੰਨੇ ਨਾ ਸਰਦਾਰ ਅਸਾਡਾ ਹੋ ਕਰ ਸਾਡੀ ਪੱਖੇ ॥
ਕਹੇ ਅਸੀਂ ਤਾਂ ਨਾਲ ਬੰਦੂਕਾਂ ਮਾਰ ਤੁਸਾਂ ਨੂੰ ਲੈਣਾ।
ਇਤਨਾ ਮੌਕਾ ਲੜਨੇ ਖਾਤ੍ਰ ਕਦੋਂ ਤੁਸਾਂ ਨੂੰ ਦੇਣਾ ॥ ੧੬੯ ॥
ਅਰ ਜੇ ਏਹ ਅਸਾਡੀ ਵੱਲੋਂ ਸੁਨੀ ਨ ਰੱਬ ਗੁਫਾਰਾ।
ਤਾਂ ਫਿਰ ਅੱਜ ਇਨ੍ਹਾਂ ਦੇ ਹੱਥੋਂ ਆਇਆ ਕਾਲ ਹਮਾਰਾ ॥
ਕੌਨ ਇਨ੍ਹਾਂ ਦੇ ਸਨਮੁਖ ਹੋਕੇ ਅਪਨੀ ਤੇਗ ਚਲਾਊ।
ਅਰ ਜੋ ਲੈਨ ਇਨ੍ਹਾਂ ਦੇ ਚੱਲੇ ਦੱਸੋ ਕੌਨ ਬਚਾਊ ॥ ੧੭੦ ॥
ਜਿਸ ਪਰ ਸਭ ਹੈਰਾਨ ਹੋਇ ਕੇ ਇੱਕ ਦੂਜੇ ਵਲ ਤੱਕਨ।
ਪਰ ਡਰ ਹਾਕਮ ਦਾ ਮਨ ਅੰਦ੍ਰ ਦੇਹ ਜੁਵਾਬ ਨ ਸੱਕਨ ॥
ਮਨ ਦੇ ਵਿੱਚ ਕਰਨ ਸਭ ਮਸਲਤ ਅਪਨੇ ਬਚਨੇ ਤਾਈਂ।
ਆਖਨ ਏਸ ਬਿਪਤ ਤੇ ਰਖੇ ਸਾਨੂੰ ਸੱਚਾ ਸਾਈਂ ॥ ੧੭੧ ॥
ਪਰ ਜੋ ਹੋਨ ਹਾਰ ਸੋ ਹੋਵੇ ਕਦੇ ਨ ਮਿਟਦੀ ਭਾਈ।
ਜਿਸਦੇ ਅੱਗੇ ਚੱਲੇ ਨਾਹੀਂ ਅਪਨੀ ਕੋ ਚਤਰਾਈ॥
ਵੱਡੇ ਮਸੌਦੇ ਮਨ ਦੇ ਭਾਰੇ ਸੋ ਛਿੱਕੇ ਹੈ ਧਰਦੀ।
ਹੋਨਹਾਰ ਇਹ ਹੋਣੀ ਦੇਖੋ ਜੋ ਚਾਹੇ ਸੋ ਕਰਦੀ ॥ ੧੭੨ ॥
ਸੋਈ ਹੋਣੀ ਤੁਰਕਾਂ ਦੇ ਸਿਰ ਵਰਤੀ ਆਕੇ ਐਸੀ।
ਅੱਚਾ ਚੇਤ ਘਟਾਂ ਦੇ ਵਿੱਚੋਂ ਬਿਜਲੀ ਪੈਂਦੀ ਜੈਸੀ ॥
ਅਪਨੇ ਅਪਨੇ ਮਨ ਵਿੱਚ ਸਾਰੇ ਮੰਗਨ ਪਏ ਦਵਾਈਂ।

ਇਸ ਆਫਤ ਦੇ ਸਨਮੁਖ ਹੋਣੇ ਥੋਂ ਰੱਬਾ ਅਸਾਂ ਬਚਾਈਂ ॥ ੧੭੩॥
ਸਾਡੀ ਜਗ੍ਹਾ ਹੋਰ ਨੂੰ ਭੇਜੇ ਇਹ ਸਾਡਾ ਸਰਦਾਰੇ।
ਐਵੇਂ ਘਟਾਂ ਕਹਰ ਦੀ ਅੱਗੇ ਸਾਨੂੰ ਨਾ ਫੜ ਮਾਰੇ ॥
ਜਿਸਤੇ ਅਸੀਂ ਬਚਨ ਦਾ ਹੀਲਾ ਮੂਲ ਨ ਸਮਝੇ ਕੋਈ।
ਸਨਮੁਖ ਜਦੋਂ ਇਨ੍ਹਾਂ ਦੇ ਹੋਏ ਤਦ ਹੀ ਮੁਕਤੀ ਹੋਈ ॥ ੧੭੪॥
ਪਰ ਇਹ ਮਨ ਦੇ ਕਦੋਂ ਮਨੋਰਥ ਪੂਰੇ ਹੁੰਦੇ ਪਿਆਰੇ।
ਓੜਕ ਨੂੰ ਸੀ ਹੁਕਮ ਮੰਨਨਾਂ ਕੌਨ ਭਲਾ ਦਮ ਮਾਰੇ ॥
ਜਿਸ ਪਰ ਫੌਜਦਾਰ ਨੇ ਚੁਨਕੇ ਬੀਸ ਸਪਾਹੀ ਚੰਗੇ।
ਕੱਢੇ ਉਨ੍ਹਾਂ ਸ਼ਹਾਦਾਂ ਸਨਮੁਖ ਜੋ ਸਨ ਸ਼ਰਮੋਂ ਨੰਗੇ ॥ ੧੭੫॥
ਜਦੋਂ ਸਪਾਹੀ ਤੁਰਕੀ ਜਾਕਰ ਅੱਗੇ ਸੇ ਲਲਕਾਰੇ।
ਤਦੋਂ ਗੁਰੂ ਦੇ ਸਿੰਘ ਗਰਜ ਕੇ ਬੋਲ ਉੱਚੇ ਜੈ ਕਾਰੇ ॥
ਦੇਖ ਉਨ੍ਹਾਂ ਦੇ ਹੱਥੀਂ ਤੇਗ਼ ਬਰਛੇ ਅਤੇ ਕਟਾਰੇ।
ਤਦ ਸਿੰਘਾਂ ਨੇ ਨਾਲ ਜ਼ੋਰ ਦੇ ਤੋੜੇ ਰੁਖ ਕਰਾਰੇ ॥ ੧੭੬ ॥
ਪਕੜ ਉਨ੍ਹਾਂ ਦੇ ਡੰਡੇ ਹੱਥੀਂ ਸਨਮੁਖ ਗਏ ਬਹਾਦਰ।
ਦੇਖ ਜਿਨ੍ਹਾਂ ਦੀ ਸੂਰਤ ਤਾਈਂ ਕੰਬੇ ਸੇ ਸਮ ਨਾਰਦ॥
ਪਕੜੇ ਰੁਖ ਦੇਖ ਕਰ ਹੱਥੀਂ ਅਰ ਗਜਦੇ ਜੈਕਾਰੇ।
ਇੱਕ ਦੂਸਰੇ ਦੇ ਵੱਲ ਡਰਕੇ ਦੇਖਨ ਤੁਰਕ ਵਿਚਾਰੇ ॥ ੧੭੭॥
ਜਦ ਇਹ ਹੱਥ ਧੋਇ ਕਰ ਹੋਏ ਲੜਨੇ ਨੂੰ ਸਨ ਅੱਗੇ।
ਦੇਖ ਜਿਨ੍ਹਾਂ ਦੀ ਸੂਰਤ ਤਾਈਂ ਕੰਬਨ ਸ਼ੇਰ ਬੱਗੇ ॥
ਨਾਲ ਇਨ੍ਹਾਂ ਦੇ ਕੌਣ ਲੜੇਗਾ ਅੱਗੇ ਹੋਕਰ ਭਾਈ।
ਇਹ ਤਾਂ ਮੌਤ ਅਸਾਡੇ ਸਨਮੁਖ ਰੂਪ ਵਿਟਾ ਕੇ ਆਈ ॥ ੧੭੮ ॥
ਇਤਨਾ ਸੋਰ ਨ ਮਨ ਵਿੱਚ ਡਰਦੇ ਅੱਗੇ ਕੋਈ ਨ ਜਾਵੇ।

ਰੂਪ ਉਨ੍ਹਾਂ ਦਾ ਮਲਕੁਲ ਮੌਤੋਂ ਘਟ ਨ ਨਜ਼ਰੀ ਆਵੇ ॥
ਜਿਸਤੇ ਕੰਬਨ ਅਰ ਸਿਰ ਫੇਰਨ ਸਭ ਦੇ ਮੁਖ ਜ਼ਰਦਾਏ ।
ਕਿਤਿਨਿਆਂ ਦੇ ਘਰ ਯਾਦ ਆਇਕੇ ਆਸੂ ਸੇ ਭਰ ਆਏ ॥ ੧੮੯॥
ਪਰ ਜੋ ਹੁਕਮ ਸ਼ਰ੍ਹਾ ਦਾ ਭਾਰੀ ਕਦ ਸੀ ਮੋਟਿਆ ਜਾਂਦਾ ॥
ਜਿਸਦੇ ਕਾਰਨ ਜ਼ੋਰ ਭਲਾ ਦਲ ਇਤਨਾਂ ਸੀ ਤਿਨ ਆਂਦਾ ॥
ਓੜਕ ਨੂੰ ਮਿਲ ਦਸਕੁ ਸਪਾਹੀ ਕਰਕੇ ਜੀਉ ਕਰਾਰੇ ।
ਨਾਲ ਜ਼ੋਰ ਦੇ ਫੜ ਕਰ ਤੇਗੇ ਅੱਗੋਂ ਹੋ ਲਲਕਾਰੇ ॥ ੧੯੦ ॥
ਚਾਰੇ ਪਾਸਿਆਂ ਤੇ ਹੋ ਤਕੜੇ ਘੇਰੇ ਸਿੰਘ ਹਠੀਲੇ ।
ਮਾਰਨ ਤਾਈਂ ਕਰਨ ਜਿਨ੍ਹਾਂ ਦੇ ਕਈ ਤਰ੍ਹਾਂ ਦੇ ਹੀਲੇ ।
ਪਰ ਉਹ ਵੱਡੇ ਦਲੇਰ ਬਹਾਦਰ ਪਏ ਕੜਕ ਕਰ ਐਸੇ ।
ਕਾਲੇ ਫਨੀਅਰ ਪਰ ਹੈ ਪੈਂਦੀ ਬਿਜਲੀ ਦੀ ਧਨ ਜੈਸੇ ॥ ੧੯੧ ॥
ਇੱਕੋ ਵੇਰ ਜ਼ੋਰ ਦੇ ਨੱਸੇ ਲੱਗੇ ਡੰਡ ਚਲਾਉਨ ।
ਅੱਗਾ ਪਿੱਛਾ ਮੂਲ ਨ ਵੇਖਣਾ ਸਿਰ ਤੁਰਕਾਂ ਦੇ ਲਾਉਨ ॥
ਜਿਸਤੇ ਮੁਗਲ ਪਠਾਨ ਵਿਚਾਰੇ ਸਿਰ ਤੜਫਾਕੇ ਡਿੱਗੇ ।
ਨਾਲ ਲਹੂ ਦੇ ਸਾਰੇ ਤਨ ਦੇ ਬਸਤ੍ਰ ਸੇ ਜਦ ਭਿੱਗੇ ॥ ੧੯੨ ॥
ਕਿਤਨੇ ਮਰੇ ਤੁਰਕ ਉਸ ਵੇਲੇ ਖਾਕੇ ਸੱਟ ਕਰਾਰੀ ।
ਕਿਤਨੇ ਗਿਰੇ ਖਾਇ ਗਸ਼ ਓਥੇ ਸੁਧ ਬੁਧ ਸਭੋ ਵਿਸਾਰੀ ॥
ਕਿਤਨੇ ਨੱਸ ਗਏ ਨਾ ਮੁੜਕੇ ਦਿੱਤੀ ਮੂਲ ਦਿਖਾਈ ।
ਜਿਉਂ ਸੁੱਕਾ ਪੱਤਾ ਉਡ ਜਾਵੇ ਵੱਡੀ ਅੰਧੇਰੀ ਆਈ ॥ ੧੮੩ ॥
ਸਨਮੁਖ ਖੜੇ ਨਾ ਕੋਇ ਬਹਾਦਰ ਅੜੇ ਝੜੇ ਉਸ ਵੇਲੇ ।
ਜਿਉਂ ਕਰ ਪੌਨ ਪ੍ਰਚੰਡ ਚਲਨ ਤੇ ਗਿਰ ਜਾਂਦੇ ਹਨ ਕੇਲੇ ॥
ਇਤਨੀ ਸੁਰਤ ਨ ਵੇਖਨ ਅਪਨੀ ਅੱਗੋਂ ਕੁਝ ਸੁਨਾਉਨ ।

ਯਾ ਕੁਛ ਅਪਨੀ ਆਕੜ ਕਰਕੇ ਚੰਗੇ ਹੱਥ ਦਖਾਉਨ ॥ ੧੯੪ ॥
ਪਰ ਸਿੰਘਾਂ ਨੇ ਇੱਕ ੨ ਕਰਕੇ ਸਾਰੇ ਮਾਰ ਖਪਾਏ ।
ਜਿਸ ਪਰ ਫੌਜਦਾਰ ਨੇ ਡਰਕੇ ਐਸੇ ਬਚਨ ਸੁਨਾਏ ॥
ਸੁਨੋਂ ਪਠਾਨ ਮੁਗਲ ਤੁਮ ਸਾਰੇ ਚਾਕਰ ਘਰ ਸਰਕਾਰੀ ।
ਇਨ ਦੋਨਾਂ ਸਿੰਘਾਂ ਦੇ ਅੱਗੇ ਐਸੀ ਹਿੰਮਤ ਹਾਰੀ ॥ ੧੯੫ ॥
ਨਮਕ ਹਲਾਲ ਕਰੋ ਇਸ ਵੇਲੇ ਅਰ ਮਨ ਵਿੱਚ ਦਲੇਰੀ ।
ਜਿਸ ਤੇ ਸ਼ੋਭਾ ਹੋਗ ਤੁਸਾਂਨੂੰ ਇੱਜ਼ਤ ਰਹਸੀ ਮੇਰੀ ।
ਇਤਨੀ ਫੌਜ ਦਲਾਵਰ ਅੱਗੇ ਇਹ ਦੋ ਸਿੰਘ ਵਿਚਾਰੇ ।
ਕਹੋ ਭਲਾ ਕਿਆਂ ਚੀਜ਼ ਹੈਨਗੇ ਜੋ ਸਨਮੁਖ ਦਮ ਮਾਰੇ ॥ ੧੯੬ ॥
ਜੋ ਇਸ ਵੇਲੇ ਹਾਰ ਖਾਇਕੇ ਗਏ ਘਰਾਂ ਨੂੰ ਭਾਈ ।
ਫਿਰ ਦੱਸੋ ਖਾਂ ਇਹ ਮੁਕਾਲਖ ਕਿਸ ਹੀਲੇ ਤੇ ਜਾਈ ॥
ਜਿਸ ਤੇ ਮੈਂ ਹਾਂ ਦੁਖੀ ਘਨੇਰਾ ਅਰ ਚਿੰਤਾ ਵਸ ਹੋਇਆ ।
ਮਰਦੇ ਦੇਖ ਸਪਾਹੀ ਅਪਨੇ ਹੰਝੂ ਭਰ ੨ ਰੋਇਆ ॥ ੧੯੭ ॥
ਤਾਂਤੇ ਹੋਇ ਦਲੇਰ ਪਰੋ ਸਭ ਰੰਚਕ ਨਾ ਘਬਰਾਓ ।
ਹੋਇ ਬਹਾਦਰ ਇਸ ਰਣ ਭੀਤਰ ਚੰਗੇ ਹੱਥ ਦਖਾਓ ॥
ਖੱਤੀ ਧਾਰਾਂ ਮਾਤਾ ਦੀ ਹੁਨ ਸਫਲੀ ਕਰੋ ਪਿਆਰੇ ।
ਜਿਸ ਪਰ ਮੈਂ ਭੀ ਖੂਬ ਲਿਖਾਂਗਾ ਨੇਕੀ ਨਾਮ ਤਿਆਰੇ ॥ ੧੯੮ ॥
ਇਤਨਾ ਸੁਨਕੇ ਥੀਸਕੁ ਨਿਕਲੇ ਮਨ ਵਿੱਚ ਦਿੜ੍ਹਤਾ ਕਰਕੇ ।
ਆਖਨ ਕੇ ਅਬ ਫਤੇ ਲਏਂਗੇ ਯਾ ਭਿਸ਼ਤੀ ਹੋਂ ਮਰਕੇ ॥
ਜਾਨ ਬਚਾਕੇ ਕਬ ਤਕ ਰਹਸੇਂ ਇਸ ਮੌਕੇ ਤੇ ਭਾਈ ।
ਅੱਜ ਅਸਾਡੀ ਵਾਰੀ ਚੰਗੀ ਯਸ਼ ਅਪਯਸ਼ ਦੀ ਆਈ ॥ ੧੯੯ ॥
ਦੇਖੋ ਖਾਂ ਇਹ ਦੋਇ ਬਹਾਦਰ ਦੇਖਨ ਖੜੇ ਮਦਾਨੀ ।

ਤਾਂ ਕਿਉਂ ਅਸੀਂ ਪਿਛਾਹਾਂ ਹਟੀਏ ਹੋਕਰ ਬੀਰ ਦੁੱਰਾਨੀ ॥
ਨਮਕ ਹਲਾਲ ਕਰਨ ਦਾ ਵੇਲਾ ਅੱਜ ਅਸਾਂ ਦਾ ਆਇਆ ।
ਨਾਰਾਂ ਵਾਂਗਰ ਰਹੀਏ ਨਾਹੀਂ ਸਾਨੂੰ ਮੁਖ ਛਿਪਾਇਆ ॥ ੧੯੦ ॥
ਇਤਨਾ ਸੋਚ ਦਲੇਰੀ ਕੀਤੀ ਪਏ ਭਬਕ ਕਰ ਐਸੇ ।
ਹਲਕੀ ਹੋਈ ਗਿਦੜੀ ਪੈਂਦੀ ਸ਼ੇਰਾਂ ਉੱਪਰ ਜੈਸੇ ॥
ਇੱਕੋ ਵੇਰ ਖੂਬ ਲਲਕਾਰੇ ਅਰ ਸੂੱਤੇ ਹੱਥਿਆਰੇ ।
ਸਿੱਧੇ ਹੋਏ ਲੜਨੇ ਤਾਈਂ ਕਰਕੇ ਜੀਊ ਕਰਾਰੇ ॥ ੧੯੧ ॥
ਇਤਨੀ ਮਨ ਵਿੱਚ ਕਰੀ ਦਲੇਰੀ ਪਏ ਇਕੱਤ੍ਰ ਹੋਕੇ ।
ਮਰਨੇ ਦਾ ਡਰ ਅਪਨੇ ਮਨ ਤੇ ਓਸੇ ਵੇਲੇ ਖੋਕੇ ॥
ਚਾਰੇ ਪਾਸਿਓਂ ਘੇਰ ਲਏ ਜਿਨ ਜਾਕੇ ਸਿੰਘ ਵਿਚਾਰੇ ।
ਅਪਨੇ ਅਪਨੇ ਸ਼ਸਤ੍ਰ ਫੜਕੇ ਨਾਲ ਜ਼ੋਰ ਦੇ ਮਾਰੇ ॥ ੧੯੨ ॥
ਉਤਵਲ ਖੜੇ ਪਠਾਨ ਬਹਾਦਰ ਇਤ ਵਲ ਸਿੰਘ ਹਠੀਲੇ।
ਅਲੀ ਅਲੀ ਦੇ ਨਾਹਰੇ ਉਤਵਲ ਇਤ ਅਕਾਲ ਰਸੀਲੇ ॥
ਰੋਹ ਭਰੇ ਕੁਛ ਸਮਝ ਨ ਆਵੇ ਤਨ ਪਰ ਘਾਉ ਲਗਾਏ ।
ਸੁਆਮੀ ਦਾ ਖਾ ਨਮਕ ਭਲਾ ਹੁਨ ਕੇਹੜਾ ਮੁੱਖ ਫਿਰਾਏ ॥ ੧੯੩ ॥
ਮਾਰਨ ਤੇਗ਼ਾਂ ਅਤੇ ਬਰਛੀਆਂ ਕਰ ਕਰ ਤੇਜ਼ ਕਟਾਰੀ ।
ਅਪਨੀ ਅਤੇ ਪਰਾਈ ਇੱਜ਼ਤ ਜਿੱਤ ਹਾਰ ਪਰ ਸਾਰੀ ॥
ਜੀਭ ਕਾਲ ਦੀ ਵਾਂਗਰ ਲਸ਼ਕੇ ਧਾਰ ਤੇਗ਼ ਦੀ ਕੈਸੀ ।
ਕਾਲੇ ਬੱਦਲ ਵਿਖੇ ਚਮਕ ਦੀ ਬਿਜਲੀ ਰਾਤਰ ਜੈਸੀ ॥ ੧੯੪ ॥
ਭਾਵੇਂ ਮੁਗ਼ਲ ਪਠਾਨਾਂ ਨੇ ਸਨ ਸ਼ਸਤ੍ਰ ਬਹੁਤ ਚਲਾਏ ।
ਪਰ ਸਿੰਘਾਂ ਨੇ ਡਾਂਗਾਂ ਉੱਪਰ ਸੇ ਸਭ ਚਾਇ ਬਚਾ ਏ ॥
ਦੇਖ ਵਡਾ ਦਲ ਦੁਸ਼ਮਨ ਸੰਦਾ ਪਿੱਠਾਂ ਜੋੜ ਖਲੋਏ ।

ਇਕ ਇਕ ਸਵਾ ਲਾਖ ਸੇ ਲੜ ਸੀ ਗੁਰ ਬਚ ਪੂਰੇ ਹੋਏ ॥੧੯੫॥
ਮਾਰ ਮਾਰ ਕਰ ਡੰਡੇ ਤੋੜੇ ਹੱਡ ਪਠਾਨਾਂ ਕੇਰੇ।
ਖਾਕੇ ਗਸ਼ਾਂ ਪਏ ਧਰ ਉੱਪਰ ਪਹੁੰਚੇ ਮੂਲ ਨ ਡੇਰੇ ॥
ਡਿਗੇ ਧਰ ਪਰ ਸਣ ਹਥਿਆਰਾਂ ਫੇਰ ਨ ਸੁਰਤ ਸੁਮਾਲੀ।
ਮੁੜਕੇ ਗਲ ਨ ਕੀਤੀ ਕੋਈ ਗਏ ਉਮੈਦੋਂ ਖਾਲੀ ॥ ੧੯੬ ॥
ਜਦ ਸਿੰਘਾਂ ਨੇ ਨਾਲ ਜ਼ੋਰ ਦੇ ਸਾਰੇ ਮੁਗ਼ਲ ਭਗਾਏ।
ਅਰ ਹਥਿਆਰ ਉਨ੍ਹਾਂ ਦੇ ਡਿੱਗੇ ਛੇਤੀ ਨਾਲ ਉਠਾਏ ॥
ਛੱਡ ਹੱਥ ਦੇ ਸੋਟੇ ਦਿੱਤੇ ਪਕੜੇ ਬਰਛੇ ਤਰਛੇ।
ਲੱਗੇ ਨਾਲ ਪ੍ਰੇਮ ਦੇ ਦੇਣੇ ਮੌਤ ਲਹੂ ਦੇ ਕੜਛੇ ॥ ੧੯੭ ॥
ਐਸਾ ਯੁੱਧ ਲਗਾ ਤਦ ਹੋ ਵਨ ਜੋ ਆਖਣਾ ਨਾ ਜਾਵੇ।
ਦੁਰਜੋਧਨ ਦੇ ਉੱਪਰ ਜੈਸੇ ਗਦਾ ਭੀਮਦੀ ਆਵੇ।
ਲਗੇ ਇੱਕ ਵਾਰ ਜਿਸ ਸ਼ਸਤ੍ਰ ਫਿਰ ਪਾਣੀ ਨਹਿ ਮੰਗੇ।
ਤੁਰਤ ਜਾਇ ਯਮ ਪੁਰੀ ਵਿਚਾਰਾ ਜਾਵੇ ਮੂਲ ਨ ਸੰਗੇ ॥ ੧੯੮ ॥
ਇੱਕ ਇੱਕ ਕਰਕੇ ਚਾਰ ਘੜੀ ਵਿੱਚ ਸਿੰਘਾਂ ਸਭੋ ਖਪਾਏ।
ਨਾਲ ਗੁਰੂ ਦੀ ਕ੍ਰਿਪਾ ਅਪਨੇ ਮਨ ਦੇ ਚਾਉ ਕਰਾਏ ॥
ਖੇਲ ਫਾਗ ਇਹ ਅੱਜ ਭਰੇ ਸਨ ਲੋਹੂ ਬਸਤ੍ਰ ਸਰੇ।
ਮਾਨਹੁ ਰੰਗ ਭਰੇ ਦੁਹ ਦਿਸਦੇ ਭਰ ਪਿਚਕਾਰੀ ਮਾਰੇ ॥ ੧੯੯ ॥
ਇਕ ਇਕ ਕਰਕੇ ਮਰੇ ਮੁਗਲ ਜਦ ਬਾਕੀ ਰਿਹਾ ਨਾ ਕੋਈ।
ਫਿਰ ਭੀ ਦੂਜੀ ਵਾਰੀ ਦੇਖੋ ਫਤੇ ਖਾਲਸੇ ਹੋਈ ॥
ਜਿਸ ਤੇ ਹੋਇ ਨਧੜਕ ਗਏ ਉਹ ਮੂਲ ਨ ਮਨ ਸੁਕਚਾਉਨ।
ਹੋਇ ਨਧੜਕ ਪਠਾਨਾਂ ਉਪਰ ਜਾਕੇ ਦੰਦ ਚਬਾਉਨ ॥ ੨੦੦ ॥
ਅਰ ਦਲ ਸ਼ਾਹੀ ਅੰਦਰ ਮਚਿਆ ਖਾ ਕਰਕੇ ਡਰ ਐਸਾ।

ਵੇਖ ਸਿੰਘ ਦੀ ਸੂਰਤ ਤਾਈਂ ਮ੍ਰਿਗਾਂ ਦੇ ਮਨ ਜੈਸਾ ॥
ਨਾ ਕੋਈ ਫਿਰ ਸਨਮੁਖ ਆਵੇ ਡਰਦਾ ਪ੍ਰਾਣ ਪਜਾਰਾ ।
ਚੁੱਪ ਚੁਪਾਤਾ ਕਰਨਾ ਚਾਹੇ ਲੜਨੋਂ ਕਿਤੇ ਕਨਾਰਾ ॥ ੨੦੧ ॥
ਜਦ ਇਹ ਹਾਲ ਸਪਹੀਆਂ ਕੇਰਾ ਡਿੱਠਾ ਹਾਕਮ ਖੜਕੇ ।
ਸਿੰਘਾਂ ਮਾਰ ਉਡਾਏ ਇਨਕੇ ਨਾਲ ਬਰਛੀਆਂ ਫੜਕੇ ॥
ਤਦ ਮਨ ਅੰਦਰ ਸੋਚਨ ਲਗਾ ਹੁਨ ਕਜਾ ਕਰੀਏ ਭਾਈ ।
ਇਹ ਆਫਤ ਜੋ ਅਚਾ ਚੇਤ ਸੋ ਕਿਤ ਵਲ ਹੱਥਾ ਪਾਈ ॥ ੨੦੨ ॥
ਐਸੇ ਸੋਚ ਕਰੇ ਮਨ ਅੰਦਰ ਅਰਪਛਤਾਵੇ ਭਾਰਾ ।
ਓੜਕ ਨੂੰ ਤਿਨ ਭੀ ਸਭ ਤੁਰਕਾਂ ਫਿਰ ਮੁੜਕੇ ਲਲਕਾਰਾ ॥
ਕਹੀ ਪਠਾਨੋਂ ਸੁਨੋ ਨਦਾਨੋਂ ਇਹ ਦੋ ਸਿੰਘ ਵਿਚਾਰੇ ।
ਅੜੇ ਖੜੇ ਹਨ ਵਾਂਗ ਸ਼ੇਰ ਦੇ ਅੱਗੇ ਸੁਨੋ ਤੁਮਾਰੇ ॥ ੨੦੩
ਉਠੋ ਦਲੇਰ ਹੋਇ ਕਰ ਮਾਰੋ ਇਨ ਪਰ ਸ਼ਸਤ੍ਰ ਐਸੇ ।
ਕਾਫਰ ਉੱਪਰ ਅਲੀ ਮਰਦ ਨੇ ਗੁਰਜ ਚਲਾਈ ਜੈਸੇ ॥
ਕਿਆ ਆਖਨ ਗੇ ਲੋਗ ਸੁਨਨ ਜਦ ਇਹ ਕਮਜ਼ੋਰੀ ਸਾਡੀ ।
ਅਰ ਨਵਾਬ ਦੇ ਅੱਗੇ ਨਾਹੀਂ ਇੱਜ਼ਤ ਰਹੂ ਅਸਾਡੀ ॥ ੨੦੪ ॥
ਜਿਸ ਤੇ ਤੁਸੀਂ ਬਾਜ਼ ਸਮ ਜਾਵੋ ਕਰਕੇ ਜ਼ੋਰ ਘਨੇਰਾ ॥
ਕੂੰਜਾਂ ਵਾਂਗ ਪਕੜ ਕਰ ਮਾਰੋ ਮਨਸਬ ਲਹੋ ਵਧੇਰਾ ॥
ਜਿਸ ਪਰ ਸੁਨਕੇ ਹੋਰ ਝੁੰਡ ਸਾ ਸਿੰਘਾਂ ਦੇ ਵੱਲ ਹੋਇਆ ।
ਨਾਲ ਸ਼ਸਤ੍ਰਾਂ ਦੇ ਸੀ ਜਿਸ ਨੇ ਸੂਲਾਂ ਵਾਂਗ ਪਰੋਇਆ ॥ ੨੦੫ ॥
ਪੈਨ ਕੜਾ ਕੜ ਸ਼ਸਤ੍ਰ ਸਿੰਘਾਂ ਲਹੁ ਝਰਨ ਪਹਾਰੇ ।
ਬਿਨਾਂ ਸੰਗੀਆਂ ਅਤੇ ਸਾਥੀਆਂ ਲੜਦੇ ਪਏ ਵਿਚਾਰੇ ॥
ਸਾਰੇ ਤਨ ਪਰ ਘਾਇ ਲੱਗੇ ਸਨ ਲੋਹੂ ਵਗੈ ਪਨਾਰੇ ।

ਜਿਉਂ ਪਰਬਤ ਤੇ ਝਰਦੇ ਝਰਨੇ ਬਰਖੇ ਮੇਘ ਪੁਹਾਰੇ ॥ ੨੦੬ ॥
ਪਰ ਇਹ ਰੋਹ ਭਰੇ ਖਾ ਜ਼ਖਮਾਂ ਪਿੱਛੇ ਪੈਰ ਨ ਧਰਦੇ ।
ਉਸੀ ਤਰ੍ਹਾਂ ਤੁਰਕਾਂ ਪਰ ਵਧਕੇ ਹੱਥ ਚੌਗਨੇ ਕਰਦੇ ॥
ਕਈ ਖਪਾਇ ਧਰੇ ਪਲ ਅੰਦਰ ਅਰ ਬੋਲਨ ਜੈਕਾਰੇ ।
ਅਕਾਲ ਪੁਰਖ ਕੀ ਰੱਖਯਾ ਹਮ ਨੇ ਐਸੇ ਮੁਖੋਂ ਉਚਾਰੇ ॥ ੨੦੭ ॥
ਮਚਿਆ ਜੁੱਧ ਅਜੇਹਾ ਓਥੇ ਅਪਨੇ ਅਤੇ ਪਰਾਏ ।
ਚਲਦਿਆਂ ਬਰਛਿਆਂ ਤੇ ਤਲਵਾਰਾਂ ਰੰਚਕ ਨਜ਼ਰ ਨ ਆਏ ॥
ਕਰ ਕਰ ਜ਼ੋਰ ਪੈਨ ਰਣ ਸੂਰੇ ਜਿਉਂ ਕਰ ਹਸਤੀ ਭੂਰੇ ।
ਲੋਹੂ ਭਰੇ ਬਦਨ ਸਭ ਕੇਰੋ ਅੰਗ ਲਪੇਟੇ ਸੂਰੇ ॥ ੨੦੮ ॥
ਜਿਉਂ ਰਾਵਨ ਦੇ ਦਲ ਵਿੱਚ ਲੜਦੇ ਅੰਗਦ ਤੇ ਹਨੁਵੰਤਾ ॥
ਤਿਉਂ ਇਹ ਲਰਨ ਤੁਰਕ ਦਲ ਮਾਹੀਂ ਧਰਮ ਹੇਤ ਜੁਗ ਸੰਤਾ ॥
ਵਾਂਗ ਭੀਮ ਦੇ ਗਦਾ ਸੰਭਾਰੇ ਕਰਨ ਵਾਰ ਮਿਲ ਐਸੇ ।
ਦੁਰਜੋਧਨ ਦੇ ਉੱਪਰ ਚਲਦੇ ਹੱਥ ਭੀਮ ਦੇ ਜੈਸੇ ॥ ੨੦੯ ॥
ਕੱਟ ਕੱਟ ਗਿਰੇ ਤੁਰਕ ਬਹੁ ਰਣ ਵਿੱਚ ਬਹੁਰ ਨ ਉਕਸਨ ਪਾਏ ।
ਮਾਨਹੁ ਪਾਇ ਦਾਨ ਮਨ ਭਾਇਆ ਫੇਰ ਨ ਮਾਂਗਨ ਆਏ ॥
ਦੇਖ ਹਾਲ ਸਿੰਘਾਂ ਦਾ ਐਸਾ ਫੌਜਦਾਰ ਤਦ ਡਰਕੇ ।
ਲੱਗਾ ਕਹਨ ਸੁਨੋ ਤੁਮ ਮੁਗਲੋ ਕਿਆ ਯਸ਼ ਲੈਸੋ ਮਰਕੇ ॥੨੧੦॥
ਇਹ ਤਾਂ ਕਰਨ ਫਨਾਹ ਪਲਕ ਵਿੱਚ ਚੁਨ ੨ ਕੇ ਫੜ ਮਾਰਨ ।
ਛੱਡਨ ਨਹੀਂ ਗੁਮਾਨ ਅਸਾਡਾ ਟੁਕੜੇ ਕਰ ਸਭ ਡਾਰਨ ॥
ਤਾਂਤੇ ਹੁਨ ਇੱਜ਼ਤ ਨਹਿ ਰਹਿੰਦੀ ਕਰੋ ਹੋਰ ਕੁਝ ਚਾਲਾ ।
ਫਤੇ ਇਨ੍ਹਾਂ ਪਰ ਪਾਉਨ ਵਾਲਾ ਨਾਹੀਂ ਕੰਮ ਸੁਖਾਲਾ ॥ ੨੧੧ ॥
ਤਾਂਤੇ ਹੱਥ ਜਾਨ ਤੇ ਧੋਵੋ ਇੱਕੋ ਵਾਰੀ ਸਾਰੇ ।

ਜਾਇ ਪਵੋ ਇਨ ਦੋਨਾਂ ਉੱਪਰ ਮਾਰ ਅਲੀ ਦੇ ਨਾਹਰੇ ॥
ਕਰੋ ਵਾਰ ਤਲਵਾਰਾਂ ਕੇਰਾ ਟੁਕੜੇ ਕਰ ਧਰ ਸੁੱਟੋ।
ਇਸ ਝਗੜੇ ਦੀ ਜੜ੍ਹਾਂ ਮੂਲ ਤੇ ਨਾਲ ਜ਼ੋਰ ਦੇ ਪੁੱਟੋ ॥ ੨੧੨ ॥
ਇਤਨਾ ਹੁਕਮ ਸਪਾਹੀ ਸੁਨਕੇ ਖੂਨ ਨੈਨ ਭਰ ਆਏ।
ਮਨ ਦੇ ਅੰਦਰ ਸਭਨਾਂ ਅਪਨੇ ਏਹੋ ਮਤੇ ਪਕਾਏ॥
ਜਾਨਾਂ ਤੇ ਹੱਥ ਧੋਕਰ ਲੜੀਏ ਹੁਨ ਦੇਰੀ ਹੈ ਕੇਹੀ।
ਸਾਡੀ ਇੱਜ਼ਤ ਅੱਜ ਇਨ੍ਹਾਂ ਦੇ ਹੱਥੋਂ ਜੇ ਨਹਿ ਰੇਹੀ ॥ ੨੧੩ ॥
ਤਾਂ ਕਿਆ ਕਹੇ ਪਾਤਸ਼ਾਹ ਸਾਨੂੰ ਅਰ ਹਾਸੀ ਜਗ ਕਰਸੀ।
ਕਹੋ ਭਲਾ ਫਿਰ ਮੁਗਲਾਂ ਕੋਲੋਂ ਕੌਨ ਰਿਦੇ ਮਹਿ ਡਰਸੀ ॥
ਅਸੀਂ ਪਠਾਨ ਜਾਨ ਨੂੰ ਜਾਨੇ ਤਿਨਕੇ ਸਮ ਨਹਿ ਪਿਆਰੀ।
ਲੜਨ ਭਿੜਨ ਅਰ ਮਾਰਨ ਮਰਨਾਂ ਏਹੋ ਰੀਤ ਹਮਾਰੀ ॥ ੨੧੪ ॥
ਤਾਂਤੇ ਚਲੋ ਪਹਰ ਕਰ ਤਨ ਪਰ ਖੂਬ ਸੰਜੋਇ ਰੰਗੀਲੇ।
ਅਰ ਤੁਰਕੀ ਸਭ ਪਹਨ ਬਰਦੀਆਂ ਰੰਗ ਜਿਨ੍ਹਾਂ ਦੇ ਨੀਲੇ ॥
ਪਰੋ ਜਾਇ ਕਰ ਇੱਕੋ ਵੇਰੀ ਕਰਕੇ ਖੂਬ ਦਲੇਰੀ।
ਫਤੇ ਲਏਂਗੇ ਤੁਰਤ ਉਨ੍ਹਾਂ ਤੇ ਮੂਲ ਨ ਲੱਗੂ ਦੇਰੀ ॥ ੨੧੫ ॥
ਇਤਨਾ ਸੋਚ ਪਏ ਇੱਕ ਵਾਰੀ ਅਲੀ ਅਲੀ ਕੁਰਲਾਂਦੇ।
ਬਰਛੀ ਤੀਰ ਤੇਗ ਅਰ ਨੇਜ਼ੇ ਬੱਦਲ ਜਿਉਂ ਬਰਸਾਂਦੇ ॥
ਆਇ ਬਨੀ ਸਿੰਘਾਂ ਪਰ ਭਾਰੀ ਏਸ ਸਮਜ ਪਰ ਐਸੀ।
ਮੇਘ ਨਾਦ ਕੋਪ ਤੇ ਆਈ ਲਛਮਨ ਨਉਂ ਪਰ ਜੈਸੀ ॥ ੨੧੬ ॥
ਪਰ ਕਰਕੇ ਹਠ ਦੋਨੋਂ ਸੂਰੇ ਲੜਦੇ ਹੋ ਧੜ ਨੰਗੇ।
ਦੇਖ ਤੁਰਕ ਦਲ ਟਿੱਡੀ ਜੇਹਾ ਮਨ ਵਿਚ ਮੂਲ ਨ ਸੰਗੇ ॥
ਇਤਨੇ ਵਿਚ ਆਇ ਕਰ ਹਾਕਮ ਦਿੱਤੀ ਹੋਰ ਦਲੇਰੀ।

ਕਿਉਂ ਲਾਈ ਹੈ ਮੁਗਲ ਪਠਾਨੋਂ ਇਤਨੀ ਤੁਮ ਨੇ ਦੇਰੀ ॥ ੨੧੭।
ਮਾਰੋ ਕਹੋ ਮਦਾਨ ਸੱਖਨਾ ਰਖੋ ਨਾਂਹਿ ਰਖੇੜਾ।
ਅੱਜ ਅਸੀਂ ਹੈ ਕਰਨਾ ਚਾਹਿਆ ਇਸ ਦਾ ਖੂਬ ਨਬੇੜਾ ॥
ਜਿਸ ਪਰ ਕੜਾਕੜਾ ਸੀ ਮੱਚੋ ਚੱਲਨ ਸਾਂਗਾ ਭਾਰੀ।
ਕਟ ਕਟ ਮਰਨ ਬਹਾਦਰ ਕਿਤਨੇ ਖਾ ਕਰਕੇ ਇੱਕ ਵਾਰੀ ॥੨੧੮॥
ਓੜਕ ਨੂੰ ਉਹ ਦੋਇ ਵਿਚਾਰੇ ਕਿੱਥੋਂ ਤੋੜਾ ਲੜਦੇ।
ਨਾਲ ਬਰਛੀਆਂ ਫੜਕੇ ਉੱਤੇ ਰੂਈ ਵਾਂਗਰ ਧੜਦੇ ॥
ਜਿਸ ਪਰ ਓੜਕ ਜੈ ਜੈ ਕਰਦੇ ਭੁਏ ਸ਼ਹੀਦ ਮਦਾਨੀ।
ਹੋਰ ਦੂਸਰਾ ਨਹੀਂ ਬਹਾਦਰ ਜਗ ਵਿੱਚ ਜਿਨ ਕੇ ਸਾਨੀ ॥ ੨੧੯॥
ਦਿੱਤੇ ਪ੍ਰਾਣ ਮਦਾਨ ਜੰਗ ਵਿੱਚ ਹੋ ਕਰਕੇ ਨਿਰਸੰਕੇ।
ਓੜਕ ਗਏ ਗੁਰ ਪੁਰ ਤਾਈਂ ਯਸ ਲੈਕਰ ਉਹ ਬੰਕੇ ॥
ਲੋਕ ਪ੍ਰਲੋਕ ਸੁਧਾਰ ਆਪਨਾ ਸੁੱਤੇ ਨੀਂਦ ਸੁਖਾਲੀ।
ਅੱਛੀ ਤਰ੍ਹਾਂ ਦਿਖਾਕੇ ਤੁਰਕਾਂ ਰੀਤ ਬਹਾਦਰ ਵਾਲੀ ॥ ੨੨੦ ॥
ਧੰਨ ਧੰਨ ਉਹ ਸਿੰਘ ਸੂਰਮੇਂ ਸਿਦਕੀ ਐਸੇ ਪੂਰੇ।
ਜਾਨਾਂ ਦੇਂਦੇ ਧਰਮ ਵਾਸਤੇ ਰੰਚਕ ਨਾ ਮਨ ਝੂਰੇ ॥
ਨਾਮ ਗੁਰੂ ਦੇ ਉਪਰ ਸੀ ਜਿਨ ਅਪਨੇ ਸੀਸ ਘੁਮਾਏ।
ਓੜਕ ਨੂੰ ਲੈ ਯਸ਼ ਇਸ ਜਗ ਤੇ ਗੁਰਪੁਰ ਵਿੱਚ ਸਿਧਾਏ॥੨੨੧॥
ਕੀਤੇ ਕੰਮ ਉਨ੍ਹਾਂ ਨੇ ਜੇਈ ਏਸ ਜਗਤ ਵਿੱਚ ਆਕੇ।
ਦੀਨ ਅਤੇ ਦੁਨੀਆਂ ਦੀ ਖਾਤਰ ਯਸ਼ ਦਾ ਡੰਕ ਬਜਾਕੇ ॥
ਸਿਦਕ ਉਨ੍ਹਾਂ ਦੇ ਜਗ ਵਿੱਚ ਰਹਸਨ ਸਦਾ ਅਟਲ ਪਿਆਰੇ।
ਧਰਮ ਵਾਸਤੇ ਜਿਨਨੇ ਅਪਨੇ ਤਨ ਮਨ ਧਨ ਸਨ ਵਾਰੇ ॥੨੨੨॥
ਖਰੀ ਕਮਾਈ ਉਨ੍ਹਾਂ ਸੂਰਮਿਆਂ ਮਗਰੋਂ ਮੂੜ੍ਹੀ ਖਾਂਦੇ।

ਸੋ ੨ ਕੋਹਾਂ ਧਰਮ ਕਰਮ ਥੋਂ ਜੋ ਹਨ ਨੱਸੇ ਜਾਂਦੇ ॥
ਰਹਤ ਬਹਤ ਨੂੰ ਦਈਂ ਤਲੰਜਲ ਬਦ ਕਰਮਾਂ ਵਿੱਚ ਪੈਕੇ ।
ਓੜਕ ਨੂੰ ਹਨ ਜਾਂਦੇ ਏਥੋਂ ਕਾਲਖ ਟਿੱਕਾ ਲੈਕੇ ॥ ੨੨੩ ॥
ਗੁਰਬਾਣੀ ਤੋਂ ਬੇਮੁਖ ਹੁੰਦੇ ਸੱਸੀ ਪੁਨੂੰ ਗਾਵਨ ।
ਤਖਤਾਂ ਦੀ ਉਹ ਛੱਡ ਜਾਤਰਾ ਗੰਗਾ ਵੱਲ ਉਠ ਧਾਵਨ ॥
ਛੱਡ ਗੁਰੂ ਦੀ ਦੇਗ ਪਿਆਰੀ ਸਰਵਰ ਰੋਟ ਪਕਾਂਦੇ ।
ਸਿੱਖਾਂ ਨੂੰ ਨਾ ਦੇਨ ਗ੍ਰਾਹੀ ਭੈਰੋਂ ਸ੍ਵਾਨ ਰਜਾਂਦੇ ॥ ੨੨੪ ॥
ਛੱਡ ਸ਼ਹੀਦਾਂ ਅਤੇ ਮੁਕਤਿਆਂ ਹਨੂਮਾਨ ਨੂੰ ਮੰਨਣ ।
ਵਿੱਚ ਸਰਾਧਾਂ ਕਾਉਂ ਬਾਪ ਕਹ ਸਿੱਖੀ ਭਾਂਡਾ ਭੰਨਣ ॥
ਧਰਮਸਾਲ ਵਿੱਚ ਭੁੱਲ ਨ ਜਾਂਦੇ ਠਾਕਰਦ੍ਵਾਰੇ ਜਾਂਦੇ ।
ਪੱਥਰ ਅੱਗੇ ਸੀਸ ਨਿਵਾਉਣ ਘੰਟੇ ਖੂਬ ਬਜਾਂਦੇ ॥ ੨੨੫ ॥
ਪਾਇ ਚੌਧਰਾਂ ਅਤੇ ਜਗੀਰਾਂ ਦਸਮ ਗੁਰੂ ਦੀਆਂ ਦਾਤਾਂ ।
ਛੱਡ ਉਨ੍ਹਾਂ ਦੇ ਪਰਉਪਕਾਰਾਂ ਜਾਇ ਵੜੇ ਮੁੜ ਜ਼ਾਤਾਂ ॥
ਸਿੰਘਾਂ ਦੇ ਜਲਸੇ ਉਹ ਸੁਣਕੇ ਦੂਰੋਂ ਨੱਕ ਚੜ੍ਹਾਂਦੇ ।
ਕੰਜਰ ਡੂਮ ਕਲਾਲ ਖਾਨਿਆਂ ਜਾਂਦੇ ਨਾ ਸ਼ਰਮਾਂਦੇ ॥ ੨੨੬ ॥
ਕਿਤਨੇ ਬਣੇ ਧਰਮ ਉਪਦੇਸ਼ਕ ਪੂਰੇ ਸਿੰਘ ਸਦਾਇ ।
ਪਰ ਉਹ ਅੰਦਰ ਖਾਨਿਓਂ ਪੂਰੇ ਬਗਲੇ ਭਗਤ ਸਦਾਇ ॥
ਕਈਆਂ ਡੋਬ ਘ੍ਰਾਣੇ ਚੰਗੇ ਨੰਗੇ ਕਰ ਬਠਲਾਇ ।
ਨੰਗ ਨਮੂਸ ਵਡਿਆਂ ਦੇ ਸਾਰੇ ਪਲ ਵਿੱਚ ਖਾਕ ਮਿਲਾਇ ॥ ੨੨੭॥
ਲੈਕੇ ਮਰੇ ਤਿਲਕ ਮੁਖ ਕਾਲੇ ਅਰ ਨਰਕਾਂ ਵਿੱਚ ਪੈਕੇ ।
ਪਾਉਨ ਦੁਖ ਸਦਾ ਦੇ ਤਾਈਂ ਬੇਮੁਖਤਾ ਸਿਰ ਲੈਕੇ ॥
ਚੰਗਾ ਹੁੰਦਾ ਜੇ ਨਾ ਜੰਮਦੇ ਐਸੇ ਮਹਾਂ ਦੁਖਦਾਈ ।

ਦਸਮ ਗੁਰੂ ਦੀ ਸਿੱਖੀ ਤੇ ਜੋ ਬੇ ਮੁਖ ਹੋ ਮਰਜਾਈ ॥ ੨੨੮ ॥
ਜਿਸ ਤੇ ਮੈਹਾਂ ਕੂਕ ਸੁਨਾਂਦਾ ਸੁਨੋ ਸਭੀ ਮਨ ਲਾਕੇ।
ਯਾ ਤਾਂ ਕਰੋ ਗੁਰੂ ਮਤ ਪੂਰਾ ਤਨ ਮਨ ਧਨ ਸਭ ਲਾਕੇ ॥
ਯਾ ਫਿਰ ਹੱਟਮ ਕਰੋ ਦਾੜ੍ਹੀਆਂ ਬਣ ਜਾਵੇ ਉਹ ਮੁੜਕੇ।
ਜਿਨ੍ਹਾਂ ਘ੍ਰਾਣਿਆਂ ਵਿੱਚੋਂ ਨਿਕਲੇ ਕਿਸੀ ਜ਼ੁਮਾਨੇ ਮੁੜਕੇ ॥ ੨੨੯ ॥
ਉੱਜਲ ਨਾਮ ਦਸਮ ਗੁਰ ਤਾਈਂ ਕਿਉਂ ਹੋ ਦਾਗ ਲਗਾਂਦੇ।
ਜਿਨ ਗਧਿਆਂ ਤੇ ਸ਼ੇਰ ਬਣਾਏ ਫਿਰ ਗਧਿਆਂ ਵੱਲ ਜਾਂਦੇ ॥
ਸ਼ਰਮ ਕਰੋ ਕੁਛ ਡਰੋ ਰੱਬ ਤੇ ਮਰਨਾ ਨਾਂਹਿ ਵਿਸਾਰੋ।
ਦੋ ਦਿਨ ਦੀ ਦੁਨੀਆਂ ਦੇ ਪਿੱਛੇ ਐਸੇ ਧਰਮ ਨਾ ਹਾਰੋ ॥ ੨੩੦ ॥
ਜਿਨ ਗੁਰ ਦਿੱਤੀ ਹੈ ਸਰਦਾਰੀ ਧਨ ਅਰ ਮਾਲ ਵਡਾਈ।
ਉਸ ਨੂੰ ਛੱਡ ਨਗਾਹੇ ਵਾਲੇ ਦੀ ਛੱਟੀ ਸਿਰ ਪਾਈ ॥
ਬਾਂਦਰ ਕੁੱਤੇ ਪੂਜਣ ਲੱਗੇ ਦਸਮ ਗੁਰੂ ਤੇ ਫਿਰਕੇ।
ਰੱਖੋ ਯਾਦ ਸਦਾ ਦੁਖ ਪਾਓ ਕੁੰਭੀ ਨਰਕੇ ਗਿਰਕੇ ॥ ੨੩੧ ॥
ਹੇ ਦਸਮੇਂ ਗੁਰ ਕਿਰਪਾ ਕਰੀਏ ਅਪਨਾ ਪੰਥ ਬਚਾਓ।
ਲਗਾ ਜੋਇ ਕੁਮਾਰਗ ਅੰਦਰ ਮੁੜਕੇ ਮਾਰਗ ਪਾਓ ॥
ਓਸੇ ਸਿੱਘ ਹੱਠੀ ਅਰ ਸਿਦਕੀ ਮੁੜਕੇ ਪੈਦਾ ਹੋਵਣ।
ਧਸੀ ਕੁਰੇਤੀ ਇਸ ਪੰਥ ਦੀ ਨਾਲ ਜ਼ੋਰ ਦੇ ਖੋਵਣ ॥ ੨੩੨ ॥
ਇਹ ਜੋ ਫਿਰਨ ਨਲਾਇਕ ਭੂਲੇ ਲਾਇਕ ਇਨ੍ਹਾਂ ਬਣਾਓ।
ਨਾਹੀਂ ਇਸ ਦੁਨੀਆਂ ਤੇ ਛੇਤੀ ਇਨ ਕੀ ਅਲਖ ਚੁਕਾਓ ॥
ਕਰਨ ਖਰਾਬ ਦੀਨ ਅਰ ਦੁਨੀਆਂ ਅੰਨਮਤਾਂ ਵਿੱਚ ਪੈਕੇ।
ਡੋਬਨ ਧਰਮ ਆਪਦਾ ਰਚਿਆ ਜੋ ਰੱਖਿਆ ਸਿਰ ਦੇਕੇ ॥ ੨੩੩ ॥
ਤਾਂਤੇ ਮੈਂ ਹੁਣ ਸੱਚ ਸੁਣਾਵਾਂ ਇਨ੍ਹਾਂ ਭੌਂਦੂਆਂ ਤਾਈਂ।

ਧਰਮ ਜੇਡ ਨਾ ਵਸਤੂ ਕੋਈ ਖੋਵੇ ਨਾਹਿ ਅਜਾਈਂ ॥
ਇਹ ਦੁਨੀਆ ਹੈ ਚਾਰ ਦਿਹਾੜੇ ਸਦਾ ਨਾ ਰਹਿੰਦਾ ਕੋਈ।
ਨਾਮ ਉਨ੍ਹਾਂ ਦੇ ਸਦਾ ਰਹਨਗੇ ਧਰਮੋਂ ਫਿਰੇ ਨ ਜੋਈ ॥ ੨੩੪ ॥
ਖਾ ਖਾ ਅੰਨ ਗੱਧੇ ਦੀ ਨਿਆਈਂ ਹੀਂਗ ਦੁਲੱਤੇ ਮਾਰੋ।
ਗੁਰ ਮ੍ਰਯਾਦਾ ਨਾਮ ਸੁਣਦਿਆਂ ਮੂੰਹ ਦੀ ਸ਼ਕਲ ਵਿਗਾੜੋ ॥
ਅੰਨਮਤੀਆਂ ਦੇ ਬੈਲ ਹੋਇਕੇ ਅਪਨਾ ਜਨਮ ਗਵਾਓ।
ਰੱਖੋ ਯਾਦ ਅੰਤ ਦੇ ਵੇਲੇ ਹੱਥ ਮਲੋ ਪਛਤਾਓ ॥ ੨੩੫ ॥
ਧੰਨ ੨ ਉਹ ਸਿੰਘ ਹਠੀਲਾ ਬੋਤਾ ਸਿੰਘ ਪਜਾਰਾ।
ਲੋਕ ਪ੍ਰਲੋਕ ਵਿਖੇ ਜਸ ਲੈਕੇ ਗੁਰਪੁਰ ਫੇਰ ਸਿਧਾਰਾ ॥
ਬੇ ਸਿਦਕਿਆਂ ਦੀ ਸਿਦਕ ਉਹੀ ਸੀ ਬੇ ਓਟਿਆਂ ਦੀ ਓਟਾ।
ਰੀਸ ਕਰੇ ਕਿਆ ਮੂੜ੍ਹੇ ਉਸਦੀ ਵਿਸ਼ੇ ਵਿਕਾਰ ਲਪੇਟਾ॥ ੨੩੬ ॥
ਹੇ ਦਸਮੇਂ ਗੁਰ ਬਿਨਤੀ ਮੇਰੀ ਸੁਣੀਏ ਦੀਨ ਦਿਆਲੂ।
ਏਸ ਪੰਥ ਪਰ ਕਰੁਣਾ ਕਰਕੇ ਹੋਵੋ ਤਾਂ ਕਿਰਪਾਲੂ ॥
ਸਿਦਕੀ ਹੱਠੀ ਤਪੀ ਵੱਡ ਸੂਰੇ ਪੈਦਾ ਹੋਣ ਘਨੇਰੇ।
ਜੋ ਦੁਨੀਆ ਦੇ ਲਾਲਚ ਤਜਕੇ ਸਿਦਕੀ ਹੋਵਣ ਤੇਰੇ ॥ ੨੩੭ ॥
ਅੱਜ ਕੱਲ ਦੇ ਸਿੱਖਾਂ ਤੇ ਤਾਂ ਹੈ ਮੇਰਾ ਮਨ ਡਰਦਾ।
ਜਗ੍ਹਾ ੨ ਜੋ ਫਿਰਨ ਭਟਕ ਦੇ ਤਜ ਕਰਕੇ ਸੁਖ ਘਰਦਾ ॥
ਅਪਣੀ ਸ਼ਕਤੀ ਦੇ ਕਰ ਇਨ ਕੋ ਫਿਰ ਸਿੱਖੀ ਵਿੱਚ ਲਿਆਓ।
ਔਝੜ ਵਿੱਚ ਭਟਕਦਿਆਂ ਤਾਈਂ ਮੁੜਕੇ ਰਸਤੇ ਪਾਓ॥ ੨੩੯ ॥
ਆਸ਼ਾ ਹੈ ਜੋ ਇਸ ਬਿਨਤੀ ਨੂੰ ਸੁਣੋਇਗਾ ਮਨ ਲਾਕੇ।
ਪੰਥ ਖਾਲਸਾ ਫਲੇ ਸਦਾ ਹੀ ਤੇਰੀ ਸ਼ਕਤੀ ਪਾਕੇ ॥
ਸਭ ਸੁਖ ਸੰਪਤ ਪਾਇ ਪੰਥ ਇਹ ਜਗ ਵਿੱਚ ਵਧੇ ਘਨੇਰਾ॥

ਵਿੱਤ ਸਿੰਘ ਹੇ ਦਸਮੇਂ ਗੁਰ ਜੀ ਏਹ ਮਨੋਰਥ ਮੇਰਾ ॥ ੨੩੯ ॥

ਇਤਿ

ਜਿਨ ਇਸ ਜਗ ਮੇਂ ਧਰਮ ਹਿਤ ਦੀਨ ਦੁਸ਼ਟ ਕੋ ਮਾਰ ।
ਤਿਹ ਉਸਤਤ ਨਿਜ ਮਨ ਵਿਖੇ ਕਰੇ ਸਗਲ ਸੰਸਾਰ ॥

# ਮੀਰਾਂ ਕੋਟੀਏ ਮਤਾਬ ਸਿੰਘ

## ਦੀ ਬਹਾਦਰੀ

੧ਓ ਸਤਿਗੁਰਪ੍ਰਸਾਦਿ

# ਮੀਰਾਂ ਕੋਟੀਏ ਮਤਾਬ ਸਿੰਘ ਦੀ ਬਹਾਦਰੀ

### ਦ੍ਵੈਯਾ

ਜਦ ਪੰਜਾਬ ਦੇਸ ਵਿੱਚ ਸਿੰਘਾਂ ਰਹਿਨ ਨਾ ਕੋਈ ਦੇਂਦਾ।
ਜੇ ਦਿਸ ਪਏ ਦੱਸਕੇ ਤੁਰਕਾਂ ਖ਼ੂਬ ਰੁਪੱਯੇ ਲੈਂਦਾ॥
ਜਗ੍ਹਾ ੨ ਪਰ ਹਿੰਦੂ ਤੁਰਕਾਂ ਅਪਨਾ ਕੰਮ ਬਨਾਯਾ।
ਸਿੰਘਾਂ ਨੂੰ ਪਕੜਾ ਕੇ ਤੁਰਕਾਂ ਪੈਸਾ ਖ਼ੂਬ ਕੁਮਇਆ॥ ੧॥
ਦੱਸ ਪਾਏ ਤਾਂ ਦਸ ਹੀ ਲੇਵੇ ਬੀਸ ਦਿਖਾਵਨ ਹਾਰੇ।
ਚਾਲੀ ਪਕੜਨ ਵਾਲਾ ਪਾਵੇ ਅੱਸੀ ਵੱਢਨ ਵਾਰੇ।
ਕੇਸਾਂ ਵਾਲ ਸੀਸ ਦਿਖਾਏ ਤੁਰਤ ਪਚਾਸ ਗਿਨਾਏ।
ਏਸੇ ਤਰ੍ਹਾਂ ਮੁਲਕ ਦੇ ਲੋਗਾਂ ਬਹੁਤੇ ਰਿਜ਼ਕ ਕੁਮਾਏ॥ ੨॥
ਜਿਸਨੇ ਪਾਪੀ ਗੂਸੇ ਲੋਭ ਦੇ ਨਾਰਾਂ ਦੇ ਸਿਰ ਕੱਟਨ।

ਪਕੜ ਕੇਸ ਤੇ ਪਾਤਸ਼ਾਹ ਦੇ ਮੂਹਰੇ ਜਾਕੇ ਸੱਟਨ ॥
ਲੈਨ ਪਚਾਸ ਰੁਪੱਯੇ ਖੂਨੀ ਐਸਾ ਪਾਪ ਕੁਮਾਕੇ।
ਤਰਸ ਨ ਕਰਦੇ ਜ਼ਾਲਮ ਭਾਰੇ ਨਾਰਾਂ ਜਾਨ ਮੁਕਾਕੇ ॥ ੩ ॥
ਫਿਰ ਇਹ ਹੁਕਮ ਹਜ਼ੂਰੀ ਥਾ ਜਿਸ ਨੱਗਰ ਸਿੰਘ ਵਿਸਾਏ।
ਮਾਰ ਓਸਨੂੰ ਨਾਲ ਨੱਗਰ ਭੀ ਤੁਰਤ ਉਜਾੜਿਆ ਜਾਏ ॥
ਜਿਸਤੇ ਸਾਰੇ ਨਗਰ ਨਿਵਾਸੀ ਦੁਸ਼ਮਨ ਬਨ ਗਏ ਭਾਰੇ।
ਕਈ ਸਿੰਘ ਜਿਨ ਫੜ ਕਰ ਸੂਰੇ ਨਾਲ ਬਿਤਰਸੀ ਮਾਰੇ ॥ ੪ ॥
ਜਿਸਤੇ ਰਹਿਨਾ ਤਾਂ ਇੱਕ ਪਾਸੇ ਬੈਠਨ ਕੋਈ ਨਾ ਦੇਂਦਾ।
ਕਾਬੂ ਪਾਵੇ ਤਾਂ ਸਿਰ ਉਸਦਾ ਤੁਰਤ ਤੇਗ ਸੇ ਲੇਂਦਾ ॥
ਸਖਤ ਵਖਤ ਪਰ ਕੌਨ ਸਹਾਈ ਸੀ ਗੁਰ ਬਿਨ ਤਬ ਤਿਨਕਾ।
ਝਾੜ ਝਾੜ ਸੀ ਵੈਰੀ ਹੋਯਾ ਓਸ ਸਮੇਂ ਪਰ ਜਿਨ ਕਾ ॥ ੫ ॥
ਵਡੇ ਵਡੇ ਜੋ ਸਿੰਘ ਸੂਰਮੇਂ ਹਠੀ ਤਪੀ ਬਲਕਾਰੀ।
ਮਰ ਗਏ ਬਿਨ ਦੋਸੇ ਉਹ ਸਿਦਕੀ ਸੀਅ ਨ ਮੁਖੋਂ ਉਚਾਰੀ ॥
ਦਾਦ ਨਹੀਂ ਫਰਿਯਾਦ ਕਿਸੇ ਦੀ ਸੁਨਦਾ ਕੋਈ ਬਹਿਕੇ।
ਨਹੀਂ ਠਕਾਨਾ ਦਿਸਦਾ ਜਿੱਥ ਕੱਟ ਲੈਨ ਝੱਟ ਬਹਿਕੇ ॥ ੬ ॥
ਜੰਡਿਆਲੇ ਦੇ ਓਹ ਲੋਗ ਜੋ ਪਹਿਲੇ ਗੁਰ ਦੇ ਦੋਖੀ।
ਅਰ ਹੰਦਾਲੀਏ ਨਾਲ ਉਨ੍ਹਾਂ ਦੇ ਗਾਰ ਰੱਖਦੇ ਚੋਖੀ ॥
ਪਹਿਲੇ ਹੀ ਸਾ ਵਾਦ ਜਿਨ੍ਹਾਂ ਦਾ ਗੁਰ ਦੇ ਨਾਲ ਘਨੇਰਾ।
ਸੋ ਭੀ ਤੁਰਕਾਂ ਨਾਲ ਹੋਇ ਕੇ ਕਰਦੇ ਪਾਪ ਵਧੇਰਾ ॥ ੭ ॥
ਹੋਰ ਮਜੀਠੇ ਵਾਲੇ ਸੇ ਜੋ ਜੱਟ ਕਠੋਰ ਵਧੇਰੇ।
ਨਾਮ ਰਧਾਵਾ ਰਾਮ ਜਿਸੇ ਦਾ ਕਰਦਾ ਵੈਰ ਘਨੇਰੇ ॥
ਹਰਮੁਖ ਦਾਸ ਮਹੰਤ ਹੰਡਾਲੀ ਵਡਾ ਪਾਪ ਦਾ ਬੇੜਾ।

ਨਾਲ ਖਾਲਸੇ ਰੱਖਦਾ ਸੀ ਉਹ ਸਭ ਤੇ ਵਡਾ ਬਖੇੜਾ ॥ ੮ ॥
ਹੋਰ ਚੌਧਰੀ ਨੱਗਰਾਂ ਦੇ ਜੋ ਠੇਕੇ ਦਾਰ ਸਦਾਉਨ ।
ਸਾਰੇ ਮਾਰਨ ਤਾਈਂ ਸਿੰਘਾਂ ਬਹਿ ਕੇ ਮਤੇ ਪਕਾਉਨ ॥
ਜਿਸ ਤੇ ਵੇਖ ਮੁਸੀਬਤ ਭਾਰੀ ਸਿੰਘ ਗਏ ਤਜ ਡੇਰੇ ।
ਜੰਗਲ ਨਦੀ ਪਹਾੜਾਂ ਅੰਦਰ ਛਪ ਕੇ ਕਰੇ ਵਸੇਰੇ ॥ ੯ ॥
ਕਿਤਨੇ ਜਾਇ ਵਿੱਚ ਪਰਦੇਸਾਂ ਨੌਕਰ ਓਥੇ ਹੋਏ ।
ਕਿਤਨੇ ਹੱਥ ਆਇਕੇ ਤੁਰਕਾਂ ਜਾਨੋਂ ਹੀ ਸੇ ਮੋਏ ॥
ਕਿਤਨੇ ਕਰਨ ਮਜ਼ੂਰੀ ਕਿਤਵੱਲ ਕਿਤਨੇ ਜੰਗਲਵਾਸੀ ।
ਪੱਤ੍ਰ ਫਲ ਅਰ ਫੁੱਲ ਖਾਇਕੇ ਕੱਟਨ ਸਮਾਂ ਉਦਾਸੀ ॥ ੧੦ ॥
ਕਿਤਨੇ ਵਿੱਚ ਪਹਾੜਾਂ ਜਾਕੇ ਕਰਦੇ ਖੇਤੀ ਬਾੜੀਂ ।
ਕਿਤਨੇ ਲੁੱਟ ਮਾਰ ਕਰ ਜਾਂਦੇ ਛਪਦੇ ਫੇਰ ਉਜਾੜੀਂ ॥
ਇਸੇ ਤਰ੍ਹਾਂ ਦਾ ਸਮਾਂ ਆਇਕੇ ਜਦ ਬਣਿਆ ਦੁਖ ਦਾਤਾ ।
ਓਟ ਗੁਰੂ ਦੀ ਸੀ ਉਸ ਵੇਲੇ ਯਾ ਰੱਖਕ ਵੇਧਾਤਾ ॥ ੧੧ ॥
ਬੇਜ਼ਰ ਬੇਪਰ ਬੇਸਮਜਾਨੋਂ ਬੇਥਾਓਂ ਬੇਜ਼ੋਰੇ ।
ਫਿਰਨ ਉਦਾਸ ਆਸ ਸਭ ਥੌਕੇ ਵਾਂਗਰ ਗੂੰਗੇ ਡੋਰੇ ॥
ਰਾਤ ਦਿਨੇ ਸਾ ਮਨ ਵਿੱਚ ਰਹਿੰਦਾ ਮਰਨੇ ਦਾ ਉਤਸਾਹਾ ।
ਵਾਂਗ ਸਤੀ ਦੇ ਕਰਦੇ ਸਦ ਹੀ ਹੋਨ ਸ਼ਹੀਦ ਉਮਾਹਾ ॥ ੧੨ ॥
ਇੱਕ ਓਰ ਨਾ ਦਾਣਾ ਪਾਣੀ ਨਾ ਬਸਤ੍ਰ ਨਹਿ ਜਾਗਾ ।
ਸੰਗੀ ਸਾਥੀ ਨਾ ਸੀ ਕੋਈ ਫਿਰਦਾ ਭਾਗਾ ਭਾਗਾ ॥
ਦੂਜੇ ਪਾਸੇ ਤੁਰਕੀ ਸੈਨਾਂ ਵਾਂਗ ਅਹੇੜੀ ਭਾਰੇ ।
ਚੜ੍ਹੀ ਹੋਈ ਸੀ ਜੰਗਲ ਅੰਦਰ ਸਿੱਖਾਂ ਜਾਨ ਸ਼ਕਾਰੇ ॥ ੧੩ ॥
ਅਪਨੇ ਭੀ ਹੋ ਗਏ ਬਿਗਾਨੇ ਮਿੱਤ੍ਰ ਦੁਸ਼ਮਨ ਹੋਏ ।

ਹਿੰਦੂ ਤੁਰਕ ਲਿਆਵਨ ਫੜਕੇ ਜਿੱਥੇ ਪਿਖੇ ਲਕੋਏ ॥
ਜਿਸਤੇ ਪੈਰ ਨ ਲਗੇ ਕਿਤੇ ਵਲ ਤਦ ਤਜ ਦੇਸ ਸਿਧਾਏ ।
ਦੇਸ ਮਾਲਵੇ ਅੰਦਰ ਆਕੇ ਜਿਨ ਨੇ ਸਮਯ ਵਿਤਾਏ ॥ ੧੪ ॥
ਜਾਇ ਬਰਾੜਾਂ ਦੀ ਜਿਨ ਧਰਤੀ ਉਨ ਕੀ ਓਟ ਤਕਾਈ ।
ਪਈ ਮੁਸੀਬਤ ਕਰਤੇ ਵੱਲੋਂ ਓਥੇ ਜਾਇ ਵਟਾਈ ॥
ਰਾਜਪੂਤ ਰਾਜਿਆਂ ਦੇ ਜਾਕੇ ਕਰੇ ਨੌਕਰੀ ਕੋਈ ।
ਯਾ ਉਹ ਕੰਮ ਕਰੇ ਲੁਕ ਛਪਕੇ ਜੋ ਜਿਸ ਕੋਲੋਂ ਹੋਈ ॥ ੧੫ ॥
ਇਸੇ ਹਾਲ ਦੇ ਅੰਦਰ ਆਕੇ ਸਿੰਘ ਮਤਾਬ ਬਹਾਦਰ ।
ਬੀਕਾਨੇਰੀ ਰਾਜਾ ਦੇ ਢਿਗ ਬਸਿਆ ਪਾਕੇ ਆਦਰ ॥
ਕਈ ਸੂਰਮੇਂ ਸਿੰਘ ਨਾਲ ਲੈ ਚਾਕਰ ਉਸ ਦਾ ਹੋਇਆ ।
ਪਿਛਲਾ ਦੁੱਖ ਪੰਜਾਬ ਦੇਸ ਦਾ ਸਾਰਾ ਮਨ ਥੀਂ ਖੋਇਆ ॥ ੧੬ ॥
ਆਪ ਰਹੇ ਉਹ ਬਣਕੇ ਬਾਂਕਾ ਨਾਲ ਤੇਜ਼ ਦੇ ਐਸਾ ।
ਜਤੀ ਸਤੀ ਹਠੀਏ ਦਾ ਹੁੰਦਾ ਲੋਗਾਂ ਉਪਰ ਜੈਸਾ ॥
ਕਈ ਸਿੰਘ ਜੋ ਨਾਲ ਓਸਦੇ ਸਰਬ ਰੁਜ਼ੀਨੇ ਪਾਉਨ ।
ਕਰਕੇ ਖੂਬ ਨੌਕਰੀ ਰਾਜੇ ਅਪਨਾ ਸਮਾਂ ਬਤਾਉਨ ॥ ੧੭ ॥
ਹੋਰ ਸਿੰਘ ਜੋ ਬਿਪਦਾ ਅੰਦਰ ਦਿਸ ਆਵੇ ਤਿਸ ਤਾਈਂ ।
ਰੱਖੇ ਪਾਸ ਓਸ ਨੂੰ ਹਿਤ ਸੇ ਜਾਨ ਨ ਦਏ ਅਜਾਈਂ ॥
ਰਾਜਾ ਪਾਸ ਕਰਾਵੇ ਨੌਕਰ ਆਦਰ ਨਾਲ ਲਿਜਾਕੇ ।
ਗੁਰ ਅੱਗੇ ਉਹ ਕਰ ਅਰਦਾਸਾ ਕੰਮ ਕਰੇ ਸੁਖ ਪਾਕੇ ॥ ੧੮ ॥
ਇਸੇ ਤਰ੍ਹਾਂ ਜਦ ਖਾਲਸੋ ਹੋਇਆ ਦੇਸ ਪੰਜਾਬ ਰੰਗੀਲਾ ।
ਦੁਸਮਨ ਬਾਝੋਂ ਸਿੰਘਾਂ ਤਾਈਂ ਰਹਿਆ ਨ ਕੋਈ ਹੋਲਾ ।
ਜਿਸ ਤੇ ਤੁਰਕੀ ਹਾਕਮ ਸਭੇ ਹੋਇ ਦਲੇਰ ਖਲੋਏ ।

ਅਪਨੇ ਦਿਲ ਵਿੱਚ ਫਤੇ ਪਾਇਕੇ ਰਾਜ਼ੀ ਭਾਵੇ ਹੋਏ ॥ ੧੯ ॥
ਜਦ ਇਹ ਹਾਲ ਖਾਲਸੇ ਕੇਰਾ ਹੋਇਆ ਦੇਸ ਮਝਾਰੀ ॥
ਤਦ ਤੁਰਕਾਂ ਦੇ ਮਨ ਦੀ ਹੋਈ ਆਸਾ ਪੂਰਨ ਸਾਰੀ ॥
ਜਗ੍ਹਾ ਜਗ੍ਹਾ ਪਰ ਮੱਲ ਲਏ ਜੋ ਸਿੰਘਾਂ ਦੇ ਗੁਰ ਦੁਆਰੇ।
ਜਿਨ ਮਹਿੰ ਰਹਨ ਸਦਾ ਮਦ ਮੱਤੇ ਧਰਮ ਅਧਰਮ ਵਿਸਾਰੇ ॥ ੨੦॥
ਅੰਮ੍ਰਿਤਸਰ ਦਰਬਾਰ ਵਿਖੇ ਤਦ ਭਈ ਅਨੀਤ ਘਨੇਰੀ।
ਜੋ ਸਿੰਘਾਂ ਤੇ ਜਾਨ ਹੋਵੰਦਿਆਂ ਮੂਲ ਨ ਜਾਂਦੀ ਹੇਰੀ ॥
ਮੱਸੇਖਾਂ ਇੱਕ ਰੰਘੜ ਭਾਰਾ ਸੀ ਵਡ ਜੋ ਹੰਕਾਰੀ।
ਤਿਸਨੇ ਅਪਨੀ ਦੁਰਾਚਾਰਤਾ ਆਕੇ ਖੂਬ ਖਿਲਾਰੀ ॥ ੨੧ ॥
ਕਰੀ ਬਿਅਦਬੀ ਹਰਿ ਮੰਦਰ ਦੀ ਹੁੱਕੇ ਅੰਦਰ ਪੀਕੇ।
ਗਨਕਾ ਨਾਚ ਖਰਾਬੀ ਕਰਕੇ ਕਰੇ ਮਨੋਰਥ ਜੀਕੇ ॥
ਜਿਸਦੇ ਰੋਕਨ ਦੀ ਸਮਰੱਥਾ ਸਿੰਘਾਂ ਪਾਸ ਨ ਕੋਈ।
ਜਿਸਤੇ ਬੈਠਨ ਦੇਹ ਨ ਕੋਈ ਕਿਤਲਵ ਮਿਲੇ ਨ ਢੋਈ ॥ ੨੨ ॥
ਤਾਂਤੇ ਸਬਰ ਕਰਨ ਹੋ ਦੁਖੀਏ ਕਿਸ ਪਹਿ ਦੁੱਖ ਸੁਨਾਉਨ।
ਪਰ ਮਨ ਹੀ ਮਨ ਅੰਦਰ ਬੈਠੇ ਚਾਇ ਕਚੀਚੀ ਖਾਉਨ ॥
ਪਰ ਕੁਛ ਪੇਸ਼ ਨ ਜਾਂਦੀ ਤਿਨਕੀ ਅੱਗੇ ਪਾਪੀ ਮੱਸੇ
ਸੱਗੋਂ ਦੇਖ ਜ਼ੁਲਮ ਤਿਸ ਕੇਰਾ ਜਾਨ ਬਚਾਕੇ ਨੱਸੇ। ੨੩ ॥
ਇਸੇ ਤਰ੍ਹਾਂ ਜਦ ਹਲ ਚਲ ਹੋਈ ਤਦ ਕੁਛ ਸਿੰਘ ਵਿਚਾਰੇ।
ਤੁਰ ਗਏ ਜਿਤ ਵਲ ਨੂੰ ਮਨ ਆਇਆ ਸਨ ਬਿਪਤਾ ਦੇ ਮਾਰੇ ॥
ਕਿਤਨੇ ਪਹੁੰਚੇ ਇਸੀ ਤਰ੍ਹਾਂ ਪਰ ਬੀਕਾਨੇਰ ਹਠੀਲੇ।
ਲੁਕ ਛਪ ਕਰਕੇ ਤੁਰਕੀ ਦਲ ਤੇ ਕਰਕੇ ਤੇ ਬਹੁ ਹੀਲੇ ॥ ੨੪ ॥
ਜਾਕੇ ਮਿਲੇ ਮਤਾਬ ਸਿੰਘ ਨੂੰ ਨਾਲ ਦਰਦ ਦਿਲ ਭਰਕੇ।

ਆਖਨ ਸਿੰਘਾ ਕੀ ਦੁਖ ਕਹੀਏ ਅਸੀਂ ਬਚੇ ਹਾਂ ਮਰਕੇ ॥
ਕਿਤੇ ਨ ਮਿਲਦਾ ਢੋਈ ਸਾਨੂੰ ਮਾਰੋ ਮਾਰ ਚੁਫੇਰੇ ।
ਓੜਕ ਸੁਨਕੇ ਆਏ ਹਾਂ ਸੁਖ ਮਿਲਸੀ ਜੇ ਢਿਗ ਤੇਰੇ ॥ ੨੫ ॥
ਜਿਸ ਪਰ ਸਦਕੇ ਕਹੀ ਸਿੰਘ ਨੇ ਮੂਲ ਨ ਮਨ ਘਬਰਾਓ ।
ਕਰ ਇਸ਼ਨਾਨ ਬਦਲ ਕਰ ਬਸਤ੍ਰ ਰੁੱਖਾ ਮਿੱਸਾ ਖਾਓ ॥
ਮੇਰਾ ਸਭ ਕੁਛ ਅਹੇ ਤੁਸਾਡਾ ਅਰ ਮਨ ਤਨ ਤੇ ਭਾਈ ।
ਕਰਸਾਂ ਤੁਮਰੀ ਸੇਵਾ ਚੰਗੀ ਜੋ ਮੈਥੋਂ ਬਨ ਆਈ ॥ ੨੬ ॥
ਧੀਰਜ ਧਰੋ ਕਰੋ ਗਮ ਨਾਹੀਂ ਇਹ ਦੁਖ ਸੁਖ ਤਨ ਕੇਰੇ ।
ਹੁੰਦੇ ਰਹਿਨ ਸਦਾ ਇਸ ਤਾਈਂ ਸਹੀਓ ਹੋਇ ਦਲੇਰੇ ॥
ਜਿਸ ਪਰ ਸਿੰਘਾਂ ਦੇ ਮਨ ਧੀਰਜ ਹੋਇ ਗਈ ਕੁਛ ਆਕੇ ।
ਜਦ ਉਨ ਨਾਲ ਦਿਲਾਸੇ ਰੱਖੇ ਮਿੱਠੇ ਬਚਨ ਸੁਨਾਕੇ ॥ ੨੭ ॥
ਕੁਛਕ ਦਿਹਾੜੇ ਵਿੱਚ ਉਨ੍ਹਾਂ ਨੂੰ ਹੋਸ਼ ਜਦੋਂ ਕੁਝ ਆਈ ।
ਤਦੋਂ ਮਤਾਬ ਸਿੰਘ ਨੇ ਉਨ ਸੋ ਪਿਛਲੀ ਖਬਰ ਪੁਛਾਈ ॥
ਆਖੀ ਕਹੋ ਪੰਜਾਬ ਦੇਸ ਦਾ ਹੈ ਕਜਾ ਹਾਲ ਪਜਾਰੇ ।
ਅਰ ਸਿੰਘਾਂ ਦੇ ਨਾਲ ਤੁਰਕ ਦਾ ਹੁੰਦਾ ਹੈ ਤਕਰਾਰੇ ॥ ੨੮ ॥
ਅਹੇ ਅਮਨ ਤੁਰਕਾਂ ਦੀ ਵੱਲੋਂ ਵਸਨ ਸਿੰਘ ਸੁਖ ਸੇਤੀ ।
ਖਾਨ ਕਮਾਈ ਕਰਕੇ ਕੋਈ ਅਪਨੇ ਘਰ ਕੀ ਖੇਤੀ ॥
ਕਜਾ ਹੈ ਓਹੋ ਹਾਲ ਕਦੀਮੀ ਮਾਰ ਕੁੱਟ ਅਰ ਲੁੱਟਾ ।
ਕਹੋ ਅਜੇ ਤਕ ਬੂਟਾ ਤੁਰਕਾਂ ਸਿੰਘਾਂ ਨੇ ਹੈ ਪੁੱਟਾ ॥ ੨੯ ॥
ਜਿਸ ਦਾ ਹਾਲ ਸੁਨਨ ਨੂੰ ਮੇਰਾ ਬਹੁਤਾ ਸੀ ਮਨ ਕਰਦਾ ।
ਸਿੰਘਾਂ ਦਾ ਦੁਖ ਸੁਨਕੇ ਪਿਆਰੇ ਸੀ ਮੇਰਾ ਮਨ ਡਰਦਾ ॥
ਤਾਂਤੇ ਕਹੋ ਹਾਲ ਜੋ ਦੇਖਿਆ ਅਰ ਸੁਨਿਆ ਨਿਜ ਕੰਨੀ ॥

ਕਿੱਕੁਰ ਰਹਿਨ ਸਿੰਘ ਹਨ ਓਥੇ ਖਾ ਕਰ ਤੁੱਖ ਮੰਨੀਂ ॥ ੩੦॥
ਜਦ ਸਿੰਘਾਂ ਤੇ ਪੁੱਛਿਆ ਉਸਨੇ ਜੋ ਪੰਜਾਬ ਵਿੱਚ ਵਰਤੀ ॥
ਸਿੰਘਾਂ ਬਾਝੋਂ ਹੋ ਗਈ ਹੈ ਹੁਣ ਸੁੰਨੀ ਸਾਰੀ ਧਰਤੀ॥
ਜਿਸ ਪਰ ਰੋਇ ਕਹੀ ਦਿਲ ਭਰਕੇ ਸਿੰਘਾਂ ਗਾਥਾ ਸਾਰੀ ।
ਕਿਆ ਕਹੀਏ ਉਸ ਹਾਲਤ ਤਾਈਂ ਕਹੇ ਨ ਜੀਭ ਹਮਾਰੀ ॥ ੩੧ ॥
ਨਾਮ ਲੈਣ ਭੀ ਪਾਪ ਓਸ ਦਾ ਜੋ ਕੁਛ ਭਾਣਾ ਵਰਤੇ ॥
ਕਿਆ ਜਾਣਾਂ ਇਹ ਏਡ ਉਪੱਦ੍ਰਵ ਕਿਉਂ ਕਰ ਕੀਤਾ ਕਰਤੇ ॥
ਅੱਜ ਤੀਕ ਜੋ ਕਿਤੇ ਨ ਹੋਇਆ ਸੋ ਓਥੇ ਹੈ ਭਾਈ।
ਜਿਸ ਦੇ ਯਾਦ ਆਵੰਦਿਆਂ ਸਾਡਾ ਸੀਨਾ ਫੁਟਦਾ ਜਾਈ ॥ ੩੨ ॥
ਮੱਸਾ ਨਾਮ ਇੱਕ ਹੈ ਰੰਘੜ ਵਡੀ ਗਰੂਰੀ ਵਾਲਾ।
ਸਿੰਘਾਂ ਨਾਲ ਓਸ ਨੇ ਕੀਤਾ ਸਭਨਾਂ ਤੇ ਬਦਹਾਲਾ ॥
ਵੇਖ ਓਸਦੀ ਭਾਰੀ ਤਾਕਤ ਤੁਰਕਾਂ ਚਾਇ ਟਕਾਇਆ।
ਅੰਮ੍ਰਿਤਸਰ ਦੇ ਉੱਪਰ ਉਸ ਨੂੰ ਹਾਕਮ ਕਰ ਬਿਠਲਾਇਆ ॥੩੩॥
ਜਿਸ ਪਰ ਉਸਨੇ ਹਰਿਮੰਦਰ ਵਿੱਚ ਕੀਤਾ ਅਪਨਾ ਡੇਰਾ।
ਰਾਤ ਦਿਨੇ ਹੈ ਕਰਦਾ ਪਾਪੀ ਓਸੇ ਜਗ੍ਹਾ ਬਸੇਰਾ ॥
ਪਰ ਰਹਿ ਕਰ ਉਹ ਓਸੇ ਜਗ੍ਹਾ ਕਰਦਾ ਬਹੁਤ ਖਰਾਬੀ।
ਛਕੇ ਸ਼ਰਾਬ ਕਬਾਬ ਬੈਠਕੇ ਦੋਜ਼ਖ ਦਾ ਆਜ਼ਾਬੀ ॥ ੩੪ ॥
ਕੁੱਟੇ ਵਿੱਚ ਤਮਾਕੂ ਉਸਦੇ ਹੁੱਕੇ ਭਰ ੨ ਪੀਂਦਾ।
ਐਸਾ ਕਰ ਅਪਰਾਧ ਨੀਚ ਓਹ ਕਿੱਕੁਰ ਰਹਿੰਦਾ ਜੀਂਦਾ ॥
ਫਿਰ ਓਥੇ ਹੀ ਥੁੱਕੇ ਬੈਠਾ ਅਰ ਖਰਮਸਤੀ ਕਰਦਾ।
ਗਨਕਾ ਨਾਚ ਨਚਾਵੇ ਬੈਠਾ ਰੰਚ ਨ ਮਨ ਵਿੱਚ ਡਰਦਾ ॥ ੩੫ ॥
ਹਾਸ ਬਲਾਸ ਕਰੇ ਨਿੱਤ ਓਥੇ ਅਰ ਜੂਤੇ ਕੇ ਸੰਗਾ।

ਪਲੰਘ ਡਾਹ ਕਰ ਬੈਠ ਰਿਹਾ ਹੈ ਮਾਲਕ ਬਨਕੇ ਚੰਗਾ ॥
ਏਹ ਬੇਅਦਬੀ ਓਸ ਜਗ੍ਹਾ ਪਰ ਹੁੰਦੀ ਹੈ ਦੁਖਦਾਈ।
ਸਿੰਘਾਂ ਕੋਲੋਂ ਨਾਲ ਜ਼ੋਰ ਦੇ ਹਟਦੀ ਨਹੀਂ ਹਟਾਈ ॥ ੩੬ ॥
ਏਹ ਉਪੱਦ੍ਰਵ ਵਿੱਚ ਦੇਸ ਦੇ ਹੁੰਦਾ ਹੈ ਨਿੱਤ ਭਾਰੀ।
ਜਿਸਦੇ ਅੱਗੇ ਪੇਸ਼ ਰਤੀ ਭੀ ਜਾਂਦੀ ਨਹੀਂ ਹਮਾਰੀ ॥
ਮਾਰੇ ਦੁੱਖਾਂ ਦੇ ਸਭ ਨੱਸੇ ਸਿੰਘ ਪੰਜਾਬੋਂ ਭਾਈ।
ਜਿਸ ਤੇ ਨਿਰਭਉ ਹੋਕੇ ਕਰਦਾ ਮੱਸਾ ਹੈ ਬੁਰਿਆਈ ॥ ੩੭ ॥
ਜੇ ਉਹ ਪਾਪੀ ਹਰਿਮੰਦਰ ਵਿੱਚ ਕੁਛਕ ਦਿਹਾੜੇ ਰਹਿਸੀ।
ਤਾਂ ਇਸ ਗੁਰ ਦੇ ਹਰਿਮੰਦਰ ਨੂੰ ਮੰਦਰ ਕੋਈ ਨ ਕਹਿਸੀ ॥
ਏਹ ਹਾਲ ਮੈਂ ਅੱਖੀਂ ਡਿੱਠਾ ਤੇਨੂੰ ਆਖ ਸੁਨਾਇਆ।
ਜਿਸ ਨੇ ਸਾਰੇ ਸਿੰਘਾ ਦਾ ਹੈ ਬਹੁਤਾ ਹਿਦਾ ਦੁਖਾਇਆ ॥ ੩੮ ॥
ਜਾਨ ਦੇਨ ਥੋਂ ਡਰਨ ਨ ਜੇਹੜੇ ਸੀਸ ਤਲੀ ਪਰ ਲੀਤੇ।
ਉਹ ਭੀ ਇਸ ਕੌਤਕ ਨੂੰ ਪਿੱਖ ਕੇ ਤ੍ਰਹ ਗਏ ਹਨ ਚੁਪ ਕੀਤੇ ॥
ਮੇਲੇ ਲਗਨੇ ਬੰਦ ਹੋ ਗਏ ਅਰ ਨਾ ਕੋਈ ਜਾਂਦਾ।
ਕਰ ਇਸ਼ਨਾਨ ਸਰੋਵਰ ਦੇ ਵਿੱਚ ਓਥੇ ਸੀਸ ਨਿਵਾਂਦਾ ॥ ੩੯ ॥
ਏਹੋ ਹਾਲ ਤੁਸਾਨੂੰ ਸਾਰਾ ਮੈਂ ਹੈ ਆਖ ਸੁਨਾਇਆ।
ਅਪਨੀ ਅੱਖੀਂ ਦੇਖ ਪੰਜਾਬੋਂ ਹਾਂ ਮੈਂ ਅਬ ਹੀ ਆਇਆ ॥
ਪਰਮੇਸ਼੍ਵਰ ਯਾ ਗੁਰ ਹੀ ਰੱਖਨ ਅਪਨੀ ਲੱਜਾ ਭਾਈ।
ਸਿੰਘਾਂ ਦੀ ਤਾਂ ਪੇਸ਼ ਓਸ ਵਿੱਚ ਜਾਂਦੀ ਨਾਹੀਂ ਕਾਈ ॥ ੪੦ ॥
ਸੁਨਦੇ ਸਾਰ ਮਤਾਬ ਸਿੰਘ ਨੂੰ ਲੱਗੀ ਚਾਇ ਮਤਾਬੀ।
ਆਖੇ ਹੈਂ ! ਦਰਬਾਰ ਸਾਹਿਬ ਵਿੱਚ ਹੁੰਦੀ ਏਹ ਖਰਾਬੀ ॥
ਦੁਰਾਚਾਰ ਹੈ ਕਰਦਾ ਮੱਸਾ ਮਸਤ ਹੋਇ ਕਰ ਐਸੇ।

ਧਰਮ ਜਗ੍ਹਾ ਪਰ ਕਿਸੀ ਪੁਰਖ ਨੂੰ ਕਰਨ ਨ ਚਹੀਏ ਜੈਸੇ ॥ ੪੧ ॥
ਇਤਨੀ ਜੁਰਤ ਓਸ ਨੂੰ ਹੋਈ ਡਰ ਮਨ ਵਿੱਚ ਨਹੀਂ ਕਰਦਾ।
ਅਪਨਾ ਹੀ ਉਹ ਜ਼ੋਰ ਦਖਾਏ ਦੂਜੇ ਚਿੱਤ ਨ ਧਰਦਾ॥
ਕਿਹਾ ਅੰਧੇਰ ਮਚਾ ਹੈ ਭਾਰੀ ਜੋ ਮੈਂ ਸੁਣਿਆਂ ਕੰਨੀ॥
ਕਹੋ ਕਿਨੇ ਇਸ ਦੁਸ਼ਟ ਕਰਮ ਦੀ ਨਾ ਹੈ ਗਰਦਨ ਭੰਨੀ॥ ੪੨ ॥
ਕਯਾ ਕੋਈ ਨਾ ਸਿੰਘ ਰਿਹਾ ਹੈ ਇਸ ਦੁਨੀਆਂ ਪਰ ਭਾਈ।
ਜਿਸਤੇ ਐਸੀ ਹੋਇ ਰਹੀ ਹੈ ਹਰਿ ਮੰਦਰ ਬੁਰਿਆਈ॥
ਵਡੀ ਸ਼ਰਮ ਦੀ ਬਾਤ ਅਹੇ ਇਹ ਬੈਠੇ ਸਿੱਖ ਸਹਾਰਨ।
ਏਸ ਪਾਪ ਦੇ ਰੁੱਖਾਂ ਦੀ ਨਾ ਫੜਕੇ ਬੇਖ ਉਖਾੜਨ॥ ੪੩ ॥
ਜਾਂਨ ਲਿਆ ਮੈਂ ਧਰਮ ਓਰ ਤੇ ਗਿਰ ਗਏ ਸਿੱਖ ਵਿਚਾਰੇ।
ਜਿਸਤੇ ਏਹੋ ਜਿਹੇ ਉੱਪਦਰ ਅੱਖੀਂ ਦੇਖ ਸਹਾਰੇ॥
ਸੀਨੇ ਉੱਪਰ ਮੋਠ ਦਲੇ ਉਹ ਵੱਡਾ ਕੁਸੱਤੀ ਭਾਰਾ।
ਜਿਸਨੂੰ ਨਾਲ ਭੁਜਾਂ ਦੇ ਬਲ ਤੇ ਨਾਹੀਂ ਪਕੜ ਪਛਾਰਾ॥ ੪੪ ॥
ਮੁਰਦਾ ਲੋਹੂ ਹੋਇ ਗਏ ਹਨ ਸਿੰਘਾਂ ਦੇ ਇਸ ਵੇਲੇ।
ਜਿਸਤੇ ਜੋਸ਼ ਨ ਮਾਰਨ ਪਿਖ ਕੇ ਐਸੇ ਕਰਮ ਦੁਹੇਲੇ॥
ਵੱਡੀ ਸ਼ੋਕ ਦੀ ਬਾਤ ਭਰਾਵੋ ਜੋ ਮੈਂ ਹੈ ਸੁਨ ਪਾਈ।
ਸਿੱਖਾਂ ਦੇ ਦਿਲ ਅੰਦਰ ਜਿਸ ਥੋਂ ਜ਼ਰਾ ਨ ਗੈਰਤ ਆਈ॥ ੪੫ ॥
ਜਦ ਇਹ ਕਹੀ ਕੋਪ ਕਰ ਤਿਸਨੇ ਸਿੰਘਾਂ ਦੀ ਬਦਨਾਮੀ।
ਤਦ ਉਸ ਸਿੰਘ ਕਹੀ ਫਿਰ ਐਸੀ ਭਰਕੇ ਤਿਨਕੀ ਹਾਮੀ॥
ਭਾਈ ਕਰਨ ਸਿੰਘ ਕਿਆ ਓਥੇ ਜਿੱਥੇ ਪੇਸ਼ ਨ ਜਾਏ।
ਓੜਕ ਨੂੰ ਲੈ ਜਾਨਾਂ ਅਪਨੀ ਦੇਸ ਛੱਡ ਤੁਰ ਆਏ॥ ੪੬ ॥
ਦੋਸ਼ ਉਨ੍ਹਾਂ ਪਰ ਨਾਹੀਂ ਕੋਈ ਹੈ ਇਹ ਕਰਤੇ ਭਾਣਾ।

ਜਿਸ ਨੂੰ ਸਿਰ ਪਰ ਸਹਨਾ ਪੈਂਦਾ ਬਨੇ ਨ ਜ਼ੋਰ ਪਿਗਾਣਾ ॥
ਜਿੱਕੁਰ ਤੁਸੀਂ ਜਾਨ ਲੈ ਨੱਸੇ ਸੱਕੇ ਨ ਤਿਨ ਸੇ ਲੜਨਾ ।
ਇਸੇ ਤਰ੍ਹਾਂ ਫਿਰ ਕਹੋ ਉਨ੍ਹਾਂ ਨੇ ਕਜਾ ਸੀ ਅੱਗੇ ਅੜਨਾ ॥ ੪੭ ॥
ਜਾਨ ਪਜਾਰੀ ਸਭ ਨੂੰ ਹੁੰਦੀ ਵਾਂਗ ਤੁਮ੍ਹਾਰੇ ਭਾਈ ।
ਜਦ ਨੱਸੇ ਹੋ ਤੁਸੀਂ ਪ੍ਰਿਥਮ ਹੀ ਤਾਂ ਉਨ ਕਹੀ ਬੁਰਾਈ ॥
ਤੁਸੀਂ ਪ੍ਰਾਣ ਲੈ ਛੱਡ ਦੇਸ ਜਿਉਂ ਬੀਕਾਨੇਰ ਸਿਧਾਏ ।
ਤੈਸੇ ਹੋਰ ਸਿੱਖ ਭੀ ਡਰਦੇ ਗਏ ਜਹਾਂ ਮਨ ਭਾਏ ॥ ੪੮ ॥
ਜਿੱਕੁਰ ਤੁਸਾਂ ਸਹਾਰ ਲਈ ਹੈ ਸੁਨਕੇ ਬਾਤ ਅਜਹੀ ।
ਤਿਵੇਂ ਉਨ੍ਹਾਂ ਨੇ ਭੀ ਸੁਨ ਪਿਖ ਕੇ ਅੱਗਜੋਂ ਕੁੱਝ ਨ ਕੇਹੀ ॥
ਦੋਸ ਉਨ੍ਹਾਂ ਪਰ ਤਾਂ ਤੂੰ ਦੇਵੇਂ ਜੇ ਤੂੰ ਆਪ ਨ ਡਰਦਾ ।
ਬੀਕਾਨੇਰ ਥਲਾਂ ਵਿੱਚ ਆਕੇ ਬੈਠ ਗੁਜ਼ਾਰਾ ਕਰਦਾ ॥ ੪੯ ॥
ਅਪਨੀ ਅਪਨੀ ਜਾਨਾਂ ਭਾਈ ਸਭ ਨੂੰ ਹੋਨ ਪਿਆਰੀ ।
ਜਿਤਵਲ ਨੂੰ ਸੁਖ ਦੇਖੇ ਕੋਈ ਤਿਤਵਲ ਕਰੇ ਤਿਆਰੀ ॥
ਤਾਂ ਤੇ ਉਹ ਭੀ ਵਾਂਗ ਤੁਸਾਂ ਦੇ ਨੱਸ ਗਏ ਚੁਪ ਕੀਤੇ ।
ਮੱਸੇ ਦੇ ਦੁਰ ਕਾਰਜ ਉੱਪਰ ਕਿਨੇ ਨ ਬਦਲੇ ਲੀਤੇ ॥ ੫੦ ॥
ਜਿਸ ਨੂੰ ਸੁਨ ਕੇ ਫਿਰ ਮਤਾਬ ਸਿੰਘ ਭਬਕ ਰਬਕ ਕਰ ਬੋਲਾ ।
ਕਿਆ ਇਹ ਬਾਤ ਕਹੋ ਤੁਮ ਭਾਈ ਬਨ ਕਰ ਤਿਨੋਂ ਵਚੋਲਾ ॥
ਅੱਖੀਂ ਦੇਖ ਸਹਾਰਨ ਔਖਾ ਜੋ ਕੁਛ ਓਥੇ ਹੋਇਆ ।
ਕਿਆ ਸਭ ਸਿੱਖ ਪੰਜਾਬ ਦੇਸ ਵਿੱਚ ਇੱਕੋ ਵੇਰੀ ਮੋਇਆ ॥ ੫੧ ॥
ਜੋ ਵਧ ਵਧ ਕੇ ਜੰਗ ਕਰਤ ਥੇ ਮਾਰਤ ਤੁਰਕੀ ਸੈਨਾ ।
ਮਰਨ ਮਾਰਨੋਂ ਲੜਨੋਂ ਭਿੜਨੋਂ ਜਿਨ ਕੋ ਰੰਚਕ ਭੈ ਨਾ ॥
ਕਿੱਥੇ ਗਏ ਓਹ ਹਨ ਹਠੀਏ ਜੋ ਸਨ ਜੰਗ ਕਰੇਂਦੇ ।

ਓਸੇ ਵੇਲੇ ਕਰਨੀ ਦੇ ਫਲ ਜ਼ਾਲਮ ਤਾਈਂ ਦੇਂਦੇ ॥ ੫੨ ॥
ਕਿਆ ਸਿੱਖੀ ਤੇ ਫਿਰ ਗਏ ਹਨ ਉਹ ਯਾ ਡਰ ਗਏ ਮਨ ਮਾਹੀ।
ਜਿਸਤੇ ਏਹੁ ਕੁਰੀਤੀ ਤਿਨ ਨੇ ਅਬ ਤਕ ਰੋਕੀ ਨਾਹੀਂ ॥
ਦੇਖ ਪਤੰਗ ਮਰੇ ਜਿਉਂ ਦੀਵਾ ਜਾਨ ਨ ਕਰਦਾ ਪਿਆਰੀ।
ਤਿਉਂ ਜੋ ਸਿੰਘ ਜਾਨ ਤਜ ਦੇਂਦੇ ਦੇਖ ਨ ਸਕਦੇ ਖੁਆਰੀ ॥ ੫੩ ॥
ਪਰ ਹੁਣ ਦੇਖਨ ਏਹੁ ਕੁਚਾਲਾ ਮੁਖ ਤੇ ਬੋਲਨ ਨਾਹੀਂ।
ਕਿਆ ਹੁਨ ਉਹ ਸ਼ਕਤੀ ਨਹਿ ਰਹੀਆ ਗੁਰ ਕੇ ਸਿੰਘਨ ਮਾਹੀਂ ॥
ਹਰਿ ਮੰਦਰ ਵਿੱਚ ਏਹੁ ਅਨੀਤੀ ਦੇਖ ਰਹੇ ਚੁੱਪ ਕੀਤੇ।
ਕਿਹੜੀ ਗੱਲੋਂ ਦੱਸੋ ਤਿਨ ਨੇ ਸਬਰ ਪਿਆਲੇ ਪੀਤੇ ॥ ੫੪ ॥
ਜਦ ਇਸ ਤਰ੍ਹਾਂ ਮਤਾਬ ਸਿੰਘ ਨੇ ਮੁੜਕੇ ਆਖ ਸੁਨਾਇਆ।
ਸਿੰਘਾਂ ਉੱਪਰ ਚਾਇ ਓਸ ਨੇ ਤੁਰਤ ਉਲਾਂਭਾ ਲਾਇਆ ॥
ਤਦ ਫਿਰ ਅੱਗੋਂ ਓਸ ਸਿੰਘ ਨੇ ਚੰਗੀ ਬੋਲੀ ਲਾਈ।
ਤੂੰ ਕਹੁ ਦੋਸ਼ ਉਨ੍ਹਾਂ ਦੇ ਤਾਈਂ ਕਾਨੋਂ ਕਰ ਲਾਵੇ ਭਾਈ ॥ ੫੫ ॥
ਦੱਸ ਉਲਾਂਭੇ ਕਿਸ ਨੂੰ ਦੇਂਦਾ ਮੇਰੇ ਸਨਮੁਖ ਬਹਕੇ।
ਅੱਗੋਂ ਹੱਥ ਕਹੋ ਕਿਆ ਆਵੇ ਐਸੀ ਬਾਤਾਂ ਕਹਿਕੇ ॥
ਜੰਗੀ ਸਿੰਘ ਹੁਤੇ ਜੋ ਪਹਲੇ ਲੁੱਟ ਮਾਰ ਕਰ ਖਾਂਦੇ।
ਮਾਰ ਮਾਰ ਕਰ ਰਣ ਦੇ ਅੰਦਰ ਤੁਰਕੀ ਫੌਜ ਮੁਕਾਂਦੇ ॥ ੫੬ ॥
ਧਾਵੇ ਕਰਨ ਡਰਨ ਨਹਿ ਨਿਸ ਦਿਨ ਲੜਨ ਚੌਗਨੇ ਹੋਕੇ।
ਰਾਜ਼ੀ ਹੁੰਦੇ ਮਾਰ ਦੁਸ਼ਮਨਾਂ ਯਾ ਤਨ ਅਪਨਾ ਖੋਕੇ ॥
ਜਤੀ ਸਤੀ ਅਰ ਹਠ ਤਪ ਵਾਲੇ ਸੁਨ ਗੁਰ ਜੀ ਦੇ ਪਿਆਰੇ।
ਗਏ ਸ਼ਹੀਦ ਹੋਇ ਇਸ ਜਗ ਥੋਂ ਬੋਲ ਮੁਖੋਂ ਜੈਕਾਰੇ ॥ ੫੭ ॥
ਕਰ ਗਏ ਜਨਮ ਸੁਫਲ ਉਹ ਅਪਨਾ ਚੰਗੇ ਕਰਮ ਕੁਮਾਕੇ।

ਸਿਰ ਤੇ ਪਰੇ ਕਰੇ ਸਨ ਡੇਰੇ ਮਰੇ ਨ ਪੈਰ ਹਟਾਕੇ ॥
ਕੁਛ ਤਜ ਗਏ ਦੇਸ ਹਨ ਅਪਨਾ ਬਿਪਤਾ ਦੇ ਵਸ ਹੋਕੇ ।
ਧਨ ਅਰ ਧਾਮ ਲੁਟਾਕੇ ਅਪਨਾ ਇੱਜ਼ਤ ਸਾਰੀ ਖੋਕੇ ॥ ੫੮ ॥
ਜਾਇ ਪਹਾੜਾਂ ਕੇ ਵਡ ਜੰਗਲ ਨਦੀਆਂ ਦੇ ਵਿੱਚਕਾਰੇ ॥
ਜਾਕੇ ਛਪੇ ਪ੍ਰਾਨ ਲੈ ਅਪਨੇ ਤੁਰਕੀ ਡਰਦੇ ਮਾਰੇ ॥
ਜਿਨ੍ਹਾਂ ਵਿੱਚ ਤੇ ਤੂੰ ਭੀ ਇੱਕ ਹੈਂ ਨੱਸਜਾ ਚੁਪ ਚੁਪਾਤਾ ।
ਗਿੱਦੜ ਵਾਂਗੁਰ ਪ੍ਰਾਨ ਬਚਾਏਂ ਮੁਖ ਤੇ ਸਿੰਘ ਕਹਾਤਾ ॥ ੫੯ ॥
ਇਤਨੀ ਅਣਖ ਭੁਲਾ ਜੋ ਤੇਨੂੰ ਬਾਤਾਂ ਕਿਹਾ ਬਨਾਵੇਂ ।
ਐਡ ਬਹਾਦਰ ਪੰਜ ਮਾਰ ਖਾਂ ਹੋਕਰ ਨੱਸਜਾ ਆਵੇਂ ॥
ਤੂੰ ਭੀ ਕਰਦਾ ਜੋ ਕੁਛ ਸਰਦਾ ਦੋਸ਼ ਨ ਹੋਰਾਂ ਦੇਵੀਂ ।
ਦੂਸਰਿਆਂ ਦੀ ਨੇਕੀ ਦਾ ਤੂੰ ਭਾਰ ਆਪ ਸਿਰ ਲੇਵੀਂ ॥ ੬੦ ॥
ਅਪਨੇ ਮੰਜੇ ਹੇਠ ਪਿਆਰੇ ਸੋਟਾ ਫੇਰੋਂ ਪਹਿਲੇ ।
ਜੈਸੇ ਤੈਂ ਸਭ ਜ਼ੁਲਮ ਤੁਰਕ ਦੇ ਸਿਰ ਪਰ ਅਪਨੇ ਸਹਲੇ ॥
ਤਾਂ ਫਿਰ ਹੋਰ ਕਹੋ ਕਦ ਰਹਸਨ ਪੱਕੇ ਇਸ ਸੰਸਾਰੇ ।
ਜਦ ਤੁਮ ਜੈਸੇ ਸਿਦਕੀ ਭੀ ਹਨ ਸਿਦਕ ਵੱਲੋਂ ਜਗ ਹਾਰੇ ॥ ੬੧ ॥
ਖੰਡੇ ਦਾ ਛਕ ਅੰਮ੍ਰਿਤ ਭਾਈ ਕਹ ਅਮਰ ਹਮ ਹੋਏ ।
ਪਰ ਡਰ ਕਰ ਤੁਮ ਪ੍ਰਾਨ ਆਪਨੇ ਬੀਕਾਨੇਰ ਲਕੋਏ ॥
ਚੰਗੀ ਸ਼ਕਤੀ ਅੰਮ੍ਰਿਤ ਦੀ ਤੈਂ ਲੋਕਾਂ ਵਿੱਚ ਦਖਾਈ ।
ਓੜਕ ਜਾਨ ਬਚਾਵਨ ਤਾਈਂ ਰਾਜੇ ਸਰਨ ਤਕਾਈ ॥ ੬੨ ॥
ਨਾਲ ਅਸਾਂ ਦੇ ਪਜਾ ਰਖੇੜੇਂ ਸ਼ੇਖੀ ਮਾਰ ਦਖਾਵੇਂ ।
ਜੇ ਕੁਛ ਹੈ ਸਮਰੱਥਾ ਤੇਰੀ ਤਾਂ ਕਨੋਂ ਨਾ ਤੁਰ ਜਾਵੇਂ ॥
ਜਾਕੇ ਮੱਸੇ ਦਾ ਕਰ ਬਿਸਮਲ ਫਿਰ ਕੁਛ ਮੁਖੋਂ ਅਲਾਵੀਂ ।

ਯਾ ਪਤੰਗ ਦੀਵੇ ਦੇ ਵਾਂਗਰ ਓਥੇ ਹੀ ਜਲ ਜਾਵੀਂ ॥ ੬੩ ॥
ਜਦ ਇਹ ਸੁਨੀ ਤਰਕ ਤਿਨ ਭਾਰੀ ਲੱਗੀ ਅਗਨ ਸਵਾਈ।
ਮਾਨਹੁ ਕਾਨੀ ਵਿੱਚ ਜਿਗਰ ਦੇ ਓਸ ਸਿੰਘ ਨੇ ਲਾਈ ॥
ਓਸੇ ਵੇਲੇ ਉੱਠ ਖੜਾ ਹੋ ਮੁਖ ਤੇ ਬੋਲ ਜਕਾਰਾ।
ਆਖੀ ਲੇਵੋ ਹੋਇ ਗਿਆ ਹੈ ਸਾਡਾ ਅੱਜ ਤਿਆਰਾ ॥ ੬੪ ॥
ਪੰਜੇ ਸ਼ਸਤ੍ਰ ਬਸਤ੍ਰ ਲਾਏ ਚੜ੍ਹਿਆ ਰੂਪ ਸਵਾਇਆ।
ਲੱਗੀ ਬੋਲੀ ਵਿੱਚ ਕਲੇਜੇ ਵਾਂਗ ਸ਼ੇਰ ਭੁਬਕਾਇਆ ॥
ਬਿਜਲੀ ਵਾਂਗ ਚਮਕ ਕਰ ਕੜਕਾ ਗੁਰ ਕੀ ਫਤੇ ਬੁਲਾਈ।
ਜਾਂਦੀ ਵੇਰ ਜੋੜ ਕਰ ਦੋਵੇਂ ਐਸੇ ਮੁਖੋਂ ਅਲਾਈ ॥ ੬੫ ॥
ਦੇਵੋ ਹੁਕਮ ਖਾਲਸਾ ਸਾਹਿਬ ਬਖਸ਼ੋ ਭੁੱਲ ਹਮਾਰੀ।
ਰਹੇ ਜੀਵੰਦੇ ਦਰਸ਼ਨ ਕਰਸੈਂ ਨਾ ਸਿਰ ਸਦਕ ਤੁਮਾਰੀ ॥
ਸੁਨੀ ਬਿਅਦਬੀ ਜੋ ਮੈਂ ਕੰਨੀ ਸੋ ਨਹਿ ਗਈ ਸਹਾਰੀ।
ਕਰਸਾਂ ਇਹ ਸੇਵਾ ਮੈਂ ਜਾਕਰ ਜੇਕਰ ਟਲਸੀ ਟਾਰੀ ॥ ੬੬ ॥
ਅੱਜ ਸਪਤ ਮੈਂ ਖਾਕਰ ਜਾਂਦਾ ਅੱਗੇ ਤੁਸਾਂ ਪਜਾਰੇ।
ਕੈ ਇਹ ਦੂਰ ਕੁਰੀਤੀ ਕਰਕੇ ਯਸ਼ ਲੇਵੋ ਸੰਸਾਰੇ।
ਯਾ ਮੱਸੇ ਦੇ ਹੱਥੋਂ ਪਾਊਂ ਓਥੇ ਚਾਇ ਸ਼ਹੀਦੀ।
ਅਪਨੀ ਵੱਲੋਂ ਬਿਨ ਦੋ ਗੱਲੋਂ ਮੁੜਾਂ ਨ ਹੋਕਰ ਗੀਦੀ ॥ ੬੭ ॥
ਇਤਨਾ ਆਖ ਖੜਾ ਜਦ ਹੋਇਆ ਨਾਲ ਸਿਦਕ ਹਠ ਭਾਰੇ।
ਸੁਖਾ ਸਿੰਘ ਸੁਜਾਨ ਸਿੰਘ ਇੱਕ ਬੋਲ ਮੁਖੋਂ ਜੈਕਾਰੇ ॥
ਕੰਮੋਂ ਕੀ ਮਾੜੀ ਦਾ ਹੈ ਸੀ ਵਡਾ ਬਹਾਦਰ ਸੂਰਾ।
ਲੱਗਾ ਕਹਨ ਖਾਲਸਾ ਪਿਆਰੇ ਰਹੂ ਨ ਕੰਮ ਅਧੂਰਾ ॥ ੬੮ ॥
ਮੈਂ ਭੀ ਨਾਲ ਸਿੰਘ ਦੇ ਜਾਸਾਂ ਇਸ ਕਾਰਜ ਦੇ ਤਾਈਂ।

ਜਿਤਨਾ ਬਲ ਹੋਇਆ ਸੋ ਲਾਵਾਂ ਖਾਲੀ ਰਹਾਂ ਨ ਭਾਈ ॥
ਕੈ ਤਾਂ ਮਾਰ ਲਿਆ ਜਾ ਮੱਸਾ ਵੱਢ ਬੁਰਾਈ ਰੱਸਾ।
ਕੈ ਮਰ ਗਏ ਓਸ ਹੀ ਜਾਗਾ ਰਾਹ ਸ਼ਹੀਦੀ ਵੱਸਾ ॥ ੬੯ ॥
ਮਰਨ ਲਰਨ ਤੇ ਡਰਨ ਅਸਾਡਾ ਓਸੇ ਦਿਨ ਥਾ ਖੋਇਆ।
ਅੰਮ੍ਰਿਤ ਕਲਗੀਧਰ ਦਾ ਜਦ ਥੋਂ ਮਦੱਤ ਸਾਡੀ ਹੋਇਆ ॥
ਕਹੋ ਜੀਵ ਕੇ ਕਜਾ ਹੈ ਲੈਣਾ ਜੇ ਦੇਖੇ ਬੁਰਆਈ।
ਏਸ ਕੰਮ ਥੋਂ ਮੌਤ ਅਸਾਂ ਨੂੰ ਚੰਗੀ ਦਿੱਸੇ ਭਾਈ ॥ ੭੦ ॥
ਜਨਨੀ ਜਨੇ ਤੀਨ ਸੁਤ ਜਗ ਮਹਿ ਦਾਤਾ ਸੰਤ ਬਹਾਦਰ।
ਦੋਨੋਂ ਜਗ੍ਹਾ ਹੋਤ ਹੈ ਜਿਨ ਕਾ ਕਰਤੇ ਵੱਲੋਂ ਆਦਰ ॥
ਇਸ ਤੇ ਬਿਨਾਂ ਜਗਤ ਮਹਿ ਆਵਨ ਹੈ ਜਿਉਂ ਕੀਟ ਪਤੰਗਾ।
ਕਿਆ ਫਲ ਹੈ ਆਵਨਦਾ ਜਗ ਮਹਿ ਜੇ ਨਹਿ ਕਰੀਅਹਿ ਜੰਗਾ ॥੭੧॥
ਤਾਂਤੇ ਅਸੀਂ ਬਹਾਦਰ ਹੋਕੇ ਇਸ ਕਾਰਜ ਨੂੰ ਕਰਨਾ।
ਸਾਰੀ ਹੌਂਸ ਦਿਲੇ ਦੀ ਲਾਹੀ ਸੀਸ ਤਲੀ ਪਰ ਧਰਨਾ ॥
ਜਿਸ ਗੁਰ ਉੱਪਰ ਤਨ ਮਨ ਵਾਰੇ ਸੋ ਸਾਡਾ ਹੈ ਵਾਲੀ।
ਉਸ ਦੀ ਸ਼ਕਤੀ ਅਟਲ ਸਦਾ ਹੈ ਜਾਂਦੀ ਨਾਹੀਂ ਖਾਲੀ ॥ ੭੨ ॥
ਤਾਂਤੇ ਆਗਿਆ ਦੇਹ ਦਾਸ ਨੂੰ ਇਸ ਵੇਲੇ ਪਰ ਪਜਾਰੇ।
ਰਹੇ ਜੀਵੰਦੇ ਦੇਖੇਂਗੇ ਫਿਰ ਆਕੇ ਚਰਨ ਤਿਹਾਰੇ ॥
ਜੇਕਰ ਗਏ ਪ੍ਰਾਨ ਧਰਮ ਹਿਤ ਤਾਂ ਕੁਛ ਸ਼ੰਕ ਨ ਕਰਨੀ।
ਜਿੱਥੋਂ ਤੀਕ ਚਲੇ ਵਸ ਤੁਮਰਾ ਇਹ ਕੁਰੀਤ ਸਭ ਹਰਨੀ ॥ ੭੩ ॥
ਪਰ ਲਖ ਚਰਨਾਂ ਦੇ ਨਿਜ ਸੇਵਕ ਯਾਦ ਰੱਖਨਾ ਸਾਨੂੰ।
ਮਨੋਂ ਭੁਲਾਵਨ ਜੋਗ ਨਹੀਂ ਹੈ ਇਹ ਦੋ ਦਾਸ ਤੁਸਾਨੂੰ ॥
ਜਿਸ ਪਰ ਸੁਨਕੇ ਬਾਤ ਉਨ੍ਹਾਂ ਦੀ ਵੱਡੇ ਹੌਸਲੇ ਵਾਲੀ।

ਵਾਹ ਵਾਹ ਕਹ ਕਰ ਸਭ ਸਿੰਘਾਂ ਕਹੀ ਦੇਖ ਮੁਖ ਲਾਲੀ ॥ ੭੪ ॥
ਧੰਨ ਤੁਸੀਂ ਹੋ ਸਿਦਕੀ ਸੂਰੇ ਧੰਨ ਮਾਤ ਪਿਤ ਥਾਰੇ ।
ਜਿਨ ਨੇ ਜਨੇ ਬਹਾਦਰ ਐਸੇ ਧਰਮ ਕਰਮ ਰਖਵਾਰੇ ॥
ਇਹ ਵੇਲਾ ਹੈ ਪੰਥ ਪਜਾਰੇ ਖਾਲੀ ਮੂਲ ਨ ਆਹੇ ।
ਕੋਈ ਸ਼ੇਰ ਏਸ ਵਿੱਚ ਰਹਿੰਦਾ ਹੈ ਜਿਸ ਏਹ ਉਮਾਹੇ ॥ ੭੫ ॥
ਆਖਰ ਤਾਂ ਸੀ ਕਰਨੀ ਭਾਰੀ ਕਿਨੇ ਕੁਰੀਤੀ ਨਾਸ਼ਾ ।
ਘਾ ਦੇਨਾ ਸੀ ਤਨ ਇਸ ਉਤੇ ਲਖ ਕੇ ਰੰਗ ਤੁਮਾਸ਼ਾਂ ॥
ਤਾਂਤੇ ਤੁਸੀਂ ਗੁਰੂ ਨੇ ਪ੍ਰੇਰੇ ਹੋਇ ਦਲੇਰ ਖਲੋਏ ।
ਜਿਸ ਪਰ ਆਸ਼ਾ ਪੈਂਦੀ ਸਾਨੂੰ ਤੁਰਕ ਤੁਸਾਂ ਥੋਂ ਮੋਏ ॥ ੭੬ ॥
ਅਕਾਲ ਪੁਰਖ ਹੈ ਰੱਖਕ ਤੁਮ੍ਹਰਾ ਅਰ ਦਸਮੇਂ ਅਵਤਾਰੀ ।
ਔਖੇ ਸਮੇਂ ਬਨੇ ਪਰ ਪਜਾਰੇ ਕਰੇਂ ਸਹਾਇਤ ਥਾਰੀ ॥
ਐਸੇ ਸਿਦਕੀ ਸਿੰਘਾਂ ਦੇ ਸਦ ਅੰਗ ਸੰਗ ਗੁਰ ਰਹਿੰਦੇ ।
ਜਿਸ ਦੇ ਬਲ ਕਰ ਸਿਰ ਦੇ ਉੱਪਰ ਦੁਖ ਨੂੰ ਸੁਖਕਰ ਸਹਿੰਦੇ॥੭੭॥
ਅਸੀਂ ਆਪ ਤੇ ਵਿੱਛੜ ਕਰਕੇ ਦੁਖੀ ਰਹੇਂਗੇ ਐਸੇ ।
ਪ੍ਰਾਨ ਵਿਯੋਗ ਹੋਨ ਤੇ ਜਿੱਸ ਦੀ ਮੁਰਦਾ ਦੇਹੀ ਜੈਸੇ ॥
ਮਿੱਤ੍ਰ ਕੋਲੋਂ ਮਿੱਤ੍ਰ ਜਦ ਕੇ ਜੁਦਾ ਹੋਤ ਹੈ ਭਾਈ ।
ਉਹ ਦੁਖ ਕਿਸ ਨੂੰ ਕਹਿਕੇ ਦੱਸੇ ਮੁਖੋਂ ਨਾ ਆਖਯਾ ਜਾਈ । ੭੮ ॥
ਪਰ ਇਹ ਅਹੇ ਵਿਛੋੜਾ ਸਾਡਾ ਗੁਰ ਕਾਰਜ ਦੇ ਕਾਰਨ ।
ਇਸ ਨੂੰ ਸਿੰਘ ਆਪਨੇ ਸੀਨੇ ਸੁਖ ਦੇ ਨਾਲ ਸਹਾਰਨ ॥
ਤੁਸੀਂ ਵਡੇ ਹੋ ਭਾਗਵਾਨ ਜਨ ਅਸੀਂ ਅਭਾਗ ਨਕਾਰੇ ।
ਚੱਲੋਂ ਨਾਹੀਂ ਨਾਲ ਹੱਸ ਕੇ ਐਸੇ ਵਕਤ ਤਿਹਾਰੇ ॥ ੭੯ ॥
ਪਰ ਇਹ ਸਮਝ ਪ੍ਰੀਛਾ ਦਾ ਹੈ ਲੱਜਾ ਗੁਰ ਰੱਖ ਲੇਊ ।

ਮਨ ਮੰਗੇ ਫਲ ਕਲਗੀਧਰ ਜੀ ਆਪ ਤੁਸਾਂ ਨੂੰ ਦੇਊ ॥
ਤਾਂਤੇ ਫਤੇ ਅਸਾਡੀ ਵੱਲੋਂ ਅਰ ਹੈ ਇਹ ਅਸੀਸਾ ।
ਜਿਸਤੇ ਯਸ਼ ਦਾ ਤਿਲਕ ਦਏ ਗਾ ਕਲਗੀਧਰ ਜਗਦੀਸਾ ॥੯੦॥
ਜਿਉਂ ਜਿਉਂ ਸਿੰਘ ਕਰਨ ਵਡਿਆਈ ਨਾਲ ਦਲੇਰੀ ਚੰਗੀ ॥
ਤਿਉਂ ਤਿਉਂ ਭਬਕੇ ਸਿੰਘ ਬਹਾਦਰ ਹਾਥ ਤੇਗ ਫੜ ਨੰਗੀ ॥
ਕੀਤੇ ਨੈਨ ਲਾਲ ਸਨ ਦੋਏ ਮੁਖ ਪਰ ਸੁਰਖੀ ਆਈ ।
ਜਾਮੇਂ ਵਿੱਚ ਸਮਾਉਨ ਨਾਹੀਂ ਦੋਨੋਂ ਸੂਰੇ ਭਾਈ ॥ ੯੧ ॥
ਸ਼ਸਤ੍ਰ ਬਸਤ੍ਰ ਪਹਰ ਸੰਜੋਆਂ ਤੇਗ ਗਾਤ੍ਰੇ ਪਾਈ ।
ਢਾਲੇ ਫੂਮਨ ਦਾਰ ਸੋਹੰਦੇ ਕਰ ਬਰਛੀ ਚਮਕਾਈ ॥
ਤੀਰਾਂ ਦੇ ਭਰ ਭਥੇ ਬੰਧੇ ਸੰਗ ਕਮਾਨ ਸੁਹਾਵੀ ।
ਅੰਗ ਅੰਗ ਸਭ ਸਜ ਕਰ ਸੋਹਨ ਪਹਨ ਪੁਸ਼ਾਕੀ ਸਾਵੀ ॥ ੯੨ ॥
ਉਚੇ ਦੋਨਾਂ ਫਤੇ ਗਜਾਈ ਅਰ ਅਰਦਾਸ ਸੁਧਾਈ ।
ਆਖਨ ਅੱਜ ਜੁਦੇ ਹਾਂ ਹੁੰਦੇ ਧਰਮ ਜੁੱਧ ਹਿਤ ਭਾਈ ॥
ਕੈ ਸਿਰ ਦਿੱਤੇ ਉਸੀ ਜਗ੍ਹਾ ਪਰ ਹਰਿ ਮੰਦਰ ਦੇ ਅੰਦਰ ।
ਕੈ ਫੜ ਤੁਰਤ ਮੁਕਾਇਆ ਜ਼ਾਲਮ ਜਿਉਂ ਬਦਸੂਰਤ ਬੰਦਰ ॥੯੩॥
ਤੁਸੀਂ ਅਸਾਂ ਦੇ ਮਰਨੇ ਉੱਪਰ ਰੰਚਕ ਸ਼ੋਕ ਨ ਕਰਨਾ ।
ਅਕਾਲ ਪੁਰਖ ਦੇ ਭਾਣੇ ਤਾਈਂ ਅਪਨੇ ਮਨ ਮਹਿ ਧਰਨਾ ॥
ਪਰ ਅਰਦਾਸੇ ਸੋਧਤ ਰਹਨਾ ਫਤੇ ਅਸਾਂ ਦੀ ਕਾਰਨ ।
ਕਜਾ ਜਾਨਾਂ ਹਮ ਬਦਲਾ ਲੈਸੇਂ ਯਾ ਸਾਨੂੰ ਉਹ ਮਾਰਨ ॥ ੯੪ ॥
ਇਤਨਾ ਕਹ ਕਰ ਘੋੜਿਆਂ ਉੱਪਰ ਹੋਇ ਗਏ ਅਸਵਾਰੇ ।
ਤੁਰਪਏ ਦੋਨੋਂ ਹੀਰੇ ਧੀਰੇ ਸਿੰਘ ਕੇਸਰੀ ਪਯਾਰੇ ॥
ਜਿੱਥੇ ਲੱਗੇ ਭੁੱਖ ਉਨ੍ਹਾਂ ਨੂੰ ਨੱਗਰ ਅੰਦਰ ਜਾਉਨ ।

ਨਾਲ ਜ਼ੋਰਦੇ ਨਗ੍ਰ ਵਾਸੀਆਂ ਦੇ ਧਮਕੀ ਡਰ ਪਾਉਨ ॥ ੮੫ ॥
ਦੇਖ ਸ਼ਕਲ ਵਡ ਹੈਬਤ ਵਾਲੀ ਹੱਥ ਜੋੜ ਕਰ ਸਾਰੇ।
ਹਾਜ਼ਰ ਕਰਨ ਸਭੈ ਓਹ ਵਸਤੂ ਜੋ ਸਨ ਉਨ ਦਰਕਾਰੇ ॥
ਇਸੀ ਤਰ੍ਹਾਂ ਪਰ ਲੁੱਟ ਮਾਰ ਓਹ ਕਰਦੇ ਦੂਰੋਂ ਆਏ।
ਪਰ ਜਦ ਮਾਝੇ ਵਿੱਚ ਤਿਨ੍ਹਾਂ ਨੇ ਅਪਨੇ ਪੈਰ ਟਿਕਾਏ ॥ ੮੬ ॥
ਕਜਾ ਦੇਖਨ ਓਹ ਕਿੱਥੇ ਹੈਗਾ ਜੋ ਸੀ ਸਮਾਂ ਸੁਭਾਗਾ।
ਮੰਗਲ ਦੇ ਥਾਂ ਜੰਗਲ ਦਿੱਸਨ ਮਨ ਮਹਿ ਬਲਦੀ ਆਗਾ ॥
ਅਹੋ ਅਸਾਡਾ ਦੇਸ ਉਜਾੜਿਆ ਇਨ ਜ਼ਾਲਮ ਤੁਰਕਾਂ ਨੇ।
ਛਪ ਗਏ ਸਿੰਘ ਸੂਰਮੇਂ ਏਥੋਂ ਲੇਕਰ ਅਪਨੀ ਜਾਨੇ ॥ ੮੭ ॥
ਜਿਸ ਥੋਂ ਏਹ ਖਯਾਲ ਕਰਯਾ ਮਨ ਮਤ ਕੋ ਅਸਾਂ ਪਛਾਣੇ।
ਦੱਸ ਪਾਇ ਕਰ ਤੁਰਕਾਂ ਤਾਈਂ ਦੇ ਪਕੜਾਇ ਧਿਗਾਣੇ ॥
ਤਾਂਤੇ ਹੁਨ ਇਹ ਚਾਲਾ ਕਰੀਏ ਸੂਰਤ ਨੂੰ ਪਲਟਾਈਏ।
ਰਾਤੀਂ ਤੁਰੀਏ ਰਸਤੇ ਅਪਨੇ ਦਿਨ ਬਹ ਸਮਾਂ ਬਿਤਾਈਏ ॥ ੮੮ ॥
ਏਹੋ ਚਾਇ ਉਨ੍ਹਾਂ ਨੇ ਕੀਤਾ ਬਾਣੇ ਚਾ ਪਲਟਾਏ।
ਮਾਨਹੁ ਮੁਗਲ ਵਡੇ ਬਲਕਾਰੀ ਰਈਯਤ ਦੇਖਨ ਆਏ ॥
ਦਿਨ ਨੂੰ ਨਗਰੋਂ ਬਾਹਰ ਬੈਠਨ ਘੋੜੇ ਖੂਬ ਰਜਾਉਨ।
ਅਤ ਮੰਗਵਾਇ ਨਗ੍ਰ ਥੋਂ ਭੋਜਨ ਓਥੇ ਬਹਕੇ ਖਾਉਨ ॥ ੮੯ ॥
ਪਰ ਜਦ ਰਾਤ ਪਵੇ ਆ ਬੈਠਯਾਂ ਕਰਦੇ ਤਦੋਂ ਤਿਆਰੀ।
ਤੁਰ ਪੈਂਦੇ ਤਦ ਅੰਮ੍ਰਿਤਸਰ ਨੂੰ ਕਰ ਘੋੜ ਅਸਵਾਰੀ ॥
ਇਸੇ ਤਰ੍ਹਾਂ ਜਦ ਚੁਪ ਚੁਪਾਤੇ ਪਾਸ ਸ਼ਹਰ ਦੇ ਆਏ।
ਤਦ ਦੋਹਾਂ ਨੇ ਮਨ ਦੇ ਅੰਦਰ ਐਸੇ ਮਤੇ ਪਕਾਏ ॥ ੯੦ ॥
ਆਖੋ ਕਹੋ ਕਦੋਂ ਹਮ ਪਹੁੰਚੇ ਓਸ ਤੁਰਕ ਦੇ ਪਾਸਾ।

ਜਿੱਥੇ ਪਹਰੇ ਖੜੇ ਰੈਨ ਦਿਨ ਹੋਂਦਾ ਨਾਚ ਤ੍ਰਮਾਸ਼ਾ ॥
ਦੂਰੋਂ ਦੇਖ ਅਸਾਂ ਨੂੰ ਜਦ ਓਹ ਲੈਨਪਛਾਨ ਰਜਾਲੇ।
ਚਾੜ੍ਹਨ ਫੌਜ ਪਕੜਨੇ ਕਾਰਨ ਦੇਕਰ ਬਰਛੇ ਭਾਲੇ ॥੯੧॥
ਤਾਂਤੇ ਕਰੋ ਅਜੇਹਾ ਹੀਲਾ ਜਿਸਤੇ ਕਾਰਜ ਸੌਰੇ।
ਅਪਨਾ ਕਾਮ ਕਰੇ ਬਿਨ ਰੋਕੋਂ ਤੁਰਕ ਬਨਾਕੇ ਬੌਰੇ ॥
ਬਾਤ੍ਰਾਂ ਤਿੰਨ ਹੈਨ ਇਸ ਵੇਲੇ ਜੋ ਹੋਣੀ ਹੈ ਇਕਾ।
ਤਾਂਤੇ ਪੂਰਨ ਕਰਨੀ ਚਾਹੀਏ ਧਰ ਕਰ ਗੁਰ ਪਰ ਟੇਕਾ ॥ ੯੨ ॥
ਪਹਲੀ ਤਾਂ ਹੈ ਲੜਕੇ ਮਰਨਾ ਅਪਨੀ ਹੀ ਦੇ ਜਾਨਾ।
ਇਸ ਮੱਸੇ ਦੇ ਹੱਥੋਂ ਸਾਡਾ ਜਾਊ ਜਾਨ ਖਜ਼ਾਨਾ ॥
ਦੂਜੀ ਮਾਰ ਏਨ੍ਹਾਂ ਨੂੰ ਏਥੇ ਬਹੁਰ ਆਪ ਭੀ ਮਰੀਏ।
ਹੋਇ ਸ਼ਹੀਦ ਬਹਾਦਰ ਪੂਰੇ ਕਾਰਜ ਅਪਨਾ ਕਰੀਏ ॥੯੩॥
ਤੀਜਾ ਕੰਮ ਅਹੇ ਵਡ ਔਖਾ ਮਾਰ ਹੈ ਸੂਰਮਤਾਈ।
ਮਾਰ ਏਸ ਨੂੰ ਛੁੱਤ ਜਾਵੀਏ ਹਰਿ ਮੰਦਰ ਤੇ ਭਾਈ ॥
ਤਾਂਤੇ ਤੀਜੀ ਗੱਲ ਵਾਸਤੇ ਉੱਦਮ ਕਰਨਾ ਚਹੀਏ।
ਜਿਸਦੇ ਕਰਨੋਂ ਹਰ ਹੀਲੇ ਵਿੱਚ ਨਹੀਂ ਅਧੂਰੇ ਰਹੀਏ ॥ ੯੪ ॥
ਇਤਨਾ ਸੋਚ ਮਨੇ ਦੇ ਅੰਦਰ ਕੀਤਾ ਏਹ ਬਹਾਨਾ।
ਤੁਰਕਾਂ ਜੈਸਾ ਖ਼ੂਬ ਸਜਾਇਆ ਤਨ ਅਪਨੇ ਪਰ ਬਾਨਾ ॥
ਜਿਸਤੇ ਹੋਨ ਮਲੂਮ ਅਜੇਹੇ ਮਾਨੋਂ ਮੁਗਲ ਪਠਾਨਾ।
ਆਇ ਕਾਬਲੋਂ ਦਰਸ਼ਨ ਦਿੱਤਾ ਪਹਰ ਬਹਾਦ੍ਰ ਬਾਨਾ ॥ ੯੫ ॥
ਰਸਤੇ ਵਿੱਚ ਠੀਕਰੇ ਚੁਨਕੇ ਵਾਂਗ ਰੁਪੱਈਆਂ ਸਾਰੇ
ਘੜਕੇ ਥੈਲੇ ਭਰੇ ਆਪਨੇ ਨਾਲ ਖੁਸ਼ੀ ਦੇ ਭਾਰੇ ॥
ਮਨ ਮਹਿ ਇਹ ਠਹਰਾਈ ਦੋਹਾਂ ਕਹੋ ਮਾਮਲਾ ਆਇਆ।

ਏਹੁ ਤਹਸੀਲਦਾਰ ਨੇ ਸਾਨੂੰ ਦੇਕੇ ਆਪ ਪਠਾਇਆ ॥ ੯੬ ॥
ਜਿਸ ਪਰ ਦੋਨੋਂ ਰੋਹ ਰੁਹੇਲੇ ਹੱਥੀਂ ਫੜ ਕਰ ਸੇਲੇ।
ਸ੍ਰੀ ਅੰਮ੍ਰਿਤਸਰ ਜੀ ਵਿੱਚ ਆਕੇ ਹਸਤੀ ਵਾਂਗਰ ਖੇਲੇ ॥
ਜੇਠ ਹਾੜ ਦਾ ਹੁਤਾ ਮਹੀਨਾ ਧੁੱਪ ਪਈ ਵਡ ਭਾਰੀ।
ਜਿਸ ਦੇ ਜ਼ੋਰ ਨਾਲ ਸੀ ਆਈ ਅੰਧੀ ਗਰਦ ਗੁਬਾਰੀ ॥ ੯੭ ॥
ਗਰਦੇ ਦੇ ਤਦ ਨਾਲ ਬਹਾਨੇ ਅਪਨੇ ਮੁਖ ਕਜਵਾਏ।
ਜਿਸਤੇ ਸ਼ਕਲ ਉਨ੍ਹਾਂ ਦੀ ਕੋਈ ਦੇਖਨ ਮੂਲ ਨ ਪਾਏ ॥
ਇਸੇ ਤਰ੍ਹਾਂ ਹਰਿਮੰਦ੍ਰ ਅੱਗੇ ਆਇ ਖੜੇ ਦੋ ਭਾਈ।
ਪਾਸ ਦਰਸ਼ਨੀ ਰਾ ਦਰਵਾਜ਼ੇ ਉਤਰੇ ਸੇ ਸੁਖਦਾਈ ॥ ੯੮ ॥
ਉਸ ਵੇਲੇ ਸਨ ਖੜੀ ਬੇਰੀਆਂ ਉਸ ਜਾਗਾ ਪਰ ਚੰਗੀ।
ਘੋੜੇ ਨਾਲ ਉਨ੍ਹਾਂ ਦੇ ਬੰਨੇ ਪੈਦਲ ਹੋਏ ਜੰਗੀ ॥
ਦੂਰੋਂ ਨਮਸਕਾਰ ਚਾ ਕੀਤੀ ਹਰਿਮੰਦਰ ਨੂੰ ਐਸੀ।
ਅਪਨੇ ਗੁਰ ਦੀ ਦੇਖ ਨਸ਼ਾਨੀ ਇੱਜ਼ਤ ਚਾਹੀਏ ਜੇਸੀ ॥ ੯੯ ॥
ਫਿਰ ਜਾ ਪਾਸ ਸਰੋਵਰ ਦੇ ਤਿਨ ਅੰਮ੍ਰਿਤ ਛਕਨਾ ਐਸਾ।
ਤ੍ਰਿਖਾ ਵਾਨ ਪੁਰਖ ਹੈ ਪੀਂਦਾ ਮਿੱਠਾ ਸ਼ਰਬਤ ਜੈਸਾ ॥
ਸੁਰਤ ਸੰਭਾਲ ਠਹਰ ਕਰ ਓਥੇ ਗਰਮੀ ਸਭ ਸੁਕਾਈ।
ਦੇਖੋ ਅੰਦਰ ਜਾਕੇ ਦੋਏ ਕੀ ਕੁਛ ਕਰਦੇ ਭਾਈ ॥ ੧੦੦ ॥
ਜਦ ਦੋਨਾਂ ਨੇ ਸੁਰਤ ਸੰਭਾਲੀ ਗਰਮੀ ਸਗਲੀ ਲਾਹੀ।
ਗਿਆ ਥਕੇਵਾਂ ਤਨ ਥੀਂ ਸਾਰਾ ਜੋ ਮਾਰਗ ਥਕ ਆਹੀ।
ਇੱਕ ਅਰਾਮ ਕਰਿਆ ਉਸ ਵੇਲੇ ਦੂਜਾ ਅੰਮ੍ਰਿਤ ਪੀਆ।
ਤੀਜਾ ਹਰਿਮੰਦਰ ਦਾ ਦਰਸ਼ਨ ਜੁਗ ਨੈਨਣ ਸੇ ਕੀਆ ॥ ੧੦੧ ॥
ਇਤਨੇ ਵਿੱਚ ਚੌਗਨੀ ਸ਼ਕਤੀ ਆਇ ਗਈ ਤਿਨ ਮਾਹੀਂ।

ਜਸਤੇ ਕੌਤਕ ਕੀਤੇ ਥਾਈਂ ਹੁਨ ਤਾਂ ਰਹਨਾ ਨਾਹੀਂ ॥
ਚੁਪ ਚੁਪਾਤੇ ਤੁਰ ਪਏ ਅੱਗੇ ਜਿੱਥੇ ਮੱਸਾ ਪਾਪੀ।
ਨਾਚ ਤੁਮਾਸ਼ਾ ਦੇਖ ਰਿਹਾ ਸੀ ਗਨਕਾ ਰਾਗ ਅਲਾਪੀ ॥ ੧੦੨ ॥
ਲੰਘੇ ਜਦੋਂ ਡੇਉਢੀ ਪਹਲੀ ਪਹਰੂ ਚਾ ਅਟਕਾਏ।
ਕਹੀ ਕੌਨ ਹੋ ਕਿਸ ਜਾਗਾ ਤੇ ਕੀ ਕੁਛ ਕਰਨੇ ਆਏ ॥
ਇਤਨਾ ਸੁਨਕੇ ਕਹੀ ਸਿੰਘ ਨੇ ਹਮ ਹੈਂ ਨਗਰ ਨਿਵਾਸੀ।
ਦੇਨ ਮਾਮਲਾ ਆਏ ਐਥੇ ਜਿਸਤੇ ਹੋਇ ਖਲਾਸੀ ॥੧੦੩॥
ਸਾਨੂੰ ਮੁੜਕੇ ਝਬਦੇ ਜਾਣਾ ਪੈਂਡਾ ਦੂਰ ਅਸਾਡਾ।
ਮਤ ਕੋਈ ਇਸ ਲੁੱਟ ਲੇਵਸੀ ਜੋ ਹੈ ਮਾਲ ਤੁਸਾਡਾ ॥
ਤਾਂਤੇ ਦੇਰ ਨਹੀਂ ਹੈ ਚੰਗੀ ਅੰਧੀ ਗਰਦ ਘਨੇਰੀ।
ਐਸੇ ਸਮਯ ਵਿੱਚ ਸੁਨ ਭਾਈ ਚਹੀਏ ਮੂਲ ਨ ਦੇਰੀ ॥ ੧੦੪ ॥
ਸੁਨਦੇ ਸਾਰ ਮਾਮਲਾ ਆਇਆ ਕਹੋ ਸੰਤਰੀ ਜਾਓ।
ਤੁਰਤ ਨਵਾਬ ਖਾਨ ਦੇ ਤਾਈਂ ਜਾਇ ਸਲਾਮ ਬੁਲਾਓ ॥
ਸ਼ਾਹੀ ਮਾਲ ਪਾਸ ਮਤ ਰੱਖੋ ਜੋ ਹੈ ਮੁਸ਼ਕਲ ਭਾਰਾ।
ਦੇਕੇ ਫਿਰ ਮੁੜ ਘਰ ਵਿੱਚ ਜਾਕੇ ਕਰਨਾ ਰੈਨ ਗੁਜ਼ਾਰਾ ॥ ੧੦੫ ॥
ਇਤਨਾ ਸੁਨਦੇ ਗਏ ਅਗੇਰੇ ਕਜਾ ਦੇਖਣਾ ਤਿਨ ਜਾਕੇ।
ਗਾਉਨ ਤੁਮ ਮਲ੍ਹਾਰ ਰਾਗ ਨੂੰ ਤਬਲੇ ਖੂਬ ਬਜਾਕੇ ॥
ਖੂਬ ਸਾਰਗੀ ਸੁਰਾਂ ਨਿਕਾਲੇ ਅਰ ਕੈਂਸਾ ਦਾ ਜੋੜਾ।
ਦੱਸ ਰਿਹਾ ਸੀ ਅੱਜ ਹੋਵਸੀ ਸਿਰ ਦਾ ਧੜੋਂ ਵਿਛੋੜਾ ॥ ੧੦੬ ॥
ਅਰ ਗਨਕਾ ਭੀ ਗੀਤ ਗਾਉਂਦੀ ਅਤ ਬਤਲਾਂਦਾ ਕਰਦੀ।
ਮਾਨਹੁ ਵੈਨ ਪਾਵੰਦੀ ਚੰਗੇ ਨਾਇਣ ਮੱਸੇ ਘਰ ਦੀ ॥
ਸਾਰੇ ਮਸਤ ਰਾਗ ਵਿੱਚ ਬੈਠੇ ਸਿਰ ਨੀਵੇਂ ਕਰ ਐਸੇ।

ਮੁਰਦੇ ਉੱਪਰ ਲੋਗ ਸਬੰਧੀ ਮਾਤਮ ਕਰਦੇ ਜੈਸੇ ॥ ੧੦੭॥
ਅਰ ਮੱਸਾ ਭੀ ਮੰਜੇ ਉਪਰ ਬੈਠਾ ਹੁੱਕਾ ਪੀਵੇ।
ਸਿਰ ਪਰ ਕਾਲ ਨ ਸੁਝਦਾ ਉਸ ਨੂੰ ਚਾਹੇ ਸਦ ਹੀ ਜੀਵੇ ॥
ਦੇਖ ਹਾਲ ਇਹ ਹਰਿਮੰਦਰ ਦਾ ਸਿੰਘ ਗੁਰੂ ਦੇ ਦੋਏ।
ਝੱਟ ਪਟ ਨਾਲ ਜ਼ੋਰ ਦੇ ਸੂਰੇ ਉਸ ਦੇ ਅੱਗੇ ਹੋਏ ॥ ੧੦੮ ॥
ਖੜ ਗਏ ਡੂਮ ਬਜਾਉਨ ਸਾਜੇ ਅਰ ਗਨਕਾ ਠਹਰਾਈ।
ਆਖੇ ਇਹ ਹੀਰਿਆਂ ਦੀ ਜੋੜੀ ਕਿਹੜੀ ਵੱਲੋਂ ਆਈ ॥
ਅਰ ਮੱਸੇ ਨੇ ਨਜ਼ਰ ਉਠਾਕੇ ਜਦ ਦੇਖਣਾ ਤਿਨ ਤਾਈਂ।
ਦੇਖਦਿਆਂ ਹੀ ਮਨ ਦੇ ਅੰਦਰ ਉਪਜ ਗਈਂ ਦੁਚਤਾਈ ॥ ੧੦੯ ॥
ਆਖੀ ਕੌਨ ਤੁਸੀਂ ਹੋ ਭਾਈ ਅਰ ਕਿਸ ਕਾਰਨ ਆਏ।
ਮੋਢੇ ਉਪਰ ਚੁੱਕ ਭਾਰ ਇਹ ਕਿਸ ਕਾਰਨ ਹੋ ਲਿਆਏ ॥
ਕਿਨ ਭੇਜੇ ਹੋ ਕਿਸ ਕਾਰਜ ਹਿਤ ਕਿਸ ਜਾਗਾ ਦੇ ਵਾਸੀ।
ਦੱਸੋ ਸੱਚ ਤੁਸੀਂ ਇਸ ਵੇਲੇ ਹੋਵੇ ਤੁਰਤ ਖਲਾਸੀ ॥੧੧੦॥
ਇਤਨਾ ਸੁਨਦਿਆਂ ਸਾਰ ਦੁਹਨੇ ਉਹ ਠੀਕਰੀਆਂ ਦੇ ਥੈਲੇ।
ਮੰਜੇ ਹੇਠ ਰਖ ਸਨ ਦਿੱਤੇ ਜੋ ਸੇ ਮੈਲ ਕੁਚੈਲੇ ॥
ਜਿਨਕੋ ਨੀਵਾਂ ਸਿਰ ਕਰ ਮੱਸਾ ਲੱਗਾ ਦੇਖਨ ਜਬ ਹੀ।
ਸਿੰਘ ਮਤਾਬ ਸਿੰਘ ਸਮ ਗਰਜਿਆ ਸੂਤ ਮਿਆਨੋਂ ਤਬਹੀ॥੧੧੧॥
ਵਾਹਿਗੁਰੂ ਦੀ ਫਤੇ ਗਜਾਕੇ ਐਸੀ ਸਾਫ ਚਲਾਈ।
ਗਰਦਨ ਵਿੱਚ ਦੀ ਲੰਘਦੀ ਕੈਂਤੀ ਕਿਸ ਹੀ ਨਜ਼ਰ ਨ ਆਈ ॥
ਡਿੱਗ ਪਿਆ ਧਰਤੀ ਪਰ ਪਾਪੀ ਕੰਬੇ ਬਦਨ ਅਜੇਹਾ।
ਝਟਕਿਆ ਹੋਇਆ ਜਿਵੇਂ ਬਕਰਾ ਪਲਕ ਤੜਫਦਾ ਰੇਹਾ ॥੧੧੨॥
ਇਤਨੇ ਵਿੱਚ ਭੁਚਾਲ ਮਚਾਇਆ ਤੇਗ ਸੜਾ ਸੜ ਵਾਹੀ।

ਕਿਤਨੇ ਤੁਰਕ ਕਰੇ ਇੱਕ ਪਲ ਵਿੱਚ ਚਾ ਦੋਜ਼ਕ ਦੇ ਰਾਹੀ ॥
ਕਿਤਨੇ ਨੱਸ ਗਏ ਲੈ ਜਾਨਾਂ ਕਿਤਨੇ ਲਾ ਕਰ ਛਾਲਾਂ ।
ਵਿੱਚ ਸਰੋਵਰ ਗੋਤੇ ਖਾਧੇ ਤਰਨ ਖੇਲ ਜਿਉਂ ਬਾਲਾਂ ॥ ੧੧੩ ॥
ਇਧਰ ਸੁਖਾਸਿੰਘ ਹਠੀਲੇ ਮੂਲ ਨ ਸੁੱਖ ਗੁਜ਼ਾਰੀ ।
ਇੱਕ ਝਪਟ ਤਿਨ ਗਨਕਾ ਉੱਪਰ ਹੋਕਰ ਅੱਗੇ ਮਾਰੀ ॥
ਸਾਰਾ ਗਹਨਾ ਲਾਹ ਉਸਦਾ ਖੀਸੇ ਦੇ ਵਿੱਚ ਪਾਇਆ ।
ਖਾਲੀ ਕਰਕੇ ਸਾਰਾ ਖੀਸਾ ਘਰ ਨੂੰ ਵਿਦਾ ਕਰਾਇਆ ॥ ੧੧੪ ॥
ਹਾਹਾਕਾਰ ਮਚੀ ਚੌਤਰਫੀ ਖਾਲੀ ਮੰਦਰ ਹੋਇਆ ।
ਧਾ ਘਾਇਲ ਤਨ ਤੜਫਨ ਓਥੇ ਧਾ ਸੀ ਮੱਸਾ ਮੋਇਆ ॥
ਓਸੇ ਵੇਲੇ ਸਿੰਘਾਂ ਖੜਕੇ ਨਾਮ ਗੁਰੂ ਦਾ ਧਿਆਇਆ ।
ਕਰ ਅਰਦਾਸ ਮੁਖੋਂ ਇਹ ਆਖੀ ਧੰਨ ਗੁਰੂ ਸੁਖਦਾਇਆ ॥ ੧੧੫॥
ਇਹ ਤੇਰੀ ਹੀ ਸ਼ਕਤੀ ਸਾਰੀ ਜੋ ਇਥੇ ਹੈ ਵਰਤੀ ।
ਜਿਸਦੇ ਅੱਗੇ ਮਾਨਸ ਕਿਆ ਹਨ ਕੰਬਨ ਲਗੀ ਧਰਤੀ ॥
ਵਾਹਿਗੁਰੂ ਦਾ ਨਾਮ ਮੁਖੋਂ ਲੈ ਤੁਰ ਪਏ ਫੇਰ ਪਿਛਾਹਾ ।
ਦੋਨੋਂ ਘੋੜੇ ਬੰਨ੍ਹੇ ਹੈ ਸਨ ਬੇਰੀ ਦੇ ਢਿਗ ਜਾਹਾ ॥ ੧੧੬ ॥
ਅਪਨੇ ਅਪਨੀ ਚਾਇ ਰਕਾਬਾਂ ਪੈਰ ਟਕਾਏ ਐਸੇ ।
ਜੰਗੀ ਸਿੰਘ ਸਪਾਹੀ ਤਾਈਂ ਹੋਨਾ ਚਾਹੀਏ ਜੈਸੇ ॥
ਬੋਲ ਜੈਕਾਰਾ ਤੁਰਹੇ ਕੁਦਾਏ ਜਾਂਦੇ ਨਜ਼ਰ ਨ ਆਵਨ ।
ਵਾਂਗ ਪੌਨ ਦੇ ਵਾਉ ਬਘੂਰੇ ਨਾਲ ਜ਼ੋਰ ਦੇ ਜਾਵਨ ॥ ੧੧੭ ॥
ਅਰ ਮੁਗਲੀ ਜੋ ਭੇਸ ਆਪਨੇ ਸੋ ਸਭ ਤੁਰਤ ਉਤਾਰੇ ।
ਓਸੇ ਤਰ੍ਹਾਂ ਕਰੇ ਜਿਨ ਮੁੜਕੇ ਕੇਸ ਅਤੇ ਦਸਤਾਰੇ ॥
ਚੇਹਰਿਆਂ ਉਪਰ ਲਾਲੀ ਆਈ ਦੁਸ਼ਮਨ ਦਾ ਸਿਰ ਲੈਕੇ ।

ਅਰ ਇਕਰਾਰ ਕਰਿਆ ਉਹ ਪੂਰਾ ਥਰਨ ਜੁ ਆਏ ਦੇਕੇ ॥੧੧੮॥
ਹਰਿ ਮੰਦਰ ਦੀ ਖੋਇ ਕੁਰੀਤੀ ਐਸਾ ਸਾਕਾ ਕੀਆ।
ਦੀਨ ਦੁਨੀ ਵਿੱਚ ਸੂਰਮਿਆਂ ਨੇ ਸਭ ਤੇ ਹੈ ਯਸ ਲੀਆ॥
ਇੱਕ ਇੱਕ ਦੇ ਸਨ ਚਾਰ ਬਨੇ ਤਦ ਅਪਨਾ ਕਾਮ ਸਧਾਰੇ।
ਜਾਨ ਰੰਗੀਲੇ ਰਸਤੇ ਉੱਪਰ ਬੋਲ ਮੁਖੋਂ ਜੈਕਾਰੇ॥ ੧੧੯॥
ਦਿੱਤੀ ਫਤੇ ਗੁਰੂ ਨੇ ਐਸੀ ਜੋ ਹੈ ਇੱਕ ਅਨੌਖੀ।
ਹਰ ਇੱਕ ਤਾਈਂ ਜਿੱਤ ਅਜੇਹੀ ਆਵੇ ਨਾਹੀਂ ਸੌਖੀ॥
ਲੀਤਾ ਯਸ ਅਰ ਨਾਮ ਖਟਿਆ ਐਸੇ ਹਾਥ ਦਿਖਾਕੇ।
ਐਸੇ ਸੁਤ ਬਿਨ ਕਯਾ ਲੈਣਾ ਹੈ ਜਨਨੀ ਪੂਤ ਜਮਾ ਕੇ॥ ੧੨੦॥
ਇਧਰ ਸਿੰਘ ਮਾਰ ਕਰ ਮੱਸੇ ਨੱਸੇ ਵਾਹੋ ਦਾਹੇ।
ਪੌਨ ਵਾਂਗ ਛਾ ਗਏ ਪਲਕ ਵਿੱਚ ਕਿਤਨਯਾਂ ਆਹੂ ਲਾਹੇ॥
ਓਧਰ ਰੌਲਾ ਮਚਾ ਘਨੇਰਾ ਹਾਹਾ ਕਾਰ ਮਚਾਈ।
ਆਖਨ ਵਿੱਚ ਤੁਮਾਸ਼ੇ ਯਾਰੋ ਇਹ ਕੀ ਆਫਤ ਆਈ॥ ੧੨੧॥
ਹਰ ਇੱਕ ਜਾਨਾਂ ਲੈਕਰ ਨੱਸਯਾ ਜੈਸੇ ਹਰਨ ਵਿਚਾਰੇ।
ਨੱਸਨ ਦੇਖ ਸ਼ੇਰ ਦਾ ਪਿੱਛਾ ਇੱਕ ਦੂਜੇ ਥੋਂ ਨਿਆਰੇ॥
ਡਰਦੇ ਹਰਿਮੰਦਰ ਦੇ ਅੰਦਰ ਦੇਖਨ ਕੋਇ ਨ ਜਾਵੇ।
ਮਨ ਵਿੱਚ ਸੋਚੇ ਮਤ ਕੋ ਆਫਤ ਮੇਰੇ ਪਰ ਪੈ ਜਾਵੇ॥੧੨੨॥
ਇਸੀ ਤਰ੍ਹਾਂ ਜਦ ਨਗਰੀ ਅੰਦ੍ਰ ਪਿਆ ਘਮੰਡ ਘਨੇਰਾ।
ਇੱਕ ਦੂਜੇ ਨੂੰ ਪਯਾ ਸੁਨਾਵੇ ਜੋ ਕੁਛ ਕੌਤਕ ਹੋਰਾ॥
ਓੜਕ ਨੂੰ ਮਿਲ ਮਰਦ ਬਹਾਦ੍ਰ ਗਏ ਦਲੇਰੀ ਕਰਕੇ।
ਆਖਨ ਜੋ ਕੁਛ ਹੋਸੀ ਭਾਈ ਆਵਹਿ ਗੇ ਸਿਰ ਜਰਕੇ॥ ੧੨੩॥
ਇਤਨੇ ਚਿਰ ਵਿੱਚ ਖਬਰ ਪਾਇ ਕਰ ਮਰ ਗਿਆ ਮੱਸਾ ਮੀਆਂ।

ਸੁਨਕੇ ਰੋਨ ਲਗੇ ਸਭ ਘਰਦੇ ਪੁੱਤ੍ਰ ਨਾਰਾਂ ਧੀਆਂ ॥
ਮੰਜੇ ਤੇ ਸਿਰ ਹੇਠਾਂ ਗਿਰਯਾ ਜਿਉਂ ਖਰਬੂਜ਼ਾ ਵੱਲੋਂ ।
ਅਰ ਧੜ ਮੰਜੇ ਉਪਰ ਲਟਕੇ ਜਿਉਂ ਫਲ ਝੜਦਾ ਡੱਲੋਂ ॥੧੨੪॥
ਦੇਖ ਦੇਖ ਸਭ ਹੋਨ ਅਚੰਭਾ ਆਖਨ ਇਹ ਕੀ ਹੋਇਆ ।
ਇੱਕ ਪਲ ਅੰਦਰ ਮਲਕੁਲ ਮੌਤੋਂ ਇਹ ਹੈ ਕਿਕੁਰ ਮੋਇਆ ॥
ਕਜਾ ਉਹ ਹੈ ਸਨ ਜਿੰਨ ਭੂਤ ਕੇ ਰੱਬ ਫਰਿਸ਼ਤੇ ਘੱਲੇ ।
ਜੋ ਇੱਕ ਪਲ ਵਿੱਚ ਇਸ ਮਰਦ ਨੂੰ ਲੈ ਕਰ ਏਥੋਂ ਚਲੇ ॥ ੧੨੫॥
ਪਈ ਬਿੱਜ ਅਸਮਾਨੋਂ ਆ ਕਰ ਜਿਸ ਦੀ ਖਬਰ ਨ ਕੋਈ ।
ਨਾ ਹੋਣੀ ਇਹਆਕੁ ਆਫਤ ਕਿੱਥੋਂ ਨਾਜ਼ਲ ਹੋਈ ॥
ਇਹ ਤਾਂ ਰੱਬ ਅਚੰਭਾ ਕੀਤਾ ਜੋ ਨਾ ਅਸੀਂ ਪਛਾਤਾ ।
ਕਿਆ ਜਾਨਾਂ ਇਹ ਕਿਉਂ ਹੈ ਹੋਇਆ ਏਸ ਸਮਜ ਉੱਤਪਾਤਾ ॥੧੨੬
ਕਿਆ ਸਿੱਖਾਂ ਦੇ ਗੁਰ ਨੇ ਭੇਜੇ ਵਲੀ ਸ਼ਹੀਦ ਹਠੀਲੇ ।
ਬਿਨਾਂ ਜਿਨ੍ਹਾਂ ਤੇ ਹੋਰ ਨ ਕਰਦਾ ਏਹੋ ਜੇਹੇ ਹੀਲੇ ॥
ਮਾਨਸ ਦੀ ਕਿਆ ਸ਼ਕਤੀ ਇਤਨੀ ਕਾਰੇ ਆਇਕੇ ਜੋਈ ।
ਜਿਸ ਤੇ ਇਹ ਤਾਂ ਕਾਰਰਵਾਈ ਕਰਤੇ ਵੱਲੋਂ ਹੋਈ ॥ ੧੨੭ ॥
ਐਸਾ ਭਾਹੋ ਹੌਲਾ ਪੈ ਗਿਆ ਓਸ ਸਮਜ ਪਰ ਭਾਰੀ ।
ਘਰ ਘਰ ਦੇ ਵਿੱਚ ਚਰਚਾ ਹੋਈ ਸੋਚਨ ਪੁਰਖਾ ਨਾਰੀ ॥
ਹਾ ਹਾ ਕਾਰ ਸ਼ਹਿਰ ਵਿੱਚ ਹੋਈ ਜਾਨਾਂ ਸਭੇ ਬਚਾਉਨ ।
ਇੱਕ ਦੂਜੇ ਨੂੰ ਆਖ ਆਖਕੇ ਕਿਆਮਤ ਆਈ ਗਾਵਨ ॥ ੧੨੮ ॥
ਡਰਦੇ ਘਰਦੇ ਬੂਹੇ ਸਭਨਾਂ ਬੰਦ ਕਰੇ ਸਨ ਸਾਰੇ ।
ਆਖਨ ਮਤ ਕੋ ਅੰਦਰ ਆਕੇ ਬੈਠਿਆਂ ਨੂੰ ਹੀ ਮਾਰੇ ॥
ਮਾਵਾਂ ਪੁੱਤਾਂ ਭਾਈਂ ਆਖਨ ਬੱਚਾ ਬਾਹਰ ਨ ਜਾਓ ।

ਭੈਣਾਂ ਵੀਰਾਂ ਤਾਈਂ ਦੱਸਨ ਬਚਕੇ ਰਹੋ ਭਰਾਓ ॥ ੧੨੯ ॥
ਨਾਰਾਂ ਪਤੀਆਂ ਅੱਗੇ ਬਹਕੇ ਰੋਵਨ ਅਤੇ ਸੁਨਾਉਨ ।
ਜੇਕਰ ਬਾਹਰ ਜਾਵੋਗੇ ਤਾਂ ਫੜਕੇ ਤੁਰਤ ਮੁਕਾਵਨ ॥
ਅਪਨੀ ੨ ਜਾਨਾਂ ਦੇ ਸਨ ਪੈਗਏ ਫਿਕਰ ਘਨੇਰੇ ।
ਦੇਖ ਦੇਖ ਪਰਛਾਵੇਂ ਡਰਦੇ ਖਾਵਨ ਪਏ ਹਨੇਰੇ ॥ ੧੩੦ ॥
ਏਧਰ ਹਾਲ ਸ਼ਹਰ ਦਾ ਐਸਾ ਜੋ ਆਖਨ ਤੇ ਬਾਹਰ ।
ਓਧਰ ਕਈ ਕੋਹਾਂ ਦਾ ਪੈਂਡਾ ਕਰ ਗਏ ਗੁਰ ਦੇ ਨਾਹਰ ॥
ਛੁਟੇ ਬਾਜ਼ ਨ ਮੁੜਕੇ ਆਉਨ ਕਿਸੇ ਪੁਰਖ ਦੇ ਹੱਥੀਂ ।
ਦੰਮਾਂ ਦੇ ਰੁੱਸੇ ਨਾ ਮੰਨਨ ਕਦ ਹੀ ਗੱਲੀ ਕੱਥੀਂ ॥ ੧੩੧ ॥
ਤਦ ਮੱਸੇ ਦੀ ਲੋਥ ਚੁੱਕਕੇ ਘਰ ਪਰ ਜਦੋਂ ਲਿਆਂਦੀ ।
ਪਿਆ ਸਿਆਪਾ ਅਤੇ ਕਟਾਪਾ ਨਾਰ ਖ਼ੂਨ ਦਿਲ ਖਾਂਦੀ ॥
ਆਖੇ ਤੈਨੂੰ ਕਿਨ ਹੈ ਲੀਤਾ ਵੇ ਜੰਞਾਂ ਦੇ ਲਾੜਿਆ ।
ਕਿਸਨੇ ਨਾਲ ਤੇਗ਼ ਦੇ ਤੇਰਾ ਅੱਧ ਵਿੱਚੋਂ ਸਿਰ ਪਾੜਿਆ ॥ ੧੩੨ ॥
ਤੂੰਤਾਂ ਛੱਡ ਗਿਆ ਹੈਂ ਮੈਨੂੰ ਗੱਲ ਨ ਕੋਈ ਕੀਤੀ ।
ਕਿਹੜੀ ਗੱਲੋਂ ਰੱਬ ਅਸਾਂ ਪਰ ਇਹ ਬਿਪਦਾ ਕਰ ਦੀਤੀ ॥
ਤੂੰਤਾਂ ਲੱਦ ਗਿਆ ਹੈਂ ਐਥੋਂ ਕਿਆਮਤ ਦੇ ਦਿਨ ਤਾਈਂ ।
ਸਾਡਾ ਭੀ ਕੁਝ ਹਾਲ ਆਖਕੇ ਏਹੁ ਵਿਛੋੜਾ ਪਾਈਂ ॥ ੧੩੩ ॥
ਭੈਣਾਂ ਆਖਨ ਪਾਇ ਕੀਰਨੇ ਹੈ ਵੇ ਸਕੇ ਭਰਾਵਾ ।
ਛੱਡ ਗਿਆ ਹੈਂ ਇੱਕ ਪਲ ਅੰਦਰ ਇਸ ਦੁਨੀਆਂ ਤੇ ਦਾਵਾ ॥
ਕਿਸ ਨੂੰ ਵੀਰ ਆਖਕੇ ਸੱਦੂੰ ਅਰ ਕਿਸ ਦੇ ਘਰ ਆਊਂ ।
ਅੰਮਾਂ ਜਾਇਆ ਆਖ ਮੁਖੋਂ ਮੈਂ ਕਿਸ ਨੂੰ ਦੱਸ ਬੁਲਾਊਂ ॥ ੧੩੪ ॥
ਮਾਇ ਖੜੀ ਸਿਰ ਪਿੱਟੇ ਓਥੇ ਪਈ ਕੀਰਨੇ ਪਾਵੇ ।

ਮੁੜਕੇ ਮੁਖ ਦਖਾਈਂ ਬੇਟਾ ਨਹੀਂ ਮਰਾਂਗੀ ਹਾਵੇ ॥
ਪੁੱਤ੍ਰ ਧੀਆਂ ਮੀਆਂ ਮਰਗਿਆ ਛੱਡ ਅਸਾਂ ਨੂੰ ਕੱਲੇ ।
ਆਖ ਆਖਕੇ ਪਏ ਰੋਵੰਦੇ ਕੁੱਝ ਨ ਬਚਿਆ ਪੱਲੇ ॥ ੧੩੫ ॥
ਜਦ ਇਹ ਕੌਤਕ ਅਤਿ ਭਯਦਾਇਕ ਦੇਖਨਾ ਲੋਗਾਂ ਸਾਰਾ ।
ਮਨ ਵਿੱਚ ਸਮਝ ਖੜੇ ਤਦ ਸਾਰੇ ਮੁਸ਼ਕਲ ਅਹੇ ਗੁਜ਼ਾਰਾ ॥
ਅੱਜ ਆਇਕੇ ਸਿੰਘਾਂ ਨੇ ਹੈ ਮੱਸਾ ਮਾਰ ਮੁਕਾਇਆ ।
ਇਸੇ ਤਰ੍ਹਾਂ ਫਿਰ ਕੱਲ ਅਸਾਂ ਪਰ ਓਹੋ ਹੈ ਦਿਨ ਆਇਆ ॥੧੩੬॥
ਤਾਂਤੇ ਚੁੱਕ ਲੋਥ ਨੂੰ ਓਥੋਂ ਪਿਟਦਾ ਟੱਬਰ ਸਾਰਾ ।
ਨਾਜ਼ਮ ਪਾਸ ਲਿਆਕੇ ਅਪਨਾ ਦੱਸਿਆ ਹਾਲ ਦੁਖਾਰਾ ॥
ਲੱਗੇ ਕਹਿਨ ਸੁਨੋ ਹੇ ਮਾਲਕ ਤੂੰ ਹੈ ਹਾਕਮ ਸਾਡਾ ।
ਤੇਰੇ ਹੁੰਦਿਆਂ ਨਾਲ ਅਸਾਂ ਦੇ ਕੌਤਕ ਹੋਇਆ ਡਾਢਾ ॥ ੧੩੭ ॥
ਇਹ ਤੇਰਾ ਜੋ ਦਿਲੀ ਪਯਾਰਾ ਵਡਾ ਬਹਾਦਰ ਭਾਰੀ ।
ਪਲ ਵਿੱਚ ਮਾਰ ਮੁਕਾਇਆ ਸਿੱਖਾਂ ਮੂਲ ਨ ਸੁਰਤ ਸੰਭਾਰੀ ॥
ਤਾਂਤੇ ਇਸ ਦੇ ਖੂਨੀ ਤੂੰ ਕਰਦੇ ਅਸਾਂ ਹਵਾਲੇ ।
ਨਹੀਂ ਅਸੀਂ ਭੀ ਜਾਨ ਦੇਏਂਗੇ ਇਸ ਮੱਸੇ ਦੇ ਨਾਲੇ ॥ ੧੩੮ ॥
ਪੀੜ ਪਰਾਈ ਕੋਇ ਨ ਜਾਣੇ ਜਿਸ ਲਗੀ ਸੋ ਵੇਖੇ ।
ਐਵੇਂ ਲਾਲ ਗੁਵਾਇਆ ਹੱਥੋਂ ਬੈਠਿਆਂ ਭੁੱਲ ਭੁਲੇਖੇ ॥
ਤੈਥੋਂ ਬਿਨਾਂ ਜਾਇਕੇ ਕਿਸ ਨੂੰ ਅਸੀਂ ਪੁਕਾਰ ਸੁਨਾਈਏ ।
ਹਾਕਮ ਦਾ ਦਰਵਾਜ਼ਾ ਤਜਕੇ ਕਿੱਥੋਂ ਅਦਲ ਸੁ ਪਾਈਏ ॥ ੧੩੯ ॥
ਸੁਨਦੇ ਸਾਰ ਗ਼ਜ਼ਬ ਵਿੱਚ ਆਇਆ ਨਾਜ਼ਮ ਵਡਾ ਹਠੀਲਾ ।
ਚਿਹਰੇ ਉੱਪਰ ਰੰਗ ਬਦਲਦਾ ਕਾਲਾ ਪੀਲਾ ਨੀਲਾ ॥
ਚੱਬੇ ਦੰਦ ਵੱਢਦਾ ਹੱਥਾਂ ਆਖੇ ਹੈ ਕੀ ਕਰਸਾਂ ।

ਜੇ ਆ ਜਾਵਨ ਹੱਥ ਕਦੇ ਓਹ ਕਰ ਸੌ ਟੁਕੜੇ ਧਰਸਾਂ ॥ ੧੪੦ ॥
ਦੇਖੋ ਯਾਰੋ ਵਿੱਚ ਪੰਜਾਬੋਂ ਹੈ ਇਨ ਖੋਜ ਮਿਟਾਇਆ।
ਫਿਰ ਭੀ ਆਇ ਗਿਰੇ ਅਸਮਾਨੋਂ ਕੈਸਾ ਕਹਰ ਕਮਾਇਆ ॥
ਦੱਸੋ ਕੋਈ ਉਪਾਵ ਇਨ੍ਹਾਂ ਦਾ ਕੱਢਾਂ ਖੋਜ ਸ਼ਤਾਬੀ।
ਜਿਸ ਤੇ ਅੱਗੇ ਨੂੰ ਨਾ ਹੋਵੇ ਜਗ ਦੇ ਵਿੱਚ ਖਰਾਬੀ ॥ ੧੪੧ ॥
ਏਹੋ ਜੇਹੇ ਕੰਮ ਬਹਾਦਰ ਕਰਦੇ ਸਿੰਘ ਹਠੀਲੇ।
ਦੇਖ ਜਿਨ੍ਹਾਂ ਦੀ ਸੂਰਮਤਾਈ ਤੁਰਕ ਕਰਨ ਮੁਖ ਪੀਲੇ ॥
ਇੱਕ ੨ ਸਿੰਘ ਹਜ਼ਾਰਾਂ ਨਾਲੋਂ ਹੱਥੇ ਬਹੁ ਸਮਰੱਥਾ।
ਕੌਣ ਅਗੇਰੇ ਅਟਕੇ ਤਿਨ ਦੇ ਜਿੱਥੇ ਹੁੰਦਾ ਜੱਥਾ ॥ ੧੪੨ ॥
ਗੁਰ ਦੇ ਉੱਪਰ ਤਨ ਮਨ ਧਨ ਜਿਨ ਇੱਕੋ ਵੇਰੀ ਵਾਰੇ।
ਇੱਕ ਪਲ ਅੰਦਰ ਭੀ ਤਿਨ ਨਾ ਸੀ ਗੁਰ ਕੇ ਬਦਨ ਵਿਸਾਰੇ ॥
ਜਾਨਾਂ ਉੱਪਰ ਖੇਲਨ ਬਾਜ਼ੀ ਸੀਸ ਤਲੀ ਪਰ ਧਰਕੇ।
ਰਹੇ ਜੀਵੰਦੇ ਸਦਾ ਜਗਤ ਵਿੱਚ ਸਿਆਂ ਵਰ੍ਹਿਆਂ ਮਰਕੇ ॥ ੧੪੩ ॥
ਹਰਿ ਮੰਦਰ ਦੇ ਅੰਦਰ ਨਾ ਸੀ ਗਈ ਕੁਰੀਤ ਸਹਾਰੀ।
ਅੱਜ ਤੀਕ ਸਭ ਯਾਦ ਕਰਨ ਮਿਲ ਉਸਦੀ ਹਿੰਮਤ ਭਾਰੀ ॥
ਧੰਨ ਮਾਤ ਅਰ ਧੰਨ ਪਿਤਾ ਤਿਸ ਜਿਨ ਇਹ ਸਾਕਾ ਕੀਤਾ।
ਲੋਕ ਪਰਲੋਕ ਵਿਖੇ ਉਸ ਜੋਧੇ ਹੈ ਉੱਜਲ ਜਸ ਲੀਤਾ ॥ ੧੪੪ ॥
ਜਿਤਨਾ ਚਿਰ ਅਸਮਾਨ ਧਰਤ ਮਹਿ ਵਸਦੇ ਰਹਨ ਪ੍ਰਾਣੀ।
ਉਤਨਾ ਚਿਰ ਇਹ ਦੂਰ ਨ ਹੋਊ ਸਿੰਘ ਮਤਾਬ ਕਹਾਣੀ ॥
ਕਿਉਂ ਨਾ ਉਸਦੇ ਉੱਪਰ ਜਾਈਏ ਅਸੀਂ ਸਦਾ ਬਲਹਾਰੇ।
ਜਿਸ ਨੇ ਕਾਇਮ ਰੱਖੇ ਬਲ ਸੇ ਉੱਤਮ ਦਾਨ ਗੁਰ ਦੁਆਰੇ ॥੧੪੫॥
ਜਣੇ ਕਣੇ ਦਾ ਕੰਮ ਨਹੀਂ ਹੈ ਐਸੀ ਸੂਰਮਤਾਈ।

ਕਰ ਬਲ ਲਏ ਛੁਡਾਇ ਆਪਨੇ ਸਤਿਗੁਰ ਦੀ ਨਿਧ ਭਾਈ ॥
ਅਪਨੇ ਜੀਵਨ ਦੀ ਨਾ ਕੀਤੀ ਰੱਤੀ ਭੀ ਪਰਵਾਹੇ।
ਪਰ ਅਪਨੇ ਹਰਮੰਦਰ ਪਿੱਛੇ ਕਿਤਨਿਆਂ ਆਪੂ ਲਾਹੇ ॥ ੧੪੬ ॥
ਅੱਜ ਕਲ ਦੇ ਸਿੰਘ ਸਦਾਉਨ ਨਿਰੇ ਗਪੌੜੂ ਭਾਰੇ।
ਹੱਥੋਂ ਕੰਮ ਨ ਸਰਦਾ ਕੋਈ ਗੱਪਾਂ ਮਾਰਨ ਹਾਰੇ ॥
ਵਡਿਆਂ ਦੇ ਲੈ ਨਾਮ ਜਗੀਰਾਂ ਅਰ ਦੌਲਤ ਮਨ ਭਾਈ।
ਕੰਜਰ ਕੁਤਿਆਂ ਡੂੰਮਾਂ ਪਿੱਛੇ ਤੂੜੀ ਵਾਂਗ ਉਡਾਈ ॥ ੧੪੭ ॥
ਕੱਛਾਂ ਕੜੇ ਕਰਦ ਤੇ ਕੀੜਾ ਮਨ ਤੇ ਚਾਇ ਕਨਾਰਾ।
ਚੁਰਟ ਪਯਾਲਾ ਤੰਬਾ ਧੋਤੀ ਅਪਨੇ ਤਨ ਪਰ ਧਾਰਾ ॥
ਕੁੱਠਾ ਖਾਂਦੇ ਸ਼ਰਮ ਨ ਕਰਦੇ ਡਰਦੇ ਗੁਰ ਤੇ ਨਾਹੀਂ।
ਲੋਕ ਪਰਲੋਕ ਗੁਵਾਇ ਆਪਨਾ ਟੱਬਰ ਰੋਂਦਾ ਧਾਹੀਂ ॥ ੧੪੮ ॥
ਨਾਮ ਸਿੰਘ ਹਨ ਅਜੇ ਤੀਕ ਪਰ ਸਿਰ ਸਮ ਟਿੰਡ ਬਨਾਏ।
ਨੂਰੇ ਗਾਮੇਂ ਨੂਪ ਬਨਾਕੇ ਫਿਰ ਸਰਦਾਰ ਕਹਾਏ ॥
ਬਾਪ ਜਿਨ੍ਹਾਂ ਦੇ ਸੈਨ ਬਹਾਦਰ ਧਨੀ ਤੇਗ ਦੇ ਭਾਰੇ।
ਪੁੱਤ ਉਨ੍ਹਾਂ ਦੇ ਟੁਕੜ ਗਦਾਈ ਫਿਰਦੇ ਕਰਮਾਂ ਮਾਰੇ ॥ ੧੪੯ ॥
ਅਪਨਾ ਧਾਮ ਉਜਾੜ ਜਿਨ੍ਹਾਂ ਨੇ ਕੰਜਰ ਡੂੰਮ ਵਸਾਏ।
ਕਈ ਕਲਾਲ ਖਾਨਿਆਂ ਤਾਈਂ ਚੰਗੇ ਟਕੇ ਖਟਾਏ ॥
ਖਾਨਦਾਨ ਦੀ ਸ਼ਰਮ ਨ ਕੋਈ ਧਰਮ ਨ ਜ਼ਰਾ ਬਚਾਵਨ।
ਪੀਨ ਸ਼ਰਾਬਾਂ ਖਾਨ ਕੁਬਾਬਾਂ ਬੇਇੱਜ਼ਤ ਮਰ ਜਾਵਨ॥ ੧੫੦ ॥
ਕਰ ਕਰ ਜੰਗ ਜਿਨ੍ਹਾਂ ਨੇ ਭਾਰੇ ਤੁਰਕਾਂ ਕਿਲੇ ਛੁਡਾਏ।
ਸੋ ਫਿਰ ਜੰਮ ਉਲਾਦ ਉਨ੍ਹਾਂ ਦੀ ਹੱਥੋਂ ਚਾਇ ਗੁਵਾਏ ॥
ਨਾਲ ਤੇਗ ਅਰ ਅਦਲ ਜਿਨ੍ਹਾਂ ਨੇ ਭਰੇ ਖਜ਼ਾਨੇ ਭਾਰੇ।

ਕਾਇਰ ਅਤੇ ਵਿਖਈ ਉਲਾਦਾਂ ਖਾਲੀ ਕੀਤੇ ਸਾਰੇ ॥ ੧੫੧ ॥
ਬਾਪ ਜਿਨ੍ਹਾਂ ਦੇ ਜਗ ਦੇ ਅੰਦਰ ਸਭ ਤੋਂ ਆਦਰ ਪਾਉਨ ।
ਪੁੱਤ ਉਨ੍ਹਾਂ ਦੇ ਦਰ ਦਰ ਧੱਕੇ ਖਾਂਦੇ ਨਜ਼ਰੀ ਆਉਨ ॥
ਫੇਰ ਜਿਨ੍ਹਾਂ ਦੇ ਵੱਡਿਆਂ ਨੇ ਸੀ ਇੱਜ਼ਤ ਡਾਢੀ ਪਾਈ ।
ਹੋਇ ਬਿਇੱਜ਼ਤ ਪੁੱਤ ਉਨ੍ਹਾਂ ਦੇ ਫਿਰਦੇ ਸ਼ਰਮ ਗੁਵਾਈ ॥ ੧੫੨ ॥
ਇਸ ਪੰਜਾਬ ਦੇਸ ਵਿੱਚ ਜਿਨ ਨੇ ਦੇਗ ਤੇਗ ਸੀ ਮਾਰੀ ।
ਪੁੱਤ ਉਨ੍ਹਾਂ ਦੇ ਫਿਰਨ ਅੱਜ ਤਨ ਨੰਗੇ ਹੋਇ ਭਿਖਾਰੀ ॥
ਸਾਰੇ ਮੈਨ ਦੁਆਬੇ ਦੇ ਵਿੱਚ ਉਚੇ ਕਿਲ੍ਹੇ ਦਿਸਾਵਨ ।
ਕਈ ਹਜ਼ਾਰਾਂ ਨਾਲ ਜਿਨ੍ਹਾਂ ਦੇ ਬੈਠੇ ਭੋਜਨ ਖਾਉਨ ॥ ੧੫੩ ॥
ਓਨ੍ਹਾਂ ਦੀ ਸੰਤਾਨ ਦਿਸਾਵੇ ਨੰਗੀ ਭੁੱਖੀ ਮਰਦੀ ।
ਸੁਥਰਿਆਂ ਵਾਂਗ ਬਜਾਉਨ ਡੰਡੇ ਬੇਚ ਜਗੀਰਾਂ ਘਰਦੀ ॥
ਅਪਨੇ ਘਰ ਦਾ ਅਪਨੇ ਹੱਥੀਂ ਨਹਿ ਪ੍ਰਬੰਧ ਦਿਖਾਉਨ ।
ਹੋਇ ਨਲਾਇਕ ਹੋਰ ਮੁੰਤਜ਼ਿਮ ਅਪਨਾ ਚੁੱਕ ਬਨਾਉਨ ॥ ੧੫੪ ॥
ਹੱਥ ਚੁਕਮਾਂ ਟੁਕੜਾ ਮਿਲਦਾ ਖਾਂਦੇ ਹੋਕਰ ਰਾਜ਼ੀ ।
ਦੇਖੋ ਜੂਏ ਅੰਦਰ ਹਾਰੇ ਕੈਸੀ ਅਪਨੀ ਬਾਜ਼ੀ ॥
ਜਿਸ ਪਰ ਮੈਂ ਹੁਣ ਬਿਨਤੀ ਕਰਦਾ ਸੁਨੋ ਤੁਸੀਂ ਮਨ ਲਾਕੇ ।
ਜੇਕਰ ਹੋਸ਼ ਨ ਕੀਤੀ ਤੁਸਸਾਂ ਜਾਓਗੇ ਪਛਤਾਕੇ ॥ ੧੫੫ ॥
ਬਹੁਤ ਖੁਆਰੀ ਦੇਖ ਚੁਕੇ ਹੋ ਅਰ ਬੇਸ਼ਰਮੀ ਭਾਰੀ ।
ਪਰ ਹੁਣ ਅਪਨਾ ਆਪ ਸੰਭਾਲੋ ਰੱਖ ਲਵੋ ਸਰਦਾਰੀ ॥
ਡੁੱਲ੍ਹੇ ਬੇਰਾਂ ਦਾ ਹੁਣ ਤਾਈਂ ਬਿਗੜਿਆ ਕੁਝ ਨ ਪਿਆਰੇ ।
ਅਜੇ ਤੀਕ ਭੀ ਪਾਸ ਤੁਸਾਂ ਦੇ ਹੈਂ ਚੰਗੇ ਰੁਜ਼ਗਾਰੇ ॥ ੧੫੬ ॥
ਜਿਸ ਨੂੰ ਨਾਲ ਅਕਲ ਦੇ ਵਰਤੋ ਅਰ ਰੁਜ਼ਗਾਰ ਵਧਾਓ ।

ਖੁੱਸੀ ਜੋ ਦਰਬਾਰੀ ਕੁਰਸੀ ਸੋਈ ਮੁੜਕੇ ਪਾਓ ॥
ਨਾਮ ਤੁਹਾਡੇ ਵਡਿਆਂ ਦੇ ਹਨ ਵਿੱਚ ਤਰੀਖ ਚੰਗੇਰੇ।
ਨਾਲ ਉਨ੍ਹਾਂ ਦੇ ਤੁਸੀਂ ਰਹੋ ਨਿਤ ਕਰਦੇ ਕੰਮ ਚੰਗੇਰੇ ॥ ੧੫੭ ॥
ਅਪਨੇ ਪੁੱਤ੍ਰ ਪੋਤਿਆਂ ਤਾਈਂ ਧਰਮ ਕਰਮ ਮਹਿ ਲਾਓ।
ਊਚ ਵਿੱਦਯਾ ਦੇਕਰ ਤਿਨ ਕੋ ਉਹੁਦੇ ਊਚ ਦੁਵਾਓ ॥
ਕਰਨ ਹਕੂਮਤ ਨਾਲ ਅਦਲ ਦੇ ਅਰ ਯਸ ਜਗ ਮਹਿ ਪਾਉਨ।
ਖਾਨ ਦਾਨ ਦੀ ਇੱਜ਼ਤ ਤਾਈਂ ਦਸ ਗੁਨ ਚਾਇ ਵਧਾਉਨ ॥੧੫੮॥
ਖਾਨੇ ਦੇਖ ਅਬਾਦ ਤੁਸਾਂ ਦੇ ਮਿੱਤ੍ਰ ਮਨ ਖੁਸ਼ ਹੋਵਨ।
ਬੁਰਾ ਚਿਤਵਨੇ ਹਾਰ ਦੁਵੈਖੀ ਅੰਦਰ ਬਹਕੇ ਰੋਵਨ ॥
ਤੁਮਰੀ ਇੱਜ਼ਤ ਦੌਲਤ ਤਾਕਤ ਲਾਭ ਪੰਥ ਨੂੰ ਦੇਊ।
ਸਿੱਖ ਪੰਜਾਬੀ ਢੱਗੇ ਹੁੰਦੇ ਇਹ ਮੇਹਣਾ ਹਰ ਲੇਊ ॥ ੧੫੯ ॥
ਹੇ ਦਸਮੇਂ ਗੁਰ ਕਿਰਪਾ ਕਰ ਤੂੰ ਇਹ ਸਰਦਾਰ ਘ੍ਰਾਣੇ।
ਰਹਨ ਅੱਟਲ ਧਰਮ ਦੇ ਉਤੇ ਹੋਕੇ ਵਡੇ ਸਿਆਣੇ ॥
ਧਰਮ ਕਰਮ ਅਰ ਸੂਰਮਤਾਈ ਦਿਨ ਦਿਨ ਹੋਇ ਸਵਾਈ।
ਦਿੱਤ ਹਰੀ ਦੀ ਏਹੁ ਅਸੀਸਾਂ ਸੁਨੀਏ ਹੇ ਜਗਰਾਈ ॥ ੧੬੦ ॥

ਇਤੀ

ਧੰਨਯ ਧੰਨਯ ਉਹ ਪੁਰਖ ਸੇ ਗਏ ਧਰਮ ਜਗ ਪਾਲ ।
ਪ੍ਰਾਨ ਦਏ ਹਠ ਨਾ ਦਏ ਗੁਰ ਦੇ ਸ਼ਬਦ ਸਮਾਲ ॥

# ਸਿੱਖ ਬੱਚੇ ਦੀ ਸੱਚੀ ਸ਼ਹੀਦੀ

# ਸਿੱਖ ਬੱਚੇ ਦੀ ਸ਼ਹੀਦੀ

### ਦੋਹਿਰਾ

ਜਦ ਇਸ ਦੇਸ ਪੰਜਾਬ ਵਿੱਚ ਸਨ ਸਿੰਘ ਵਡੇ ਬਲ ਕਰਦੇ।
ਕਈ ਸੈਆਂ ਨੂੰ ਮਾਰ ਜੰਗ ਵਿੱਚ ਹੋ ਸਨਮੁਖ ਸਨ ਮਰਦੇ ॥
ਓਟ ਗੁਰੂ ਦੀ ਮਨ ਵਿੱਚ ਰੱਖਨ ਜੀਵਨ ਆਸ ਤਜਾਈ।
ਸ਼ਾਹੀ ਜ਼ੁਲਮ ਅੰਧੇਰੀ ਭਾਈਂ ਚਾਹੁਨ ਆਪ ਹਟਾਈ ॥ ੧ ॥
ਦੇਖ ਦੇਖ ਕਰ ਬਲ ਸਿੰਘਾਂ ਦੇ ਅਤੇ ਧਰਮ ਪਰ ਪੱਕੇ।
ਆਪਸ ਅੰਦਰ ਬਨੇ ਦੇਖਦੇ ਸਭ ਨੂੰ ਭਾਈ ਸੱਕੇ ॥
ਜਗ੍ਹਾ ਜਗ੍ਹਾ ਪਰ ਅੰਮ੍ਰਿਤ ਦਾ ਤਦ ਚਰਚਾ ਹੋਇਆ ਭਾਰੀ।
ਕਈ ਹਜ਼ਾਰਾਂ ਸਿੰਘ ਸਿੰਘਨੀ ਸਜਦੇ ਪੁਰਖਾ ਨਾਰੀ ॥ ੨॥
ਜਦ ਇਹ ਜ਼ੋਰ ਪਕੜ ਦੇ ਦੇਖੇ ਹਿੰਦੂ ਮੁਸਲਮਾਨਾਂ।
ਦੁਖੀ ਹੋਇ ਤਦ ਸਭ ਨੇ ਕੀਤਾ ਮਨ ਵਿੱਚ ਏਹ ਬਹਾਨਾ ॥
ਕਿਸੇ ਤਰ੍ਹਾਂ ਇਹ ਮਜ਼ਹਬ ਤੀਸਰਾ ਫੈਲ ਨ ਜਗ ਵਿੱਚ ਜਾਏ।
ਜੋ ਹੋਕੇ ਇੱਕ ਜੱਥਾ ਭਾਰੀ ਸਾਨੂੰ ਹੀ ਖਾ ਜਾਏ ॥ ੩ ॥
ਤਾਂਤੇ ਇਸ ਦਾ ਖੋਜ ਮਟਾਨਾ ਚਾਹੀਏ ਕਿਸੇ ਬਹਾਨੇ।
ਜੇ ਕੁਛ ਕਾਲ ਰਿਹਾ ਏ ਵਧਦਾ ਤਾਂ ਨਾ ਅਸਾਂ ਟਕਾਨੇ ॥

ਜਿਸ ਪਰ ਫ਼ਰਰੁੱਖ ਸੀਅਰ ਆਗੇ ਜਾਕਰ ਹਾਲ ਸੁਨਾਇਆ।
ਕਿਆ ਤੂੰ ਸੁਤਾ ਨੀਂਦ ਬਾਦਸ਼ਾਹਿ ਤੈਨੂੰ ਨਜ਼ਰ ਨਾ ਆਇਆ ॥ ੪ ॥
ਤੇਰਾ ਦੁਸ਼ਮਨ ਪੰਥ ਖਾਲਸਾ ਜਗ ਵਿੱਚ ਪ੍ਰਗਟ ਹੋਇਆ।
ਦੇਖ ਜਿਨ੍ਹਾਂ ਨੇ ਪਹਿਲੇ ਕੀ ਕੀ ਨਾ ਸੁਖ ਸ਼ਾਹੀ ਖੋਇਆ ॥
ਤਾਂਤੇ ਸਾਵਧਾਨ ਹੋ ਕਰੀਏ ਇਨ ਕਾ ਕੋਈ ਚਾਰਾ।
ਨਹੀਂ ਪੰਜਾਬ ਤੁੱਧ ਦੇ ਹੱਥੋਂ ਖੋਸ ਲੈਨ ਇਹ ਸਾਰਾ ॥ ੫ ॥
ਜਮਦਾ ਰੁੱਖ ਨਾਲ ਇੱਕ ਤੀਲੇ ਐਵੇਂ ਪੱਟ ਵਗਾਈਏ।
ਜੇ ਵਧ ਜਾਇ ਕੁਹਾੜੇ ਲੈਕੇ ਮੁਸ਼ਕਲ ਮੂਲ ਗਵਾਈਏ ॥
ਤਾਂਤੇ ਰਾਜ ਨੀਤ ਦੀ ਬਾਤਾਂ ਜ਼ਰਾ ਆਪ ਹੀ ਸੋਚੋ।
ਕੋਈ ਦਿਨ ਜੇ ਸੁਖ ਸੋ ਜਗ ਪਰ ਰਾਜ ਕਰਨ ਮਨ ਲੋਚੋ ॥ ੬ ॥
ਇਤਨਾ ਸੁਨਕੇ ਬਾਦਸ਼ਾਹਿ ਦੇ ਤਮਕ ਲਗੀ ਮਨ ਭਾਰੀ।
ਸੁੱਤੇ ਸ਼ੇਰ ਵਾਂਗ ਉਠ ਬੈਠਾ ਲੱਗਾ ਕਰਨ ਤਿਆਰੀ ॥
ਦਿੱਤਾ ਹੁਕਮ ਬੁਲਾਕੇ ਉਸ ਨੇ ਅਪਨੇ ਮੀਰ ਵਜ਼ੀਰਾਂ।
ਸਿੰਘ ਪੰਥ ਦਾ ਇੱਕ ਇੱਕ ਫੜਕੇ ਨਾਲ ਮੁਕਾਓ ਤੀਰਾਂ ॥ ੭ ॥
ਧਰਤੀ ਉੱਤੋਂ ਖੋਜ ਉਨ੍ਹਾਂ ਦਾ ਇੱਕ ਵੇਰ ਮਿਟ ਜਾਏ।
ਦੇਖਨ ਨੂੰ ਭੀ ਸਿੱਖ ਨਾਮ ਦਾ ਕੋਈ ਰਹਿਨ ਨ ਪਾਏ ॥
ਜਿੱਥੇ ੨ ਨਗਰ ਉਨ੍ਹਾਂ ਦੇ ਅਰ ਜੋ ਹੋਨ ਟਕਾਨੇ।
ਢੂੰਢ ਭਾਲਕੇ ਪਕੜ ਲਵੋ ਨਾ ਪਾਵਨ ਓਥੋਂ ਜਾਨੇ ॥ ੮ ॥
ਇਤਨਾ ਸੁਨਕੇ ਹੁਕਮ ਸ਼ਾਹ ਦਾ ਚੜ੍ਹ ਪਏ ਤੁਰਕ ਅਪਾਰੇ।
ਸਾਜ਼ ਸਾਜ ਕੇ ਦਲ ਵਡ ਭਾਰੇ ਪਹਰ ਸੰਜੋ ਹਥਯਾਰੇ।
ਇੱਕ ਇੱਕ ਹਾਕਮ ਦੇ ਸੰਗੇ ਭਏ ਹਜ਼ਾਰਾਂ ਜੱਥੇ।
ਲੌਹੂ ਨੈਨ ਭਰੇ ਸਨ ਸਭ ਦੇ ਖੂਨ ਟਪਕਦਾ ਮੱਥੇ ॥ ੯ ॥

ਮਨ ਵਿੱਚ ਸਭਨਾਂ ਠਾਨ ਲਈ ਇਹ ਇੱਕ ਵੇਰ ਫੜ ਮਾਰੋ।
ਛੱਡੋ ਮੂਲ ਨਿਸ਼ਾਨ ਨ ਇਨ ਕਾ ਚੁਨ ਚੁਨ ਪਕੜ ਉਖਾਰੋ॥
ਔਰ ਉਨ੍ਹਾਂ ਨੂੰ ਫੜੇ ਪਾਇ ਕਰ ਲਏਂ ਅਨਾਮ ਸਵਾਇਆ।
ਉਹ ਯਸ਼ ਸਾਡੇ ਹਿੱਸੇ ਆਵੇ ਜੋ ਨਾ ਕਿਨ ਹੂੰ ਪਾਇਆ॥ ੧੦॥
ਚਾਰੇ ਪਾਸੇ ਏਸ ਦੇਸ ਦੇ ਚੜ੍ਹੀ ਫੌਜ ਕਰ ਧਾਈ।
ਟਿੱਡੀ ਦਲ ਸਮ ਧਰਤੀ ਉੱਪਰ ਚਾਰ ਚੁਫੇਰੇ ਛਾਈ॥
ਤੋਪ ਬੰਦੂਕ ਬਰਛੀਆਂ ਤੇਗਾਂ ਅਰ ਪੁਨ ਤੀਰ ਕਟਾਰੇ।
ਪਹਰ ਬਹਾਦਰ ਚੜ੍ਹੇ ਰੁਹੇਲੇ ਕੰਬੇ ਪਰਬਤ ਭਾਰੇ॥ ੧੧॥
ਜਗ੍ਹਾ ਜਗ੍ਹਾ ਪਰ ਡੌਂਡੀ ਪਿੱਟੀ ਸਭ ਰਈਯਤ ਨੂੰ ਦੱਸਿਆ।
ਪਕੜ ਹਵਾਲੇ ਕਰੋ ਅਸਾਂ ਦੇ ਮਿਲੇ ਸਿੱਖ ਜੋ ਨੱਸਿਆ॥
ਘਰ ਅਰ ਬਾਹਰ ਹੋ ਜਿਸ ਜਾਗਾ ਯਾ ਤੁਰਦਾ ਤੇ ਫਿਰਦਾ।
ਪਕੜ ਲਿਆਵੋ ਪਾਸ ਅਸਾਡੇ ਘੇਰੋ ਇਰਦਾ ਗਿਰ ਦਾ॥ ੧੨॥
ਹੁਕਮ ਬਾਦਸ਼ਹ ਦਾ ਹੈ ਐਸਾ ਕਰੋ ਡਰੋ ਨਹਿ ਰਾਈ।
ਮੂਲ ਮੁਕਾਵਨ ਕਾਰਨ ਸਿੰਘਾਂ ਹਜ਼ਰਤ ਹੈ ਫਰਮਾਈ॥
ਫਰਰੁੱਖਸੀ-ਅਰ ਸ਼ਾਹੀ ਜੋ ਹੈ ਆਇਆ ਏਹ ਜ਼ਮਾਨਾ।
ਏਸ ਸਮੇਂ ਇਨ ਕਾ ਇਸ ਜਗ ਮਹਿ ਰਹਸੀ ਕਹਾਂ ਟਿਕਾਨਾ॥੧੩॥
ਜੋ ਇਸ ਕੰਮ ਵਿੱਚ ਅਸਾਂ ਨੂੰ ਦੇਵੇ ਮੱਦਦ ਸਾਰੀ।
ਤਦ ਉਸ ਤਾਈਂ ਖਿਲਤ ਬੁਲਾਕੇ ਬਾਦਸ਼ਾਹ ਦੇ ਭਾਰੀ॥
ਹੋਰ ਅਨਾਮ ਮਿਲਨਗੇ ਭਾਰੇ ਜੋ ਆ ਹੱਥ ਦਿਖਾਊ।
ਮਾਰੇ ਯਾ ਜ਼ਿੰਦੇ ਨੂੰ ਫੜਕੇ ਪਾਸ ਅਸਾਡੇ ਲਿਆਊ॥ ੧੪॥
ਸੁਨਕੇ ਹੁਕਮ ਪਾਤਸ਼ਾਹ ਕੇਰਾ ਅਰ ਮਨ ਲੋਭ ਸਤਾਏ।
ਕਿਤਨੇ ਹਿੰਦੂ ਮੁਸਲਮਾਨ ਮਿਲ ਢੂੰਡਨ ਨੂੰ ਉਠ ਧਾਏ॥

ਵਿੱਚ ਉਜਾੜਾਂ ਫਿਰਨ ਭਾਲਦੇ ਜਿਵੇਂ ਸ਼ਿਕਾਰ ਸ਼ਿਕਾਰੀ।
ਆਖਨ ਰੋਜ਼ੀ ਇਨਕੇ ਬਦਲੇ ਖੋਲ੍ਹੀ ਰੱਬ ਹਮਾਰੀ॥ ੧੫॥
ਇਧਰ ਸਿੰਘਾਂ ਖਬਰ ਪਾਇਕੇ ਹੱਥ ਜਾਨ ਤੇ ਧੋਤੇ।
ਲੈਕੇ ਬਾਲ ਬੱਚੇ ਸਭ ਅਪਨੇ ਜੂਹੋਂ ਉੱਠ ਖਲੋਤੇ।
ਜਿੱਥੋਂ ਤੀਕਰ ਸਾਂਭ ਸਕੇ ਉਹ ਅਪਨਾ ਡੰਡਾ ਡੇਰਾ।
ਉਤਨਾ ਲੈਕੇ ਨੱਸ ਗਏ ਨਾ ਮੁੜਕੇ ਪਾਇਆ ਫੇਰਾ॥ ੧੬॥
ਛੋਟੇ ਛੋਟੇ ਬਾਲ ਇਆਣੇ ਅਰ ਨਾਰਾਂ ਜੋ ਸੰਗੇ।
ਬੁੱਢੇ ਮਾਇ ਬਾਪ ਭੀ ਲੀਤੇ ਮਰਦੇ ਭੁੱਖੇ ਨੰਗੇ॥
ਨਗਰੀ ਦੇਖਦਿਆਂ ਡਰ ਜਾਂਦੇ ਮਤ ਕੋਈ ਫੜ ਲੇਵੇ।
ਪਾਣੀ ਭੀ ਪੀਵਨ ਦੇ ਕਾਰਨ ਓਸ ਸਮੇਂ ਨਾ ਦੇਵੇ॥ ੧੭॥
ਝਾੜੋ ਝਾੜ ਹੋਇ ਗਿਆ ਵੈਰੀ ਸਭ ਮਾਰਨ ਨੂੰ ਧਾਏ।
ਇੱਕ ਅਕਾਲ ਗੁਰੂ ਤੇ ਬਾਝੋਂ ਕੋਇ ਨ ਜਾਨ ਬਚਾਏ॥
ਖਾਨ ਦਰਖਤਾਂ ਦੇ ਚੁਨ ਪੱਤੇ ਕੱਚੇ ਹੀ ਫਲ ਤੋੜੇਂ।
ਪੀਂਝੂ ਬੇਰ ਸੰਘਰਾ ਖਾਕੇ ਗੁਰ ਅੱਗੇ ਕਰ ਜੋੜੇਂ॥ ੧੮॥
ਸੰਗੀ ਸਾਥੀ ਸਭ ਹੀ ਛਿਪ ਗਏ ਅਪਨੀ ਅਪਨੀ ਹੋਈ।
ਦੂਜੇ ਦੀ ਰੱਖਯਾ ਦੇ ਕਾਰਨ ਯਤਨ ਨ ਕਰਦਾ ਕੋਈ॥
ਜੰਗਲ ਦੇ ਵਿੱਚ ਦਿਨ ਨੂੰ ਰਹਿਕੇ ਕੱਟਨ ਵਕਤ ਵਿਚਾਰੇ।
ਰਾਤ ਪਈ ਤੁਰ ਅੱਗੇ ਜਾਂਦੇ ਸਿਰ ਪਰ ਦੁੱਖ ਸਹਾਰੇ॥ ੧੯॥
ਇਸੇ ਤਰ੍ਹਾਂ ਲੁਕ ਛਪ ਕਰ ਕਿਤਨੇ ਪਹੁੰਚੇ ਨਦੀ ਕਨਾਰੇ।
ਜੰਗਲ ਵਿੱਚ ਬਨਾਕੇ ਟੋਏ ਅਪਨੇ ਦਿਵਸ ਗੁਜ਼ਾਰੇ॥
ਕਿਤਨੇ ਵਿੱਚ ਪਹਾੜਾਂ ਪਹੁੰਚੇ ਧਸੇ ਕੰਦਰਾਂ ਮਾਹੀਂ।
ਸ਼ੇਰਾਂ ਵਾਂਗ ਪਏ ਜਾ ਓਥੇ ਕੋ ਤਿਨ ਜਾਨੇ ਨਾਹੀਂ॥ ੨੦॥

ਇਸੇ ਤਰ੍ਹਾਂ ਜਦ ਸਿੰਘਾਂ ਉਪਰ ਆਇ ਪਏ ਦਿਨ ਔਖੇ।
ਨੱਸ ਗਏ ਸਭ ਜਾਨਾਂ ਲੈਕੇ ਅਪਨੀ ਔਖੇ ਸੌਖੇ॥
ਅਰ ਫਿਰ ਕਈ ਹਜ਼ਾਰਾਂ ਜੋ ਸਨ ਹੱਥ ਤੁਰਕਾਂ ਦੇ ਆਏ।
ਪਕੜ ੨ ਕਰ ਜ਼ਿੰਦੇ ਤਿਨ ਨੇ ਹਾਕਮ ਪਾਸ ਪੁਚਾਏ॥ ੨੧॥
ਕਈ ਮਰੇ ਵਿੱਚ ਯੁੱਧ ਕ੍ਰੁੱਧ ਦੇ ਹਾਥ ਜਾਨ ਤੇ ਧੋਕੇ।
ਚੰਗੇ ਹੱਥ ਦਖਾਏ ਤਿਨੱ ਨੇ ਤੁਰਕਾਂ ਸਨਮੁਖ ਹੋਕੇ॥
ਗਏ ਬਜਾਏ ਨਸ਼ਾਨ ਸ੍ਵਰਗ ਨੂੰ ਸਭ ਕਲੰਕ ਧਰ ਡਾਰੇ।
ਕੀਤੇ ਪਰਨ ਜਿਨ੍ਹਾਂ ਨੇ ਅਪਨੇ ਰੰਚਕ ਨਾਹਿ ਵਿਸਾਰੇ॥ ੨੨॥
ਕਿਤਨੇ ਫੜਕਰ ਕਤਲ ਕਰੇ ਸਨ ਤੁਰਕਾਂ ਨੇ ਉਸ ਵੇਲੇ।
ਚਾੜ੍ਹ ਚਰਖੀਆਂ ਸੀਸ ਉਤਾਰੇ ਜਿਉਂ ਚੱਕਰ ਤੇ ਕੇਲੇ॥
ਫਿਰ ਕਿਤਨਿਆਂ ਲੈ ਬੰਨ੍ਹ ਕੈਦ ਮਹਿ ਗਏ ਬਾਦਸ਼ਾਹ ਅੱਗੇ।
ਜਾਕੇ ਦਿਖਰਾਏ ਤਿਸ ਤਾਂਈਂ ਲਿਆਂਦੇ ਕਿਹਰ ਵੱਗੇ॥ ੨੩॥
ਦੇਖ ਬਾਦਸ਼ਾਹ ਸਭ ਨੂੰ ਕਹਿੰਦਾ ਇਹ ਹਨ ਆਫਤ ਭਾਰੀ।
ਲੈ ਜਾਵੋ ਇਨ ਬੰਦਸਾਲ ਮੈਂ ਦੇਹੁ ਨਸੀਹਤ ਕਾਰੀ।
ਜੇਕਰ ਕਰਨ ਕਬੂਲ ਦੀਨ ਤਾਂ ਬਖਸ਼ੋ ਕਲਮਾਂ ਦੇਕੇ।
ਛੱਡ ਦਏਂਗੇ ਉਸ ਹੀ ਵੇਲੇ ਕਸਮ ਇਨ੍ਹਾਂ ਤੋਂ ਲੇਕੇ॥ ੨੪॥
ਜੇ ਨ ਮੰਨਨ ਏਹੁ ਆਖਿਆ ਤਾਂ ਪਗ ਸੰਗਲ ਪਾਓ॥
ਬੈਲਾਂ ਵਾਂਗਰ ਇਨ ਕੇ ਤਾਈਂ ਖਾਣੇ ਨੂੰ ਭੁਸ ਪਾਓ॥
ਕਰੋ ਹਾਲ ਇਨ ਕਾ ਤਬ ਐਸਾ ਲੈਕੇ ਹੁਕਮ ਸ਼ਤਾਬੀ।
ਮਿਲਸੀ ਬਦਲਾ ਜਿਸ ਸੇ ਪੂਰਾ ਕੀਤੀ ਇਨੋਂ ਖਰਾਬੀ॥ ੨੫॥
ਜਿਸ ਪਰ ਹੁਕਮ ਸੁਨਦਿਆਂ ਸਾਰੇ ਵਿੱਚ ਕੈਦ ਦੇ ਪਾਏ
ਸਭਨਾਂ ਦੇ ਉਪਰ ਸਨ ਪਹਰੇ ਨੰਗੀ ਤੇਗਾਂ ਲਾਏ॥

ਪਰ ਉਹ ਉਸ ਪਰ ਭੀ ਮਨ ਅੰਦਰ ਰੰਚਕ ਨ ਸੀ ਡਰਦੇ।
ਨਾਮ ਗੁਰੂ ਦਾ ਲੈਸਨ ਬੈਠੇ ਬਾਨੀ ਸਿਮਰਨ ਕਰਦੇ॥ २६॥
ਤਨ.ਪਰ ਖੇਦ ਸਹਾਰਨ ਸੱਭੇ ਮਨ ਸਤਿ ਗੁਰ ਦੀ ਓਰੇ।
ਰੰਚਕ ਨਾ ਦਿਲ ਵਿੱਚ ਲਿਆਏ ਜੋ ਸਨ ਤਿਨ੍ਹਾਂ ਨਹੋਰੇ॥
ਪੈਰਾਂ ਦੇ ਵਿੱਚ ਸੰਗੁਲ ਬੇੜ੍ਹੀ ਸਨ ਗਹਿਨੇ ਤਿਨ ਮਾਨੇ।
ਨੰਗ ਭੁਖ ਨੂੰ ਰੱਜ ਕੱਜ ਉਹ ਕਰਤੇ ਵੱਲੋਂ ਜਾਨੇਂ॥ २੭॥
ਕਈ ਦਿਨਾਂ ਤਕ ਵਿੱਚ ਕੈਦ ਦੇ ਰਹੇ ਭੁਜੰਗੀ ਭੁੱਖੇ।
ਅੱਠੀ ਪਹਰੀਂ ਰੋਟੀ ਦੇ ਓਹ ਦੇਂਦਾ ਟੁਕੜੇ ਰੁੱਖੇ॥
ਨਹੀਂ ਪਿਆਸਿਆਂ ਪਾਨੀ ਮਿਲ ਦਾ ਜਿਸ ਥੀਂ ਤਪਤ ਮਟਾਉਨ।
ਵਿੱਚ ਪਿਆਸ ਜਿਨ੍ਹਾਂ ਮੁਖ ਸੁੱਕੇ ਚਿੜੀਆਂ ਜਿਉਂ ਕੁਰਲਾਉਨ॥२੮।
ਪਰ ਇਤਨੇ ਦੁਖ ਪਰ ਭੀ ਓਨ੍ਹਾਂ ਸਿਦਕ ਨ ਅਪਨੇ ਹਾਰੇ।
ਆਇ ਆਇ ਕੇ ਜਿਨ੍ਹਾਂ ਸਪਾਹੀ ਦੇਂਦੇ ਦਬਕੇ ਭਾਰੇ॥
ਆਖਨ ਕਾਹਨੂੰ ਜਾਨ ਗੁਵਾਵੋ ਆਵੋ ਦੀਨ ਮਝਾਰੀ।
ਜਿਸ ਪਰ ਬਾਦਸ਼ਾਹਿ ਨੂੰ ਕਹਿਕੇ ਬਖਸ਼ੇਂ ਜਾਨ ਤੁਮ੍ਹਾਰੀ॥ २੯॥
ਸਗਤੇ ਨਾਲ ਬਰਾਬਰ ਕੋਈ ਕਿੱਕਰ ਉੱਤਰ ਆਵੇ।
ਬੇੜਾ ਕਰ ਇਨਕਾਰ ਮੁੱਖ ਪਰ ਬੈਠਾ ਚੋਟਾਂ ਖਾਵੇ॥
ਸੱਤੀਂ ਵੀਹੀਂ ਸੌ ਸਗਤੇ ਦਾ ਸਾਰੇ ਲੋਗ ਬਤਾਉਨ।
ਜੋ ਚਾਹੇ ਸੋ ਕਰਨ ਬਾਦਸ਼ਾਹ ਤਿਨ ਕੋ ਕੌਨ ਹਟਾਉਨ॥ ३०॥
ਜਿਸ ਪਰ ਕਹਨ ਸਿੰਘ ਸੁਨ ਮੀਆਂ ਜਾਨ ਮਾਲ ਤੇ ਸਾਨੂੰ।
ਧਰਮ ਪਿਆਰਾ ਲਗੇ ਹਮਾਰਾ ਸਾਚੀ ਕਹੇਂ ਤੁਸਾਨੂੰ॥
ਜਾਨ ਗਏ ਪਤ ਮੂਲ ਨ ਜਾਂਦੀ ਧਰਮ ਗਏ ਪਤ ਹਾਰੀ।
ਤਾਂਤੇ ਤਲੀਏਂ ਸੀਸ ਟਕਾਏ ਨਾ ਹਮ ਜਾਨ ਪਿਆਰੀ॥ ३१॥

ਇਹ ਤਾਂ ਬਾਦਸ਼ਾਹ ਹੈ ਝੂਠਾ ਚਾਰ ਦਿਨਾਂ ਮਹਮਾਨੀ।
ਆਖਰ ਕੂਚ ਜਗਤ ਤੇ ਕਰਸੀ ਲੈਕੇ ਸਾਥ ਹਰਾਨੀ॥
ਪਰ ਉਹ ਬਾਦਸ਼ਾਹ ਜੋ ਸਾਡਾ ਸਦਾ ਅਟੱਲ ਰਹੇਸੀ।
ਮਾਲਕ ਦੀਨ ਦੁਨੀ ਦਾ ਭਾਰੀ ਇਸ ਸਮ ਨਾ ਪਰਦੇਸੀ॥ ੩੨॥
ਉਸ ਦੀ ਪੂਜਾ ਅਸੀਂ ਸਭੇ ਹਾਂ ਜਿਸ ਨੇ ਜਗਤ ਬਨਾਇਆ।
ਜਿਸ ਨੇ ਇਸ ਜ਼ਾਲਮ ਦੇ ਤਾਈਂ ਫੜਕੇ ਤਖਤ ਬਠਾਇਆ॥
ਫਿਰ ਇਸਤੇ ਕਿਆ ਡਰ ਹੈ ਸਾਨੂੰ ਜੇ ਸਿਰ ਪਰ ਓਹ ਸਾਡੇ।
ਓੜਕ ਜਾਇ ਅਗੇਰੇ ਹੋ ਸਨ ਸਵਾਲ ਜਵਾਬ ਅਸਾਡੇ॥ ੩੩॥
ਸਭ ਥੋਂ ਸਗਤਾ ਉਹ ਹੈ ਭਾਈ ਜਿਸ ਦੀ ਤਾਕਤ ਅੱਗੇ।
ਮੇਟਦਿਆਂ ਇਸ ਦੀ ਬਦਸ਼ਾਹੀ ਇੱਕ ਪਲ ਮੂਲ ਨ ਲੱਗੇ॥
ਉਸ ਡਾਢੇ ਦੇ ਅਸੀਂ ਦਾਸ ਹਾਂ ਜਿਸ ਨੇ ਸਭ ਨੂੰ ਕੀਤਾ।
ਬਾਦਸ਼ਾਹ ਤੇ ਕੀੜੀ ਤਾਈਂ ਅਪਨੇ ਹੀ ਕਰ ਲੀਤਾ॥ ੩੪॥
ਉਸ ਦੇ ਅੱਗੇ ਜ਼ੋਰ ਨ ਚੱਲੂ ਜੋ ਹੈ ਐਥੇ ਕਰਦਾ।
ਰੋਜ਼ ਕਿਆਮਤ ਤੇ ਇਹ ਪਾਪੀ ਕਿਉਂ ਨਾਹੀਂ ਮਨ ਡਰਦਾ॥
ਤਾਂਤੇ ਸਾਨੂੰ ਮੂਲ ਨਹੀਂ ਡਰ ਓੜਕ ਫਤਹ ਹਮਾਰੀ।
ਇਸ ਦੇ ਜ਼ੁਲਮ ਅੰਤ ਨੂੰ ਇਸ ਦੀ ਕਰਨੀ ਬਹੁਤ ਖੁਆਰੀ॥ ੩੫॥
ਜਦ ਇਹ ਬਚਨ ਖਾਲਸੇ ਕੀਤੇ ਹੋਕੇ ਬਹੁਤ ਕਰਾਰੇ।
ਬਾਦਸ਼ਾਹ ਦੇ ਪਾਸ ਜਾਇਕੇ ਨਫਰਾਂ ਚਾਇ ਪੁਕਾਰੇ॥
ਆਖੀ ਇਹ ਤਾਂ ਮੂਲ ਨ ਮੰਨਨ ਅੱਗੋਂ ਕਰਨ ਲੜਾਈ।
ਆਖਨ ਮਰਨੇ ਦੀ ਤਾਂ ਸਾਡੇ ਮਨ ਵਿੱਚ ਸੰਕ ਨ ਰਾਈ॥ ੩੬॥
ਤਾਂਤੇ ਜੋ ਹੈ ਹੁਕਮ ਹਜ਼ੂਰੀ ਪੂਰੀ ਤਰ੍ਹਾਂ ਬਤਾਓ।
ਆਪ ਆਇ ਕਰ ਸਭਨਾਂ ਤਾਈਂ ਬਹਕੇ ਤੇ ਸਮਝਾਓ॥

ਜਿਸ ਪਰ ਬਾਦਸ਼ਾਹ ਉਸ ਵੇਲੇ ਮਨ ਵਿੱਚ ਗੁੱਸਾ ਖਾਧਾ।
ਆਇਆ ਤੁਰਤ ਤਦੋਂ ਉਸ ਜਾਗਾ ਪੁੱਛਿਆ ਮੂਲ ਨ ਪਾਧਾ॥੩੭॥
ਦੇਖ ਕੈਦ ਵਿੱਚ ਬੈਠੇ ਸਾਰੇ ਸ਼ੇਰ ਵਾਂਗ ਭਬਕਾਇਆ।
ਉੱਚੇ ਬੋਲ ਤਿਨ੍ਹਾਂ ਦੇ ਤਾਈਂ ਐਸਾ ਹੁਕਮ ਸੁਨਾਇਆ॥
ਕਿਅ ਤੁਮ ਦੀਨ ਕਬੂਲਨ ਕੋਲੋਂ ਮੌਤ ਭਲੀ ਬਤਲਾਵੋ।
ਛੋਡ ਬਹਿਸ਼ਤ ਹੋਇ ਮਨ ਰਾਜ਼ੀ ਦੋਜ਼ਖ ਦੇ ਵਿੱਚ ਜਾਵੋ॥ ੩੮॥
ਪਰ ਹੁਨ ਵੇਲਾ ਓੜਕ ਦਾ ਹੈ ਜੋ ਕੁਛ ਚਾਹੋ ਲੀਜੇ।
ਕੈ ਕਬੂਲ ਕਰ ਦੀਨ ਹਮਾਰਾ ਯਾ ਸਿਰ ਹਮ ਕੋ ਦੀਜੇ॥
ਦੋਨਾਂ ਵਿੱਚੋਂ ਇੱਕ ਬਾਤ ਹੈ ਕਰਨੀ ਤੁਝੇ ਜ਼ਰੂਰੀ।
ਹੁਕਮ ਪਾਤਸ਼ਾਹ ਅਤੇ ਸ਼ਰਾ ਦਾ ਖੋ ਦੇਊ ਮਗ਼ਰੂਰੀ॥ ੩੯॥
ਜਿਸ ਪਰ ਅੱਗੋਂ ਸੱਭੇ ਬੋਲੇ ਲੈ ਸਿਰ ਤੁਰਤ ਹਮਾਰੇ।
ਗੁਰ ਪਰ ਐਸੇ ਸੀਸ ਹਜ਼ਾਰਾਂ ਅਸੀਂ ਕਰੇ ਬਲਹਾਰੇ॥
ਜਾਨਾਂ ਅਸੀਂ ਜਾਣ ਤੇ ਡਰਕੇ ਧਰਮ ਨ ਲਾਜ ਲਗਾਈਏ।
ਜਿਸ ਤੇ ਹਸ ੨ ਕੇ ਤੁਧ ਅੱਗੇ ਅਪਨੇ ਸਿਰ ਕਟਵਾਈਏ॥ ੪੦॥
ਸੁਨਕੇ ਕੋਪ ਭਯਾ ਮਨ ਉਸ ਦੇ ਦਿੱਤਾ ਹੁਕਮ ਸ਼ਤਾਬੀ।
ਏਸੇ ਵਕਤ ਕਰੋ ਫੜ ਇਨ ਕੀ ਜੈਸੀ ਬਨੇ ਖਰਾਬੀ॥
ਇੱਕ ਇੱਕ ਦਾ ਨਿੱਤ ਬਠਾਕੇ ਨਾਲ ਤੇਗ਼ ਸਿਰ ਕੱਟੋ।
ਇਨ ਕਾਫ਼ਰ ਬੇਦੀਨਾਂ ਦੀ ਚਾ ਧਰਤੀ ਥੋਂ ਜੜ੍ਹ ਪੱਟੋ॥ ੪੧॥
ਜਦ ਇਹ ਹੁਕਮ ਅੰਤ ਦਾ ਹੋਇਆ ਤਦੋਂ ਜੱਲਾਦ ਕਰਾਰੇ।
ਪਕੜ ਸਿੱਖ ਨੂੰ ਬਾਹਰ ਲਿਆਏ ਬਕਰੇ ਵਾਂਗ ਨਿਕਾਰੇ॥
ਦਿੱਤਾ ਚਾਇ ਬਠਾਇ ਧਰਾ ਪਰ ਵਾਹਿਗੁਰੂ ਮੁਖ ਕਹਿੰਦਾ।
ਜੋ ਕੁਛ ਬਨੀ ਮੁਸੀਬਤ ਉਸ ਨੂੰ ਬੈਠਾ ਸਿਰ ਪਰ ਸਹਿੰਦਾ॥ ੪੨॥

ਲੱਗਾ ਪਾਠ ਕਰਨ ਗੁਰ ਬਾਣੀ ਹੋਰ ਨ ਮੁਖੋਂ ਅਲਾਵੇ।
ਇੱਕ ਮਨ ਹੋਕੇ ਅੰਤ ਸਮੇਂ ਵਿੱਚ ਬੈਠਾ ਗੁਰੂ ਧਿਆਵੇ॥
ਇਸੀ ਤਰ੍ਹਾਂ ਉਸ ਬੈਠੇ ਦਾ ਸਿਰ ਨਾਲ ਤੇਗ਼ ਦੇ ਕੱਟਿਆ।
ਦੇਖੋ ਜ਼ੁਲਮ ਕਮਾਕੇ ਪਾਪੀ ਅਪਨਾ ਬੂਟਾ ਪੱਟਿਆ॥ ੪੩॥
ਤ੍ਰਾਹ ਤ੍ਰਾਹ ਸਭ ਜਗ ਵਿੱਚ ਹੋਈ ਗਿਰਿਆ ਧਰ ਪਰ ਸੂਰਾ।
ਮੁਖ ਦਾ ਕੌਲ ਆਪਨਾ ਜਿਸ ਨੇ ਕੀਤਾ ਡਾਢਾ ਪੂਰਾ॥
ਜਾਇ ਬਾਦਸ਼ਾਹ ਪਾਸ ਜਲਾਦਾਂ ਸਾਰਾ ਹਾਲ ਸੁਨਾਇਆ।
ਕਾਫਰ ਇੱਕ ਹਜ਼ੂਰ ਹੁਕਮ ਲੈ ਫੜਕੇ ਅਸਾਂ ਮੁਕਾਇਆ॥ ੪੪॥
ਜਿਸ ਪਰ ਫ਼ੱਰੁਖ ਸੀਅਰ ਪਾਪੀ ਜ਼ਰਾ ਨ ਮਨ ਵਿੱਚ ਡਰਿਆ।
ਸਗੋਂ ਨਾਲ ਕਹਰ ਦੇ ਗੁੱਸੇ ਸੀਨਾ ਪੱਥਰ ਕਰਿਆ॥
ਆਖੀ ਨਿੱਤ ਇੱਕ ਨੂੰ ਫੜਕੇ ਮਾਰੋ ਓਸੇ ਜਾਗਾ।
ਆਖੋ ਨਾਫੁਰਮਾਨੀ ਦਾ ਹੈ ਇਸ ਤਾਈਂ ਫਲ ਲਾਗਾ॥ ੪੫॥
ਜਿਸ ਪਰ ਇਹੋ ਜਲਾਦਾਂ ਕੀਤਾ ਨਿੱਤ ਸਵੇਰੇ ਆਉਨ।
ਲੈਕੇ ਛੁਰੇ ਕਟਾਰੇ ਕੂੰਡੇ ਜ਼ਾਲਮ ਸ਼ਕਲ ਬਨਾਉਨ॥
ਇੱਕ ਸਿੱਖ ਚਾ ਬੰਦੀ ਖਾਨਿਓਂ ਪਕੜ ਮਦਾਨ ਬਠਾਂਦੇ।
ਉਸਨੂੰ ਪਹਿਲੇ ਹੁਕਮ ਸ਼ਰ੍ਹਾ ਦੇ ਕਹਕੇ ਕੂੜ ਸੁਨਾਂਦੇ॥ ੪੬॥
ਜਦ ਉਹ ਮੰਨਨ ਤੇ ਇਨਕਾਰੀ ਹੋ ਜਾਂਦਾ ਸੀ ਸੂਰਾ।
ਤਦ ਹੀ ਨਾਲ ਗ਼ਜ਼ਬ ਦੇ ਆਵੇ ਜਿਉਂ ਹੁੰਦਾ ਰਿਛ ਭੂਰਾ॥
ਮਾਰੇ ਤੇਗ਼ ਉਡਾਏ ਸਿਰਨੂੰ ਲੋਹੂ ਚਲਨ ਪੁਹਾਰੇ।
ਮਰਦੀ ਵੇਰ ਵਾਹਿਗੁਰੂ ਬਾਝੋਂ ਹੋਰ ਨ ਸਿੰਘ ਉਚਾਰੇ॥ ੪੭॥
ਇਸੇ ਤਰ੍ਹਾਂ ਜਦ ਕਈ ਦਿਹਾੜੇ ਬੀਤ ਗਏ ਇਹ ਕਰਦੇ।
ਤੁਰਕ ਨ ਡਰਦੇ ਮਾਰਨ ਕੋਲੋਂ ਸਿੰਘ ਨ ਡਰਦੇ ਮਰਦੇ॥

ਤਦ ਇੱਕ ਭਾਣਾ ਹੋਰ ਸੁਨੋ ਜੋ ਕਿਆ ਉਸ ਵੇਲੇ ਹੋਇਆ ॥
ਉਸ ਬੱਚੇ ਨੇ ਨਾਲ ਖੁਸ਼ੀ ਦੇ ਅਪਨੇ ਤਨ ਨੂੰ ਖੋਇਆ ॥ ੪੮ ॥
ਬਾਰਾਂ ਸਾਲਾਂ ਦਾ ਇੱਕ ਬਾਲਕ ਸਿੰਘ ਭੁਜੰਗੀ ਪੂਰਾ ।
ਧਰਮ ਕਰਮ ਗੁਰਬਾਣੀ ਦੇ ਵਿੱਚ ਰੰਚਕ ਨ ਸੀ ਅਧੂਰਾ ॥
ਆਇ ਗਈ ਤਦ ਉਸ ਦੀ ਵਾਰੀ ਕਤਲ ਕਰਨ ਦੀ ਭਾਈ ।
ਕਿਸੀ ਤਰ੍ਹਾਂ ਲੋਕਾਂ ਦੇ ਕੋਲੋਂ ਸੁਨ ਬੈਠੀ ਉਸ ਮਾਈ ॥ ੪੯ ॥
ਰਾਤੋ ਰਾਤ ਗਈ ਉਸ ਜਾਗਾ ਜਿੱਥੇ ਸਿਰ ਸੀ ਲੈਣਾ ।
ਲੱਗੀ ਰੁਦਨ ਕਰਨ ਉਹ ਬਹਿਕੇ ਭਰ ੨ ਕੇਤੇ ਨੈਨਾ ॥
ਇਸੀ ਤਰ੍ਹਾਂ ਜਦ ਕੇਸੋਂ ਫੜਕੇ ਬਾਹਰ ਬਾਲਕ ਲਿਆਂਦਾ ।
ਵਾਂਗ ਬੱਕਰੇ ਜਿਵੇਂ ਕਸਾਈ ਸੀ ਜਲਾਦ ਝਟਕਾਂਦਾ ॥ ੫੦ ॥
ਉਸ ਵੇਲੇ ਉਸ ਬੁਢੀਆ ਨੇ ਸੀ ਕੀਤੀ ਗਿਰੀਆ ਜ਼ਾਰੀ ।
ਮੈਂ ਪਾਪਨ ਦੇ ਪੁੱਤ੍ਰ ਦੀ ਹੈ ਮਰਨੇ ਦੀ ਅੱਜ ਵਾਰੀ ॥
ਪਰ ਇਸਦੀ ਨਾ ਜਾਨ ਅਜ਼ਾਈਂ ਮੇਰੇ ਸਨਮੁਖ ਖੋਵੋ ।
ਪਰਮੇਸ਼ੁਰ ਦੇ ਬਦਲੇ ਮੁਝ ਪਰ ਰਹਮ ਕਰੋ ਖੁਸ਼ ਹੋਵੋ ॥ ੫੧ ॥
ਸੱਚ ਕਹਾਂ ਮੈਂ ਬਾਤ ਤੁਸਾਂਨੂੰ ਏਹ ਪੁੱਤ੍ਰ ਜੋ ਮੇਰਾ ।
ਨਹੀਂ ਸਿੱਖ ਇਹ ਹੈਗਾ ਹਿੰਦੂ ਵਸਦਾ ਭਲਾ ਚੰਗੇਰਾ ॥
ਪਰ ਇਹ ਕੁਝਕ ਦਿਨਾਂ ਤੇ ਭੈੜਾ ਸਿੱਖਾਂ ਦੇ ਹੱਥ ਆਇਆ ।
ਜਿਸਤੇ ਪਕੜ ਉਨ੍ਹਾਂ ਨੇ ਇਸਨੂੰ ਅਪਨੇ ਜਿਹਾ ਬਨਾਇਆ ॥੫੨॥
ਸੁਨਕੇ ਉਸ ਬੁਢੀਆ ਦੀ ਬਾਤਾਂ ਅਰ ਰੋਣਾ ਕੁਰਲਾਣਾ ।
ਪਾਤਸ਼ਾਹ ਦੇ ਪਾਸ ਜਾਇਕੇ ਦਿੱਤੀ ਖਬਰ ਪਠਾਣਾਂ ॥
ਜਿਸ ਪਰ ਸੁਨਕੇ ਕਹੀ ਪਾਤਸ਼ਾਹ ਸੱਦ ਲਿਆਵੋ ਜਾਕੇ ।
ਹਾਜ਼ਰ ਹੋਕੇ ਹਾਲ ਸੁਨਾਵੇ ਮੇਰੇ ਸਨਮੁਖ ਆਕੇ ॥ ੫੩ ॥

ਸੁਨਦੇ ਹੁਕਮ ਗਏ ਤਦ ਸਾਰੇ ਫੜ ਬੁੱਢੀ ਨੂੰ ਆਂਦਾ।
ਡਿੱਠਾ ਬਾਦਸ਼ਾਹ ਨੇ ਜਦ ਉਸ ਬੁਢੀਆ ਦਾ ਦਿਲ ਮਾਂਦਾ॥
ਪੁੱਛਨ ਲੱਗਾ ਸੁਨ ਹੇ ਮਾਈ ਕਿਆ ਹੈ ਉਜ਼ਰ ਤੁਮਾਰਾ।
ਜਿਸਤੇ ਤੇਰੇ ਪੁੱਤ੍ਰ ਦਾ ਨਾ ਜਾਵੇ ਸੀਸ ਉਤਾਰਾ॥ ੫੪॥
ਹੱਥ ਜੋੜਕੇ ਅਦਬ ਨਾਲ ਤਿਸ ਰੋਕੇ ਹਾਲ ਸੁਨਾਇਆ।
ਬਖਸ਼ੋ ਜਾਨ ਬੱਚੇ ਦੀ ਕਹਕੇ ਰੋਣੇ ਪਰ ਬਲ ਪਾਇਆ॥
ਅਰ ਆਖੀ ਇਹ ਹਿੰਦੂ ਬੱਚਾ ਨਹੀਂ ਸਿੱਖ ਹੈ ਕੋਈ।
ਏਹ ਮੁਸੀਬਤ ਇਸਦੇ ਭਾਗੀਂ ਕਿੱਥੋਂ ਰੱਬਾ ਹੋਈ॥ ੫੫॥
ਫਿਰਦਾ ਤੁਰਦਾ ਕਿਤੇ ਅਵਾਰਾ ਹੱਥ ਇਨ੍ਹਾਂ ਦੇ ਚੜ੍ਹਿਆ।
ਜਿਸ ਪਿੱਛੋ ਇਹ ਬਦਲਾ ਮਿਲਜਾ ਮੇਰਾਹੀ ਘ ਰ ਹੜ੍ਹਿਆ॥
ਤਾਂਤੇ ਪੁੱਤਾਂ ਦੀ ਅੱਗ ਡਾਢੀ ਜਿਗਰ ਵਿੱਚ ਭੜਕਾਵੇ।
ਲੱਖਾਂ ਖਰਚੇ ਤੇ ਭੀ ਇਹ ਨ ਹੱਥ ਨਿਆਮਤ ਆਵੇ॥ ੫੬॥
ਪਸ਼ੂਆਂ ਅਤੇ ਪੰਖੀਆਂ ਤਾਈਂ ਏਹ ਔਲਾਦ ਪਿਆਰੀ।
ਅੱਖੀਂ ਤੇ ਓਹ ਦੂਰ ਨ ਕਰਦੇ ਫਿਰ ਮੈਂ ਕਹਾਂ ਵਿਚਾਰੀ॥
ਰਹਮ ਕਰੋ ਅਰ ਬਖਸ਼ੋ ਮੈਨੂੰ ਮੇਰਾ ਪੁੱਤ ਇਆਣਾ।
ਇਹ ਕੀ ਜਾਣੇ ਸਿੱਖੀ ਕਿਆ ਹੈ ਜਿਸਤੇ ਨਹੀਂ ਸਿਆਣਾ॥ ੫੭॥
ਜਿਸਤੇ ਮੁੱਝ ਨਿਮਾਣੀ ਦੇ ਇਹ ਤ੍ਰੁਠੇ ਖੈਰ ਪੁਵਾਓ।
ਇਸ ਦਾ ਬਦਲਾ ਅੱਲ੍ਹਾ ਕੋਲੋਂ ਦੀਨ ਦੁਨੀ ਵਿਚ ਪਾਓ॥
ਮੈਂ ਇਹ ਇੱਕ ਨਿਮਾਣੀ ਦਾ ਜੋ ਲਖਤੇ ਜਿਗਰ ਪਿਆਰਾ।
ਇਸਦੇ ਮਰਿਆਂ ਮੈਨੂੰ ਹੋਸੀ ਜਗ ਦੇ ਵਿੱਚ ਅੰਧਾਰਾ॥ ੫੮॥
ਨਾਲ ਏਸਦੇ ਮੈਂ ਭੀ ਅਪਨੀ ਏਥੇ ਜਾਨ ਗੁਵਾਊਂ।
ਜੇਕਰ ਇਸਦਾ ਮਰਨਾ ਸ਼ਾਹਾ ਕੰਨੀਂ ਮੈਂ ਸੁਨ ਪਾਊਂ॥

ਇਸ ਵੇਲੇ ਜੋ ਮੇਰੇ ਸੀਨੇ ਅੱਗ ਭੜਕ ਦੀ ਭਾਰੀ।
ਨਾਲ ਰਹਮ ਦੇ ਪਾਣੀ ਕਰਦੇ ਮੁੜਕੇ ਠੰਡੀ ਠਾਰੀ ॥ ੫੯ ॥
ਪਾਤਸ਼ਾਹਾਂ ਦੇ ਰਹਮ ਜਗਤ ਵਿੱਚ ਰਹਿੰਦੇ ਯਾਦ ਸਦਾ ਹੀ।
ਕੀਤੀ ਨੇਕੀ ਨਾਲ ਕਿਸੇ ਦੇ ਜਾਂਦੀ ਨਾਹਿ ਕਦਾ ਹੀ ॥
ਜਿਸਤੇ ਇਸਦਾ ਅਜਰ ਤੁਸਾਂ ਨੂੰ ਮਿਲਸੀ ਦੁਨੀਆਂ ਮਾਹੀਂ।
ਅਰ ਅਕਬਤ ਮਹਿ ਜੋ ਕੁਛ ਹੋਸੀ ਖਬਰ ਅਸਾਂ ਨੂੰ ਨਾਹੀਂ ॥੬੦॥
ਸੁਨਕੇ ਗਿਰੀਆ ਜ਼ਾਰੀ ਭਾਰੀ ਫ਼ਰਰੁੱਖ ਸੀਅਰ ਕੇਰਾ।
ਦਰਬ ਗਿਆ ਮਨ ਉਸ ਹੀ ਵੇਲੇ ਉਚੇ ਮੁਖਤੇ ਟੇਰਾ ॥
ਹੈ ਕੋਈ ਬਾਹਰ ਤੁਰਤ ਨਕੀਬਾਂ ਹੱਥ ਜੋੜ ਇਹ ਗਾਈ।
ਹੁਕਮ ਹਜ਼ੂਰ ਕਰੋ ਇਸ ਵੇਲੇ ਜੋ ਇੱਛਾ ਮਨ ਆਈ ॥ ੬੧ ॥
ਕਹਾ ਜਾਹੁ ਇਸ ਬੁਢੀਆ ਲੈਕੇ ਜਹਾਂ ਜੱਲਾਦ ਖਲੋਏ।
ਮੇਰੇ ਆਵਨ ਤਕ ਉਸ ਬੱਚੇ ਦੇ ਨਾ ਪ੍ਰਾਨਾਂ ਖੋਏ ॥
ਜਾਕੇ ਹੁਕਮ ਸੁਨਾਇਆ ਸ਼ਾਹੀ ਗਏ ਠਹਰ ਓਹ ਸਾਰੇ।
ਬੁਢੀਆ ਬੈਠੀ ਪਾਸ ਉਨ੍ਹਾਂ ਦੇ ਰੋ ਰੋ ਵੈਨ ਉਚਾਰੇ ॥ ੬੨ ॥
ਇਤਨੇ ਵਿੱਚ ਪਾਤਸ਼ਾਹ ਆਇਆ ਦੇਖਿਆ ਬਾਲ ਹਠੀਲਾ।
ਜਿਸ ਦਾ ਮੁਖੜਾ ਮੌਤ ਅਗੇਰੇ ਮੂਲ ਨ ਹੋਇਆ ਪੀਲਾ ॥
ਜਾਕੇ ਕਹੀ ਸੁਨੋ ਹੇ ਬੁਢੀਆ ਇਹ ਹੈ ਪੂਤ ਤੁਮ੍ਹਾਰਾ।
ਜਿਸ ਕੋ ਆਪ ਬਚਾਵਨ ਚਾਹੇਂ ਜਾਇ ਨ ਹਮ ਸੇ ਮਾਰਾ ॥ ੬੩ ॥
ਸੁਨਕੇ ਹੱਥ ਜੋੜ ਓਹ ਬੋਲੀ ਹਾਂ ਦੁਨੀਆਂ ਦੇ ਵਾਲੀ।
ਇਸ ਦੇ ਮਰਿਆਂ ਮੈਨੂੰ ਹੋਸੀ ਸਾਰੀ ਧਰਤੀ ਖਾਲੀ ॥
ਏਹੋ ਮੇਰਾ ਪੁੱਤ੍ਰ ਆਹਾ ਜਿਸ ਕਾਰਨ ਕੁਰਲਾਵਾਂ।
ਨਾਮ ਨਬੀ ਦੇ ਕਾਰਨ ਤੈਥੋਂ ਇਸ ਦੀ ਜਾਨ ਛੁਡਾਵਾਂ ॥ ੬੪

ਹੱਸਕੇ ਕਹੀ ਪਾਤਸ਼ਾਹ ਤਦ ਹੀ ਸੁਨੋ ਜਲਾਦੋ ਬਾਤਾ।
ਛੋੜ ਦਿਓ ਇਸ ਬਾਲਕ ਤਾਈਂ ਆਈ ਇਸਦੀ ਮਾਤਾ॥
ਲੈਕੇ ਹੁਕਮ ਜਲਾਦਾਂ ਜਦ ਸੀ ਗਲੋਂ ਜ਼ੰਜੀਰ ਲਹਾਈ।
ਕਹੀ ਜਾਹੁ ਪਰਮੇਸ਼੍ਵਰ ਤੇਰੀ ਸਾਥੋਂ ਜਾਨ ਬਚਾਈ॥ ੬੫॥
ਪਰ ਅੱਗੋਂ ਉਸ ਬੱਚੇ ਅੱਖੀਂ ਭਰਕੇ ਏਹ ਸੁਨਾਇਆ।
ਦੱਸੋ ਖਾਂ ਕਿਉਂ ਮੈਨੂੰ ਤੁਮਨੇਂ ਫੜਕੇ ਨਾਹਿ ਮੁਕਾਇਆ॥
ਅਰ ਮੇਰੇ ਵਿੱਚ ਕਿਆ ਹੈ ਔਗਣ ਜੋ ਨਾ ਮਾਰਨ ਦੇਂਦਾ।
ਧਰਮ ਸ਼ਹੀਦੀ ਮੇਰੇ ਤਾਈਂ ਜੋ ਨਾ ਜੱਗਵਿੱਚ ਲੇਂਦਾ॥ ੬੬॥
ਜਿਸ ਪਰ ਕਹੀ ਬਾਦਸ਼ਾਹ ਸੁਨਕੇ ਸੁਨ ਬੱਚੇ ਮਮ ਬਾਤਾ।
ਆਕੇ ਮੇਰੇ ਅੱਗੇ ਰੋਈ ਇਹ ਜੋ ਤੇਰੀ ਮਾਤਾ॥
ਆਖੇ ਬੱਚਾ ਹਿੰਦੂ ਮੇਰਾ ਨਹੀਂ ਸਿੱਖ ਹੈ ਹੋਇਆ।
ਐਵੇਂ ਨਾਲ ਇਨ੍ਹਾਂ ਦੇ ਰਲਕੇ ਚਾਹੁੰਦੜਾ ਹੈ ਮੋਇਆ॥ ੬੭॥
ਜਿਸਤੇ ਤਰਸ ਪਿਆ ਮਨ ਮੇਰੇ ਜਾਨ ਬਖਸ਼ ਕਰ ਤੇਰੀ।
ਕਰਸਾਂ ਖੁਸ਼ੀ ਤੁਮਾਰੀ ਮਾਤਾ ਇਹ ਇੱਛਾ ਹੈ ਮੇਰੀ॥
ਦੂਜਾ ਮਾਰਨ ਸਿੱਖਾਂ ਤਾਈਂ ਹੁਕਮ ਭਇਆ ਹੈ ਮੇਰਾ।
ਹਿੰਦੂ ਜਾਣ ਬਚਾਇਆ ਤੈਨੂੰ ਜਾ ਘਰ ਕਰੋ ਬਸੇਰਾ॥ ੬੮॥
ਜਦ ਇਹ ਬਾਤ ਸੁਨੀ ਉਸ ਬਾਲਕ ਨੈਨ ਲਹੂ ਭਰ ਆਏ।
ਲਾਲ ਗੁਲਾਲ ਵਾਂਗ ਮੁਖ ਕਰਕੇ ਉੱਚੇ ਬਚਨ ਸੁਨਾਏ॥
ਹੈ ਇਹ ਪਾਪਨ ਮਾਈ ਮੇਰੀ ਝੂਠ ਮੁਖੋਂ ਬਕਵਾਂਦੀ।
ਜਿਸ ਤੇ ਆਖੇ ਸਿੱਖ ਨਹੀਂ ਮੈਂ ਕਹਿਕੇ ਦੋਜ਼ਖ ਜਾਂਦੀ॥ ੬੯॥
ਮੈਂ ਹਾਂ ਸਿੱਖ ਗੁਰੂ ਦਾ ਪੂਰਾ ਨਾ ਹਿੰਦੂ ਮੈਂ ਸ਼ਾਹਾ।
ਇਸ ਝੂਠੀ ਦੇ ਬਚਨਾਂ ਉੱਪਰ ਕਿਉਂ ਸੰਗਲ ਗਲ ਲਾਹਾ॥

ਮੈਂ ਨਾ ਹਿੰਦੂ ਮੁਸਲਮਾਨ ਹਾਂ ਮੈਂ ਹਾਂ ਸਿੰਘ ਤਿਸੇ ਦਾ।
ਪੰਥ ਖਾਲਸਾ ਜਗ ਦੇ ਅੰਦਰ ਸਾਜਿਆ ਰੂਪ ਜਿਸੇ ਦਾ॥ ੭੦ ॥
ਕਲਗੀਧਰ ਦਸਮੇਂ ਗੁਰ ਜੀ ਦਾ ਮੈਂ ਹਾਂ ਪੁੱਤ੍ਰ ਪਿਆਰਾ।
ਚਿੱਟਾ ਬਾਜਵਾਨ ਹੈ ਜਗ ਵਿੱਚ ਡਾਢਾ ਬਾਪ ਹਮਾਰਾ॥
ਉਸ ਤੇ ਮੁਖੜਾ ਮੋੜ ਕਿਤਕ ਦਿਨ ਮੈਂ ਜਗ ਅੰਦਰ ਜੀਊਂ।
ਹਿੰਦੂ ਬਨਕੇ ਮੌਤੋਂ ਬਚਨਾ ਅਮਰ ਹੋਇ ਜਲ ਪੀਊਂ॥ ੭੧ ॥
ਤਾਂਤੇ ਨਾਲ ਉਨ੍ਹਾਂ ਦੇ ਮੈਨੂੰ ਤੋਰੋ ਚਾਇ ਸ਼ਤਾਬੀ।
ਜੋ ਮੇਰੇ ਤੇ ਅੱਗੇ ਮਾਰੇ ਕਰੋ ਨ ਕੁਝ ਖ਼ਰਾਬੀ॥
ਪਾਓ ਸੰਗਲ ਹੱਥੀਂ ਪੈਰੀਂ ਓਸੇ ਤਰ੍ਹਾਂ ਬੰਧਾਓ।
ਤਿੱਖੀ ਤੇਗ਼ ਜਲਾਦੋਂ ਮੇਰੀ ਗਰਦਨ ਤੇ ਚਲਵਾਓ॥ ੭੨ ॥
ਕੈ ਦਿਨ ਜਗ ਵਿੱਚ ਜੀਵਨ ਕਾਰਨ ਅਪਨਾ ਧਰਮ ਗਵਾਵਾਂ।
ਓੜਕ ਨੂੰ ਜੇ ਰਹਿਣਾ ਨਾਹੀਂ ਤਾਂ ਕਿਉਂ ਪਾਪ ਕਮਾਵਾਂ॥
ਜਿੱਥੇ ਗਏ ਪਿਆਰੇ ਮੇਰੇ ਸਾਥੀ ਮਰਕੇ ਸਾਰੇ।
ਓਥੇ ਹੀ ਪਹੁੰਚਾਵੋ ਮੈਨੂੰ ਕਰੀਓ ਨਾਹ ਨਿਆਰੇ॥
ਧਰਮ ਹਾਰਕੇ ਜੀਵਨ ਜਗ ਵਿੱਚ ਮੌਤੋਂ ਬੁਰਾ ਪਛਾਨਾ।
ਜਿਸਤੋ ਓੜਕ ਨੂੰ ਹੈ ਐਥੋਂ ਇਸ ਦੇਹੀ ਨੇ ਜਾਣਾ॥
ਕੌਨ ਮਾਇ ਘਰ ਪੁਤ੍ਰ ਕਿਸਦੇ ਇਹ ਦੋ ਦਿਨ ਦੀ ਬਾਜ਼ੀ।
ਜਿਸ ਨੂੰ ਵੇਖ ਜਗਤ ਦੇ ਮੂਰਖ ਮਨ ਵਿੱਚ ਹੁੰਦੇ ਰਾਜ਼ੀ॥ ੭੪ ॥
ਰੁੱਖਾਂ ਉੱਤੇ ਪੰਖੀ ਜੈਸੇ ਕਰਦੇ ਆਨ ਬਸੇਰਾ।
ਰਾਤ ਕੱਟ ਫਿਰ ਬਿਛੜ ਜਾਂਦੇ ਫੇਰ ਨ ਕਰਦੇ ਫੇਰਾ॥
ਤਾਂਤੇ ਚਾਰ ਦਿਹਾੜੇ ਦਾ ਹੈ ਇਹ ਭੀ ਸਾਥ ਬਨਾਇਆ।
ਨਾਲ ਕਿਸੇ ਦੇ ਗਿਆ ਨ ਕੋਈ ਅਰ ਨਾ ਕੋਈ ਆਇਆ ॥੭੫॥

ਅਪਨੇ ਅਪਨੇ ਕਰਮਾਂ ਪਰ ਹੀ ਹੋਸਨ ਸਭ ਨਿਬੇੜੇ।
ਕੋਇ ਨ ਭਰਸੀ ਹਾਮੀ ਕਿਸ ਦੀ ਕੋਇ ਕਿਸੇ ਨ ਛੇੜੇ॥
ਮਾਇ ਬਾਪ ਅਰ ਭੈਣਾਂ ਭਾਈਆਂ ਸਭ ਇਥੇ ਦੇ ਸਾਥੀ।
ਓਥੇ ਧਰਮ ਸਹਾਈ ਰਹਿਣਾ ਨਾ ਘੋੜੇ ਨਾ ਹਾਥੀ॥ ੭੬॥
ਧਰਮ ਹਾਰ ਕਰ ਜੋ ਜਗ ਮਰਦਾ ਸੋ ਨਰਕਾਂ ਦਾ ਕੀੜਾ।
ਧੱਕੇ ਖਾਇ ਓਸ ਦਰ ਜਾਕੇ ਅਰ ਸਹਸੀ ਮਨ ਪੀੜਾ॥
ਇਹ ਮੇਰਾ ਮਰਨਾ ਜੋ ਆਇਆ ਸੋ ਹੈ ਜੀਵਨ ਜੇਹਾ।
ਜਿਸਤੇ ਧਰਮ ਹਾਰਕੇ ਜਗ ਵਿੱਚ ਮੈਂ ਨਾ ਜ਼ਿੰਦਾ ਰੇਹਾ॥ ੭੭॥
ਤਾਂਤੇ ਕਰੋ ਸ਼ਤਾਬੀ ਮੇਰਾ ਇਸ ਹੀ ਵਕਤ ਨਬੇੜਾ।
ਇਸ ਵਿੱਚ ਪਾਵੇ ਹੋਰ ਨਾ ਕੋਈ ਐਵੇਂ ਚਾਇ ਬਖੇੜਾ॥
ਮੇਰੀ ਮਾਈ ਬਾਪ ਅਰ ਭਾਈ ਓਹ ਹੋਨਗੇ ਪਿਆਰੇ।
ਧਰਮ ਹੇਤ ਜੋ ਹੱਥੋਂ ਤੁਧ ਦੇ ਗਏ ਵਿਚਾਰੇ ਮਾਰੇ॥ ੭੮॥
ਜਿਸਤੇ ਨਾਲ ਉਨ੍ਹਾਂ ਦੇ ਜਾਸਾਂ ਪਿੱਛੇ ਮੂਲ ਨ ਰਹਸਾਂ।
ਜੋ ਕੁਛ ਬਣੇ ਉਨ੍ਹਾਂ ਦੇ ਬਦਲੇ ਸੋਈ ਸਿਰ ਪਰ ਸਹਸਾਂ॥
ਨਰਕ ਵਿੱਚ ਜੇ ਜਾਸਨ ਸਾਰੇ ਤਾਂ ਮੈਂ ਸੁਰਗ ਨ ਚਾਹਾਂ।
ਨਾਲ ਉਨ੍ਹਾਂ ਦੇ ਓਥੇ ਜਾਕੇ ਅਪਨਾ ਸਾਥ ਨਿਬਾਹਾਂ॥ ੭੯॥
ਦੁਖ ਸੁਖ ਅਪਨਿਆਂ ਹੀ ਦੇ ਸੰਗੇ ਚੰਗਾ ਹੁੰਦਾ ਭਰਨਾ।
ਦੂਸਰਿਆਂ ਦੇ ਸੁਖ ਨੂੰ ਲੈਕੇ ਦੱਸੋ ਮੈਂ ਕੀ ਕਰਨਾ॥
ਦਸਮੇਂ ਗੁਰ ਦੇ ਉੱਦਮ ਨੂੰ ਨਾ ਲਾਜ ਜਗਤ ਵਿੱਚ ਲਾਵਾਂ।
ਜਿਸਦੇ ਬਦਲੇ ਏਹੋ ਜੇਹੀਆਂ ਲੱਖਾਂ ਜਾਨ ਘੁਮਾਵਾਂ॥ ੮੦॥
ਤਾਂਤੇ ਸੀਸ ਤਲੀ ਪਰ ਮੇਰਾ ਲੇਵੋ ਚਾਇ ਉਤਾਰੋ।
ਕਿਸ ਕਾਰ ਨ ਹੋ ਦੇਰ ਕਰੇਂਦੇ ਕਿਉਂ ਨਾ ਝਬਦੇ ਮਾਰੋ॥

ਇਤਨਾ ਕਹਕੇ ਓਸੇ ਜਾਗਾ ਜਾਇ ਖੜਾ ਵਹੁ ਸੂਰਾ।
ਕੀਤਾ ਕੌਲ ਆਪਨਾ ਸਿਦਕੋ ਕਰਨ ਲਗਾ ਚਾ ਪੂਰਾ॥ ੯੧॥
ਜਿਸ ਪਰ ਦੇਖ ਜਲਾਦਾਂ ਉਸ ਨੂੰ ਕਹੀ ਪਾਤਸ਼ਹ ਤਾਈਂ।
ਕਿਆ ਹੈ ਹੁਕਮ ਹਜ਼ੂਰੀ ਸਾਨੂੰ ਕਹੋ ਜਗਤ ਦੇ ਸਾਈਂ॥
ਸੁਨਕੇ ਪਾਤਸ਼ਾਹ ਮਨ ਅੰਦਰ ਹੋਇ ਹਰਾਨ ਖਲੋਇਆ।
ਆਖੇ ਇਸ ਬੱਚੇ ਨੇ ਮੇਰਾ ਹਿਰਦਾ ਚਾਇ ਪਰੋਇਆ॥ ੯੨॥
ਵੇਖੋ ਇਸ ਦਾ ਹਠ ਹੈ ਕੈਸਾ ਨਹੀਂ ਮਰਨ ਥੀਂ ਡਰਦਾ।
ਸ਼ੰਮਸ ਵਾਂਗੂੰ ਖੱਲ ਲਹਾਂਦਾ ਮੂਲ ਨ ਮਨ ਵਿੱਚ ਡਰਦਾ॥
ਹੈ ਮਨਸੂਰ ਏਸ ਦੇ ਅੱਗੇ ਹਠ ਵਿੱਚ ਤੁੱਛ ਪਛਾਤਾ।
ਜਿਸ ਤੇ ਏਸ ਉਮਰ ਦੇ ਅੰਦਰ ਇਸ ਨੇ ਮਰਨ ਨ ਜਾਤਾ॥ ੯੩॥
ਪਰ ਕਿਆ ਕਰਾਂ ਸ਼ਰ੍ਹਾ ਦਾ ਡਰ ਹੈ ਜਿਸ ਤੇ ਹਟਿਆ ਨ ਜਾਵੇ।
ਨਾਤਰ ਇਸ ਬੱਚੇ ਦਾ ਮਾਰਨ ਮੈਨੂੰ ਮੂਲ ਨ ਭਾਵੇ॥
ਇਤਨਾ ਕਹਕੇ ਹੁਕਮ ਸੁਨਾਇਆ ਕਰੋ ਕਤਲ ਹੁਨ ਜਾਕੇ।
ਲੇਵੇ ਭਿਸ਼ਤ ਖੁਦਾ ਦੇ ਦਰ ਥੀਂ ਕਾਫਰ ਜਾਨ ਮੁਕਾਕੇ॥ ੯੪॥
ਲੈਕੇ ਹੁਕਮ ਜਲਾਦਾਂ ਫੜਿਆ ਫਿਰ ਪਗ ਸੰਗਲ ਪਾਇਆ।
ਹੱਥ ਜ਼ੰਜੀਰਾਂ ਨਾਲਾ ਬੰਨ੍ਹਕੇ ਓਸੇ ਜਗ੍ਹਾ ਖੜਾਇਆ॥
ਆਖੀ ਸਵਾਧਨ ਹੋ ਲੜਕੇ ਚਲੀ ਜਾਨ ਤੁਮਾਰੀ।
ਏਸੇ ਲਹਮੇਂ ਵਰਸੇਗੀ ਆ ਗਰਦਨ ਤੇਗ਼ ਹਮਾਰੀ॥ ੯੫॥
ਜਿਸ ਪਰ ਆਖੀ ਸਿੰਘ ਭੁਜੰਗੀ ਬਾਤਾਂ ਕਹਾਂ ਬਨਾਵੇ।
ਹੋਇ ਨਸੀ ਏਸ ਗਲ ਉਪਰ ਕਿਉਂ ਨ ਤੇਗ਼ ਚਲਾਵੇ॥
ਇਤਨਾ ਕਹਕੇ ਵਾਹਿਗੁਰੂ ਦਾ ਮੁਖ ਤੇ ਨਾਮ ਅਲਾਇਆ।
ਕਲਗੀ ਵਾਲੇ ਤੇਰਾ ਭਾਣਾ ਮੈਂ ਧਰ ਸੀਸ ਮਨਾਇਆ॥ ੯੬॥

ਅੱਖੀਂ ਮੀਟ ਲਗਾਈ ਤਾੜੀ ਅਰ ਬਿਰਤੀ ਸੁਖ ਚਾੜ੍ਹੀ।
ਦੇ ਦਰ ਸੀਸ ਅਪ ਕੁਰਬਾਨੀ ਤੁਰਕੀ ਜੜ੍ਹਾਂ ਉਖਾੜੀ॥
ਡਿੱਠਾ ਚੁਪ ਚੁਪਾਤਾ ਜਬ ਕੇ ਤਬ ਬਿਸਮਿਲ੍ਹਾ ਕਹਕੇ।
ਮਾਰੀ ਤੇਗ ਡਿੱਗਾ ਸਿਰ ਧਰਤੀ ਲੋਹੂ ਭਰਿਆ ਸਹਕੇ॥ ੮੭॥
ਇੱਕ ਪਾਸੇ ਧੜ ਤੜਫੇ ਧਰਤੀ ਦੂਜੀ ਵੱਲ ਸਿਰ ਕੰਬੇ।
ਵੱਗੀ ਧਾਰ ਲਹੂ ਦੀ ਐਸੀ ਜਿਉਂ ਜਲ ਵਗਦਾ ਬੰਬੇ॥
ਦੇਖ ਲੋਗ ਸਭ ਅੱਖੀਂ ਅੰਦਰ ਤੁਰਤ ਨੀਰ ਭਰ ਆਏ।
ਪੱਥਰ ਭੀ ਢਲ ਮੋਮ ਹੋਇਕੇ ਪਾਣੀ ਵਾਂਗ ਵਹਾਏ॥ ੮੮।
ਤ੍ਰਾਹ ਤ੍ਰਾਹ ਰਾ ਹੋਵਨ ਲੱਗੀ ਦੇਖਨ ਹਾਰੇ ਸਾਰੇ।
ਵਾਂਗ ਪੁਤਲੀ ਖੜੇ ਦਿਸਾਵਨ ਤਨ ਥੀਂ ਸੁੱਧ ਵਿਸਾਰੇ॥
ਅਰ ਪਰਮੇਸ਼ੁਰ ਅੱਗੇ ਸਾਰੇ ਕਰਨ ਬਿਨੰਤੀ ਏਹਾ।
ਐਸੇ ਜ਼ਾਲਮ ਦਾ ਜਗ ਬੂਟਾ ਕਿਉਂ ਕਰ ਹਰਿਆ ਰੇਹਾ॥ ੮੯॥
ਦਿੱਤੇ ਪ੍ਰਾਣ ਭੁਜੰਗੀ ਨੇ ਜਦ ਕਰ ਸੱਚੀ ਕੁਰਬਾਨੀ।
ਮਚਿਆ ਸ਼ੋਰ ਜਗਤ ਵਿੱਚ ਭਾਰੀ ਚੱਲੀ ਇੱਕ ਕਹਾਨੀ॥
ਆਪ ਗਿਆ ਮਰ ਧਰਤੀ ਉੱਪਰ ਨਾਮ ਸਦਾ ਨੂੰ ਦੇਕੇ।
ਗੁਰਪੁਰ ਨੂੰ ਓਹ ਬਾਲਕ ਸੂਰਾ ਸਿਰ ਉੱਪਰ ਯਸ਼ ਲੇਕੇ॥ ੯੦॥
ਏਹੋ ਜੇਹੇ ਬੱਚੇ ਸੇ ਤਦ ਪੰਥ ਖਾਲਸਾ ਤੇਰੇ।
ਜਾਨਾਂ ਦੇਂਦੇ ਮੂਲ ਨ ਡਰਦੇ ਗੁਰ ਥੋਂ ਮੁੱਖ ਨ ਫੇਰੇ॥
ਜੀਵਨ ਕਾਰਨ ਧਰਮ ਨ ਦਿੱਤੇ ਦਿੱਤੀ ਜਾਨ ਪਿਆਰੀ॥
ਲਾਲਚ ਦੁਨੀਆਂ ਦੇ ਵਿੱਚ ਆਕੇ ਨਾ ਸੀ ਪੈਜ ਵਿਗਾਰੀ॥ ੯੧॥
ਨਾਮ ਗੁਰੂ ਦੇ ਉੱਪਰ ਸੀ ਜਿਨ ਅਪਨਾ ਆਪ ਘੁਮਾਇਆ॥
ਬਾਦਸ਼ਾਹ ਦੇ ਅੱਗੇ ਭੀ ਨਾ ਸਿੱਖ ਕਹਿੰਦਾ ਸ਼ਰਮਾਇਆ॥

ਹਿੰਦੂ ਬਣਕੇ ਨਾਲ ਮਾਂਇ ਦੇ ਜਾਣਾ ਮੂਲ ਨ ਮੰਨੇ ।
ਜਿਸ ਨੇ ਸਭ ਦੇ ਸਨਮੁਖ ਅਪਨਾ ਸਿਰ ਕਰਵਾਇਆ ਬੰਨੇ॥੯੨॥
ਓਹੋ ਜੇਹਾਂ ਦੇ ਸੇ ਬੇਟੇ ਨਿਕਲੇ ਸ਼ੇਰ ਬਹਾਦਰ ।
ਜਿਨ ਨੇ ਦਿੱਲੀ ਤੇ ਸੀ ਮੁੜਦਾ ਲੁੱਟਿਆ ਮਿਲਕੇ ਨਾਦਰ ॥
ਜਿਨ ਨੇ ਬਾਰਾਂ ਸੌ ਤਕ ਨਾਰਾਂ ਤੁਰਕ ਬੰਦ ਵਿੱਚ ਆਈਆਂ ।
ਲੈਕੇ ਤੇਗਾਂ ਹੱਥ ਕਟਾਰੇ ਕਰਕੇ ਜ਼ੋਰ ਛੁਡਾਈਆਂ ॥ ੯੩ ॥
ਅਹਮਦ ਸ਼ਾਹ ਦੁਰਾਨੀ ਦੇ ਜਿਨ ਲੁੱਟ ਲਏ ਸੀ ਡੇਰੇ ।
ਜਿਨ ਤੇ ਡਰਕੇ ਉਸ ਨੇ ਨਾ ਸੀ ਇਤ ਵੱਲ ਨੂੰ ਮੁਖ ਫੇਰੇ ॥
ਮਾਰ ਕਸੂਰ ਜਿਨ੍ਹਾਂ ਨੇ ਪਲ ਵਿੱਚ ਬਾਰਾ ਕਿਲੇ ਦਿਖਾਏ ।
ਜੇਠ ਮਹੀਨੇ ਵਿੱਚ ਦੁਪਹਿਰੇ ਲੱਖਾਂ ਖਾਨ ਖਪਾਏ ॥ ੯੪॥
ਅੱਜ ਤੀਕ ਓਹ ਦੇਨ ਗੁਵਾਹੀ ਢਾਹੇ ਮੰਦਰ ਜੋਈ ।
ਬਿਨਾਂ ਉੱਲੂਆਂ ਹੁਣ ਤੀਕਰ ਨਾ ਵਸਦਾ ਜਿਨ ਮਹਿ ਕੋਈ ॥
ਜਗ੍ਹਾ ਜਗਾ ਪਰ ਕਈ ਕੋਸ ਤਕ ਇੱਟਾਂ ਹੀ ਦਿਸ ਆਵਨ ।
ਜੋ ਸਿੰਘਾਂ ਦੇ ਬਲ ਦੀ ਓਥੇ ਸਾਰੀ ਬਾਤ ਬਤਾਵਨ ॥ ੯੫ ॥
ਫਿਰ ਸਰਹੰਦ ਮਾਰ ਕੇ ਜਿਨ ਨੇ ਢਾਹ ਧਰਤ ਪਰ ਮਾਰੀ ॥
ਸਮੁੰਦ ਖਾਨ ਸੂਬੇ ਦੀ ਫੜਕੇ ਜਿਨ ਸੀ ਪਾਨ ਉਤਾਰੀ ।
ਫਿਰ ਗੁਜਰਾਤ ਸ਼ਹਨਰੀ ਕੋਲੋਂ ਜਿਨ ਸੀ ਲੁੱਟ ਛੁਡਾਈ ।
ਕਈ ਸੈਂਕੜੇ ਹਿੰਦੂ ਨਾਰੀ ਮੁੜਕੇ ਘਰੀਂ ਪੁਚਾਈ ॥ ੯੬ ॥
ਓਹੋ ਜੇਹੇ ਬੱਚਿਆਂ ਦੇ ਸੇ ਪੁੱਤ ਅਜੇਹੇ ਸੂਰੇ ।
ਜਤ ਸਤ ਹਠ ਤਪ ਬਲ ਮਹਿ ਰਹਿੰਦੇ ਸਦਾ ਰੰਗੀਲੇ ਪੂਰੇ ॥
ਗੁਰ ਬਾਣੀ ਤੇ ਬਾਝੋਂ ਕੋਈ ਹੋਰ ਪਾਠ ਨਹਿ ਕਰਦੇ ।
ਬਿਨਾਂ ਪਾਪ ਤੇ ਹੋਰ ਵਸਤ ਤੋਂ ਹੈ ਸਨ ਮੂਲ ਨ ਡਰਦੇ ॥ ੯੭ ॥

ਪਰ ਹੁਨ ਦੇਖੋ ਹਾਇ ਖਾਲਸਾ ਤੇਰੀ ਪੰਥ ਵਿਚਾਰੀ।
ਟਕੇ ੨ ਨੂੰ ਫਿਰੇ ਭਟਕਦੀ ਇਧਰ ਓਧਰ ਮਾਰੀ॥
ਧਰਮ ਕਰਮ ਅਰ ਸੂਰਮਤਾਈ ਛਿੱਕੇ ਚਾਇ ਟਕਾਈ।
ਦਾੜ੍ਹੀ ਸੀਸ ਮੁਡਾਵਨ ਤਾਈਂ ਫਿਰੇ ਟੋਲਦੀ ਨਾਈ॥ ੯੮॥
ਕਿਤਨਿਆਂ ਰਾਜ ਭਾਗ ਸਰਦਾਰੀ ਗਨਕਾ ਉੱਪਰ ਵਾਰੀ।
ਰਾਣੀ ਰੁਲਦੀ ਮਹਿਲਾਂ ਦੇ ਵਿੱਚ ਕੰਜਰ ਨੂੰ ਸਰਦਾਰੀ॥
ਕਿਨੇ ਸ਼ਰਾਬਾਂ ਅਤੇ ਕਬਾਬਾਂ ਅੰਦਰ ਉਮਰ ਵੰਜਾਈ।
ਆਖਰ ਨਾਲ ਜਲੰਧਰ ਅਪਨੀ ਪਜਾਰੀ ਜਾਨ ਗੁਵਾਈ॥ ੯੯॥
ਕਿਤਨੇ ਸਿਰ ਤੇ ਕੇਸ ਲਹਾਕੇ ਬੈਠੇ ਹੁੱਕੇ ਪੀਊਨ।
ਨੱਕ ਡੋਬਕੇ ਮਰ ਨਹੀਂ ਜਾਂਦੇ ਬੇਸ਼ਰਮੀ ਵਿੱਚ ਜੀਊਨ॥
ਵੱਡਿਆਂ ਦਾ ਜਿਨ ਨਾਮ ਡਬੋਕੇ ਲੀਕ ਉਨ੍ਹਾਂ ਨੂੰ ਲਾਈ।
ਆਪ ਗਏ ਮੁਰਦਾਰ ਖਾਇ ਫਿਰ ਅਗਲੀ ਨਸਲ ਗੁਵਾਈ॥੧੦੦॥
ਸਿਰ ਮੁਡਵਾਇ ਲਗਾਇ ਦਾਗ਼ ਕੁਲ ਫਿਰ ਸਰਦਾਰ ਸਦਾਵਨ।
ਐਸੇ ਕੌਮ ਕਲੰਕੀ ਜਗ ਤੇ ਕਿਉਂਕਰ ਨਾ ਮਰ ਜਾਵਨ॥
ਪੀਕੇ ਚੁਰਟ ਉਡਾਵਨ ਧੂੰਏਂ ਕੀਤਾ ਮੁਖ ਅੰਗੀਠੀ।
ਲਾਜ ਸ਼ਰਮ ਅਰ ਕੁਲ ਮਰਯਾਦਾ ਪਾਇ ਸੁਨਹਰੇ ਪੀਠੀ॥ ੧੦੧॥
ਇਹੋ ਜੇਹੇ ਬੱਚੇ ਤੇਰੇ ਰਹਿ ਗਏ ਪੰਥ ਪਿਆਰੇ।
ਚੰਗਾ ਹੁੰਦਾ ਜੇ ਨਾ ਜਮਦੇ ਇਹੋ ਜਿਹੇ ਨਿਕਾਰੇ॥
ਜਿਨ ਨੇ ਆਕੇ ਜਗ ਦੇ ਅੰਦਰ ਤੂੰ ਬਦਨਾਮ ਬਨਾਯਾ।
ਸਿੰਘ ਸ਼ਰਾਬੀ ਘੋੜਾ ਕਾਜ਼ੀ ਕਹਿਕੇ ਜਗਤ ਹਸਾਇਆ॥ ੧੦੨॥
ਇੱਜ਼ਤ ਧਨ ਜੋ ਪਿਛਲਿਆਂ ਨੇ ਸੀ ਚਾਇ ਇੱਕਤ੍ਰ ਕੀਆ।
ਸੋ ਇਨ੍ਹਾਂ ਨੇ ਜਨਮ ਧਾਰ ਕੇ ਵਿਦਾ ਘਰਾਂ ਥੋਂ ਕੀਆ।

ਕੁੱਤੇ ਕੰਜਰ ਡੂਮ ਘਰਾਂ ਵਿੱਚ ਰਹਨ ਤਿਨਾਂ ਨੂੰ ਘੇਰੇ ।
ਚੁਗਲ ਚੋਰ ਬਦਰਾਹੀ ਜਿਨ ਕੇ ਬੈਠੇ ਚਾਰ ਚੁਫੇਰੇ ॥ ੧੦੩ ॥
ਜੇ ਏਹ ਹਾਲ ਰਿਹਾ ਕੁਛ ਚਿਰ ਤਕ ਤਾਂ ਸਭ ਖ਼ਾਕ ਮਿਲਾਊ ।
ਰਹੀ ਸਹੀ ਭੀ ਪੌਧੀ ਅਗਲੀ ਆਕੇ ਖਾਕ ਉਡਾਊ ॥
ਤਾਂਤੇ ਜਾਗ ਸਾਂਭ ਹੁਨ ਛੇਤੀ ਜੇ ਕੁਛ ਹੈ ਹਮਦਰਦੀ ।
ਕਦ ਤਕ ਸੁੱਤਾ ਰਹੇਂ ਪਿਆਰੇ ਉੱਠ ਖਬਰ ਲੈ ਘਰ ਦੀ ॥ ੧੦੪ ॥
ਅਪਨੇ ਵੱਡਿਆਂ ਦੇ ਜੋ ਸਾਕੇ ਯਾਦ ਕਰੀਂ ਮਨ ਮਾਹੀਂ ।
ਓਹੋ ਤੇਜ਼ ਸੰਭਾਲੀਂ ਅਪਨਾ ਰੰਗ ਭੁਲਾਈਂ ਨਾਹੀਂ ॥
ਦਸਮ ਗੁਰੂ ਦੇ ਅੰਮ੍ਰਿਤ ਦੀ ਜੋ ਸ਼ਕਤੀ ਹੈ ਵਡ ਭਾਰੀ ।
ਸੋ ਇਸ ਜਗ ਵਿੱਚ ਸਰਬ ਕਾਲ ਮਹਿ ਰੱਛਕ ਅਹੇ ਤੁਮਾਰੀ ॥੧੦੫॥
ਹੇ ਦਸਮੇਂ ਗੁਰ ਕਲਗੀਧਰ ਜੀ ਖਬਰ ਪੰਥ ਦੀ ਲੇਵੇ ।
ਓਹੋ ਸ਼ਕਤ ਆਪਨੀ ਇਸ ਨੂੰ ਨਾਲ ਦਯਾ ਦੇ ਦੇਵੋ ॥
ਜਿਸ ਨੂੰ ਪਾਇ ਜਗਤ ਵਿੱਚ ਜੋਵੇ ਯਸ ਦਾ ਤਿਲਕ ਲਗਾ ਕੇ ।
ਦਿੱਤ ਹਰੀ ਕਰ ਕ੍ਰਿਪਾ ਅਪਨੀ ਹੱਥੋਂ ਹੱਥ ਦਿਵਾਕੇ ॥ ੧੦੬ ॥

ਧੰਨਜ ੰ ਨਜ ਉਹ ਮਾਤ ਜੋ ਗਈ ਧਰਮ ਜਗ ਪਾਲ ।
ਪ੍ਰਾਨ ਦਏ ਹਠ ਨਾ ਦਏ ਗੁਰ ਦੇ ਸ਼ਬਦ ਸਮਾਲ ॥

# ਸਿੰਘਣੀਆਂ ਦੇ ਸਿਦਕ

ੴ ਸਤਿਗੁਰਪ੍ਰਸਾਦਿ

# ਸਿੰਘਨੀਆਂ ਦੇ ਸਿਦਕ

### ਦ੍ਵੈਯਾ

ਜਦ ਸਿੰਘਾਂ ਨੂੰ ਵਿੱਚ ਦੇਸਦੇ ਕਿਤੇ ਨ ਮਿਲਦੀ ਢੋਈ।
ਹਿੰਦੂ ਤੁਰਕ ਦੀਨ ਦੋ ਭਾਰੇ ਚਹਨ ਇਨ੍ਹਾਂ ਜੜ੍ਹ ਖੋਈ॥
ਚੁਨ ੨ ਵਾਂਗ ਹਰਨ ਦੀਆਂ ਡਾਰਾਂ ਸਿੰਘਾਂ ਨੂੰ ਫੜ ਘਾਂਦੇ।
ਡਰਦੇ ਸਿੰਘ ਲੁਕੇ ਜਾ ਜੰਗਲ ਫਲ ਫੁੱਲਾਂ ਚੁਨ ਖਾਂਦੇ॥ ੧ ॥
ਰਾਤ ਕਿਤੇ ਦਿਨ ਕਿਤੇ ਬਿਤਾਉਨ ਨਾ ਸੀ ਕਿਤੇ ਟਕਾਨਾ।
ਕੱਚੇ ਮਾਸ ਖਾਨ ਹਤ ਮ੍ਰਿਗਾਂ ਲੌਹੂ ਕਰਦੇ ਪਾਨਾ॥
ਯਾ ਰੁੱਖਾਂ ਦੇ ਪੱਤੇ ਖਾਕੇ ਕਰਦੇ ਸਾਨ ਗੁਜ਼ਾਰਾ।
ਮਾਰੋ ਮਾਰ ਜਿਨ੍ਹਾਂ ਨੂੰ ਕੂਕੇਂ ਰਲਕੇ ਭਾਰਤ ਸਾਰਾ॥ ੨ ॥

ਤੁਰਕੀ ਫੌਜ ਚੜ੍ਹੇ ਇਮ ਢੂੰਡਨ ਜਿਉਂ ਮ੍ਰਿਗਾਂ ਨੂੰ ਹੇੜੀ।
ਪਕੜ ਲੈਨ ਜੋ ਲੁਕਿਆ ਛਿਪਿਆ ਦੇਸਨ ਖੱਲ ਉਧੇੜੀ।
ਹਿੰਦੂ ਢੂੰਢ ਢੂੰਢ ਕੇ ਦੱਸਨ ਜਿੱਥੇ ਉਨ੍ਹਾਂ ਟਕਾਨੇ।
ਲੈਨਅਨਾਮਬਾਦਸ਼ਾਹ ਕੋਲੋਂ ਜੋ ਮੰਗਨ ਮਨ ਮਾਨੇ ॥ ੩ ॥
ਉਸ ਵੇਲੇ ਸੀ ਸਿੰਘਾਂ ਉੱਪਰ ਸਖਤ ਦਿਹਾੜੇ ਆਏ।
ਝਾੜੇ ਝਾੜ ਮਾਰ ਸਨ ਕਰਦੇ ਅਪਨੇ ਅਤੇ ਪਰਾਏ॥
ਜਿਸਤੇ ਲੈਕੇ ਸਿੰਘ ਕਬੀਲੇ ਜਾਇ ਪਹਾੜੀਂ ਵੱਸੇ।
ਓਸ ਜ਼ੁਲਮ ਦੀ ਅੰਧੀ ਕੋਲੋਂ ਵਾਂਗ ਪਖੇਰੂ ਨੱਸੇ ॥ ੪ ॥
ਪਰ ਜੋ ਬਾਕੀ ਰਹੇ ਦੇਸ ਵਿੱਚ ਸੋ ਜਾਕੇ ਵਿੱਚ ਬਾਰਾਂ।
ਕੰਦ ਮੂਲ ਖਾ ਦਿਵਸ ਬਿਤਾਵਨ ਸਹਿਕੇ ਖੇਦ ਹਜ਼ਾਰਾਂ॥
ਖੜੇ ਰਹਿਨ ਉਹ ਦਿਨ ਅਰ ਰਾਤੀਂ ਸੌਣ ਖੜੇ ਹੀ ਖਾਂਦੇ।
ਖੜਕੇ ਪੱਤ ਨਾਲ ਜੇ ਵਾਧੂ ਤਾਂ ਭੀ ਸਨ ਭੜਕਾਂਦੇ॥ ੫ ॥
ਮਾਰਨ ਤੇਗਾਂ ਇਧਰ ਓਧਰ ਰਾਤ ਅੰਧੇਰੀ ਮਾਹੀਂ।
ਜਾਨਣ ਆਇ ਪਿਆ ਹੈ ਦੁਸ਼ਮਨ ਬਣਦੇ ਮੁਸ਼ਕਲ ਰਾਹੀਂ॥
ਸਰਦੀ ਗਰਮੀ ਰੋਕਨ ਤਾਈਂ ਨਾ ਸਨ ਬਸਤ੍ਰ ਦੁਆਲੇ।
ਕੱਚੇ ਚਮੜੇ ਤਨ ਪਰ ਓੜ੍ਹਨ ਜੋ ਸਨ ਤਿਨਾਂ ਦੁਸ਼ਾਲੇ॥ ੬ ॥
ਸਾਰਾ ਦਿਨ ਤਾਂ ਧਰਤੀ ਦੇ ਵਿੱਚ ਖੋਦ ਗੁਫਾਂ ਸਨ ਰਹਿੰਦੇ।
ਰਾਤ ਪਈ ਸਭ ਆਪਸ ਅੰਦਰ ਸੇ ਰਲ ਮਿਲਕੇ ਬਹਿੰਦੇ॥
ਨਾਲ ਭੁੱਖ ਦੇ ਦੁਖੀ ਹੋਨ ਜਦ ਤਦ ਪਿੰਡਾਂ ਵਲ ਜਾਉਨ।
ਸਾਗ ਪਾਤ ਅਰ ਗਾਜਰ ਮੂਲੀ ਲੁੱਟ ਪੁੱਟਕੇ ਲਿਆਉਨ॥ ੭॥
ਦੰਦ ਦਾਤਰੀ ਨਾਲ ਚੀਰ ਕੇ ਪੇਟ ਦੇਗਚੀ ਭਰਦੇ।
ਕੱਚੇ ਹੀ ਖਾ ਜਾਨ ਬੈਠ ਕੇ ਉਦਰ ਪੂਰਨਾ ਕਰਦੇ॥

ਲੂਨ ਮ੍ਰਿਚ ਅਰ ਹਲਦੀ ਜ਼ੀਰਾ ਤੇਲ ਘੇਉ ਨਾ ਜਾਨੇ।
ਸੁਆਦ ਅਸੁਆਦ ਨਾ ਸਮਝਨ ਕੋਈ ਉਸਹੀ ਮੇਂ ਸੁਖਮਾਨੇ ॥ ੮ ॥
ਪੋਹ ਮਾਘ ਦੀ ਝੜੀਆਂ ਸਹਿਕੇ ਅਰ ਸਾਉਨਦੀ ਬਰਖਾ।
ਜੇਠ ਹਾੜ੍ਹ ਦੀ ਧੁੱਪ ਸਹਾਰਨ ਧਰ ਕਰ ਮਨ ਮਹਿ ਹਰਖਾ ॥
ਸਾਂਝ ਪਾਤ ਨਹਿੰ ਨਾਲ ਕਿਸੇ ਦੇ ਅਪਨੇ ਹੀ ਮਨ ਵੇਲੇ।
ਹਿੰਦ ਤੁਰਕ ਦੀ ਭਾਸ਼ਾ ਤਜਕੇ ਅਪਨੇ ਬੋਲਨ ਬੋਲੇ ॥ ੯ ॥
ਤਦ ਬਿਨ ਗੁਰ ਦੇ ਇਨ ਕਾ ਕੋਈ ਰਾਖਾ ਨਾ ਜਗ ਮਾਹੀਂ।
ਨ ਸੀ ਸਹਾਇਕ ਨਜ਼ਰ ਆਂਵਦਾ ਜੋ ਪਕੜੇ ਆ ਬਾਹੀਂ
ਪਰ ਇਸ ਬਿਪਤਾ ਮੇਂ ਭੀ ਸਿਦਕੀ ਅਪਨਾ ਸਿਦਕਨ ਹਾਰੇ।
ਅਰ ਫਿਰ ਸਿੰਘਨੀਆਂ ਨੇ ਦੇਖੋ ਕੀ ਸੀ ਕਸ਼ਟ ਸਹਾਰੇ ॥ ੧੦ ॥
ਏਹੋ ਜੇਹੇ ਸਮੇਂ ਵਿਖੇ ਇਕ ਸਾਕਾ ਹੋਇਆ ਭਾਰਾ।
ਜਿਸ ਨੂੰ ਪੜ੍ਹਕੇ ਕਿਉਂ ਨਾਂ ਕੰਬੇ ਦੇਖੋ ਭਾਰਤ ਸਾਰਾ ॥
ਮੀਰ ਮੰਨੂ ਸੀ ਹਾਕਮ ਰਹਿੰਦਾ ਵਿੱਚ ਲਹੌਰ ਅਜੇਹਾ।
ਜ਼ਾਲਮ ਜ਼ੁਲਮ ਕਰਨ ਨੂੰ ਉਸ ਸਮ ਹੋਰ ਨ ਦੂਜਾ ਰੇਹਾ ॥ ੧੧ ॥
ਆਮ ਕਹਾਨੀ ਲੋਕ ਕਹਨ ਇਹ ਅੱਜ ਤੀਕ ਸਭ ਬਹਿਕੇ।
ਜਿਸਤੇ ਸਿੱਧ ਬਾਤ ਇਹ ਹੁੰਦੀ ਕੀ ਕਰਦੇ ਦੁਖ ਸਹਿਕੇ ॥
ਮੀਰ ਮੰਨੂ ਹੈ ਦਾਤ੍ਰੀ ਸਾਨੂੰ ਅਸੀਂ ਓਸ ਦੀ ਖੇਤੀ।
ਉਹ ਵੱਢੇ ਤੇ ਅਸੀਂ ਜੰਮੀਏ ਅਪਨੀ ਕਿਸਮਤ ਸੇਤੀ ॥ ੧੨ ॥
ਏਹੋ ਜੇਹਾ ਕਾਤਲ ਭਾਰਾ ਮੂਲ ਨ ਜ਼ਿੰਦਾ ਛੱਡੇ।
ਦਿੱਸੇ ਸਿੱਖ ਜਦੋਂ ਰਾ ਉਸ ਨੂੰ ਓਸੇ ਵੇਲੇ ਵੱਢੇ ॥
ਚੜ੍ਹੇ ਸ਼ਿਕਾਰ ਕਰਨ ਓਹ ਜਦ ਹੀ ਤਦ ਮਿਰਗਾਂ ਦੀ ਜਾਗਾ।
ਮਾਰੇ ਸਿੱਖ ਢੂੰਡਕੇ ਬਨ ਮਹਿ ਜਿਸ ਜਾਗਾ ਹਥ ਲਾਗਾ ॥ ੧੩ ॥

ਪਰ ਇੱਕ ਵੇਰ ਕਥਾਓਂ ਉਸਨੂੰ ਸਿੰਘਨੀਆਂ ਦਾ ਟੋਲਾ।
ਮਿਲ ਗਿਆ ਵਿੱਚ ਉਜਾੜ ਅਕੱਲਾ ਦੇਖਦਿਆਂ ਇਮ ਬੋਲਾ॥
ਘੇਰ ਲਵੋ ਇਨ ਸਭਨਾਂ ਤਾਈਂ ਅੱਗੇ ਚਾਇ ਲਗਾਓ।
ਗਊਆਂ ਵਾਂਗ ਇਨ੍ਹਾਂ ਦੇ ਗਲ ਵਿੱਚ ਵਟ ਵਟ ਰੱਸੇ ਪਾਓ ॥ ੧੪॥
ਜਿਸ ਪਰ ਉਹ ਬੇਪਰ ਬੇਜ਼ਰ ਸਨ ਅੱਗੇ ਚਾ ਲਾ ਲਈਆਂ ॥
ਵਾਂਗ ਵੱਗ ਗਊਆਂ ਦੇ ਸੱਭੇ ਚੁਪ ਕੀਤੇ ਤੁਰ ਪਈਆਂ ॥
ਪਕੜ ਲਹੌਰ ਲਿਆਇਆ ਸਭ ਨੂੰ ਉਸੇਤਰ੍ਹਾਂ ਕਰ ਘੇਰਾ।
ਪਾਸ ਸ਼ਹੀਦ ਗੰਜ ਦੀ ਮਸਜਦ ਚਾਇ ਕਰਾਇਆ ਡੇਰਾ ॥ ੧੫॥
ਮਸਜਦ ਮੂਹਰੇ ਹਾਤਾ ਸੀ ਇੱਕ ਬਨਨਾ ਵੱਡਾ ਭਾਰੀ।
ਜਿਸਦੇ ਅੰਦਰ ਕੈਦ ਕਰਾਈਆਂ ਜੋ ਸਨ ਦੁਖੀ ਵਿਚਾਰੀ॥
ਭੁੱਖੇ ਪੇਟ ਪਿਆਸੇ ਮੁਖੜੇ ਦੁਖੜੇ ਝਾਲਨ ਐਸੇ।
ਰੋਂਦੇ ਬੱਚੇ ਚੀਖਾਂ ਮਾਰਨ ਉਨ੍ਹਾਂ ਰਜਾਵਨ ਕੈਸੇ॥ ੧੬॥
ਧਰਤੀ ਉੱਪਰ ਰਾਤ ਦਿਨੇਂ ਓਹ ਪੈਕੇ ਸਮਾਂ ਵਿਤਾਉਨ।
ਪਾਟੇ ਲੀੜੇ ਓਢਨ ਤਨ ਪਰ ਓਹੋ ਹੇਠ ਵਿਛਾਉਨ॥
ਅੱਠੀਂ ਪਹਰੀਂ ਇਕ ਇਕ ਰੋਟੀ ਛੋਲਿਆਂ ਦੀ ਮਿਲ ਜਾਵੇ।
ਨਿਮਕ ਨਾਲ ਉਹ ਵਾਹਿਗੁਰੂ ਕਹਿ ਬੈਠ ਸਬਰਸੇ ਖਾਵੇ॥ ੧੭॥
ਇੱਕ ਪਿਆਲਾ ਪਾਣੀ ਦਾ ਸੀ ਮਿਲਦਾ ਅੱਠੀਂ ਪਹਰੀ।
ਮੁੜਕੇ ਖਬਰ ਨ ਲੈਂਦਾ ਕੋਈ ਜੋ ਸਨ ਜ਼ਾਲਮ ਕਹਰੀ॥
ਕੁਛਕ ਦਿਹਾੜੇ ਏਸ ਤਰ੍ਹਾਂ ਜਦ ਬੀਤ ਗਏ ਦੁਖ ਪਾਂਦੇ।
ਮੀਰ ਮੰਨੂੰ ਤਦ ਹੁਕਮ ਤਿਨਾਂ ਪਰ ਏਸ ਤਰ੍ਹਾਂ ਦੇ ਆਂਦੇ॥ ੧੮॥
ਦਿੱਤਾ ਹੁਕਮ ਤਦੋਂ ਇਹ ਮੰਨੂੰ ਪਾਸ ਬੁਲਾਇ ਸਪਾਹੀ।
ਕਹੋ ਦੀਨ ਵਿੱਚ ਆਵਨ ਸਭੇ ਤਜ ਕਰਕੇ ਬਦਰਾਹੀ॥

ਕਾਫਰ ਧਰਮ ਖਾਲਸਾ ਛੱਡਨ ਮੋਮਨ ਦੀਨ ਸੰਭਾਲਨ।
ਨਾਤਰ ਇਸਤ੍ਰੀਆਂ ਵਿੱਚ ਬੰਦੀ ਅਪਨੀ ਉਮਰਾ ਗਾਲਨ ॥ ੧੯ ॥
ਕਰਸੀ ਦੀਨ ਕਬੂਲ ਜਦੋਂ ਜੋ ਸੋ ਹੋ ਜਾਇ ਸਵਾਣੀ।
ਲਏ ਜਗੀਰ ਬਨੇ ਜੇ ਚਾਹੇ ਘਰ ਮੁਗਲਾਂ ਦੇ ਰਾਣੀ ॥
ਓਸੇ ਵੇਲੇ ਬੰਦ ਛੁਡਾਕੇ ਕਲਮਾਂ ਤੁਰਤ ਪੜ੍ਹਾਓ।
ਚੰਗੇ ਬਸਤ੍ਰ ਅਰ ਸੁਭ ਖਾਣੇ ਖੂਬ ਪਹਿਨਾਇ ਖਵਾਓ ॥ ੨੦ ॥
ਅਰ ਜੋ ਇਸ ਦੀਨੋਂ ਸਿਰ ਫੇਰੇ ਤਦ ਉਸਨੂੰ ਇਹ ਕਰਨਾ।
ਸਵਾ ਸਵਾ ਮਣ ਦਾਣੇਂ ਦੇਕੇ ਪੀਸਨ ਅੱਗੇ ਧਰਨਾ ॥
ਬੈਲਾਂ ਵਾਂਗ ਲਗਾਵੇ ਚੱਕੀ ਪਈ ਪੀਸਨਾ ਪੀਸੇ।
ਆਪੇ ਕਰੂ ਕਬੂਲ ਦੀਨ ਤਦ ਮਿਲਸੀ ਚਾਇ ਕਸੀਸੇ ॥ ੨੧ ॥
ਇਤਨਾ ਹੁਕਮ ਪਾਇ ਕਰ ਆਏ ਤੁਰਕ ਦਲੇਰ ਗਰੂਰੇ।
ਦੇਖੋ ਇਨ੍ਹਾਂ ਗਰੀਬਾਂ ਗਊਆਂ ਮਾਰਨ ਕੇਹਰ ਭੂਰੇ ॥
ਵਡੇ ਵਡੇ ਸਿਰ ਕੁਲੇ ਧਰੇ ਅਰ ਪਹਰੇ ਚਾ ਸਲਵਾਰਾਂ।
ਲਾਲ ਰੰਗ ਸਮ ਹਸਤੀ ਭਾਰੇ ਹੱਥ ਲੀਤੇ ਤਲਵਾਰਾਂ ॥ ੨੨ ॥
ਆਇ ਗਏ ਅਰ ਦੇਖ ਸਭਨ ਕੋ ਬੋਲੇ ਸੁਨਹੁ ਹਮਾਰੀ।
ਆਗਿਆ ਮੀਰ ਦਈ ਜੋ ਤੁਮ ਕੋ ਹੇ ਸਿੰਘਨ ਕੀ ਨਾਰੀ
ਕਰੋ ਕਬੂਲ ਦੀਨ ਹਜ਼ਰਤ ਕਾ ਹੋਕਰ ਮੁਸਲਮਾਨੀਂ।
ਛੱਡੋ ਮਜ਼ਹਬ ਖਾਲਸਾ ਅਪਨਾ ਜੋ ਹੈ ਕੁਫਰ ਕਹਾਨੀ ॥ ੨੩ ॥
ਜਿਸ ਪਰ ਮਿਲੇ ਅਨਾਮ ਤੁਸਾਨੂੰ ਜੋ ਚਾਹੋਂ ਸੋ ਪਾਓ।
ਕੋਈ ਕਮੀ ਨ ਰਹਸੀ ਜਬਕੇ ਕਲਮੇਂ ਅੰਦਰ ਆਓ ॥
ਤੁਮਰੇ ਮਾਲਕ ਸਿੰਘ ਵਿਚਾਰੇ ਮਾਰੇ ਕਿਤੇ ਸਿਧਾਰੇ।
ਸੋ ਮੁੜਕੇ ਨਾ ਕਦੇ ਸਮਝੀਏ ਆਵਨ ਪਾਸ ਤੁਮ੍ਹਾਰੇ ॥ ੨੪ ॥

ਤਾਂਤੇ ਤੁਸੀਂ ਕਹੋ ਕੀ ਲੈਣਾ ਇਸ ਬਿਪਤਾ ਮੇਂ ਪੈਕੇ।
ਏਸ ਜਿਸਮ ਨਾਜ਼ਕ ਕੋ ਸੁਨੀਏ ਜਗ ਅੰਦ੍ਰ ਦੁੱਖ ਦੇਕੇ॥
ਚੰਗੇ ਵਡੇ ਮਰਤਬੇ ਵਾਲੇ ਜੋ ਹਨ ਖਾਨ ਬਹਾਦਰ।
ਸੌਕਰ ਅਕਦ ਤੁਸਾਨੂੰ ਰੱਖਨ ਘਰ ਵਿੱਚ ਦੇਕੇ ਆਦਰ॥ ੨੫॥
ਸੁਇਨਾ ਰੁੱਪਾ ਜ਼ੇਵਰ ਲੇਵੋ ਅਰ ਕਮਖਾਬ ਹੰਡਾਓ।
ਸਤਰਾਂ ਦੇ ਵਿੱਚ ਪੈਕੇ ਅਪਨੀ ਸੁਖ ਸੋਂ ਉਮਰ ਬਤਾਓ॥
ਏਥੇ ਸੁਖ ਅਰ ਅਕਬਤ ਅੰਦ੍ਰ ਬਿਹਿਸ਼ਤ ਖੁਦਾ ਸੇ ਲੇਵੋ॥
ਦੁਨੀਆਂ ਦੀਨ ਸੁਧਾਰੋ ਅਪਨਾ ਇਸ ਹਠ ਨੂੰ ਤਜ ਦੇਵੋ॥ ੨੬॥
ਜੇ ਇਹ ਬਾਤ ਨ ਮੰਨੋ ਸਾਡੀ ਤਾਂ ਹਮ ਕਰਸੇਂ ਐਸੀ।
ਗੁਨਹਗਾਰ ਕੋ ਸਜ਼ਾ ਦੇਵਨੀ ਵਿੱਚ ਸ਼ਰ੍ਹਾ ਦੇ ਜੈਸੀ॥
ਸਵਾ ਸਵਾ ਮਣ ਪੀਸਣ ਪੀਸੋ ਹੋ ਪਿਸਿਆਰੀ ਸਾਰੀ।
ਇਸ ਤੇ ਦੇਖੋ ਕੀ ਕੁਛ ਹੋਸੀ ਭੈੜੀ ਦਿਸ਼ਾ ਤੁਮਾਰੀ॥ ੨੭॥
ਇਸਤੇ ਬਿਨਾਂ ਮੁਸ਼ੱਕਤ ਭਾਰੀ ਹੋਰ ਤੁਸਾਂ ਪਰ ਆਵੇ।
ਜਦ ਇਨਕਾਰ ਸ਼ਰ੍ਹਾ ਤੇ ਕਰਨਾ ਮੀਰ ਮੰਨੂੰ ਸੁਨ ਪਾਵੇ॥
ਤਾਂਤੇ ਮੰਨ ਅਸਾਡਾ ਕਹਨਾ ਹੁਨ ਹਠ ਮੂਲ ਨ ਕਰਨਾ।
ਉਨ ਸਿੰਘੋਂ ਕੀ ਆਸ ਹੇਤ ਕਿਉਂ ਹੈ ਦੁੱਖ ਪਾਕਰ ਮਰਨਾ॥ ੨੮॥
ਜਦ ਤੁਰਕਾਂ ਦੇ ਬਚਨ ਅਜੇਹੇ ਸੁਨੇ ਮਹਾਂ ਡਰ ਵਾਲੇ।
ਇੱਕ ਵਾਰ ਦੇ ਬੋਲਨ ਤੇ ਜੋ ਲੈਂਦੇ ਜਾਨ ਨਿਕਾਲੇ॥
ਇੱਕੋ ਵੇਰ ਪੁਕਾਰ ਸਭੀ ਨੇ ਕਹਾ ਸੁਨੋ ਹੇ ਗੰਦੇ।
ਕਿਆ ਤੁਮ ਹਮਕੋ ਆਕਰ ਮੂੰਹੋਂ ਬੋਲ ਬੋਲਦੇ ਮੰਦੇ॥ ੨੯॥
ਅਸੀਂ ਗੁਰੂ ਦੀ ਸਿੰਘਨੀਆਂ ਅਰ ਧਰਮ ਖਾਲਸਾ ਸਾਡਾ॥
ਸਾਡੇ ਸਿਰ ਪਰ ਖੜਾ ਵੇਖਦਾ ਜੋ ਰੱਛਕ ਗੁਰ ਡਾਢਾ॥

ਤੁਮਰੇ ਦੀਨ ਕੋਲ ਤੇ ਸਾਡਾ ਧਰਮ ਵੱਡਾ ਹੈ ਭਾਰੀ।
ਉਸਨੂੰ ਤਿਆਗ ਕਹੋ ਕਿਉਂ ਆਈਏ ਅੰਦ੍ਰ ਸ਼ਰਾ ਤੁਮ੍ਹਾਰੀ ॥੨੦॥
ਸਿੰਘ ਅਸਾਂਦੇ ਮਾਰ ਤੁਸਾਨੂੰ ਪਲ ਵਿੱਚ ਚਾਇ ਮੁਕਾਵਨ।
ਆਗਿਆ ਪਾਇ ਗੁਰੂ ਦੀ ਬਲ ਤੇ ਕੱਢ ਅਸਾਂ ਲੈ ਜਾਵਨ॥
ਨਾਰੀ ਧਰਮ ਪਤਿੱਬ੍ਰਤਾ ਦਾ ਜੋ ਇਸ ਨੂੰ ਤਜ ਕਿਉਂ ਮਰੀਏ।
ਟੁਕੜੇ ਕਾਰਨ ਅਪਨੀ ਇੱਜ਼ਤ ਕਿਸ ਕਾਰਨ ਹਰਧਰੀਏ ॥੨੧॥
ਸਭ ਪਰ ਵਕਤ ਪਏ ਹਨ ਆਕੇ ਪਰ ਉਨ ਸੀਸ ਸਹਾਰੇ।
ਸੀਤਾ ਦਹਸਿਰ ਬੰਦ ਕਰੀ ਪਰ ਮਰੀ ਨ ਸਿਦਕ ਵਿਸਾਰੇ॥
ਦੇਖ ਦ੍ਰੋਪਤੀ ਚੀਰ ਲਹਾਏ ਵਿੱਚ ਸਭਾ ਹੋ ਨੰਗੀ।
ਪਰ ਉਨ ਧਰਮ ਹਾਰਨੇ ਵਾਲੀ ਬਾਤ ਨ ਮੁਖ ਤੇ ਮੰਗੀ ॥ ੨੨ ॥
ਤਾਂ ਤੇ ਅਸੀਂ ਧਰਮ ਨਾ ਤਜੀਏ ਭਾਵੇਂ ਖੱਲ ਉਤਾਰੋ।
ਜਿਸਤੇ ਹੋਇ ਖੁਸ਼ੀ ਮਨ ਤੁਮਰਾ ਉਸੀ ਮਾਰ ਸੋਂ ਮਾਰੋ॥
ਇਹ ਤਨ ਸਦਾ ਰਹੇ ਜਗ ਨਾਹੀਂ ਧਰਮ ਸਦਾ ਥਿਰ ਰਹਿੰਦਾ।
ਫਿਰ ਉਸ ਪਿੱਛੇ ਕਹੋ ਬੁਰਾ ਕੀ ਜੇ ਦੁਖ ਪ੍ਰਾਨੀ ਸਹਿੰਦਾ ॥ ੨੩ ॥
ਤੁਮਰੇ ਖਾਣੇ ਬਸਤ੍ਰ ਚੰਗੇ ਅੱਗ ਲਾਇ ਹਮ ਸਾੜੇਂ।
ਇਸੀ ਤਰ੍ਹਾਂ ਸਹਿ ਨੰਗ ਭੁੱਖ ਨੂੰ ਤੁਮਰਾ ਮੂਲ ਉਖਾੜੇਂ॥
ਤੁਸੀਂ ਅਸਾਂ ਦੇ ਸਤ ਨੂੰ ਚਾਹੋ ਭੰਗ ਕਰਨ ਹੋ ਪਾਜ਼ੀ।
ਯਾਦ ਕਰੋਗੇ ਜਦ ਤੁਮ ਨਾਰਾਂ ਲੈਨ ਸਿੰਘ ਹੋ ਗਾਜ਼ੀ ॥ ੨੪ ॥
ਜੋ ਪਰ ਨੂੰ ਤੁਮ ਕਰਨੀ ਤੱਕੋ ਸੋ ਹੋ ਤੁਮਰੇ ਘਰ ਨੂੰ।
ਏਹੋ ਨੀਤ ਫਲੇਗੀ ਤੁਮ ਕੋ ਖੋਹ ਬੈਠੋ ਇਸ ਡਰ ਨੂੰ॥
ਕੌਨ ਸ਼ਰ੍ਹਾ ਅਰ ਕਲਮਾਂ ਤੁਮਰਾ ਹੈ ਕਿਆ ਦੀਨ ਬਲਾਏ।
ਜੋ ਸਾਡੇ ਹੋ ਸਨਮੁਖ ਅਪਨਾ ਆਕੇ ਮੁਖ ਦਿਖਲਾਏ ॥ ੨੫ ॥

ਸਾਡਾ ਧਰਮ ਖਾਲਸਾ ਸੱਚਾ ਜੋ ਤੁਮਰੀ ਜੜ੍ਹ ਗਾਲੂ।
ਉਸਦੀ ਬਰਕਤ ਛੱਡ ਭਲਾ ਕਹੁ ਕੌਨ ਤੁਹਾਡਾ ਭਾਲੂ॥
ਜੰਗਲ ਦੇ ਵਿੱਚ ਰਹਿਕੇ ਸਾਨੂੰ ਸਾਗ ਪਾਤ ਦਾ ਖਾਨਾ।
ਅੱਛਾ ਹੈ ਇਹ ਜੀਵਨ ਸਾਡਾ ਧਰਮ ਰੱਖ ਮਰਜਾਨਾ॥ ੩੬॥
ਕੌਨ ਤੁਹਾਡਾ ਦੀਨ ਕਬੂਲੇ ਅਰ ਕਲਮਾਂ ਪੜ੍ਹ ਜਾਨੇ।
ਕੌਨ ਬਹਿਸ਼ਤ ਚਹੇ ਕਹੁ ਤੁਮਾਰਾ ਕਰ ਅਪਨਾ ਸਤਿ ਹਾਨੇ॥
ਤ੍ਰਾਂਤੇ ਅਸੀਂ ਉਨ੍ਹਾਂ ਦੇ ਪਿੱਛੇ ਜੋ ਹੰਨ ਕੰਤ ਅਸਾਡੇ।
ਧਰਮ ਹਾਰਨਾ ਕਦੇ ਨ ਚਹੀਕੇ ਰਹਿਕੇ ਪਾਸ ਤੁਹਾਡੇ॥ ੩੭॥
ਉਨ੍ਹਾਂ ਸੂਰਮਿਆਂ ਦੀ ਹੋ ਨਾਰਾਂ ਲਾਜ ਉਨ੍ਹਾਂ ਨੂੰ ਲਾਈਏ।
ਤੁਮਰੇ ਟੁਕੜੇ ਕਪੜੇ ਪਿੱਛੇ ਅਪਨਾ ਧਰਮ ਗੁਵਾਈਏ॥
ਤ੍ਰਾਂਤੇ ਅਸੀਂ ਸੀਸ ਸਭ ਸਹਿਨਾ ਜੋ ਦੁੱਖ ਤੁਮਰੀ ਵੱਲੋਂ।
ਸਿਰ ਦਈਏ ਨਾ ਸਿਰੜ ਹਾਰੀਏ ਤੁਮਰੀ ਝੂਠੀ ਗੱਲੋਂ॥ ੩੮॥
ਜਿਸਤੇ ਕਹੋ ਜਾਇਕੇ ਮੰਨੂ ਉਹ ਨਾ ਮੰਨਨ ਕਹਣਾ।
ਆਖਣ ਧਰਮ ਹਾਰਕੇ ਜਗ ਵਿੱਚ ਕੈ ਦਿਨ ਜ਼ਿੰਦੇ ਰਹਣਾ॥
ਜਦ ਤੁਰਕਾਂ ਨੇ ਜਾਇ ਸੁਨੇਹਾ ਦਿੱਤਾ ਮੰਨੂ ਤਾਈਂ।
ਆਖੀ ਮੌਤ ਕਬੂਲਨ ਸੱਭੇ ਦੀਨ ਨ ਮੰਨਨ ਸਾਈਂ॥ ੩੯॥
ਆਖਨ ਦੁਖ ਹਨ ਸਭ ਸੁਖ ਸਾਨੂੰ ਧਰਮ ਹਾਰਨੇ ਕੋਲੋਂ।
ਫਿਰ ਆਕੇ ਨਾ ਬਚਨ ਅਜੇਹਾ ਸਾਡੇ ਸਨਮੁਖ ਬੋਲੋਂ।
ਅਪਨੇ ਗੁਰ ਦੇ ਨਾਮ ਬਿਨਾਂ ਉਹ ਦੂਸਰ ਨਾਂਹਿ ਬੁਲਾਉਨ।
ਇੱਕ ਬਾਤ ਨੂੰ ਸੁਨਕੇ ਅੱਗੋਂ ਸੌ ਸੌ ਆਖ ਸੁਨਾਉਨ॥ ੪੦॥
ਨੰਗ ਭੁੱਖ ਵਿੱਚ ਰੱਜ ਕੱਜ ਉਨ ਸਮਝ ਲਿਆ ਹੈ ਮੀਰਾਂ।
ਛੱਡਨ ਨਾਂ ਉਹ ਧਰਮ ਆਪਨਾ ਭਾਵੇਂ ਵਿੰਨ੍ਹੋਂ ਤੀਰਾਂ॥

ਸਾਡੀ ਏਸ ਅਮੀਰੀ ਕੋਲੋਂ ਚੰਗੀ ਲਖਨ ਫਕੀਰੀ।
ਰੰਚਕ ਨਹਿੰ ਮੁਖ ਉਨਕੇ ਆਵੇ ਦੁਖ ਦਿੱਤੇ ਦਿਲਗੀਰੀ ॥੪੧॥
ਅਪਨੇ ਪਤੀਆਂਉੱਪਰ ਉਨਕੇ ਹਨਸਭ ਹਠ ਅਬ ਐਸੇ।
ਪਾਰਸਾਇ ਨਾਰਾਂ ਦੇ ਹੁੰਦੇ ਵਿੱਚ ਸ਼ਰ੍ਹਾ ਦੇ ਜੈਸੇ॥
ਇਹ ਹਾਲਤ ਉਨਕੀ ਹਮ ਗਾਈ ਆਗੇ ਜੋ ਤੁਧ ਭਾਵੇ॥
ਸੋਈ ਜਾਇ ਗੁਲਾਮ ਉਨ੍ਹਾਂ ਕੋ ਹੁਕਮ ਹਜ਼ੂਰ ਸੁਨਾਵੇ॥ ੪੨॥
ਮੰਨਨ ਯਾ ਨਾ ਮੰਨਨ ਉਸਨੂੰ ਸੋ ਹੈ ਤਿਨ ਕੀ ਮਰਜ਼ੀ।
ਪਰ ਹਮ ਸਕਲ ਗੁਜ਼ਾਰੀ ਆਕੇ ਉਸ ਜਾਗਾ ਦੀ ਅਰਜ਼ੀ॥
ਸੁਨਕੇ ਬਾਤ ਗਜ਼ਬ ਵਿੱਚ ਆਇਆ ਮੀਰ ਮੰਨੂੰ ਤਦ ਐਸਾ।
ਅਗਨ ਵਾਂਗ ਤਪ ਲਾਲ ਹੋਇਆ ਲੋਹੇ ਪਿੰਨਾਂ ਜੈਸਾ॥ ੪੩॥
ਲੱਗਾ ਕਹਨ ਭਲਾ ਹਠ ਉਨਕੇ ਕਬ ਤਕ ਰਹਿਸਨ ਕਾਇਮ।
ਯਾਦ ਕਰਨ ਪਛਤਾਵਨ ਆਪੇ ਮਿਲੂ ਕੈਦ ਜਦ ਦਾਇਮ॥
ਤਾਂਤੇ ਜਾਕਰ ਦੇਹੁ ਉਨ੍ਹਾਂ ਨੂੰ ਚੱਕੀ ਪੀਸਨ ਪੀਸੇ।
ਸਵਾ ਸਵਾ ਮਣ ਦਾਣੇ ਦੇਵੋ ਪਹੁੰਚੇ ਅਧਿਕ ਕਮੀਸੇ॥ ੪੪॥
ਆਪੇ ਚਾਉ ਸਹੇਗਾ ਸਾਰਾ ਜਦ ਮਿਹਨਤ ਦਿਸ ਆਊ।
ਦੇਖਾਂ ਗਾ ਇਸ ਬੰਦੀ ਖਾਨਿਓਂ ਕੌਣ ਬੁਲਾਇ ਉਡਾਊ॥
ਰੁੱਖੀ ਰੋਟੀ ਨਿਮਕ ਨਾਲ ਗਿਣ ਇੱਕ ੨ ਸਭ ਨੂੰ ਦੇਣੀ।
ਇੱਕੋ ਪਿਆਲਾ ਦੇ ਪਾਣੀ ਦਾ ਤਾਂ ਮੂਲ ਸਾਰ ਨ ਲੈਣੀ॥ ੪੫॥
ਕੁਛਕ ਦਿਨਾਂ ਤਕ ਕਰੋ ਇਹੀ ਜੋ ਹੁਕਮ ਤੁਸਾਂ ਨੂੰ ਦੇਵਾਂ।
ਥੋੜੇ ਅਰਸੇ ਤਕ ਮੈਂ ਉਨਕੀ ਫੇਰ ਖਬਰ ਚਾ ਲੇਵਾਂ॥
ਪਾਇਆ ਹੁਕਮ ਸਿਪਾਹੀਆਂ ਜਬਕੇ ਗਏ ਤੁਰਤ ਉਸ ਜਾਏ॥
ਜਿੱਥੇ ਗੁਰ ਦੀ ਸਿਦਕਣੀਆਂ ਸਨਬੈਠੀ ਅਤਿਦੁਖਪਾਏ।

ਆਖੀ ਜਾਇ ਸੁਨੋ ਹੋ ਨਾਰੀ ਬਾਤ ਹਮਾਰੀ ਸਾਰੀ ।
ਚੱਕੀ ਮਿਲੀ ਮੁਸ਼ੱਕਤ ਤੁਮਕੋ ਪੀਸੋ ਵਾਂਗ ਬਿਗਾਰੀ ॥
ਇਤਨਾ ਕਹਕੇ ਭਰ ੨ ਦਿੱਤੇ ਚਾਇ ਟੋਕਰੇ ਦਾਣੇਂ ।
ਲਗੇ ਪਿਸਾਉਨ ਦੇਖੋ ਜ਼ਾਲਮ ਕਰਕੇ ਜ਼ੋਰ ਧਿਗਾਣੇ ॥ ੪੭ ॥
ਪਰ ਉਹ ਨਿਰਬਲ ਬੇਪਰ ਸਭੇ ਲੱਗ ਖਲੋਈਆਂ ਕਾਰੇ ।
ਪੀਸਨ ਪੀਸਨ ਦਾ ਦੁੱਖ ਖੋਸਨ ਗੁਰਕੇ ਸ਼ਬਦ ਉਚਾਰੇ ॥
ਵਾਹਿਗੁਰੂ ਦਾ ਜਾਪ ਜਪਨ ਅਰ ਮਨ ਹਠ ਕਰਕੇ ਭਾਰਾ ।
ਸਾਰਾ ਖੇਦ ਸਹਾਰਨ ਤਨਪਰ ਦੁਖਮਹਿ ਕਰਨ ਗੁਜ਼ਾਰਾ ॥ ੪੮ ॥
ਅਪਨਾ ੨ ਪੀਸ ਪੀਸਨਾਂ ਬੈਠਨ ਜਦੋਂ ਵਿਚਾਰੀ ।
ਹੱਥ ਜੋੜ ਕਰ ਕਰਨ ਬੇਨਤੀ ਹੇ ਸਤਿਗੁਰ ਅਵਤਾਰੀ ॥
ਅਸੀਂ ਅਨਾਥ ਆਪ ਦੇ ਪਰਨੇਂ ਲੱਜਾ ਰੱਖ ਅਸਾਡੀ ।
ਕਰ ਗਾਰਤ ਇਨ੍ਹਾਂ ਤੁਰਕਾਂ ਤਾਈਂ ਜਿਨਨੇ ਚਾਈ ਡਾਢੀ ॥ ੪੯ ॥
ਇਸੇ ਤਰ੍ਹਾਂ ਜਦ ਕਰਨ ਬਿਨੈਤੀ ਅਰ ਦੁੱਖ ਅਪਨਾ ਗਾਵਨ ।
ਮਾਨਸ ਕੌਨ ਦੇਖ ਨਹਿ ਡਰਦਾ ਪਿੱਘ ਪੱਥਰ ਢਲ ਜਾਵਨ ॥
ਭੁੱਖੇ ਬਾਲ ਇਆਣੇ ਰੋਵਨ ਖਾਲੀ ਪੇਟ ਵਿਚਾਰੇ ।
ਦੇਂਦੇ ਪਿਆਰ ਵਰਾਵਨ ਬਹਕੇ ਜੋ ਸੇ ਮਨ ਦੁਖਿਆਰੇ ॥ ੫੦ ॥
ਰੋਇ ਧੋਇਕੇ ਉਸੀ ਤਰ੍ਹਾਂ ਫਿਰ ਭੁੱਖ ਹੀ ਸੌਂ ਜਾਂਦੇ ।
ਤਰਸਨ ਟੁਕੜੇ ਤਾਈਂ ਜੋ ਸੇ ਰੱਜ ਰੱਜ ਕਰ ਖਾਂਦੇ ॥
ਜਦ ਸਭ ਸਿੰਘਣੀਆਂ ਦੁਖ ਸਹਿਕੇ ਰਹੀ ਧਰਮ ਮਹਿ ਪੱਕੀ ।
ਅਕਾਲਪੁਰਖ ਦੀ [illegible] ॥ ੫੧ ॥
ਪਰ ਜ਼ਾਪਨੇ ਮਨ [illegible] ਇਆਂ ।
ਅਪਨੇ ਕੌੜੇ ਬਚ[illegible] ਆਂ ॥

ਉਸ ਵੇਲੇ ਦੀ ਹਾਲਤ ਦੇਖੀ ਜਦੋਂ ਪਠਾਨਾਂ ਸਾਰੀ।
ਜਾਕੇ ਮੀਰ ਮੰਨੂ ਨੂੰ ਤਿਨ ਨੇ ਆਖੀ ਕਹਕੇ ਭਾਰੀ ॥ ੫੨ ॥
ਸੁਨੋ ਖਾਨ ਜੀ ਸਿਦਕ ਉਨ੍ਹਾਂ ਦੇ ਕੀ ਕੁਛ ਕਹਕੇ ਦੱਸੇਂ।
ਉਹ ਤਾਂ ਏ ਮੁਸ਼ੱਕਤ ਅੰਦ੍ਰ ਖਿੜ ਖਿੜ ਮੁਖ ਤੇ ਹੱਸੇਂ ॥
ਨਹੀਂ ਅਸਾਂ ਦਾ ਡਰ ਮਨ ਜਿਨਕੇ ਅਰ ਨਾ ਖੌਫ਼ ਸਜ਼ਾਓਂ।
ਕੁਝ ਨਾ ਬਿਗੜੇ ਉਨਕਾ ਸੁਨੀਏਂ ਸਾਡੇ ਏਸ ਦਬਾਓਂ ॥ ੫੩ ॥
ਤਾਂਤੇ ਆਪ ਕਹੋ ਹੁਨ ਸਾਨੂੰ ਅੱਗੇ ਕੀ ਕੁਝ ਹੋਊ
ਜਿਸਤੇ ਵਿੱਚ ਸ਼ਰ੍ਹਾ ਦੇ ਆਵਨ ਉਜ਼ਰ ਨ ਕਰਸਨ ਕੋਊ ॥
ਇਤਨਾ ਸੁਨਕੇ ਮੰਨੂ ਪਾਪੀ ਵਿੱਚ ਗ਼ਜ਼ਬ ਦੇ ਆਇਆ।
ਆਖਨ ਲੱਗਾ ਅਜੇ ਉਨ੍ਹਾਂ ਨੂੰ ਮੈਂ ਨਾ ਹੱਥ ਦਿਖਾਇਆ ॥ ੫੪ ॥
ਚੱਲੋ ਖਾਂ ਮੈਂ ਕਰਸਾਂ ਕੇਹੀ ਨਾਲ ਉਨ੍ਹਾਂ ਦੇ ਫੜਕੇ।
ਦੇਖ ਸ਼ਕਲ ਮੇਰੀ ਨੂੰ ਕਿੱਕਰ ਹਿਰਦਾ ਉਨਕਾ ਧੜਕੇ ॥
ਹੋਇ ਸਵਾਰ ਪਾਲਕੀ ਉੱਪਰ ਆਇਆ ਜ਼ਾਲਮ ਭਾਰੀ।
ਨਾਲ ਧਰੀਆਂ ਦੇ ਜੋ ਲੱਗਾ ਦੇਖੋ ਕਰਨ ਖੁਆਰੀ ॥ ੫੫ ॥
ਸ਼ੇਰ ਵਾਂਗ ਉਨ ਗਊਆਂ ਉੱਪਰ ਭਬਕ ਪਿਆ ਹਤਿਆਰਾ।
ਆਖਨ ਲੱਗਾ ਸਾਚ ਬਤਾਓ ਕਿਆ ਹੈ ਮਤਾ ਤੁਮਾਰਾ ॥
ਜੇਕਰ ਵਿੱਚ ਸ਼ਰ੍ਹਾ ਦੇ ਆਵੋਂ ਨਾਲ ਪੁਤਾਂ ਦੇ ਸਾਰੀ।
ਤਾਂ ਮੈਂ ਕਹਾਂ ਤੁਹਾਨੂੰ ਕੁਝ ਨਾਂ ਬੈਠੀ ਕਰੋ ਬਹਾਰੀ ॥ ੫੬ ॥
ਜੇਕਰ ਅਪਨੇ ਮਨ ਹਠ ਕਰਕੇ ਮੰਨੋਂ ਨਹਿ ਫਰਮਾਨਾਂ।
ਤਾਂ ਤੁਮ ਸਮਝੋ ਮਨ ਦੇ ਅੰਦਰ ਨਾਹੀਂ ਤੁਮੇਂ ਟਿਕਾਨਾਂ ॥
ਇਤਨਾ ਸੁਨਕੇ ਸਭਨਾਂ ਅੱਗੋਂ ਏਹੁ ਜਵਾਬ ਸੁਨਾਯਾ।
ਅਸੀਂ ਸੀਸ ਅਪਨਾ ਸੁਨ ਪਾਪੀ ਗੁਰ ਦੀ ਭੇਟ ਚੜ੍ਹਾਯਾ ॥ ੫੭ ॥

ਸਾਡੀ ਜਾਨ ਮਾਲ ਅਰ ਇੱਜ਼ਤ ਉਹ ਕਲਗੀਧਰ ਪੂਰਾ ॥
ਲਏ ਬਚਾਇ ਅਸਾਂ ਨੂੰ ਤੈਥੋਂ ਤੋੜੇ ਤੁਧ ਗਰੂਰਾ ॥
ਕਦੇ ਕਿਸੇਨੇ ਜ਼ੁਲਮ ਕਮਾਕੇ ਜਗ ਵਿੱਚ ਹੈ ਸੁਖਪਾਯਾ ।
ਓੜਕ ਮੂਧੇਮੁਖਹੋ ਗਿਰਿਆ ਕਰਜਿਨ ਜ਼ੁਲਮ ਦੁਖਾਇਆ ॥ ੫੮ ॥
ਅਰ ਜੋ ਸਾਦਕ ਸਬਰ ਰੱਖਦੇ ਧਰਮ ਨ ਦੇਂਦੇ ਹੱਥੋਂ ।
ਰੱਖੇ ਆਪ ਉਨ੍ਹਾਂ ਨੂੰ ਕਰਤਾ ਵਗਦੇ ਜ਼ੁਲਮ ਅਗੱਥੋਂ ॥
ਤਾਂਤੇ ਜੋ ਤੂੰ ਕਰਨਾ ਚਾਹੇਂ ਨਾਲ ਅਸਾਂ ਦੇ ਖੁਆਰੀ ।
ਸੋ ਕਰ ਨਹੀਂ ਜ਼ਰਾ ਡਰ ਸਾਨੂੰ ਓਟ ਏਕ ਹਮ ਧਾਰੀ ॥ ੫੯ ॥
ਇਤਨਾ ਸੁਨਕੇ ਫੇਰ ਗਜ਼ਬ ਵਿੱਚ ਆਇ ਗਿਆ ਉਹ ਕੂਰਾ ।
ਲੱਗਾ ਕਹਨ ਪਕੜ ਇਨ ਬੱਚੇ ਕਰਦੋ ਚੂਰਾ ਚੂਰਾ ॥
ਲੈਕੇ ਹੁਕਮ ਜਲਾਦਾਂ ਖੋਹੇ ਗੋਦੋਂ ਬਾਲ ਇਆਣੇ ।
ਉਨ ਮਾਵਾਂ ਦੇ ਪਿਆਰੇ ਬੱਚੇ ਦੇਖੋ ਜੋਰ ਧਿਗਾਣੇ ॥ ੬੦ ॥
ਵੱਢ ਵੱਢ ਕੇ ਟੁਕੜੇ ਕੀਤੇ ਫਿਰ ਪਾਏ ਉਨ ਝੋਲੀ ।
ਜਿਸ ਪਰ ਸਬਰ ਪਿਆਲੇ ਪੀਤੇ ਮੁਖ ਤੇ ਫੇਰ ਨ ਬੋਲੀ ॥
ਲੈਕੇ ਅਪਨੇ ਮੁਰਦੇ ਬੱਚੇ ਬਹਿਕੇ ਗੁਰੂ ਧਿਆਉਨ ।
ਓਧਰ ਪਕੜ ਜਲਾਦ ਉਨ੍ਹਾਂ ਦੇ ਗਲਦੇ ਨਾਲਬੰਧਾਉਨ ॥ ੬੧ ॥
ਪੱਥਰ ਦਿਲ ਹੋ ਗਏ ਉਨ੍ਹਾਂ ਦੇ ਸਾਕੇ ਕਸ਼ਟ ਅਜਹਾ ।
ਕੀ ਕੁਛ ਕਹਿਕੇ ਦੱਸਨ ਮੁਖ ਤੇ ਭਾਰਾ ਸੌ ਦੁਖ ਏਹਾ ॥
ਇਤਨਾ ਦੇਕਰ ਦੁਖ ਅੰਤ ਨੂੰ ਇਹ ... ਹੁਕਮ ਸੁਨਾਇਆ ।
ਅਜੇ ਇਨ੍ਹਾਂ ਨੂੰ ਪੁੱਛ ਬਹਕੇ ... ਨ ਕਰਕੇ ਪਾਇਆ ॥ ੬੨ ॥
ਜੇਕਰ ਮੰਨ ਲੈਨ ਇਹ ਆਖ ... ਕਦੋਂ ਛੁਟਕਾਓ ।
ਨਹੀਂ ਆਇ ਕੇ ਫਿਰ ਤੁਮ ਮੈ ... ਹਾਲ ਸੁਨਾਓ ॥

ਆਇ ਸਿਪਾਹੀ ਆਖਨ ਲੱਗੇ ਕਿਉਂ ਹਠ ਕਰਸੋਂ ਭਾਰੀ ।
ਇਸਤ੍ਰੀਆਂ ਹਠ ਬਦਲੇ ਕੀਤੀ ਨਾਲ ਤੁਸਾਂਦੇ ਖੁਆਰੀ ॥ ੬੩ ॥
ਜਿਤਨਾ ਤੁਸੀਂ ਸ਼ਰ੍ਹਾ ਥੋਂ ਨੱਸੋ ਉਤਨਾ ਹੀ ਦੁੱਖ ਦੇਸੀ ।
ਸੁੱਟੇ ਚਾਇ ਭੋਰਿਆਂ ਅੰਦ੍ਰ ਕੌਨ ਖਬਰ ਤਦ ਲੈਸੀ ॥
ਬਾਦਸ਼ਾਹ ਦੇ ਨਾਲ ਬਰਾਬਰ ਕੌਨ ਭੁਲਾ ਕਰ ਸੱਕੇ ।
ਅਜੇ ਤੀਕ ਤਾਂ ਚਿੜੀਆਂ ਹੋ ਤੁਮ ਮੀਰ ਅਸਾਂਦੇ ਧੱਕੇ ॥ ੬੪ ॥
ਤਾਂਤੇ ਕਹੋ ਸਲਾਹ ਆਪਨੀ ਮਰਨਾ ਹੈ ਕਿ ਜੀਣਾਂ ।
ਆਖਰ ਪੈਸੀ ਭੁਗਤ੍ਨਾ ਤੁਮਕੋ ਅਪਨਾ ਸਿੱਟਿਆ ਚੀਣਾਂ ॥
ਆਸ ਜਿਨ੍ਹਾਂ ਦੀ ਮਨ ਵਿਚ ਰੱਖੋਂ ਅਰ ਛੁਟਕਾਰਾ ਚਾਓਂ ।
ਸੋਤਾਂ ਖਾਮ ਖਿਆਲ ਤੁਸਾਂਦੇ ਝੂਠੇ ਮੰਨ ਪਕਾਓਂ ॥ ੬੫ ॥
ਆਖਰ ਪਾਂਣੀ ਪੁਲਾਂ ਹੇਠ ਦੀ ਲੰਘੇਗਾ ਸੁਨ ਏਹੀ ।
ਨਗਤੇ ਨਾਲ ਕਰੇ ਜੋ ਹੁੱਜਤ ਅਕਲ ਭੁਲਾ ਹੈ ਕੇਹੀ ॥
ਅਜੇ ਅਸਾਡਾ ਆਖਣਾ ਮੰਨੋ ਛੱਡੋ ਧਰਮ ਨਿਕਾਰਾ ।
ਲੇਵੋ ਦੀਨ ਅਸਾਡਾ ਸੱਚਾ ਹੋ ਦਿਲ ਸ਼ਾਂਤ ਤੁਮ੍ਹਾਰਾ ॥ ੬੬ ॥
ਮਾਨਸ ਦੇਹੀ ਬਾਰ ਬਾਰ ਨਾਹਿੰ ਜੋ ਤੁਮ ਦੁਖ ਮਹਿ ਗਾਲੋਂ ।
ਐਵੇਂ ਅਪਨੀ ਮੂਰਖਤਾ ਕਰ ਇਤਨਾ ਦੁਖੜਾ ਜਾਲੋਂ ॥
ਸੁਨਕੇ ਬਚਨ ਤੁਰਕ ਦੇ ਸੱਭੇ ਸਿੰਘਨੀਆਂ ਭਬਕਾਈਆਂ ।
ਕਿਆਤੂੰਦੁਸ਼ਟਬਕੇ ਆ ਸਨਮੁਖ ਹਮਰੇਵਾਂਗ ਸੁਦਾਈਆਂ ॥ ੬੭ ॥
ਅਸੀਂ ਜਾਨ ਤੇ ਹਨ ਹੱਥ ਧੋਤੇ ਮਰਨ ਭਲੇ ਕਰ ਜਾਤੇ ।
ਏਹ ਸ਼ਰਾ ਅਰ ਸੁਖ ਤੁਸਾਡੇ ਪਾਏ ਡੂੰਘੇ ਖਾਤੇ ॥
ਏਹੁ ਸਰੀਰ ਅਨਿੱਤ ਸਦਾ ਹੈ ਧਰਮ ਨਿੱਤ ਜਗ ਰਹਿਨਾ ।
ਧਰਮ ਗਿਆ ਫਿਰ ਹਾਥਨਾ ਆਵੇ ਦੇਹ ਕਰਮਗਤ ਲਹਨਾ ॥ ੬੮ ॥

ਬੋਲ ਤੋਲ ਜਗ ਜਿਨਕਾ ਰਹਿੰਦਾ ਸੋ ਨਾ ਮਰਦੇ ਮੌਤੋਂ ।
ਰਹਿਸਨ ਨਾਮ ਅਟੱਲ ਉਨ੍ਹਾਂ ਦੇ ਧ੍ਰੂਵ ਟਲਜਾਇ ਟਲੈਤੋਂ ॥
ਸਾਨੂੰ ਇੱਕ ਅਕਾਲ ਓਟ ਹੈ ਦੂਸੌਰ ਕਾਨ ਚੁਕਾਈ ।
ਉਸਦੇ ਪੂਤ ਦਸਮ ਗੁਰ ਸਾਡੀ ਰੱਖਨ ਪੈਜ ਬਨਾਈ ॥ ੬੯ ॥
ਕਰਨਾ ਹਠ ਹੈ ਨਾਲ ਸਿਦਕ ਦੇ ਜਾਨ ਜਾਇ ਤੋਂ ਜਾਏ ।
ਤੁਮਰੇ ਕਹਨੇ ਕਰਕੇ ਕਿਹੜਾ ਅਪਨਾ ਸਿਦਕ ਗੁਵਾਏ ॥
ਜੇ ਕਰਤਾਰ ਰੱਖਨਾ ਸਾਨੂੰ ਤਾਂ ਹਰ ਹੀਲੇ ਰੱਖੇ ।
ਬੁਰਾ ਕਰਨ ਹਾਰਾ ਫਿਰ ਬਦਲਾ ਇਸ ਕਰਮ ਦਾ ਚੱਖੇ ॥ ੭੦ ॥
ਜਿਸਨੂੰ ਆਪ ਜਿਵਾਲੇ ਕਰਤਾ ਕੌਨ ਓਸਨੂੰ ਮਾਰੇ ।
ਗਿਰ ਅਸਮਾਨੋਂ ਪਵੇ ਧਰਤ ਜੇ ਦੇਕਰ ਹਾਥ ਉਬਾਰੇ ॥
ਫਿਰ ਜੇ ਮੌਤ ਆਇ ਸਿਰ ਪੁੰਨੀ ਤਾਂ ਨਹਿ ਰੱਖਕ ਕੋਈ ।
ਪੀਰ ਪਕੰਬਰ ਵਲੀ ਤੁਸਾਂਦੇ ਰਹੇ ਨ ਜਗ ਮਹਿ ਸੋਈ ॥ ੭੧ ॥
ਅਰ ਜੋ ਮੌਤ ਖੜੀ ਹੈ ਸਿਰਪਰ ਖਾਤਰ ਜਾਨ ਅਸਾਂਦੀ ।
ਕਿਉਂ ਉਸਤੇ ਫਿਰ ਪਾਜ਼ੀ ਬਨਕੇ ਪਈਏ ਸਰਨ ਤੁਸਾਂਦੀ ॥
ਜਾਨਾਂ ਅਸਾਂ ਤਲੀ ਪਰ ਧਰੀਆਂ ਕਰਕੇ ਗੁਰੂ ਹਵਾਲੇ ।
ਜਿਸਨੇ ਸਾਡੇ ਪਿੱਛੇ ਜਗਮਹਿ ਸਿਰ ਪਰਸਨ ਦੁਖ ਝਾਲੇ ॥ ੭੨ ॥
ਓਸ ਬਿਰਖ ਦੇ ਫਲ ਹਾਂ ਸਭੇ ਜਿਸਨੇ ਰਾਜ ਤੁਮਾਰਾ ।
ਗਾਰਤ ਕਰਕੇ ਖਸ ਹੈ ਲੇਣਾ ਫਤਹ ਬਜਾਇ ਨਗਾਰਾ ॥
ਤਾਂਤੇ ਸਾਨੂੰ ਮੂਲ ਨ ਪੁੱਛੋ ਕਰੋ ਤੁਸਾਂ ਜੋ ਭਾਈ ।
ਅਸਾਂ ਆਪਨੇ ਗੁਰਪਰ ਸਿਦਕੋਂ ਅਪਨੀ ਜਾਨ ਘੁਮਾਈ ॥ ੭੩ ॥
ਇਹ ਸਾਡੇ ਜੋ ਥੱਰੇ ਮਾਰੇ ਕਰਕੇ ਜ਼ੁਲਮ ਕਰਾਰਾ ।
ਇਸ ਪਰ ਭੀ ਕੁਛ ਡਰ ਨਹਿ ਮੰਨੇ ਦੇਖੋ ਰਿਦਾ ਹਮਾਰਾ ॥

ਜਦ ਸਾਡੇ ਗੁਰ ਜੀ ਅਵਤਾਰੀ ਅਪਨੇ ਪੂਤ ਮਰਾਏ।
ਪਰ ਅਪਨੇ ਹਠ ਸਿਦਕੋਂ ਵਿਰਬੀਰੰਰਕ ਬਾਜ਼ ਨ ਆਏ॥ ੭੪॥
ਤਾਂ ਹਾਂ ਅਸੀਂ ਕੌਨ ਕਿਸ ਗਿਨਤੀ ਅਰ ਇਹ ਪੂਤ ਹਮਾਰੇ।
ਉਸ ਸੂਰਜ ਦੀ ਕ੍ਰਿਨਾਂ ਅੱਗੇ ਦਿੱਸਨ ਜੋ ਸਮ ਤਾਰੇ॥
ਜੇਕਰ ਉਨ੍ਹਾਂ ਸ਼ਹੀਦੀ ਲੀਤੀ ਨਾਲ ਤੁਸਾਂ ਦੇ ਲਰਕੇ।
ਤਾਂ ਸਾਡੇ ਬੱਚੇ ਭੀ ਜਾਸਨ ਗੁਰ ਪੁਰ ਐਥੋਂ ਮਰਕੇ॥ ੭੫॥
ਜਿਸਤੇ ਅਸੀਂ ਸਪੁੱਤ੍ਰ ਹੋਈਆਂ ਧਰਮ ਹੇਤ ਸੁਤ ਦੇਕੇ।
ਧਰਮ ਹਾਰਕੇ ਕਹੋ ਜੀਵਨਾ ਕੀ ਲੈਨਾ ਸੀ ਰਹਿਕੇ॥
ਤਾਂਤੇ ਜਾਇ ਕਹੋ ਉਸ ਪਾਪੀ ਕਰ ਜੋ ਤੇਰੀ ਮਰਜ਼ੀ।
ਪਰ ਸਾਡੀਭੀ ਪਹੁੰਚੂ ਅਕਸਰਉਸਕਰਤਾਪਹਿਅਰਜ਼ੀ॥ ੭੬॥
ਜਿਸਤੇ ਤੇਰੇ ਉੱਪਰ ਕੋਈ ਐਸੀ ਬਿੱਜ ਪੁਵਾਊ।
ਦੁਨੀਆਂ ਉੱਤੋਂ ਨਾਮ ਤੁਧ ਦਾ ਕੀੜੇ ਵਾਂਗ ਮੁਟਾਊ॥
ਇਤਨਾ ਕਹਕੇਚੁੱਪਹੋਇਫਿਰਮਨਵਿੱਚ ਗੁਰੂ ਧਿਆਇਆ।
ਅਪਨੇ ਦਿਲ ਦਾ ਸਾਰਾ ਉਸਨੂੰ ਹੋਕੇ ਹਾਲ ਸੁਨਾਇਆ॥ ੭੭॥
ਇੱਕ ਨਾਲ ਤੇ ਇੱਕ ਸਵਾਈ ਵਿੱਚ ਧਰਮ ਦੇ ਹੋਈ।
ਜਾਨਨ ਜਾਨ ਨਹੀਂ ਕੁਛ ਵਸਤੂ ਧਰਮ ਨਾ ਮਰਸੈਂ ਖੋਈ॥
ਜਦ ਇਹ ਸਾਫ ਜਵਾਬ ਉਨ੍ਹਾਂ ਦਾ ਸੁਨਿਆ ਚਾਇ ਸਿਪਾਹੀ।
ਨਾਲ ਗਾਲੀਆਂ ਦੇ ਜਿਨ ਫੜਕੇ ਪਾਂਣ ਮੀਰ ਦੀ ਲਾਹੀ॥੭੮॥
ਤਦ ਹੋਕਰ ਮਨ ਦੇ ਵਿੱਚ ਗੁੱਸੇ ਗਿਆ ਪਾਸ ਉਸ ਦੌਰਾ।
ਆਖੇ ਓਹ ਨ ਮੰਨਨ ਖਾਂ ਜੀ ਹੋ ਆਇਆ ਮੈਂ ਹੌਰਾ।
ਇਤਨਾ ਸੁਨਤ ਸਨੇਹਾ ਮੰਨੂ ਤਮਕ ਪਿਆ ਓਹ ਐਸਾ।
ਤੇਲ ਪਏ ਤੇ ਅੱਗ ਵਿਖੇ ਹੈ ਮਚਦਾ ਭਾਂਬੜ ਜੈਸਾ॥ ੭੯॥

ਆਖੇ ਵੇਖੋ ਕੇਡਾ ਹਠ ਹੈ ਇਨਕੇ ਮਨ ਵਿੱਚ ਆਇਆ।
ਅਜੇ ਨ ਛੱਡਨ ਸਿਰੜ ਆਪਨਾ ਇਤਨਾ ਇਨ੍ਹਾਂ ਦੁਖਾਇਆ॥
ਦਿੱਤਾ ਹੁਕਮ ਚਲੋ ਹੁਨ ਇਨ ਕੋ ਦੇਕਰ ਦੁਖ ਵਡ ਭਾਰੀ॥
ਹੋਵੇ ਸਜ਼ਾ ਕਹਰ ਦੀ ਐਸੀ ਜਿਸਤੇ ਕੰਬਨ ਸਾਰੀ॥ ੯੦॥
ਲੈਕੇ ਨਾਲ ਸਿਪਾਹੀ ਅਪਨੇ ਵੱਡੇ ਰੁਹੇਲੇ ਜੰਗੀ।
ਆਇਆ ਸਾਵਣ ਦੀ ਘਟ ਵਾਂਗਰ ਹਾਥ ਤੇਗ਼ ਲੈਨੰਗੀ॥
ਰਾਇ ਦਬਦਬੇ ਦੇਵਨ ਲੱਗਾ ਆਖੇ ਸੁਨੋ ਗੁਵਾਰੋ।
ਮੰਨੋ ਆਖਾ ਹੋਇ ਮੋਮਨਾਂ ਅਪਨਾ ਜਨਮ ਸੁਵਾਰੋ॥ ੯੧॥
ਉਹ ਵਹਸ਼ੀ ਜੋ ਜੰਗਲ ਵਾਸੀ ਘਰ ਨਾ ਜਿਨੇਂ ਟਕਾਨਾ।
ਅੱਠੀਂ ਪਹਿਰੀਂ ਮਿਲਦਾ ਨਾਹੀਂ ਭੁੱਖਆਂ ਨੂੰ ਹੈ ਖਾਨਾ॥
ਉਨਕੇ ਬਦਲੇ ਅਸਾਂ ਖਾਨ ਜੋ ਕਰੇਂ ਨ ਮਨ ਮਹਿ ਆਦਰ।
ਕਹੋ ਭਲਾ ਉਹ ਸਡੇ ਅੱਗੇ ਹਨ ਕਜਾ ਦੱਸੋ ਬਾਦਰ॥ ੯੨॥
ਜੇਕਰ ਮੰਨੋ ਨਾਲ ਹੁਕਮ ਦੇ ਤਾਂ ਮੈਂ ਬਖਸ਼ਾਂ ਜਾਨਾਂ।
ਨਾਂਤਰ ਮਾਰ ਮੁਕਾਵਾਂ ਐਵੇਂ ਮਿਲੇ ਨ ਢੂੰਧ ਟਿਕਾਨਾਂ॥
ਲੱਤਾਂ ਦੇ ਵਿੱਚ ਪਾਕੇ ਰੱਸੇ ਬੈਲਾਂ ਮਗਰ ਘੁਮਾਵਾਂ।
ਯਾ ਫੜਕੇ ਮੈਂ ਬੱਕਰੇ ਵਾਂਗਰ ਉਲਟੀ ਖੱਲ ਲੁਹਾਵਾਂ॥ ੯੩॥
ਕੈ ਪਾ ਕਰਕੇ ਵਿੱਚ ਭੋਹਰੇ ਦੇ ਮੁੜਕੇ ਖਬਰ ਨ ਲੇਊਂ।
ਏਸੇ ਨਾਫੁਰਮਾਨੀ ਦਾ ਮੈਂ ਬਦਲਾ ਤੁਮਕੋ ਦੇਊਂ॥
ਅਜੇ ਵਕਤ ਹੈ ਜੀਵਨ ਚਾਹੋਂ ਤਾਂ ਤੁਮ ਮੰਨੋ ਕਹਿਨਾ।
ਨਾਤਰ ਮੁਸ਼ਕਿਲ ਹੋਗ ਤੁਸਾਂਨੂੰ ਇਸ ਧਰਤੀ ਪਰ ਰਹਿਨਾ॥ ੯੪॥
ਵੱਡੇ ਵੱਡੇ ਜਦ ਰਾਜਪੂਤ ਹਨ ਮਿਲਦੇ ਲੈਕਰ ਡੋਲੇ।
ਫਿਰ ਕਿਆ ਕਹੋ ਕਰਨ ਹਨ ਦੱਸੋ ਜੋ ਹਨ ਵਹਸ਼ੀ ਗੋਲੇ।

ਇਤਨਾ ਸੁਨਕੇ ਸਿੰਘਨੀਆਂ ਤਦ ਮਨ ਅੰਦਰ ਦੁਖ ਪਾਕੇ ।
ਕੀਤੇ ਰਿਦੇ ਸਾਂਤ ਤਿਨ ਸਭਨਾਂ ਇੱਕ ਦੀ ਚਾਰ ਸੁਨਾਕੇ ॥ ੮੫ ॥
ਕਹੀ ਜਾਹੁ ਤੂੰ ਪਾਪੀ ਭਾਰੇ ਕਿਆ ਬਕ ੨ ਹੈ ਲਾਈ ।
ਤੇਰੀ ਏਸ ਅਮੀਰੀ ਉੱਪਰ ਛਾਰ ਅਸਾਂ ਹੈ ਪਾਈ ॥
ਓਹੋ ਪਤੀ ਅਸਾਂ ਦੇ ਸੂਰੇ ਜੋ ਹਨ ਧਰਮੀਂ ਭਾਰੇ ।
ਲੈਸਨ ਬਦਲੇ ਗਿਨ ੨ ਤੈਥੋਂ ਜਦ ਆਵਨ ਚੜ੍ਹ ਸਾਰੇ ॥ ੮੬ ॥
ਵਹਸ਼ੀ ਅਤੇ ਜੰਗਲੀ ਜਿਨਕੋ ਤੂੰ ਅਪਨੇ ਮੁਖ ਗਾਵੇਂ ।
ਓੜਕ ਨੂੰ ਤੂੰ ਉਨਕੇ ਹੱਥੀਂ ਮੌਤ ਅਪਨੀ ਪਾਵੇਂ ॥
ਸਾਨੂੰ ਦੁੱਖ ਦਏਂਗਾ ਜਿਤਨਾ ਸੋ ਆਊ ਤੁਧ ਅੱਗੇ ।
ਥੁੱਕੇ ਚੰਦ ਓਰ ਨੂੰ ਜੋਈ ਤਿਸ ਦੇ ਮੁਖ ਪਰ ਲੱਗੇ ॥ ੮੭ ॥
ਤਾਂਤੇ ਕਰ ਜੋ ਕਰਨਾ ਚਾਹੇਂ ਕਿਉਂ ਹਟਦਾ ਹੈਂ ਪਿੱਛੇ ।
ਰੱਖੀਂ ਯਾਦ ਖਾਂਇਗਾ ਬਰਛੇ ਸਿੰਘਾਂ ਦੇ ਤੂੰ ਤਿੱਛੇ ॥
ਅੱਜ ਕੱਲ ਨੂੰ ਪਤਾ ਏਸਦਾ ਆਪੇ ਹੀ ਲੱਗ ਜਾਊ ।
ਜਦ ਕਰਤਾਰ ਅਸਾਂ ਦੇ ਬਦਲੇ ਤੈਨੂੰ ਹੱਥ ਦਿਖਾਊ ॥ ੮੮ ॥
ਓੜਕ ਨੂੰ ਦਿਨ ਨਿੱਕਲ ਜਾਂਦੇ ਦੁਖ ਨਾ ਸਦਾ ਰਹਾਏ ।
ਕਹੁ ਖਾਂ ਆ ਇਸ ਜਗਦੇ ਅੰਦਰ ਸੁੱਖ ਸਦਾ ਕਿਨ ਪਾਏ ॥
ਓੜਕ ਨੂੰ ਓਹ ਗਿਰਦੇ ਡਿੱਠੇ ਅੱਤ ਜਿਨ੍ਹਾਂ ਨੇ ਚਾਈ ।
ਸਦਾਕਹੋ ਕਿਸਇਸਦੁਨੀਆਂਪਰਅਪਨੀਤੇਗ਼ ਚਲਾਈ ॥ ੮੯ ॥
ਚਾਰ ਦਿਹਾੜੇ ਨੌਬਤ ਅਪਨੀ ਗਏ ਬਜਾਕਰ ਕੇਈ ॥
ਓਭੀ ਜਗ ਮਹਿ ਰਹਨ ਨ ਪਾਏ ਹੱਥ ਕਹਾਏ ਜੇਈ ॥
ਜਾਹਰ ਬਨ੍ਹ ਖੁਦਾਈਦੇ ਭੀ ਜਾਇ ਖਾਕਵਿੱਚ ਸੋਏ ।
ਮਾਰ ਮਾਰ ਜੋ ਪਏ ਕੂਕਦੇ ਸੋ ਭੀ ਆਖਰ ਮੋਏ ॥ ੯੦ ॥

ਕਹੋ ਕਦੋਂ ਸੁਖ ਕਿਸਨੇ ਪਾਇਆ ਦੇ ਦੁਖ ਕਿਸੇ ਅਨਾਥਾਂ।
ਅੱਕ ਬੀਜ ਕੇ ਅੰਬ ਨ ਲੈਸੀ ਇਹ ਸੁਨੀਏ ਜਗ ਗਾਥਾਂ॥
ਜੇਹੀ ਕਰਨੀ ਤੇਹੀ ਭਰਨੀ ਓੜਕ ਸਭ ਨੂੰ ਆਵੇ।
ਇਸ ਹੱਥੋਂ ਜੋ ਕਰੇ ਪਾਪ ਨੂੰ ਦੂਜੇ ਹੱਥੋਂ ਪਾਵੇ॥ ੯੧॥
ਹੱਥੋ ਹੱਥੀ ਕਰੇ ਨਬੇੜਾ ਜੋ ਸੱਚਾ ਹੈ ਵਾਲੀ।
ਜਿਸਦੇਰੱਖਨਦੀ ਇਸਜਗਵਿੱਚ ਦਿਸਦੀ ਰੀਤ ਨਿਰਾਲੀ॥
ਚੱਕੀ ਦੇ ਪੁੜ ਅੰਦਰ ਜੋ ਹੈ ਸਾਬਤ ਰਖਦਾ ਦਾਨੇਂ।
ਜਲਦੀ ਭੱਠੀ ਵਿੱਚੋਂ ਕੱਢੇ ਸੀਤਲ ਕਰਕੇ ਭਾਨੇਂ॥ ੯੨॥
ਭਾਂਵੇ ਤੇਰੇ ਦੁਖ ਤੇ ਸਾਨੂੰ ਆਪ ਬਚਾਊ ਸੋਈ।
ਅਪਨੇ ਭਗਤਾਂ ਦੀ ਹੈ ਰੱਖਦਾ ਓੜਕ ਨੂੰ ਪਤ ਜੋਈ॥
ਇਤਨਾ ਸੁਨਕੇ ਸੁਖਨ ਉਨ੍ਹਾਂ ਦਾ ਮਨ ਅੰਦ੍ਰ ਮੁਰਝਾਇਆ।
ਪਰ ਅੱਗੋਂ ਕੁਛ ਉੱਤ੍ਰ ਉਸਨੂੰ ਦੇਖੋ ਮੂਲ ਨ ਆਇਆ॥ ੯੩॥
ਓੜਕ ਕਹੀ ਕੱਲ ਨੂੰ ਦੇਖਾਂ ਜੋ ਕੁਛ ਕਰਨਾ ਚਹੀਏ।
ਅੱਜ ਇਨ੍ਹਾਂ ਨੂੰ ਇਸ ਬੋਲਨ ਦਾ ਬਦਲਾ ਕੁਝ ਨ ਦਈਏ॥
ਇਤਨਾਂ ਕਹਿਕੇ ਹੁਕਮ ਸੁਨਾਇਆ ਕਰਸਾਂ ਇਨਸੋਂ ਐਸੀ।
ਕਾਫਰਤਾਂਈ ਸ਼ਰ੍ਹਾ ਅਸਾਡੀ ਕਰਨੀ ਦੱਸੇ ਜੈਸੀ॥ ੯੪॥
ਕੱਟਨ ਰਾਤ ਅੱਜ ਦੀ ਸੌਖੀ ਕੱਲ੍ਹ ਵਿਖਾਊਂ ਇਨਕੋ।
ਕੇਹੀ ਕਰਨ ਸਹਾਇ ਆਨਕੇ ਯਾਦ ਕਰਤ ਹੈਂ ਜਿਨਕੋ।
ਰਹੋ ਜਲਾਦ ਤਿਆਰ ਆ ਇਕਰ ਇਸ ਜਾਗਾ ਪਰ ਸਾਰੇ।
ਜਿਸਤੇ ਕਤਲ ਕਰੋ ਇਨ ਭਾਈਂ ਲੈਕਰ ਛੁਰੇ ਕਟਾਰੇ॥ ੯੫॥
ਕਤਲੁੱਲ ਮੂਜ਼ੀ ਮੌਤੋਂ ਪਹਿਲੇ ਹੁਕਮ ਸ਼ਰ੍ਹਾ ਦਾ ਕਹਿੰਦਾ।
ਓੜਕ ਨੂੰ ਜੋ ਕਾਫਰ ਬੰਦਾ ਦੁੱਖ ਸੀਸ ਪਰ ਸਹਿੰਦਾ॥

ਖੇਲ ਸ਼ਕਾਰ ਵਕਤ ਜਦ ਪੇਸ਼ੀ ਮੈਂ ਇਤ ਓਰੇ ਆਊਂ।
ਸਭਨਾਂ ਤਾਈਂ ਸਜ਼ਾ ਦੇਨ ਦਾ ਏਥੇ ਹੁਕਮ ਸੁਨਾਊਂ ॥ ੯੬ ॥
ਆਖੇ ਇਨ ਕੋ ਹੱਥ ਜਾਨ ਤੇ ਧੋਇ ਲੈਨ ਹੁਨ ਸਾਰੀ।
ਪੇਸ਼ੀ ਵੇਲੇ ਕੱਲ ਇਨ੍ਹਾਂ ਪਰ ਚੱਲੇ ਤੇਗ ਹਮਾਰੀ ॥
ਇਤਨਾ ਕਹਿਕੇ ਗਿਆ ਮਹਿਲ ਨੂੰ ਕਰਕੇ ਗਰਬ ਗਰੂਰਾ।
ਸਿਰਦੇ ਉੱਪਰ ਖਾਕ ਪਾਇਕੇ ਜਿਉਂ ਕਰ ਹਾਥੀ ਭੂਰਾ ॥ ੯੭ ॥
ਏਧਰ ਏਹ ਅਨਾਥਾਂ ਮਿਲਕੇ ਮਨ ਵਿੱਚ ਧਰਨ ਵਿਚਾਰਾਂ।
ਆਇ ਗਏ ਦਿਨ ਨੇੜੇ ਸਾਡੇ ਉਚੇ ਕਰਨ ਪੁਕਾਰਾਂ।
ਜਾਨਾਂ ਤੇ ਜਿਨ ਹੱਥ ਧੋਇਕੇ ਗਲ ਵਿੱਚ ਪੱਲੂ ਪਾਏ।
ਉਸ ਆਦਲ ਪ੍ਰਮੇਸ਼੍ਵਰ ਅੱਗੇ ਅਪਨੇ ਹਾਲ ਸੁਨਾਏ ॥ ੯੮ ॥
ਆਖਨ ਹੇ ਕਰਤਾਰ ਜਗਤ ਪਤ ਰੱਖੋ ਪੈਜ ਹਮਾਰੀ।
ਪਿਛਲੇ ਭਗਤਾਂ ਦੀ ਜਿਮ ਰੱਖੀ ਕਰਕੇ ਬਾਹ ਕਰਾਰੀ ॥
ਹਰਨਾਕਸ਼ ਦੇ ਦੁੱਖੋਂ ਸੀ ਤੈਂ ਜਿਉਂ ਪ੍ਰਹਿਲਾਦ ਬਚਾਇਆ।
ਸੋਈ ਸਮਾਂ ਤੁਰਕ ਦੇ ਵੱਲੋਂ ਸਾਡੇ ਉੱਪਰ ਆਇਆ ॥ ੯੯ ॥
ਗਰਬ ਏਸਦਾ ਤੋੜੋ ਪ੍ਰਭੂ ਅਪਨੀ ਸ਼ਕਤ ਦਿਖਾਓ।
ਕੋਈ ਬਿੱਜ ਅਕਾਸੋਂ ਇਸ ਪਰ ਅਪਨੇ ਵੱਲੋਂ ਪਾਓ ॥
ਸੁਨੀ ਪੁਕਾਰ ਅਕਾਲਪੁਰਖ ਜਦ ਦੇਖੋ ਕੀ ਤਿਨ ਕੀਆ ॥
ਸਿੰਘਾਂ ਦੇ ਮਨ ਅੰਦਰ ਐਸਾ ਜੋਸ਼ ਉਦੇ ਤਬ ਥੀਆ ॥ ੧੦੦ ॥
ਕਾਨ੍ਹੇ ਕਾਛੇ ਵਾਲੀ ਜੋ ਸੀ ਬਾਰ ਵੱਡੀ ਇੱਕ ਭਾਰੀ।
ਉਸਦੇ ਅੰਦਰ ਆਇ ਗਈ ਇੱਕ ਫੌਜ ਖਾਲਸੇ ਸਾਰੀ ॥
ਜਿਸਨੇ ਸੁਨਿਆਂ ਸਿੰਘਨੀਆਂ ਹਨ ਕੈਦ ਲਹੌਰ ਮਝਾਰੀ।
ਸਹਨ ਹਜ਼ਾਰਾਂ ਦੁੱਖ ਸੀਸ ਪਰ ਬੈਠੀ ਬੰਦ ਵਿਚਾਰੀ ॥ ੧੦੧ ॥

ਤਾਂ ਤੇ ਜੀਵਨ ਸਾਡਾ ਸਿੰਘੋ ਮੂਲ ਨ ਚੰਗਾ ਕੋਈ ।
ਜਦ ਸਾਡੀ ਨਾਰਾਂ ਦੀ ਓਥੇ ਦੇਖੋ ਇਹ ਗਤ ਹੋਈ ॥
ਦਸਮ ਗੁਰੂ ਦੀ ਸਿੰਘਨੀਆਂ ਜਦ ਸਾਡੇ ਸਨਮੁਖ ਮਰਦੀ ।
ਫਿਰ ਦੱਸੋ ਖਾਂ ਕੌਨ ਹੋਇਗਾ ਆਇ ਉਨ੍ਹਾਂ ਦਾ ਵਰਦੀ ॥ ੧੦੨ ॥
ਜਿਸ ਪਰ ਦੇਰ ਨ ਕਰਨੀ ਚਹੀਏ ਕਰੋ ਤੁਰਤ ਹੀ ਧਾਵਾ
ਲਵੋ ਛੁਡਾਇ ਧਾਇ ਕਰਿ ਤਿਨਕੋ ਨਾ ਰਹਸੀ ਪਛਤਾਵਾ ॥
ਇਤਨਾ ਕਹਕੇ ਮਤਾ ਪਕਾਇਆ ਪਿੱਛੇ ਮੂਲ ਨ ਹਟਨਾ ॥
ਸਨਮੁਖਦਲਤੁਰਕੋਦੇਸਭਨਾ ਨਾਲ ਜ਼ੋਰਦੇ ਡਟਨਾ॥੧੦੩।
ਸਨਮੁਖ ਅੜੇ ਲੜੇ ਜੋ ਸਾਡੇ ਝੜੇ ਤੁਰਤ ਹੀ ਐਸੇ ।
ਨਾਲ ਹੁਲਾਰੇ ਵਿੱਚ ਚੇਤ ਦੇ ਤੂਤ ਝੜਨ ਜਗਜੈਸੇ ॥
ਜਿੱਥੋਂ ਤੀਕਰ ਹੋਇ ਤੁਸਾਂ ਤੇ ਕਰਨੀ ਚਹੀਏ ਐਸੀ ।
ਮੁੜਕੇ ਫੇਰ ਤੁਰਕ ਵਿੱਚ ਆਵੇਜੁਰਤਨਕਦਹੀਵੈਸੀ ॥੧੦੪
ਜਾਨਾਂ ਦੀ ਪ੍ਰਵਾਹ ਨ ਕਰਨੀ ਤਲੀਏਂ ਸੀਸ ਟਿਕਾਓ ।
ਉਸ ਤਿੱਤ੍ਰ ਪਰ ਵਾਂਗ ਬਾਜ਼ ਦੇ ਹੋਇ ਬਹਾਦਰ ਜਾਓ ॥
ਇਤਨਾਂ ਕਹ ਅਰਦਾਸਾਸੋਧਿਆ ਸਭ ਨੇ ਫਤੇਬੁਲਾਈ।
ਆਪਸ ਅੰਦ੍ਰ ਗਲ ਲੱਗਸਾਰ ਮਿਲਸਨਮੱਕੇ ਭਾਈ॥੧੦੫॥
ਆਖਨ ਜੇਕਰ ਕਰਤੇ ਲਿਆਂਦੇ ਤਾਂ ਫਿਰ ਦਰਸ਼ਨ ਹੋਊ।
ਨਹੀਂ ਸ਼ਹੀਦ ਹੋਹਿਕੈ ਓਥੇ ਜਾਨ ਖਾਲਸਾ ਖੋਊ ॥
ਇਤਨਾ ਕਹਕੇ ਅਰਦਾਸਾ ਸੋਧਿਆ ਚੱਲੇ ਬੀਰ ਕਰਾਰੇ ।
ਪੀਸਨ ਦੰਦ ਮੰਨੂੰ ਦੇ ਉੱਪਰ ਰੋਹ ਭਰੇ ਮਨ ਸਾਰੇ ॥੧੦੬॥
ਜੋ ਜੋ ਸ਼ਸਤ੍ਰ ਬਸਤ੍ਰ ਅਪਨੇ ਫਾਟੇ ਅਤੇ ਪੁਰਾਨੇ ।
ਟੁੱਟੇ ਫੁੱਟੇ ਤਨ ਪਰ ਸਾਜੇ ਕਰਕੇ ਹਿਤ ਮਨ ਮਾਨੇ ॥

ਚੁੱਪ ਚੁਪਾਤੇ ਚਲੇ ਆਂਵਦੇ ਜਿਉਂ ਕਰ ਸਿੰਘ ਸੁਹਾਵਾ।
ਡਾਰ ਦੇਖ ਮ੍ਰਿਗਾਂ ਦੀ ਕਰਦਾ ਚੁੱਪ ਚੁਪਾਤਾ ਧਾਵਾ ॥ ੧੦੭॥
ਇਸੇ ਤਰ੍ਹਾਂ ਉਹ ਬਾਰਾਂ ਕੂਹ ਦਾ ਪੰਧ ਕਰੇਂਦੇ ਆਏ।
ਥੋੜੀ ਦੂਰ ਸ਼ਹਰ ਤੇ ਬਾਹਰ ਅਪਨੇ ਡੇਰੇ ਲਾਏ॥
ਮਨ ਵਿਚ ਸੋਚ ਕਰੀ ਮਿਲ ਸਭਨਾਂ ਕਰੋ ਤਿਆਰੀ ਭਾਰੀ।
ਕਮਰ ਕਸੇ ਕਸ ਸਜਦਸਤਾਰੇ ਘੋੜਿਆਂ ਦੇਹੁ ਨਿਹਾਰੀ ॥ ੧੦੮ ॥
ਲੈਕੇ ਜ਼ਰਾ ਅਰਾਮ ਏਸ ਜਾ ਫਿਰ ਸਭ ਫਤੇ ਗਜਾਓ।
ਮਾਰ ਮਾਰ ਕਰ ਤੁਰਕਾਂ ਤਾਈਂ ਅਪਨੀ ਬੰਦ ਛੁਡਾਓ॥
ਸਾਰਾ ਦਿਨ ਸਿੰਘਾਂ ਨੇ ਓਥੇ ਚੁੱਪ ਕਰੀਤਾ ਖੋਇਆ।
ਫਿਰਜਦਬੈਠਿਆਂਤਾਈਂਮੁੜਕੇਲਹੁਡਾਵੇਲਾਹੋਇਆ ॥ ੧੦੯॥
ਮੰਨੂ ਭੀ ਤਦ ਵਕਤ ਆਪਨੇ ਖੇਲ ਸ਼ਕਾਰ ਫਿਰਾਇਆ।
ਮੋੜੀ ਵਾਗ ਓਸ ਨੇ ਉਤ ਵੱਲ ਜੋ ਸੀ ਮਤਾ ਪਕਾਇਆ॥
ਦੇਖ ਲਿਆ ਤਦ ਸਿੰਘਾਂ ਨੇ ਇਹ ਜ਼ਾਲਮ ਕਾਬੂ ਆਏ॥
ਇੱਕੋ ਵੇਰ ਸਭਨ ਨੇ ਓਥੇ ਜੈਕਾਰੇ ਗਜਵਾਏ ॥ ੧੧੦॥
ਸ਼ੇਰਾਂ ਵਾਂਗੂ ਮਾਰ ਛਾਲਾਂਗਾਂ ਜਾਇ ਪਏ ਭਭੇਕਾਕੇ।
ਇੱਕ ਇੱਕ ਨੇ ਕਈ ਸੈਆਂ ਦੀ ਛੱਡੀ ਅਲਖ ਚੁਕਾਕੇ॥
ਏਧਰ ਮੰਨੂ ਦਾ ਜੋ ਲਸ਼ਕਰ ਸੀ ਅਤ ਬਿਨਾਂ ਤਿਆਰੀ।
ਨੱਸੇ ਮੁਗ਼ਲ ਪਠਾਨਤੁਰਤ ਹੀ ਕਰਕੇ ਜਾਨ ਪਿਆਰੀ ॥ ੧੧੧॥
ਵੱਢ ਵੱਢਕੇ ਸਿੰਘਾਂ ਉਨ ਕੇ ਕੱਢ ਕੱਢ ਹਥਿਆਰੇ।
ਸੁੱਟ ਪੁਰਾਨੇ ਅਪਨੇ ਸਾਰੇ ਉਨਕੇ ਪਹਰੇ ਭਾਰੇ॥
ਪਹਿਲੇ ਜਾਇ ਵੱਡੇ ਸਰਦਾਰਾਂ ਪਕੜ ਪਕੜ ਕੇ ਮਾਰਾ।
ਫਿਰ ਜੋ ਛੋਟਾ ਮੋਟਾ ਦਿੱਸੇ ਉਸਕੋ ਪਕੜ ਸੁਧਾਰਾ ॥ ੧੧੨॥

ਦੇਖ ਹਾਲ ਫਿਰ ਮੰਨੂੰ ਕੰਨੂੰ ਨੱਸ ਗਿਆ ਕਿਤ ਓਰੇ।
ਮੁੜਕੇ ਸਾਰ ਨ ਲੀਤੀ ਜਿਸਨੇ ਜਾਇ ਪਿਆ ਵਿੱਚ ਭੋਰੇ ॥
ਇਤ ਵੱਲ ਸਿੰਘ ਬਹਾਦਰ ਗੱਜਨ ਭੱਜਨ ਦੇਨ ਨ ਮੂਲੇ।
ਇੱਕਪਲਅੰਦ੍ਰ ਮਾਰਮੁਕਾਵਨ ਨਾਲ ਮਿਲਾਵਨਧੂਲੇ ॥ ੧੧੩ ॥
ਇਸੇ ਤਰ੍ਹਾਂ ਜਦ ਤੇਗ ਚਲੀ ਰਣ ਸਿੰਘਾਂ ਹੱਥ ਦਿਖਾਏ।
ਓਸ ਸਮੇਂ ਸੀ ਕੌਨ ਸੂਰਮਾਂ ਸਨਮੁਖ ਤਿਨਕੇ ਆਏ ॥
ਓੜਕ ਜਾਇ ਪਾਸ ਤਿਨ ਕੇਰੇ ਜੋ ਸਨ ਬੰਦ ਵਿਚਾਰੀ।
ਉੱਚੇ ਕਹੀ ਹੋਹੁ ਸਵਧਾਨੇ ਸੁਨੀ ਗੁਰੂ ਜੀ ਥਾਰੀ ॥ ੧੧੪ ॥
ਸੱਤ ਸ੍ਰੀ ਅਕਾਰ ਬੋਲਕੇ ਮਨ ਕਾ ਖੌਫ ਗੁਵਾਓ।
ਸਾਰੇ ਬਸਤ੍ਰ ਗਹਨੇ ਅਪਨੇ ਤਨ ਪਰ ਚਾ ਪਹਿਰਾਓ ॥
ਇਤਨਾ ਸੁਨਦੇ ਸਾਰ ਵਿਚਾਰੀ ਸਾਰੀ ਗਦ ਗਦ ਹੋਈ।
ਆਖਨਲੱਜਾ ਗੁਰ ਨੇ ਰੱਖੀ ਜੜ੍ਹ ਦੁਸ਼ਟਾਂ ਦੀ ਖੋਈ ॥ ੧੧੫ ॥
ਲੈਕਰ ਅਪਨਾ ਜੋ ਸੀ ਉਨਕੇ ਪਾਸ ਮਾਲ ਕਛੁ ਥੋਰਾ।
ਸਿੰਘਾ ਨੇ ਦੇ ਕੁਛਕ ਸਿੰਘ ਤਿਨ ਸੰਗ ਪਿਛਾਹਾਂ ਤੋਰਾ ॥
ਫਿਰ ਬਾਕੀ ਦੇ ਰਾਤ ਪਈ ਸਨ ਜਾਇ ਸ਼ਹਰ ਵਿੱਚ ਵੱਜੇ।
ਗਲੀ ਗਲੀ ਅਰ ਕੂਚੇ ਅੰਦ੍ਰ ਵਾਂਗ ਸ਼ੇਰ ਦੇ ਗੱਜੇ ॥ ੧੧੬ ॥
ਲੁੱਟ ਮਚਾਈ ਜਾਇ ਸ਼ਹਰ ਵਿੱਚ ਜੋ ਤੁਰਕਾਂ ਦੇ ਖਾਨੇ।
ਲੁੱਟ ਪੁੱਟ ਕਰ ਅੱਗ ਲਗਾਈ ਜਲ ਦੇ ਮਰਘਟ ਸਾਨੇ ॥
ਮਾਰ ਮਾਰ ਕੇ ਕਈ ਸਇਆਂ ਦੀ ਓਥੇ ਜਿੰਦ ਮੁਕਾਈ।
ਸਾਂਭ ਲਈ ਫਿਰ ਉਹ ਸਭ ਵਸਤੂ ਜੋ ਹੱਥਾਂਵਿੱਚਆਈ ॥ ੧੧੭ ॥
ਫਿਰ ਜਾ ਮੀਰ ਮੰਨੂ ਦੇ ਘਰ ਪਰ ਹਮਲਾ ਸਿੰਘਾਂ ਕੀਤਾ।
ਜੋ ਕਛ ਹੱਥ ਲੱਗਾ ਸੀ ਓਥੇ ਸੋ ਸਾਰਾ ਲੁੱਟ ਲੀਤਾ ॥

ਜਿਤਨਾ ਪਾਇਆ ਅਰਮਨਭਾਇਆਮਾਲ ਸਾਂਭ ਸਭ ਲੀਆ।
ਕਿਸੇਤੁਰਕਨੇ ਸਨਮੁਖਸਿੰਘਾਂਹੱਥ ਖੜਾ ਨਹਿ ਕੀਆ॥ ੧੧੮॥
ਓੜਕ ਉਨਕੇ ਸਤਰੀਂ ਵੜਕੇ ਏਹੀ ਲੁੱਟ ਮਚਾਈ।
ਪਕੜ ਨਾਰੀਆਂ ਬਾਹਰ ਆਏ ਜੋ ਹੱਥਾਂ ਵਿੱਚ ਆਈ॥
ਕਈ ਸਿਆਂ ਨੂੰ ਪਕੜ ਖਾਲਸਾ ਰਾਤੋ ਰਾਤ ਸਿਧਾਇਆ।
ਓਸੇ ਬਾਰ ਵਿੱਚ ਜਿਨ ਆਕੇ ਅਪਨਾ ਡੇਰਾਲਾਇਆ॥ ੧੧੯॥
ਸਭਨਾਂ ਨੂੰ ਫਿਰ ਅੰਮ੍ਰਿਤ ਦੇਕੇ ਸਿੰਘ ਧਰਮ ਵਿੱਚ ਆਂਦਾ।
ਗਏ ਵਹੀਰ ਖਿੰਡ ਉਸ ਵੇਲੇ ਜਿਤ ਵਲਸਾ ਮਨ ਭਾਂਦਾ॥
ਪਿੱਛੋਂ ਫੌਜ ਸ਼ਾਹ ਦੀ ਆਈ ਖੋਜ ਨ ਤਿਨ ਕਾ ਆਇਆ।
ਹਾਰ ਗਈ ਮੁੜ ਪਿੱਛੇਹਟਕੇ ਅਪਨਾਕੀਤਾ ਪਾਇਆ॥ ੧੨੦॥
ਕਰਨੀ ਦਾ ਫਲ ਪਾਇਆ ਮੰਨੂ ਜੋ ਸੀ ਪਾਪ ਕਮਾਏ।
ਕਰੇ ਪਾਪ ਸਨ ਹੱਥੋ ਹੱਥੀ ਏਥੇ ਭਰਨੇ ਆਏ॥
ਏਹੋ ਜੇਹੀ ਸਿੰਘਨੀਆਂ ਤਦ ਸੈਨ ਧਰਮ ਮਹਿ ਪੂਰੀ।
ਜਾਨਾਂ ਦੇਨ ਸਿਦਕਨਹਿ ਹਾਰੇ ਸਮਝਨ ਗੁਰੂ ਹਜ਼ੂਰੀ॥ ੧੨੧॥
ਜਗ ਦੇ ਲਾਲਚ ਤੁਛ ਜਾਨਕੇ ਮਨ ਮਹਿ ਪ੍ਰੇਮ ਨ ਲਜਾਉਨ।
ਜੋ ਕੁਛ ਮਿਲੇ ਗੁਰੂ ਦੇ ਵੱਲੋਂ ਸੋਈ ਪਹਨਨ ਖਾਉਨ॥
ਡਰਤੇ ਲਾਲਚ ਵਿੱਚ ਆਇਕੇ ਨਾ ਜਿਨ ਧਰਮ ਗੁਵਾਇਆ।
ਗੁਰਤੇ ਮੁੱਖ ਨ ਮੋੜੇਤਿਨਨੇ ਸਿਰਪਰਦੁੱਖ ਉਠਾਇਆ॥ ੧੨੨॥
ਮੜ੍ਹੀ ਮਸਾਣੀ ਕੁੱਝ ਨ ਜਾਣੀ ਗੁੱਗਾ ਭੈਰੋਂ ਮੀਰਾਂ।
ਕਦੇ ਨ ਜਾਕੇ ਅੰਨਮੜੀ ਨੂੰ ਦੇਵਨ ਚਾਵਲ ਖੀਰਾਂ॥
ਕਰਵੇ ਸੰਘਰ ਵਰਤ ਜਿਨ੍ਹਾਂ ਨੂੰ ਸੁਪਨੇ ਯਾਦ ਨ ਆਉਨ।
ਮਾਤਾ ਰਾਣੀਦੇ ਗਧਿਆਂ ਨੂੰ ਜਾਇ ਨ ਚਨੇ ਚਬਾਉਨ॥ ੧੨੩॥

ਧਾਗਾ ਅਤੇ ਤਬੀਤ ਨ ਕਰਦੀ ਅਰ ਨਾ ਵਾਰ ਮਨਾਏ।
ਏਹੋ ਜੇਹੀ ਸਿੰਘਨੀਆਂ ਸਨ ਜਿਨਨੇ ਸਿਦਕ ਕੁਮਾਏ॥
ਏਥੇ ਓਥੇ ਦੁਹੀਂ ਜਹਾਨੀ ਲੈਕਰ ਯਸ਼ ਉਹ ਗਈਆਂ।
ਤਜਕੇ ਗੁਰੂ ਦੂਸਰੇ ਦੇ ਜੋ ਨਾ ਸਨ ਪੈਰੀਂ ਪਈਆਂ॥ ੧੨੪॥
ਧੰਨ ਜਨਮ ਤਿਨ ਕਾ ਥਾ ਜਗ ਮਹਿ ਧੰਨ ਤਿਨਾਂ ਕੀ ਮਾਈ।
ਧੰਨ ਪਿਤਾ ਅਰ ਪੂਤ ਤਿਨ੍ਹਾਂ ਦੇ ਧੰਨ ਤਿਨ੍ਹਾਂ ਦੇ ਭਾਈ॥
ਉਨਹੀ ਦੇ ਬੱਚਿਆਂ ਨੇ ਰਣ ਮਹਿ ਐਸੇ ਸ਼ਸਤ੍ਰ ਮਾਰੇ।
ਜੰਮੇਂ ਰਾਜ ਤੁਰਕਾਂ ਦੇ ਫੜਕੇ ਤੀਲੇਵਾਂਗ ਉਖਾਰੇ॥ ੧੨੫॥
ਵਿੱਚ ਪੰਜਾਬ ਖਾਲਸੇ ਕੇਰਾ ਡੇਰਾ ਕਾਇਮ ਕੀਤਾ।
ਰਾਜ ਭਾਗ ਸਰਦਾਰੀ ਲੈਕੇ ਤਿਲਕ ਭਾਲ ਯਸ਼ ਲੀਤਾ॥
ਪਰ ਅਫਸੋਸ ਉਨ੍ਹਾਂ ਦੇ ਅੱਗੇ ਜੋ ਹਨ ਹੋਈਆਂ ਧੀਆਂ।
ਬਿੱਲੀ ਚੂਹੇ ਪੂਜਨ ਲੱਗੀ ਬੈਠ ਕਦੇ ਸਨ ਮੀਆਂ॥ ੧੨੬॥
ਸਰਵਰ ਦੇ ਹਨ ਚਾਲੇ ਜਾਂਦੀ ਉਸਦਾ ਰੋਟ ਪਕਾਕੇ।
ਖਾਵਨ ਆਖ ਸ਼ੀਰਨੀ ਉਸਨੂੰ ਪਹਲੇ ਸ਼ੇਖ ਰਜਾਕੇ॥
ਗੁਰਬਾਣੀ ਦਾ ਨਾਮ ਨ ਲੈਮਨ ਗੀਤ ਓਸਦੇ ਗਾਉਨ।
ਸਾਡਾ ਲਾਲਾਂ ਵਾਲਾ ਡਾਢਾ ਪੀਰਮੁਖੋਂ ਬਤਲਾਵਨ॥ ੧੨੭॥
ਕਾਲੇ ਕੁੱਤੇ ਤਾਈਂ ਪਾਉਨ ਮੰਗਲ ਦੇ ਦਿਨ ਰੋਟੀ।
ਆਖਨ ਰੂੰਨ ਹੋਇ ਗਈ ਇਸਨੂੰ ਦੁੱਧ ਨ ਦਿੰਦੀ ਝੋਟੀ।
ਏਹੋ ਜੇਹੀ ਮਾਈਆਂ ਦੇ ਜਦ ਜੰਮੇਂ ਪੂਤ ਵਿਚਾਰੇ।
ਗਈ ਦੁੱਧ ਪਰ ਬੁੱਧ ਤਿਨ੍ਹਾਂ ਦੀ ਹੋਗਏ ਬੁੱਦੂ ਸਾਰੇ॥੧੨੮॥
ਓਹੋ ਜੇਹੀ ਮਿਲਨੇ ਲੱਗੀ ਜਦ ਮਾਵਾਂ ਥੋਂ ਲੋਰੀ।
ਮੰਨ ਸਖੀ ਸਰਵਰ ਨੂੰ ਦੇਖੋ ਲੱਗੇ ਕਰਨੇ ਚੋਰੀ॥

ਅਰ ਜੋ ਐਸੀ ਮਾਵਾਂ ਨੇ ਸਨ ਅੱਗੋਂ ਧੀਆਂ ਜਾਈਆਂ ।
ਸੋਭੀ ਅੰਮਾਂ ਨਾਲੋਂ ਚੌਗੁਨ ਕਰਸਨ ਕੰਮ ਸੁਦਾਈਆਂ ॥੧੨੯॥
ਜਿਸਤੇ ਨਸਲ ਖਲਸਾ ਕੇਰੀ ਗਈ ਬਿਗੜ ਜਗ ਅੰਦਰ ।
ਤਿਸਤੇ ਦਿਨ ਦਿਨ ਗਿਰਨੇ ਲੱਗਾਪੰਥ ਖਾਲਸਾ ਮੰਦਰ ॥
ਏਹੋ ਜੇਹੇ ਕੰਮ ਖਾਲਸੇ ਉਸ ਭੈਜਲ ਵਿੱਚ ਕੀਤੇ ।
ਅਪਨੇ ਧਰਮ ਬਚਾਉਨ ਕਾਰਨ ਯੁੱਧ ਕਰੇ ਯਸ਼ ਲੀਤੇ॥੧੩੦॥
ਜਾਨਾਂ ਨਾਲੋਂ ਧਰਮ ਪਜਾਰਾ ਸਭਨਾਂ ਸੀ ਤਦ ਜਾਤਾ ।
ਦੇਂਦਾ ਜਾਨ ਧਰਮ ਦੇ ਬਦਲੇ ਰੰਚਕ ਨਾ ਪਛਤਾਤਾ ॥
ਪਰ ਅਫਸੋਸ ਉਨ੍ਹਾਂ ਦੇ ਪੁੱਤ੍ਰ ਅੱਜ ਕੱਲ ਕਿਆਹਨ ਕਰਦੇ ।
ਬਿਨਾਂ ਮੌਤ ਥੋਂ ਸਿੱਖੀ ਵੱਲੋਂ ਆਪੇ ਹੀ ਹਨ ਮਰਦੇ ॥੧੩੧॥
ਜਿਨ ਕੇਸਾਂ ਦੇ ਬਦਲੇ ਉਨਕੇ ਵਡਜੇਂ ਕਰੇ ਅਖਾਰੇ ।
ਸੋਈ ਕੇਸ ਉਨ੍ਹਾਂ ਦੇ ਬੱਟੇ ਆਪੇ ਚਾਇ ਉਤਾਰੇ ।
ਤਾਂਤੇ ਮੈਂ ਇਹ ਬਿਨਤੀ ਕਰਸਾਂ ਸੁਨੋ ਖਾਲਸਾ ਭਾਈ ।
ਦੇਖੋ ਤੁਮਰੇ ਵਡਿਆਂ ਨੇ ਸੀ ਕੈਸੀ ਕਰੀ ਕੁਮਾਈ ॥੧੩੨॥
ਜਿਸਦੇ ਬਦਲੇ ਅੱਜ ਤੁਸਾਂ ਨੂੰ ਮਿਲੀ ਏਹੁ ਸਰਦਾਰੀ ।
ਫਿਰ ਕਿਉਂ ਰੀਤ ਉਨ੍ਹਾਂ ਦੀ ਪਜਾਰੇ ਤੁਮਨੇ ਮਨੋਂ ਵਿਸਾਰੀ ॥
ਦੇਖੋ ਤੁਮਰੇ ਵਡਯਨ ਕੈਸੇ ਜਗ ਮਹਿ ਕਾਮ ਕਮਾਏ ।
ਜਿਸ ਦੇ ਬਦਲੇ ਤੁਮ ਹਨਪਜਾਰੇਸਾਰੇ ਸੁਖ ਜਗ ਪਾਏ॥੧੩੩॥
ਤਾਂਤੇ ਉਨਕੇ ਪੁੱਤ੍ਰ ਹੋਕੇ ਲਾਜ ਨ ਉਨਕੋ ਲਾਓ ।
ਧਰਮ ਖਾਲਸਾ ਧਰਕੇ ਅਪਨਾ ਜਗ ਅੰਦ੍ਰ ਯਸ਼ ਪਾਓ ॥
ਨਾਮ ਤੁਸਾਂ ਦਾ ਸਿੰਘ ਸੁਨਦਿਆਂ ਪਰਬਤ ਭੀ ਡਰਜਾਂਦੇ।
ਇੱਸੇ ਨਾਮ ਦੀ ਬਰਕਤਪਿੱਛੇ ਤੁਮਹੋ ਰਾਜ ਕੁਮਾਂਦੇ ॥੧੩੪॥

ਪ੍ਰੋਫੈਸਰ (ਡਾ.) ਸੁਰਿੰਦਰ ਸਿੰਘ
ਦੇ ਪਰਿਵਾਰ ਵਲੋਂ ਭੇਟਾ

ਕਾਬਲ ਅਤੇ ਕੰਧਾਰ ਤੁਸਾਂ ਥੋਂ ਸ਼ੇਰ ਵਾਂਗ ਲਖ ਡਰਦੀ ॥
ਜੰਗਾਂ ਜਗਾਂ ਪਰ ਫਤੇ ਭਈ ਹੈ ਯੁਧ ਵਿਖੇ ਤੁਧ ਘਰਦੀ॥
ਸੱਚ ਕਹਾਂ ਮੈਂ ਸੁਨੋ ਪਿਆਰੇ ਜੇ ਨਾ ਮੰਨੋ ਆਖੀ।
ਤਾਂ ਇਹ ਹੋਗ ਕਿਸੇ ਦਿਨ ਤਾਂਈਂ ਪੂਰੀ ਮੇਰੀ ਸਾਖੀ॥੧੩੫॥
ਓਹੋ ਸੋਢੂ ਦੂਮੇ ਛੱਜੂ ਹੋਇ ਜਗਤ ਵਿੱਚ ਜਾਉਂ।
ਜਿਸਤੇ ਲੋਕਾਂ ਦੀ ਨਜ਼ਰਾਂ ਵਿੱਚ ਹੋਇ ਕਮੀਨ ਦਿਸਾਓਂ ॥।
ਤਾਂਤੇ ਖਬਰਦਾਰ ਹੋ ਜਾਵੋ ਧਰਮ ਨ ਛੱਡੋ ਭਾਈ।
ਇਸ ਦੇ ਪਿੱਛੇ ਮਿਲੀ ਤੁਧ ਨੂੰ ਜਗ ਮਹਿ ਏਹੁ ਵਡਾਈ॥੧੩੬॥
ਦਸਮ ਗੁਰੂ ਦੇ ਅੰਮ੍ਰਤ ਨੇ ਹੈ ਚਿੜੀਓਂ ਬਾਜ਼ ਬਨਾਏ।
ਉਸ ਦੇ ਛੱਡਨ ਤੇ ਫਿਰ ਸੋਚੋ ਕਿੱਥੇ ਗਿਰਸੋਂ ਜਾਏ।
ਜਿਸ ਪਰ ਆਸ਼ਾ ਹੈ ਹੁਨ ਮੈਨੂੰ ਤਜੋ ਨ ਕੁਲ ਮਰਯਾਦਾ।
ਰੱਖੋ ਓਹੀ ਰੀਤ ਆਪਨੀ ਜੋ ਸੀ ਰਖਦਾ ਦਾਦਾ॥ ੧੩੭
ਉਨ ਕੀ ਕਰੀ ਕਮਾਉਨ ਦਾ ਫਲ ਤੁਸਾਂ ਜਗਤ ਮਹਿ ਪਾਇਆ।
ਅੱਗੇ ਅਪਨੀ ਨਸਲ ਵਾਸਤੇ ਕੀ ਹੈ ਤੁਧ ਕਮਾਇਆ॥
ਤੇਗ਼ ਉਨ੍ਹਾਂ ਦੀ ਮਾਰੀ ਹੋਈ ਤੁਸੀਂ ਰੱਜ ਕੇ ਖਾਂਦੇ।
ਨਾ ਤਰ ਰੁਖੇ ਵਾਂਗ ਤਪਲਿਆਂ ਖਾਲੀ ਪੇਟ ਵਜਾਂਦੇ॥੧੩੮॥
ਸ਼ੇਰਾਂ ਦੀ ਮਾਰੀ ਨੂੰ ਪਿੱਛੇ ਗਿੱਦੜ ਹੋਇ ਨ ਖਾਓ।
ਵਾਂਗ ਉਨ੍ਹਾਂ ਦੇ ਭੁਜ ਬਲ ਧਰਕੇ ਤੁਮ ਭੀ ਕੁਝ ਕਮਾਓ॥
ਰਾਜ ਭਾਗ ਯਸ਼ ਦੇ ਕਰ ਤੁਮ ਕੋ ਜੋ ਪਰਲੋਕ ਸਧਾਰੇ॥
ਤੌ ਤੋ ਸਿੰਘ ਫਿਰ ਨਾਮ ਉਨ੍ਹਾਂ ਦੇ ਰੋਸ਼ਨ ਰੱਖੋ ਪਿਆਰੇ॥੧੩੯॥

ਇਤਿ ਸੰਪੂਰਨ

50635
B-10441